ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼


(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮਾਘ-ਫੱਗਣ, ਨਾਨਕਸ਼ਾਹੀ ੫੩੯ ਫਰਵਰੀ 2008

ਜਿਲਦ ੫੧ ਅੰਕ ੧੧



*ਸੰਪਾਦਕ*
ਸਿਮਰਜੀਤ ਸਿੰਘ
*ਐਮ.ਏ., ਐਮ.ਐਮ.ਸੀ.*

*ਸਹਾਇਕ ਸੰਪਾਦਕ*
ਸੁਰਿੰਦਰ ਸਿੰਘ ਨਿਮਾਣਾ
*ਐਮ.ਏ.,ਬੀ.ਐੱਡ.*


## ਚੰਦਾ

| | |
|---|---|
| ਸਾਲਾਨਾ (ਦੇਸ਼) | ੨੦ ਰੁਪਏ |
| ਲਾਈਫ਼ (ਦੇਸ਼) | ੨੦੦ ਰੁਪਏ |
| ਸਾਲਾਨਾ ਵਿਦੇਸ਼ | ੫੦੦ ਰੁਪਏ |
| ਲਾਈਫ਼ ਵਿਦੇਸ਼ | ੫੦੦੦ ਰੁਪਏ |
| ਪ੍ਰਤੀ ਕਾਪੀ | ੨ ਰੁਪਏ |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net e-mail : gurmat_parkash@yahoo.co.in


**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਜਾਂ ਮੋ: 98148-98001 'ਤੇ ਸੰਪਰਕ ਕਰੋ ਜੀ।**


Approved for School Libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੩ |
| ਸੰਦੇਸ਼ | | ੪ |
| ਸੰਪਾਦਕੀ | | ੬ |
| ਸ੍ਰੀ ਗੁਰੂ ਗ੍ਰੰਥ ਸਾਹਿਬ - ਸਿਧਾਂਤਕ ਵਿਚਾਰਧਾਰਾ | -ਪ੍ਰੋ. ਪਿਆਰਾ ਸਿੰਘ 'ਪਦਮ' | ੮ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਾਰਸ਼ਨਿਕ ਸਿਧਾਂਤ | -ਡਾ. ਤਾਰਨ ਸਿੰਘ | ੧੨ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਾਰਸ਼ਨਿਕ ਪੱਖ | -ਸ. ਸੁਖਦੇਵ ਸਿੰਘ ਸ਼ਾਂਤ | ੨੧ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੱਤ-ਮੀਮਾਂਸਕ ਸੰਕਲਪ... | -ਡਾ. ਗੁਰਵਿੰਦਰ ਕੌਰ | ੨੮ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲਕ ਸੰਕਲਪ... | -ਪ੍ਰਿੰਸੀਪਲ ਪ੍ਰੀਤਮ ਸਿੰਘ ਜਲੰਧਰ | ੪੨ |
| ਗੁਰਮਤਿ ਦਰਸ਼ਨ ਦੀ ਸੇਧ ਵਿਚ ਪਦਾਰਥਵਾਦ ਦੇ ਸ਼ੰਕਿਆਂ... | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੫੮ |
| ਗੁਰਬਾਣੀ ਅਤੇ ਵਿਗਿਆਨ : ਆਧੁਨਿਕ ਦਰਸ਼ਨ | -ਡਾ. ਕੁਲਦੀਪ ਸਿੰਘ ਧੀਰ | ੬੯ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਲਸਫ਼ਾ | -ਡਾ. ਕੁਲਦੀਪ ਸਿੰਘ | ੭੫ |
| ੴ ਗੁਰਬਾਣੀ ਦਾ ਮੂਲ ਆਧਾਰ | -ਗਿਆਨੀ ਬਲਵੰਤ ਸਿੰਘ ਕੋਠਾਗੁਰੂ | ੮੩ |
| ਸਿੱਖ-ਦਰਸ਼ਨ ਵਿਚ ਸ੍ਰਿਸ਼ਟੀ | -ਸ. ਗੁਰਮੇਲ ਸਿੰਘ | ੯੧ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਵਾਗਵਨ ਤੇ ਮੁਕਤੀ... | -ਸ. ਵਰਿਆਮ ਸਿੰਘ | ੧੦੮ |
| ਅਵਤਾਰਵਾਦ ਦਾ ਸਿਧਾਂਤ | -ਡਾ.ਧਰਮ ਸਿੰਘ | ੧੨੬ |
| ਕਰਮ ਸਿਧਾਂਤ | -ਸਿਮਰਜੀਤ ਸਿੰਘ | ੧੩੦ |
| ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਜਗਤ ਅਤੇ ਮਨੁੱਖ | -ਸੁਰਿੰਦਰ ਸਿੰਘ ਨਿਮਾਣਾ | ੧੩੪ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ-ਗੁਰੂ ਦਾ ਸਿੱਖ ਮਾਡਲ | -ਡਾ. ਬਲਕਾਰ ਸਿੰਘ | ੧੩੯ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ ਸਿਧਾਂਤ | -ਡਾ. ਪਰਮਵੀਰ ਸਿੰਘ | ੧੫੦ |
| ਅਕਾਲ ਪੁਰਖ ਦਾ ਅਨੁਭਵੀ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | -ਸ. ਸਤਿਨਾਮ ਸਿੰਘ ਕੋਮਲ | ੧੬੧ |
| ...ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ | -ਸ. ਜਸਵਿੰਦਰ ਸਿੰਘ | ੧੬੪ |
| ਬੇਗਮ ਪੁਰਾ ਸਹਰ ਕੋ ਨਾਉ ਵਿਸ਼ਲੇਸ਼ਣ ਅਤੇ ਪ੍ਰਾਸੰਗਿਕਤਾ | -ਪ੍ਰੋ. ਕ੍ਰਿਸ਼ਨ ਸਿੰਘ | ੧੬੯ |
| ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ | -ਡਾ. ਗੁਰਚਰਨ ਸਿੰਘ | ੧੭੩ |
| ਜੈਤੋ ਦਾ ਮੋਰਚਾ | -ਸ੍ਰੀ ਦਲਜੀਤ ਰਾਏ ਕਾਲੀਆ | ੧੭੬ |
| ਸ੍ਰੀ ਗੁਰੂ ਗ੍ਰੰਥ ਸਾਹਿਬ (ਕਵਿਤਾ) | -ਸ. ਦਾਨ ਸਿੰਘ ਕੋਮਲ | ੧੮੦ |
| ਖ਼ਬਰਨਾਮਾ | | ੧੮੧ |
| ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ | | ੧੮੪ |


## ਫੱਗਣ ਮਹੀਨੇ ਦੇ ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | | |
|---|---|---|
| * ਜਨਮ ਭਗਤ ਰਵਿਦਾਸ ਜੀ | ੧੦ ਫੱਗਣ | ੨੧ ਫਰਵਰੀ |
| * ਸਾਕਾ ਨਨਕਾਣਾ ਸਾਹਿਬ | ੧੦ ਫੱਗਣ | ੨੧ ਫਰਵਰੀ |
| * ਜੈਤੋ ਦਾ ਮੋਰਚਾ | ੧੦ ਫੱਗਣ | ੨੧ ਫਰਵਰੀ |

*ਗੁਰਬਾਣੀ ਵਿਚਾਰ*

# ਕਵਨ ਸੁ ਗੁਪਤਾ...

*ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ॥ ਕਵਨੁ ਸੁ ਅੰਤਰਿ ਬਾਹਰਿ ਜੁਗਤਾ॥*
*ਕਵਨੁ ਸੁ ਆਵੈ ਕਵਨੁ ਸੁ ਜਾਇ॥ ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ॥*
*ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ॥*
*ਮਨਮੁਖਿ ਬਿਨਸੈ ਆਵੈ ਜਾਇ॥ ਨਾਨਕ ਗੁਰਮੁਖਿ ਸਾਚਿ ਸਮਾਇ॥ (ਪੰਨਾ ੯੩੯)*

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਰਾਮਕਲੀ ਰਾਗ 'ਚ ਅੰਕਿਤ 'ਸਿਧ ਗੋਸਟਿ' ਦੀਆਂ ਇਨ੍ਹਾਂ ਦੋ ਪਾਵਨ ਪਉੜੀਆਂ 'ਚ ਕ੍ਰਮਵਾਰ ਸਿੱਧਾਂ ਵੱਲੋਂ ਪੁੱਛੇ ਗਏ ਡੂੰਘੇ ਦਾਰਸ਼ਨਿਕ ਪ੍ਰਸ਼ਨ ਅਤੇ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਗੁਰਮਤਿ ਦਰਸ਼ਨ ਜਾਂ ਫ਼ਲਸਫ਼ੇ ਦੇ ਮੁਤਾਬਕ ਅੰਕਿਤ ਕਰਦੇ ਹੋਏ ਗੁਰਮੁਖ ਦੀ ਗੁਰਮਤਿ ਫ਼ਲਸਫ਼ੇ ਦੇ ਧਾਰਨੀ ਵਜੋਂ ਰੂਹਾਨੀ ਮੰਜ਼ਲ ਅਤੇ ਮਨਮੁਖ ਦੀ ਜੀਵਨ ਦੀ ਨਿਹਫਲਤਾ ਦਰਸਾਉਣ ਦਾ ਪਰਉਪਕਾਰ ਕਰਦੇ ਹਨ।


ਗੁਰੂ ਜੀ ਸਿੱਧਾਂ ਵੱਲੋਂ ਉਠਾਏ ਗਏ ਪ੍ਰਸ਼ਨਾਂ ਨੂੰ ਅੰਕਿਤ ਕਰਦੇ ਹੋਏ ਕਥਨ ਕਰਦੇ ਹਨ ਕਿ ਤੁਸੀਂ ਇਹ ਦੱਸੋ ਕਿ ਲੁਕਿਆ ਹੋਇਆ ਕੌਣ ਹੈ ਅਰਥਾਤ ਉਹ ਕਿਹੜੀ ਸ਼ੈਅ ਹੈ ਜਿਹੜੀ ਆਪਣਾ ਵਜੂਦ ਤਾਂ ਰੱਖਦੀ ਹੈ ਪਰ ਨਜ਼ਰ ਨਹੀਂ ਆਉਂਦੀ (ਭਾਵ ਬਾਹਰੀ ਅੱਖਾਂ ਨਾਲ ਦਿੱਸਦੀ ਨਹੀਂ)। ਸਿੱਧਾਂ ਵੱਲੋਂ ਇਸ ਪ੍ਰਸ਼ਨ ਦੇ ਨਾਲ ਹੀ ਦੂਸਰਾ ਪ੍ਰਸ਼ਨ ਅੰਕਿਤ ਕਰਦੇ ਹੋਏ ਕਥਨ ਕਰਦੇ ਹਨ ਕਿ ਤੁਸੀਂ ਸਾਨੂੰ ਇਹ ਵੀ ਦੱਸੋ ਕਿ ਅੰਦਰੋਂ ਅਤੇ ਬਾਹਰੋਂ ਕੌਣ ਹੈ ਜੋ ਜੁਗਤ ਦੇ ਅੰਦਰ ਹੈ ਅਰਥਾਤ ਉਹ ਕੌਣ ਹੈ ਜਿਸ ਦਾ ਮਨ ਅਤੇ ਸਰੀਰਿਕ ਇੰਦਰੇ ਆਪਸ 'ਚ ਇਕਸੁਰ ਹਨ। ਇਹ ਵੀ ਦੱਸੋ ਕਿ ਸਦਾ ਆਉਣ ਅਰਥਾਤ ਜਨਮ ਲੈਣ ਵਾਲਾ ਅਤੇ ਜਾਣ ਵਾਲਾ ਅਰਥਾਤ ਸਰੀਰ ਤਿਆਗਣ ਵਾਲਾ ਕੌਣ ਹੈ। ਸਾਨੂੰ ਦੱਸਣ ਦੀ ਕ੍ਰਿਪਾਲਤਾ ਕਰੋ ਕਿ ਤਿੰਨਾਂ ਲੋਕਾਂ ਆਕਾਸ਼ ਲੋਕ, ਮਾਤ ਲੋਕ ਅਤੇ ਪਤਾਲ ਲੋਕ ਦੇ ਮਾਲਕ 'ਚ ਕੌਣ ਸਮਾ ਰਿਹਾ ਹੈ ਭਾਵ ਇਕਮਿਕ ਹੈ।

ਗੁਰੂ ਪਾਤਸ਼ਾਹ ਜੀ ਸਿੱਧਾਂ ਦੇ ਉਕਤ ਪ੍ਰਸ਼ਨਾਂ ਦੇ ਉੱਤਰ ਦਿੰਦੇ ਹੋਏ ਸਪੱਸ਼ਟ ਕਰਦੇ ਹਨ ਕਿ ਉਹ ਸਰਬਵਿਆਪਕ ਪਰਮਾਤਮਾ ਹੈ ਜੋ ਘਟ-ਘਟ ਰਵਿਆ ਹੈ ਪਰ ਰੂਹਾਨੀ ਅੰਤਰ-ਦ੍ਰਿਸ਼ਟੀ ਦੀ ਘਾਟ ਕਾਰਨ ਆਮ ਮਨੁੱਖ ਨੂੰ ਦਿੱਸਦਾ ਨਹੀਂ ਤੇ ਜਿਸ ਨੂੰ ਲੁਕਿਆ ਕਿਹਾ ਜਾ ਸਕਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਅਰਥਾਤ ਗੁਰੂ ਦੀ ਮੱਤ ਨੂੰ ਸੁਣਨ, ਸਮਝਣ ਤੇ ਮੰਨਣ ਵਾਲਾ ਮਨੁੱਖ ਮੁਕਤ ਹੈ ਅਰਥਾਤ ਫਜ਼ੂਲ ਦੇ ਝੰਜਟਾਂ-ਝਮੇਲਿਆਂ ਤੋਂ ਆਜ਼ਾਦ ਰਹਿੰਦਾ ਹੈ। ਗੁਰੂ ਜੀ ਸਿੱਧਾਂ ਦੇ ਅਗਲੇ ਸਵਾਲ ਦਾ ਜਵਾਬ ਦਿੰਦੇ ਹੋਏ ਫ਼ਰਮਾਨ ਕਰਦੇ ਹਨ ਕਿ ਅੰਦਰ ਭਾਵ ਮਨ ਅਤੇ ਬਾਹਰ ਭਾਵ ਸਰੀਰ ਨੂੰ ਇਕਸੁਰ ਕਰਨ ਵਾਲੀ ਜੁਗਤ ਸੱਚੇ ਗੁਰੂ ਦੁਆਰਾ ਬਖਸ਼ੇ ਸ਼ਬਦ 'ਚ ਮੌਜੂਦ ਹੁੰਦੀ ਹੈ। ਆਉਣ ਅਤੇ ਜਾਣ ਵਾਲਾ ਜਾਂ ਜੰਮਣ ਅਤੇ ਮਰਨ ਵਾਲਾ ਉਹ ਹੈ ਜੋ ਮਨ ਦੇ ਪਿੱਛੇ ਚੱਲਦਾ ਹੈ ਅਰਥਾਤ ਮਨ ਦੀ ਮੱਤ ਪਿੱਛੇ ਚੱਲ ਕੇ ਵਿਸ਼ੇ-ਵਿਕਾਰਾਂ 'ਚ ਉਲਝਣ ਵਾਲਾ ਆਵਾਗਵਨ ਦਾ ਸ਼ਿਕਾਰ ਹੁੰਦਾ ਹੈ। ਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਹੇ ਸਿੱਧੋ! ਗੁਰਮੁਖ ਮਨੁੱਖ ਸੱਚੇ ਪਰਮਾਤਮਾ 'ਚ ਲੀਨ ਰਹਿੰਦਾ ਹੈ। ■

# ਸੰਦੇਸ਼

ਗੁਰਬਾਣੀ ਗੁਰੂ ਸਾਹਿਬਾਨ ਦੇ ਨਿੱਜ ਅਨੁਭਵ ਦਾ ਪ੍ਰਕਾਸ਼ ਹੈ, ਜੋ ਉਨ੍ਹਾਂ ਨੂੰ ਹੁਕਮ ਇਲਾਹੀ ਦੇ ਰੂਪ ਵਿਚ ਪ੍ਰਾਪਤ ਹੋਇਆ। ਮਨੁੱਖਤਾ ਦੇ ਕਲਿਆਣ ਅਤੇ ਅਗਵਾਈ ਲਈ ਪ੍ਰਭੂ-ਪਿਤਾ ਵੱਲੋਂ ਗੁਰੂ ਸਾਹਿਬਾਨ ਦੇ ਮੁਖਾਰਬਿੰਦ ਰਾਹੀਂ ਉਚਾਰੀ ਬਾਣੀ 'ਧੁਰ ਕੀ ਬਾਣੀ' ਦੇ ਰੂਪ ਵਿਚ ਕਲਮਬੱਧ ਕਰਕੇ ਰੂਪਮਾਨ ਕੀਤੀ ਜਾਂਦੀ ਰਹੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬੀ ਬਾਣੀ ਦਾ ਉਚਾਰਣ ਕਰਕੇ ਕਲਯੁਗੀ ਜੀਵਾਂ ਦੇ ਅਗਿਆਨ ਹਨੇਰੇ ਨੂੰ ਕੱਟਿਆ ਅਤੇ ਅਗੰਮੀ ਬਾਣੀ ਦੀ ਸਦਾ ਸੰਭਾਲ ਵਾਸਤੇ ਉਸ ਨੂੰ ਕਲਮਬੱਧ ਕਰਨ ਦੀ ਜੁਗਤਿ ਵੀ ਸਦ-ਉਪਯੋਗ ਵਿਚ ਲਿਆਂਦੀ। ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਸਤਿਗੁਰਾਂ ਦੀ ਬਾਣੀ, ਵੱਖ-ਵੱਖ ਸੰਤਾਂ, ਭਗਤਾਂ ਅਤੇ ਸੂਫੀ-ਫਕੀਰਾਂ ਦੀ ਬਾਣੀ, ਭੱਟਾਂ ਦੀ ਬਾਣੀ ਅਤੇ ਸ੍ਵੈ-ਬਾਣੀ ਨੂੰ ਇਕ ਥਾਂ ਸੰਚਿਤ ਕਰਕੇ ਸਮੱਗਰ ਬਾਣੀ ਦੀ ਪਹਿਲੀ ਬੀੜ ਗੁਰਦੁਆਰਾ ਸ੍ਰੀ ਰਾਮਸਰ ਸ੍ਰੀ ਅੰਮ੍ਰਿਤਸਰ ਵਿਖੇ ੧੬੦੪ ਈ. ਵਿਚ ਤਿਆਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ। ਇਸ ਦੌਰਾਨ ਬਾਣੀ ਦੀ ਚੋਣ ਵਿਚ ਅਨੁਭਵੀ ਰਚਨਾ ਨੂੰ ਕਸਵੱਟੀ ਰੱਖਿਆ ਗਿਆ। ਅੱਜ ਸਾਰਾ ਸੰਸਾਰ ਗੁਰਬਾਣੀ ਦਾ ਸੱਚ ਅਤੇ ਸਰਬ-ਸਾਂਝਾ ਉਪਦੇਸ਼ ਸੁਣਨ ਲਈ ਉਤਾਵਲਾ ਹੈ। ਗੁਰੂ ਪਾਤਸ਼ਾਹ ਦੀ ਲੋਕ-ਬੋਲੀ ਵਿਚ ਉਚਾਰੀ ਗਈ ਇਲਾਹੀ ਬਾਣੀ ਸਮੁੱਚੀ ਮਾਨਵਤਾ ਨੂੰ ਨਸਲ, ਜਾਤ, ਧਰਮ ਅਤੇ ਇਸਤਰੀ-ਪੁਰਸ਼ ਦੇ ਭਿੰਨ-ਭੇਦ ਤੋਂ ਉੱਪਰ ਉੱਠ ਕੇ ਸਮਾਜਿਕ ਬਰਾਬਰੀ ਅਤੇ ਮਨੁੱਖੀ ਭਾਈਚਾਰੇ ਦਾ ਉਪਦੇਸ਼ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ੩੦੦ ਸਾਲਾ ਗੁਰਤਾਗੱਦੀ ਪੁਰਬ ਮਨਾਉਣ ਦਾ ਉਪਰਾਲਾ ਤਾਂ ਹੀ ਸਫ਼ਲ ਹੋ ਸਕਦਾ ਹੈ ਜੇਕਰ *'ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ'* ਉੱਤੇ ਪਹਿਰਾ ਦਿੰਦੇ ਹੋਏ ਗੁਰਸਿੱਖੀ ਦੇ ਵਿਹੜੇ ਵਿਚ ਮਨਮਤ ਦੇ ਖਿਲਰੇ ਕੂੜੇ-ਕਰਕਟ ਨੂੰ ਸ਼ਬਦ-ਗੁਰੂ ਦੇ ਗਿਆਨ ਰੂਪੀ ਝਾੜੂ ਨਾਲ ਹੂੰਝਾ ਫੇਰ ਨਾਮ-ਜਪਣ, ਕਿਰਤ ਕਰਨ, ਵੰਡ ਛਕਣ ਦੇ ਸਿਧਾਂਤ ਨੂੰ ਅਪਣਾ, ਜ਼ੋਰ-ਜ਼ੁਲਮ ਅਤੇ ਅਨਿਆਂ ਵਿਰੁੱਧ ਸੰਘਰਸ਼ਸ਼ੀਲਤਾ, ਦੈਵੀ ਗਿਆਨ ਪ੍ਰਾਪਤੀ ਲਈ ਨਿਰੰਤਰ ਯਤਨਸ਼ੀਲਤਾ ਦਾ ਸੰਕਲਪ ਕਰੀਏ। ਕਲਮ ਇਕ ਅਜਿਹਾ ਕਾਰਗਰ ਅਤੇ ਪ੍ਰਭਾਵਸ਼ਾਲੀ ਸ਼ਸਤਰ ਹੈ, ਜਿਸ ਦਾ ਮੁਕਾਬਲਾ ਦੁਨੀਆਂ ਦਾ ਕੋਈ ਸ਼ਸਤਰ ਨਹੀਂ ਕਰ ਸਕਦਾ। ਸਿੱਖ ਪੰਥ ਨੂੰ ਸੱਚ ਦੇ ਸਮਰਪਿਤ ਕਲਮਕਾਰਾਂ ਦੀ ਘਾਟ ਨਹੀਂ ਹੈ, ਜਿਨ੍ਹਾਂ ਦੀ ਕਲਮ ਨਾਲ ਲਿਖਿਆ ਹੋਇਆ ਇਕ-ਇਕ ਅਰਥ ਭਰਪੂਰ ਲਫ਼ਜ਼ ਸਮੁੱਚੇ ਸਮਾਜ ਦੀ ਵਿਚਾਰਧਾਰਾ ਨੂੰ ਬਦਲਣ ਦਾ ਹੀਆ ਰੱਖਦਾ ਹੈ। ਉਸ ਅਕਾਲ ਪੁਰਖ ਨੇ ਇਨਸਾਨ ਨੂੰ ਬਖਸ਼ੀਆਂ ਅਣਗਿਣਤ ਦਾਤਾਂ 'ਚੋਂ ਕਲਮ ਇਕ ਅਜਿਹੀ ਦਾਤ ਬਖਸ਼ਿਸ਼ ਕੀਤੀ ਹੈ, ਜੋ ਕਿ ਬਾਹਰੀ ਰੂਪ ਵਿਚ ਤਾਂ ਸਥੂਲ ਹੈ ਪਰ ਇਸ ਦਾ ਪ੍ਰਭਾਵ ਸੂਖ਼ਮ ਰੂਪ ਵਿਚ ਮਹਿਸੂਸ ਕੀਤਾ ਜਾਂਦਾ ਹੈ। ਸਤਿਗੁਰਾਂ ਦੀ ਅਪਾਰ ਬਖ਼ਸ਼ਿਸ਼ ਸਦਕਾ ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਚਲਾਈ ਜਾ ਰਹੀ ਮਾਸਿਕ ਪੱਤ੍ਰਿਕਾ 'ਗੁਰਮਤਿ ਪ੍ਰਕਾਸ਼' ਦੀ ਸਫ਼ਲਤਾ ਅਤੇ ਹਰ ਵਰਗ ਵਿਚ ਹਰਮਨ-ਪਿਆਰਤਾ ਸਿੱਖ ਪੰਥ ਦੇ ਲਿਖਾਰੀਆਂ ਨੂੰ ਬਖਸ਼ਿਸ਼ ਕੀਤੇ ਸੱਚ ਨੂੰ ਉਜਾਗਰ ਕਰਨ ਦੀ ਸਮਰਪਣ ਭਾਵਨਾ ਕਾਰਨ ਹੀ ਹੈ। ਸੰਮਤ ਨਾਨਕਸ਼ਾਹੀ ੫੪੦ 'ਚ ਆ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸੌ ਸਾਲਾ ਗੁਰਗੱਦੀ ਦਿਵਸ ਦੇ ਪੁਰਬ ਸਮੇਂ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਧਰਮ ਪ੍ਰਚਾਰ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਗੁਰਮਤਿ ਸਮਾਗਮ ਕੀਤੇ ਜਾ ਰਹੇ ਹਨ ਉਥੇ 'ਗੁਰਮਤਿ ਪ੍ਰਕਾਸ਼' ਵੱਲੋਂ ਰੂਹਾਨੀ ਗਿਆਨ ਦੇ ਅਮੁੱਕ ਭੰਡਾਰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਵਿਸ਼ੇਸ਼ ਅੰਕਾਂ ਦਾ ਉੱਦਮ ਇਕ ਸਾਰਥਕ ਉਪਰਾਲਾ ਹੈ। ਸਤਿਗੁਰੂ ਬਖਸ਼ਿਸ਼ ਕਰਨ ਇਹ ਵਿਸ਼ੇਸ਼ ਅੰਕ ਮਨੁੱਖਤਾ ਦੇ ਕਲਿਆਣ ਅਤੇ ਵਿਸ਼ਵ-ਸ਼ਾਂਤੀ ਵਾਸਤੇ ਵੱਧ ਤੋਂ ਵੱਧ ਉਸਾਰੂ ਹਿੱਸਾ ਪਾ ਸਕਣ।

ਗੁਰੂ-ਪੰਥ ਦਾ ਦਾਸ,



ਜਥੇਦਾਰ,

ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।

# ਸੰਦੇਸ਼

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਬੜੇ ਹੀ ਪਿਆਰੇ ਪਾਵਨ ਬਚਨ ਹਨ:

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥*
*ਜਿ ਸਤਿਗੁਰ ਭਾਵੈ ਸੋ ਮੰਨਿ ਲੈਨਿ ਸੇਈ ਕਰਮ ਕਰੇਨਿ॥* *(ਪੰਨਾ ੯੫੧)*

ਨਰੋਆ ਨਿੱਗਰ ਸਾਹਿਤ ਕਿਸੇ ਕੌਮ ਦੀ ਨਵ-ਉਸਾਰੀ ਅਤੇ ਅਤਿਅੰਤ ਸੰਕਟਮਈ ਸਥਿਤੀਆਂ 'ਚੋਂ ਉਸ ਨੂੰ ਪਾਰ ਕਰਦਿਆਂ ਉਸ ਦੀ ਵਿਗੜੀ ਤਕਦੀਰ ਨੂੰ ਸੁਆਰਨ ਵਿਚ ਭਰਪੂਰ ਹਿੱਸਾ ਪਾਉਂਦਾ ਹੈ। ਨਰੋਏ ਸਾਹਿਤ ਦੀ ਖੁਰਾਕ ਦਾ ਸਦਾ ਉਪਲਬਧ ਹੋਣਾ ਕਿਸੇ ਕੌਮ ਦੇ ਮਾਣਯੋਗ ਵਜੂਦ ਅਤੇ ਉਸ ਦੇ ਸਰੀਰ, ਮਨ ਤੇ ਆਤਮਾ ਦੇ ਸਮੁੱਚ ਦੇ ਨਵੇਂ-ਨਰੋਏਪਨ ਵਾਸਤੇ ਨਾ ਕੇਵਲ ਮਹੱਤਵਪੂਰਨ ਸਗੋਂ ਅਤਿ ਆਵੱਸ਼ਕ ਵੀ ਹੁੰਦਾ ਹੈ।

ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਅੱਧੀ ਸਦੀ ਪਹਿਲਾਂ ਜੋ ਉੱਦਮ-ਉਪਰਾਲਾ ਪਰਮ ਪਾਵਨ ਗੁਰਬਾਣੀ ਦੀ ਵਾਸਤਵਿਕ ਵਿਆਖਿਆ, ਗੁਰਮਤਿ ਵਿਚਾਰਧਾਰਾ ਦੇ ਗੁਰੂ ਪਾਤਸ਼ਾਹਾਂ ਦੁਆਰਾ ਬਖਸ਼ਿਸ਼ ਕੀਤੇ ਵਿਭਿੰਨ ਪਾਸਾਰਾਂ ਤੇ ਬਖ਼ਸ਼ੀ ਸਿੱਖੀ ਜੀਵਨ-ਜਾਚ ਦੇ ਸਿਧਾਂਤਕ ਅਤੇ ਵਿਹਾਰਕ ਪਹਿਲੂਆਂ ਨੂੰ ਗੁਰੂ ਨਾਨਕ ਨਾਮ-ਲੇਵਾ ਅਤੇ ਸਾਰੀ ਲੋਕਾਈ ਦੀ ਸਦ-ਜਿਗਿਆਸਾ ਨੂੰ ਤ੍ਰਿਪਤ ਕਰਨ ਦੇ ਉਦੇਸ਼ ਸਹਿਤ ਮਾਸਕ ਪੱਤ੍ਰਿਕਾ 'ਗੁਰਮਤਿ ਪ੍ਰਕਾਸ਼' ਦੇ ਮਾਧਿਅਮ ਰਾਹੀਂ ਕੀਤਾ ਸੀ ਸਤਿਗੁਰਾਂ ਦੀ ਅਪਾਰ ਕਿਰਪਾ ਦਾ ਸਦਕਾ ਸੱਚੇ-ਸੁੱਚੇ ਸੰਕਲਪੀ ਤੇ ਮਿਹਨਤੀ ਕਲਮਕਾਰਾਂ, ਲੇਖਕਾਂ, ਕਵੀਆਂ-ਕਵੀਸ਼ਰਾਂ ਦੁਆਰਾ ਮਿਲੇ ਭਰਵੇਂ ਸਹਿਯੋਗ ਦਾ ਸਦਕਾ ਉਹ ਆਪਣੇ ਉਦੇਸ਼ ਦੀ ਪੂਰਤੀ ਕਰਦਾ ਆ ਰਿਹਾ ਹੈ।

ਦਸਾਂ ਗੁਰੂ ਸਾਹਿਬਾਨ ਦੀ ਆਤਮਕ ਜੋਤ, ਹਾਜ਼ਰ-ਨਾਜ਼ਰ ਗੁਰੂ ਕਲਿਯੁਗ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸੇ ਵਰ੍ਹੇ ੨੦੦੮, ਸੰਮਤ ਨਾਨਕਸ਼ਾਹੀ ੫੪੦ 'ਚ ਆ ਰਹੇ ੩੦੦ ਸਾਲਾ ਗੁਰਗੱਦੀ ਦਿਵਸ ਦੇ ਸਬੰਧ ਜੋ ਫਰਵਰੀ ੨੦੦੮ ਤੋਂ ਨਵੰਬਰ ੨੦੦੮ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਮਿਸਾਲ ਅਜ਼ਮਤ ਨੂੰ ਸਨਮੁੱਖ ਰੱਖਦਿਆਂ ਇਸ ਦੇ ਵਿਭਿੰਨ ਪਹਿਲੂਆਂ ਨੂੰ ਦਰਸਾਉਣ ਦੇ ਮਨੋਰਥ ਨਾਲ ਪ੍ਰਕਾਸ਼ਤ ਕਰਨ ਦਾ ਸੰਕਲਪ ਲਿਆ ਗਿਆ ਹੈ। ਸਤਿਗੁਰਾਂ ਦੇ ਹਜ਼ੂਰ ਜੋਦੜੀ ਹੈ ਕਿ ਸਤਿਗੁਰੂ ਜੀਓ! ਸਿੱਖ ਪੰਥ ਦੇ ਹਰਿਆਵਲ ਦਸਤੇ ਲੇਖਕ ਸਾਹਿਬਾਨ ਨੂੰ ਵੱਧ ਤੋਂ ਵੱਧ ਗੁਰਮਤਿ ਗਿਆਨ ਬਖ਼ਸ਼ਿਸ਼ ਕਰੋ ਤਾਂ ਜੋ ਸਿੱਖ ਪੰਥ ਦੀ ਗੁਰੂ-ਘਰ ਅਤੇ ਗੁਰਸਿੱਖੀ ਜੀਵਨ-ਜੁਗਤ ਤੇ ਸਿੱਖੀ ਚੇਤਨਾ 'ਚ ਹੋਰ ਵਿਕਾਸ, ਹੋਰ ਨਿਖਾਰ ਆ ਸਕੇ ਅਤੇ ਕੌਮ ਪਤਿਤਪੁਣੇ, ਨਸ਼ਿਆਂ ਦੇ ਪ੍ਰਚਲਣ, ਭਰੂਣ-ਹੱਤਿਆ ਜਿਹੀਆਂ ਅਲਾਮਤਾਂ ਤੋਂ ਪੂਰਨ ਸੁਚੇਤਨਾ ਸਹਿਤ ਬਚ ਕੇ ਰਹਿਣ ਦਾ ਇਰਾਦਾ ਲੋੜੀਂਦੇ ਰੂਪ 'ਚ ਪ੍ਰਪੱਕ ਕਰ ਸਕੇ। ਸਰਬ-ਸਾਂਝੀ ਗੁਰਬਾਣੀ, ਗੁਰਮਤਿ ਵਿਚਾਰਧਾਰਾ ਅਤੇ ਸਿੱਖੀ ਜੀਵਨ-ਜਾਚ ਦੁਨੀਆਂ ਦੇ ਹਰ ਕੋਨੇ ਨੂੰ ਆਪਣੀ ਖਾਲਸ ਨਿਰਮਲਤਾ ਨਾਲ ਸਰਸ਼ਾਰ ਕਰ ਸਕੇ। ਇਨ੍ਹਾਂ ਆਸਾਂ-ਉਮੀਦਾਂ ਨਾਲ ਸਿੱਖ- ਸੰਗਤਾਂ ਅਤੇ ਪਿਆਰੇ ਪਾਠਕਾਂ ਦੀ ਝੋਲੀ 'ਚ ਇਸ ਲੜੀ ਦਾ ਪਹਿਲਾ ਵਿਸ਼ੇਸ਼ ਅੰਕ ਪਾਉਣ ਦੀ ਖੁਸ਼ੀ ਲੈਂਦਾ ਹੋਇਆ ਅਕਾਲ ਪੁਰਖ ਵਾਹਿਗੁਰੂ ਤੋਂ ਸਿੱਖ-ਪੰਥ ਦੀ ਹਰ ਮੈਦਾਨ ਫ਼ਤਹਿ ਤੇ ਸਦਾ ਚੜ੍ਹਦੀ ਕਲਾ ਦੀ ਅਰਜ਼ੋਈ ਕਰਦਾ ਹਾਂ।

(ਅਵਤਾਰ ਸਿੰਘ)
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸੰਪਾਦਕੀ

# ਵਰਤਮਾਨ ਯੁੱਗ ਦੀ ਮੰਗ ਹੈ: ਲੋਕਾਈ ਅਤੇ ਨਵੀਂ ਪੀੜ੍ਹੀ ਤਕ ਗੁਰਮਤਿ ਦਰਸ਼ਨ ਪਹੁੰਚਾਉਣਾ

*ਕਿਸੇ ਧਰਮ ਜਾਂ ਕੌਮ ਦੀ ਹੋਂਦ ਹਸਤੀ ਤੇ ਉਸ ਦਾ ਵਜੂਦ ਮੂਲ ਰੂਪ 'ਚ ਉਸ ਦੀ ਵਿਚਾਰਧਾਰਾ 'ਤੇ ਨਿਰਭਰ ਕਰਦਾ ਹੈ ਜੋ ਉਸ ਦੇ ਧਰਮ ਦੇ ਸੰਸਥਾਪਕ/ਸੰਸਥਾਪਕਾਂ ਵੱਲੋਂ ਦਿੱਤੇ ਗਏ ਮੂਲ ਫ਼ਲਸਫ਼ੇ 'ਚੋਂ ਹੀ ਉਗਮਦੀ ਤੇ ਵਿਕਸਿਤ ਹੁੰਦੀ ਹੈ। ਸਿੱਖ ਧਰਮ ਜਾਂ ਕੌਮ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੀ ਪਾਵਨ-ਜੋਤ ਦੇ ਧਾਰਨੀ ਸਿੱਖ ਗੁਰੂ ਸਾਹਿਬਾਨ ਵੱਲੋਂ ਬਖ਼ਸ਼ਿਸ਼ ਕੀਤੇ ਗੁਰਮਤਿ/ਸਿੱਖ ਫ਼ਲਸਫ਼ੇ/ਗੁਰਮਤਿ ਦਰਸ਼ਨ 'ਚੋਂ ਉਪਜੀ ਗੁਰਮਤਿ ਵਿਚਾਰਧਾਰਾ ਤੇ ਜੀਵਨ-ਜੁਗਤ ਨੂੰ ਪੜ੍ਹ, ਸੁਣ, ਸਮਝ ਅਤੇ ਜੀਵਨ 'ਚ ਅਪਣਾ ਕੇ ਆਪਣੇ ਵਜੂਦ ਨੂੰ ਇਸ ਦੁਨੀਆਂ 'ਚ ਰੂਪਮਾਨ ਕਰ ਸਕੀ ਹੈ।*

*ਗੁਰਮਤਿ ਵਿਚਾਰਧਾਰਾ ਤੇ ਜੀਵਨ-ਜੁਗਤ ਨਾਲ ਅਨਿੱਖੜ ਰੂਪ 'ਚ ਜੁੜੀ ਰਹਿਣ ਕਰਕੇ ਸਿੱਖ ਧਰਮ ਜਾਂ ਕੌਮ ਨੇ ਇਕ ਲਾਸਾਨੀ ਇਤਿਹਾਸ ਸਿਰਜਿਆ ਹੈ। ਇਤਿਹਾਸ ਰੂਪੀ ਇਕ ਮਾਣਮੱਤੀ ਵਿਰਾਸਤ ਨੂੰ ਸਹੀ ਮਾਅਨਿਆਂ ਵਿਚ ਤਾਂ ਹੀ ਸੰਭਾਲਿਆ ਜਾ ਸਕਦਾ ਹੈ ਜੇਕਰ ਇਸ ਨੂੰ ਸੰਬੰਧਤ ਧਰਮ ਜਾਂ ਕੌਮ ਦੀ ਸਰਬ-ਸਾਧਾਰਨ ਲੋਕਾਈ ਅਤੇ ਇਸ ਦੇ ਨਾਲ-ਨਾਲ ਉਸ ਦੀ ਨਵੀਂ ਪਨੀਰੀ ਤਕ ਪੁੱਜਦਾ ਕੀਤਾ ਜਾ ਸਕੇ। ਜਿਹੜੀਆਂ ਕੌਮਾਂ ਕੇਵਲ ਸਿਰਜਿਤ ਹੋ ਚੁਕੇ ਇਤਿਹਾਸ 'ਤੇ ਹੀ ਮਾਣ ਕਰਨ ਤਕ ਸੀਮਿਤ ਰਹਿ ਜਾਣ ਅਤੇ ਨਵਾਂ ਇਤਿਹਾਸ ਸਿਰਜਣ ਪੱਖੋਂ ਅਵੇਸਲੀਆਂ ਹੋ ਜਾਂਦੀਆਂ ਹਨ ਉਨ੍ਹਾਂ ਦੇ ਵਜੂਦ, ਉਨ੍ਹਾਂ ਦੀ ਹੋਂਦ ਖ਼ਤਰੇ 'ਚ ਪੈ ਸਕਣ ਦੀ ਸ਼ੰਕਾ ਹੁੰਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਸਬੰਧ ਵਿਚ ਅੱਜ ਅਸੀਂ ਕਿੱਥੇ ਕੁ ਖੜ੍ਹੇ ਹਾਂ। ਸਾਡੀ ਵਾਸਤਵਿਕ ਸਥਿਤੀ ਕੀ ਹੈ? ਗੁਰਮਤਿ ਵਿਚਾਰਧਾਰਾ ਦੀ ਸਰਬ-ਸ੍ਰੇਸ਼ਟਤਾ ਨੂੰ ਅੱਜ ਦੁਨੀਆਂ ਮੰਨ ਰਹੀ ਹੈ, ਇਸ ਦੀ ਸੁੱਚਤਾ ਤੇ ਉੱਚਤਾ ਨੂੰ ਦੁਨੀਆਂ ਦੇ ਹਰ ਕੋਨੇ ਵਿਚ ਪਛਾਣਿਆ ਜਾਣ ਲੱਗਾ ਹੈ ਪਰ ਇਧਰ ਅਸੀਂ ਇਸ ਵਿਚਾਰਧਾਰਾ ਦੇ ਕਈ ਅਤਿ ਮਹੱਤਵਪੂਰਨ ਪਹਿਲੂਆਂ ਤੋਂ ਅਨਜਾਣਤਾ ਦਰਸਾ ਰਹੇ ਹਾਂ। ਅਸੀਂ ਸਿੱਖ ਅਖਵਾਉਣ ਵਾਲੇ ਹੀ ਸਿੱਖ ਵਿਚਾਰਧਾਰਾ ਨੂੰ ਜਾਣਨ ਸਮਝਣ ਤੋਂ ਦੂਰੀ 'ਤੇ ਖੜ੍ਹੇ ਹੋਣ ਕਰਕੇ ਸਿੱਖੀ ਜੀਵਨ-ਜਾਚ ਸਬੰਧੀ ਕਈ ਤਰ੍ਹਾਂ ਦੇ ਭਰਮਾਂ ਤੇ ਸ਼ੰਕਿਆਂ ਦੇ ਸ਼ਿਕਾਰ ਹੋ ਚੁਕੇ ਹਾਂ ਪਰ ਜਿਨ੍ਹਾਂ ਦੇ ਵਿਸਥਾਰ 'ਚ ਇਥੇ ਨਹੀਂ ਜਾਇਆ ਜਾ ਸਕਦਾ। ਐਪਰ ਇਸ 'ਚ ਮੂਲ ਉਕਾਈ ਉਤਨੀ ਨਾ ਸਮਝਣ ਵਾਲਿਆਂ ਦੀ ਨਹੀਂ ਜਿੰਨੀ ਇਸ ਮਹਾਨ ਤੇ ਲਾਸਾਨੀ ਵਿਚਾਰਧਾਰਾ ਸਬੰਧੀ ਸਮਝ ਰੱਖਣ ਵਾਲਿਆਂ ਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸਮਝਦੇ-ਜਾਣਦੇ ਹੋਏ ਉਨ੍ਹਾਂ ਨੇ ਆਪਣੇ ਆਪ ਨੂੰ ਕਈ ਕਾਰਨਾਂ ਕਰਕੇ ਅਲੱਗ-ਥਲੱਗ ਰੱਖਿਆ ਹੋਇਆ ਹੈ।*

*ਸਿੱਖੀ ਵਿਚਾਰਧਾਰਾ ਤੋਂ ਨਵੀਂ ਪਨੀਰੀ ਨੂੰ ਜਾਣੂ ਕਰਵਾਉਣਾ ਅਜੋਕੇ ਯੁੱਗ ਦੀ ਇਕ ਬਹੁਤ ਵੱਡੀ ਲੋੜ ਹੈ। ਅਸਾਂ ਸਿੱਖ ਅਖਵਾਉਣ ਵਾਲਿਆਂ ਦੀ ਨਵੀਂ ਪੀੜ੍ਹੀ ਕੰਪਿਊਟਰ ਅਤੇ ਇੰਟਰਨੈੱਟ ਆਦਿ ਅਤਿ-ਆਧੁਨਿਕ ਯੁੱਗ ਦੀਆਂ ਵਿਗਿਆਨਕ ਜੁਗਤਾਂ ਤੇ ਉਪਕਰਨਾਂ ਨੂੰ ਆਪਣੀ ਰਸਮੀ ਵਿੱਦਿਆ ਦੇ ਹਿੱਸੇ ਵਜੋਂ ਜਾਂ ਯੁੱਗ ਅਸਰ, ਮਾਨਸਿਕ ਝੁਕਾਅ ਤੇ ਰੁਚੀ ਕਾਰਨ ਚਲਾਉਂਦੀ ਦਿਸ ਰਹੀ ਹੈ ਜੋ ਮੁੱਖ ਤੌਰ 'ਤੇ ਵਕਤ ਦੀ ਮੰਗ ਮੁਤਾਬਕ ਜ਼ਰੂਰੀ ਵੀ ਹੈ। ਲੇਕਿਨ*

ਇਸ ਨਾਲ ਸੰਬੰਧਿਤ ਇਕ ਚਿੰਤਾਜਨਕ ਪਹਿਲੂ ਇਹ ਹੈ ਕਿ ਸਾਡੇ ਬੱਚੇ ਅਜਿਹੇ ਬਿਜਲਈ ਮਾਧਿਅਮਾਂ ਨਾਲ ਬਾਹਰੀ ਦੁਨੀਆਂ ਨਾਲ ਤਾਂ ਜੁੜ ਗਏ ਪਰ ਉਹ ਆਪਣੇ ਪਰਵਾਰਾਂ ਨਾਲੋਂ ਬਹੁਤ ਹੱਦ ਤਕ ਅਲੱਗ-ਥਲੱਗ ਹੋ ਰਹੇ ਹਨ। ਬੱਚਿਆਂ ਦਾ ਕੇਵਲ ਕੰਪਿਊਟਰ ਤੇ ਇੰਟਰਨੈੱਟ ਨਾਲ ਹੀ ਘੰਟਿਆਂ-ਬੱਧੀ ਜੁੜੇ ਰਹਿਣਾ ਕੰਪਿਊਟਰ ਰੂਮ ਨੂੰ ਇਕ ਬੰਦ ਕੋਠੜੀ ਦੇ ਤੌਰ 'ਤੇ ਵਰਤਣਾ ਸਾਡੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਅੱਜ ਅਸੀਂ ਘਰਾਂ-ਪਰਵਾਰਾਂ 'ਚ ਰਹਿੰਦੇ ਹੋਏ ਆਪਣੇ ਬੱਚਿਆਂ ਨਾਲ ਲੋੜੀਂਦੀ ਨੇੜਤਾ ਦੇ ਸੰਬੰਧਾਂ 'ਚ ਨਹੀਂ ਹਾਂ। ਅਸੀਂ ਬੱਚਿਆਂ ਤੋਂ ਦੂਰ ਹਾਂ ਅਤੇ ਬੱਚੇ ਸਾਥੋਂ ਦੂਰ ਹਨ। ਇਹ ਦੂਰੀ ਅਸਹਿ ਹੈ ਪਰ ਅਸੀਂ ਜਿਵੇਂ-ਕਿਵੇਂ ਇਸ ਨੂੰ ਅਣਡਿੱਠ ਕਰ ਕੇ ਵਕਤ ਟਪਾ ਰਹੇ ਹਾਂ। ਇਹ ਠੀਕ ਹੈ ਕਿ ਸਾਰੇ ਸਿੱਖ ਮਾਪੇ ਖ਼ੁਦ ਵੀ ਸਿੱਖ ਵਿਚਾਰਧਾਰਾ ਦੀ ਲੋੜੀਂਦੀ ਸਮਝਦਾਰੀ ਨਹੀਂ ਰੱਖਦੇ ਪਰ ਜਿਹੜੇ ਰੱਖਦੇ ਹਨ ਉਨ੍ਹਾਂ ਦਾ ਇਸ ਨੂੰ ਆਪਣੇ ਬੱਚਿਆਂ ਤਕ ਨਾ ਪਹੁੰਚਾਉਣਾ ਅਤੇ ਸਿਰਫ਼ ਅਕਾਦਮਿਕ ਪ੍ਰਾਪਤੀਆਂ 'ਤੇ ਹੀ ਮਾਣ ਮਹਿਸੂਸ ਕਰੀ ਜਾਣਾ ਜਾਂ ਸੰਤੁਸ਼ਟੀ ਮਹਿਸੂਸ ਕਰਨਾ ਕਦਾਚਿਤ ਵੀ ਉਚਿਤ ਨਹੀਂ।

ਐਪਰ ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਜੇਕਰ ਅਸੀਂ ਇਸ ਦਿਸ਼ਾ 'ਚ ਹੁਣ ਵੀ ਆਪਣੀ ਉਦਾਸੀਨਤਾ, ਆਪਣੀ ਅਣਗਹਿਲੀ ਤੇ ਲਾਪਰਵਾਹੀ ਦਾ ਤਿਆਗ ਕਰਦੇ ਹੋਏ ਆਪਣੇ ਬੱਚਿਆਂ ਨੂੰ ਖ਼ੁਦ ਅਨੁਕੂਲ ਮਾਹੌਲ ਸਿਰਜ ਕੇ, ਉਨ੍ਹਾਂ ਨੂੰ ਗੁਰਮਤਿ ਵਿਚਾਰਧਾਰਾ ਦੀ ਸਰਬ-ਸ੍ਰੇਸ਼ਟਤਾ ਦਾ ਅਹਿਸਾਸ ਕਰਵਾਉਂਦੇ ਹੋਏ ਇਸ ਵਿਚਾਰਧਾਰਾ ਦੇ ਪ੍ਰਮੁੱਖ ਤੱਤ ਸਮਝਾਉਣ ਤੇ ਦਰਸਾਉਣ ਦੀ ਦਿਸ਼ਾ 'ਚ ਤੁਰ ਪਈਏ ਤਾਂ ਸਾਡੀ ਨਵੀਂ ਪੀੜ੍ਹੀ ਆਪਣੇ ਦੁਰਲੱਭ ਤੇ ਖਾਸ ਤੌਰ 'ਤੇ ਅਮੋਲਕ ਧਾਰਮਿਕ ਵਿਰਸੇ ਤੋਂ ਵੀ ਬੇਗਾਨਗੀ ਦੀ ਦੀਨ ਦਸ਼ਾ ਨੂੰ ਹੰਢਾਉਣ ਦਾ ਸ਼ਿਕਾਰ ਨਹੀਂ ਹੋ ਸਕੇਗੀ। ਸਾਡੇ ਤਕ ਸਿੱਖ ਵਿਚਾਰਧਾਰਾ ਨੂੰ ਹੀ ਪਹੁੰਚਾਉਣ ਵਾਸਤੇ ਦਸਮੇਸ਼ ਪਿਤਾ ਨੇ ਕੀ ਆਪਣੇ ਚਾਰੇ ਲਾਲ ਨਹੀਂ ਵਾਰ ਦਿੱਤੇ ਸਨ? ਆਓ, ਇਸ ਹਕੀਕਤ ਨੂੰ ਭਲੀ-ਭਾਂਤ ਸਮਝਦੇ ਹੋਏ ਅਪਣੀ ਨਵੀਂ ਪਨੀਰੀ ਨੂੰ ਸਕੂਲੀ ਵਿੱਦਿਆ ਦੇ ਨਾਲ-ਨਾਲ ਧਾਰਮਿਕ ਵਿੱਦਿਆ ਦੀ ਗੁੜ੍ਹਤੀ ਆਪਣੇ ਘਰਾਂ 'ਚ ਹੀ ਦੇਣ ਦਾ ਉੱਦਮ-ਉਪਰਾਲਾ ਕਰੀਏ।

ਭਾਵੇਂ ਦਰਸ਼ਨ ਜਾਂ ਫ਼ਲਸਫ਼ਾ ਆਪਣੇ ਆਪ 'ਚ ਕਿੰਨਾ ਵੀ ਬਿਖਮ ਵਿਸ਼ਾ ਹੈ ਸਾਡੇ ਗੁਰੂ ਸਾਹਿਬਾਨ ਅਤੇ ਗੁਰੂ-ਕਾਲ 'ਚ ਭਾਈ ਗੁਰਦਾਸ ਜੀ ਅਤੇ ਭਾਈ ਮਨੀ ਸਿੰਘ ਜਿਹੇ ਮਹਾਨ ਵਿਦਵਾਨ ਗੁਰਸਿੱਖਾਂ ਨੇ ਇਸ ਨੂੰ ਸਮਝਣ ਦਾ ਕਾਰਜ ਆਪਣੇ ਖਾਸ ਉੱਦਮ-ਉਪਰਾਲਿਆਂ ਨਾਲ ਇੰਨਾ ਸੁਖਾਲਾ ਤੇ ਇਸ ਦੇ ਨਾਲ ਰਸਦਾਇਕ ਵੀ ਕਰ ਦਿੱਤਾ ਹੈ ਕਿ ਉਸ ਦਾ ਸਹਿਜ ਅਧਿਐਨ ਵੀ ਸਾਡੇ ਵੱਲੋਂ ਸਿੱਖ ਅਖਵਾਉਣ ਵਾਲੇ ਆਪਣੇ ਭੈਣਾਂ-ਭਰਾਵਾਂ ਤਕ ਅਤੇ ਆਪਣੀ ਨਵੀਂ ਪਨੀਰੀ ਜਾਂ ਨੌਜਵਾਨ ਪੀੜ੍ਹੀ ਤਕ ਇਹ ਉੱਚੀ-ਸੁੱਚੀ ਵਿਚਾਰਧਾਰਾ ਨੂੰ ਪੁੱਜਦੀ ਕਰਨਾ ਕੁਝ ਕੁ ਯਤਨਾਂ ਨਾਲ ਸਾਡੀ ਸਮਰੱਥਾ ਦੇ ਘੇਰੇ 'ਚ ਆ ਸਕਦਾ ਹੈ। ਦੀਵੇ ਨਾਲ ਦੀਵਾ ਜਗਾਉਣ ਦਾ ਕਾਰਜ ਹੋਣਾ ਚਾਹੀਦਾ ਹੈ। ਗੁਰਮਤਿ ਦਰਸ਼ਨ ਨੂੰ ਆਪਣੇ ਭੈਣਾਂ-ਭਰਾਵਾਂ, ਆਪਣੇ ਬੱਚਿਆਂ ਤਕ ਪੁੱਜਦਾ ਕਰਨ ਮਗਰੋਂ ਵਿਸ਼ਵ ਪੱਧਰ ਦੇ ਹਾਣ ਦੇ, ਵਿਸ਼ਵ ਵਾਸਤੇ ਪੂਰਨ ਕਲਿਆਣਕਾਰੀ ਗੁਰਮਤਿ ਦਰਸ਼ਨ ਨੂੰ ਸਮੁੱਚੇ ਵਿਸ਼ਵ ਤਕ ਪੁੱਜਦਾ ਕਰਨ ਦੀ ਜ਼ਿੰਮੇਵਾਰੀ ਵੀ ਸਾਡੇ ਸਿਰ 'ਤੇ ਹੀ ਆਉਂਦੀ ਹੈ। ਜਗਤ-ਗੁਰੂ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਸੁਮੇਰ 'ਤੇ ਜਾ ਕੇ ਆਖਿਆ ਸੀ ਜੇਕਰ ਸਿੱਧ ਹੀ ਪਹਾੜਾਂ 'ਚ ਲੁੱਕ ਕੇ ਬੈਠੇ ਤਾਂ ਜਗਤ ਦਾ ਪਾਰ-ਉਤਾਰਾ ਕੌਣ ਕਰੇਗਾ! ਇਹ ਉਦਾਹਰਣ ਵੀ ਸਾਨੂੰ ਆਪਣੇ-ਆਪ 'ਤੇ ਲਾਗੂ ਕਰਨੀ ਚਾਹੀਦੀ ਹੈ। ਫਿਰ ਹੀ ਅਸੀਂ ਗੁਰੂ ਦੇ ਸੱਚੇ ਨਾਮ-ਲੇਵਾ ਸਿੱਖ ਕਹਾਉਣ ਦੇ ਅਧਿਕਾਰੀ ਹੋ ਸਕਾਂਗੇ। ■

# ਸ੍ਰੀ ਗੁਰੂ ਗ੍ਰੰਥ ਸਾਹਿਬ - ਸਿਧਾਂਤਕ ਵਿਚਾਰਧਾਰਾ

*-ਪ੍ਰੋ. ਪਿਆਰਾ ਸਿੰਘ 'ਪਦਮ'*

ਭਾਰਤੀ ਵਿਚਾਰਧਾਰਾ ਦੇ ਪ੍ਰਵਾਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਇਸ ਲਈ ਪ੍ਰਮੁੱਖ ਅਸਥਾਨ ਹੈ ਕਿ ਭਗਤੀ ਲਹਿਰ ਦੀ ਸਾਰੀ ਧਰਮ-ਸਾਧਨਾ ਦਾ ਸਾਰ ਸਰੂਪ ਤੱਤ ਗਿਆਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤਰ ਕਰ ਦਿੱਤਾ ਗਿਆ ਹੈ। ਭਾਵੇਂ ਕਈ ਸੰਸਕ੍ਰਿਤ ਗ੍ਰੰਥ ਵੀ ਪਰਮਾਰਥਕ ਗਿਆਨ ਦੀਆਂ ਅਮੋਲਕ ਵਿਚਾਰਾਂ ਨਾਲ ਭਰਪੂਰ ਹਨ ਪਰ ਸੰਸਕ੍ਰਿਤ ਦੇ ਲੋਕ-ਭਾਸ਼ਾ ਨ ਰਹਿਣ ਕਾਰਨ ਉਨ੍ਹਾਂ ਦਾ ਸੰਬੰਧ ਤੇ ਪ੍ਰਭਾਵ ਉਤਨਾ ਨਹੀਂ ਰਿਹਾ। ਕੁਝ ਕੁ ਗਿਣਤੀ ਦੇ ਸੰਸਕ੍ਰਿਤਵੇਤਾ ਵਿਦਵਾਨ ਤਾਂ ਉਸ ਤੋਂ ਲਾਹਾ ਲੈ ਸਕਦੇ ਹਨ ਪਰੰਤੂ ਆਮ ਲੋਕਾਂ ਲਈ ਉਹ ਬਿਖਮ ਰਚਨਾਵਾਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸੰਤ ਭਾਸ਼ਾ ਵਿਚ ਹੈ ਜੋ ਕਿ ਹਿੰਦੁਸਤਾਨ-ਭਰ ਵਿਚ ਸਮਝੀ ਜਾਣ ਵਾਲੀ ਭਾਸ਼ਾ ਰਹੀ ਹੈ ਤੇ ਜਿਸ ਨੂੰ ਰਮਤੇ ਸੰਤਾਂ-ਸਾਧੂਆਂ ਅਤੇ ਫ਼ਕੀਰਾਂ-ਦਰਵੇਸ਼ਾਂ ਮਾਂਜ-ਸਵਾਰ ਕੇ ਲੋਕ ਪ੍ਰਿਯ ਬਣਾਇਆ ਹੈ। ਅਜਿਹੀ ਸਾਂਝੀ ਤੇ ਸਰਲ ਭਾਸ਼ਾ ਵਿਚ ਰਚਿਆ ਅਧਿਆਤਮ ਗਿਆਨ ਦਾ ਇਹ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਰਤ ਭਰ ਵਿਚ ਸਮਝਿਆ ਜਾਣ ਜੋਗਾ ਹੈ। ਸਾਡੇ ਦੇਸ਼ ਦੀ ਕਿਸੇ ਪ੍ਰਾਂਤਕ ਭਾਸ਼ਾ ਵਿਚ ਵੀ ਅਜਿਹੀ ਅਮੋਲਕ ਰਚਨਾ ਹੋਰ ਨਹੀਂ। ਫਿਰ ਇਸ ਵਿਚ ਕੇਵਲ ਪੰਜਾਬ ਦੇ ਗੁਰੂ ਸਾਹਿਬਾਨ ਦੀ ਹੀ ਬਾਣੀ ਨਹੀਂ ਬਲਕਿ ਭਾਰਤ ਦੇ ਪ੍ਰਸਿੱਧ ਸੰਤਾਂ-ਮਹਾਂਪੁਰਸ਼ਾਂ ਦੇ ਬਚਨ ਚੁਣ-ਚੁਣ ਕੇ ਸ਼ਾਮਿਲ ਕੀਤੇ ਗਏ ਹਨ, ਇਹ ਗੱਲ ਇਸ ਦੀ ਵਿਆਪਕਤਾ, ਸਮਰੱਥਾ ਤੇ ਸ਼ਕਤੀ ਵਿਚ ਵਾਧਾ ਕਰਦੀ ਹੈ। ਅਜਿਹੇ ਸੰਕਲਨ ਦਾ ਵੱਡਾ ਆਧਾਰ ਵਿਚਾਰਧਾਰਾ ਦੀ ਸਾਂਝ ਸੀ। ਇਸ ਦੇ ਸੰਗ੍ਰਹਿਕਾਰ ਗੁਰੂ ਸਾਹਿਬ ਨੂੰ ਜ਼ਿੰਦਗੀ ਨੂੰ ਸ਼ਕਤੀ ਬਖਸ਼ਣ ਵਾਲਾ ਜੋ ਵੀ ਰੂਹਾਨੀ ਬਚਨ ਪ੍ਰਾਪਤ ਹੋਇਆ ਚਾਹੇ ਉਹ ਬੰਗਾਲ ਜਾਂ ਮਹਾਂਰਾਸ਼ਟਰ ਦੇ ਸੰਤ ਦਾ ਸੀ, ਚਾਹੇ ਰਾਜਸਥਾਨ ਜਾਂ ਉੱਤਰ ਪ੍ਰਦੇਸ਼ ਦੇ ਮਹਾਤਮਾ ਦਾ, ਉਹ ਸਭ ਇਸ ਮਾਲਾ ਵਿਚ ਪ੍ਰੋ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਜ਼ਿੰਦਗੀ ਦਾ ਸੰਜੋਗ ਰਚਣ ਆਏ ਸਨ, ਉਨ੍ਹਾਂ ਇਸ ਸੰਕਲਨ ਦੁਆਰਾ ਭਾਰਤ ਭਰ ਦੇ ਸੰਤਾਂ ਦਾ ਸੰਜੋਗ ਸਾਜ ਕੇ ਇਕ ਆਦਰਸ਼ ਸਥਾਪਤ ਕੀਤਾ ਤਾਂ ਕਿ ਸੱਭੇ ਪ੍ਰੇਮਾ-ਭਗਤੀ ਰਾਹੀਂ ਪ੍ਰਭੂ-ਸੰਜੋਗ ਪ੍ਰਾਪਤ ਕਰ ਸਕਣ। ਇਸੇ ਲਈ ਉਨ੍ਹਾਂ ਦਾ ਸਦਾ ਸਭ ਪ੍ਰਤੀ ਸਾਂਝਾ ਸੱਦਾ ਸੀ:

*ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥*
*ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥* *(ਪੰਨਾ ੧੭)*

ਭਗਤੀ ਲਹਿਰ ਤੇ ਗੁਰੂ ਸਾਹਿਬਾਨ ਦਾ ਪ੍ਰੇਮ-ਮਾਰਗ ਦਾਰਸ਼ਨਿਕ ਨਿਖੇੜੇ ਜਾਂ ਵਿਸ਼ਲੇਸ਼ਣ 'ਤੇ ਆਧਾਰਤ ਨਹੀਂ ਬਲਕਿ ਭਾਵਾਤਮਕ ਏਕਤਾ ਉਸ ਦਾ ਮੂਲ ਆਧਾਰ

ਸੀ। ਇਨ੍ਹਾਂ ਰਹੱਸਵਾਦੀ ਮਹਾਂਪੁਰਸ਼ਾਂ ਦੇ ਸਨਮੁਖ ਆਦਰਸ਼ ਵੀ ਇਹੋ ਸੀ ਕਿ ਜ਼ਿੰਦਗੀ ਦਾ ਪਰਮੇਸ਼ਰ ਨਾਲ ਸੰਜੋਗ ਕੀਤਾ ਜਾਵੇ ਤੇ ਮਨੁੱਖਾਂ ਦਾ ਪਰਸਪਰ ਸੰਯੋਗ ਸਿਰਜਿਆ ਜਾਵੇ। 'ਸਗਲਿ ਸੰਗਿ ਹਮ ਕਉ ਬਨਿ ਆਈ' ਦਾ ਇਹੋ ਭਾਵ ਸੀ। ਇਸੇ ਲਈ ਬਾਣੀ ਦੀ ਰਾਗਾਂ ਅਨੁਸਾਰ ਵਿਉਂਤਬੰਦੀ ਕੀਤੀ ਗਈ ਤਾਂ ਕਿ ਸੰਗੀਤਕ ਪ੍ਰਭਾਵ ਸਾਡੇ ਜਜ਼ਬਿਆਂ ਨੂੰ ਟੁੰਬਣ ਲਈ ਵਧੇਰੇ ਸਮਰੱਥ ਹੋ ਸਕੇ। ਇਹ ਠੀਕ ਹੈ ਕਿ ਮਨੁੱਖ ਵਿਚਾਰਸ਼ੀਲ ਪ੍ਰਾਣੀ ਹੈ ਪਰ ਆਮ ਤੌਰ 'ਤੇ ਭਾਵਾਂ ਦੇ ਝੁਕਾਅ ਹੀ ਇਸ ਨੂੰ ਤੋਰਦੇ ਰਹਿੰਦੇ ਹਨ ਤੇ ਗਿਆਨ ਸ਼ਕਤੀ ਦਾ ਪ੍ਰਯੋਗ ਵੀ ਤਾਂ ਇਹ ਉਨ੍ਹਾਂ ਨੂੰ ਠੀਕ ਸਿੱਧ ਕਰਨ ਲਈ ਹੀ ਕਰਦਾ ਰਹਿੰਦਾ ਹੈ। ਸੋ ਗਿਆਨ ਸਭ ਕੁਝ ਨਹੀਂ। ਜੀਵਨ-ਪਰਿਵਰਤਨ ਲਈ ਮਨੁੱਖ ਦੇ ਜਜ਼ਬਿਆਂ ਭਾਵਾਂ ਦਾ ਵਸੀਕਰਣ ਜ਼ਰੂਰੀ ਹੈ, ਇਨ੍ਹਾਂ ਨੂੰ ਪ੍ਰਭਾਵਿਤ ਕਰ ਕੇ ਹੀ ਮਨ ਨੂੰ ਪਰਮਾਰਥ ਵੱਲ ਲਾਇਆ ਜਾ ਸਕਦਾ ਹੈ। ਸੋ ਜੇਕਰ ਜੀਵਨ, ਭਾਵ-ਪ੍ਰਧਾਨ ਹੈ, ਸੁਭਾਵ ਆਸਰੇ ਚੱਲਦਾ ਹੈ ਤਾਂ ਇਸ ਵਿਚ ਤਬਦੀਲੀ ਲਿਆਉਣ ਲਈ ਮਾਨਸਿਕ ਕਾਇਆ-ਕਲਪ ਜ਼ਰੂਰੀ ਹੈ ਤੇ ਉਹ ਨਾਮ ਸਿਮਰਨ ਦੁਆਰਾ ਹੀ ਸੰਭਵ ਹੈ। ਇਸੇ ਕਰਕੇ ਗੁਰੂ ਸਾਹਿਬਾਨ ਬਾਣੀ ਦੀ ਤਰਤੀਬ ਸੰਗੀਤ ਨੂੰ ਮੁੱਖ ਰੱਖ ਕੇ ਕੀਤੀ ਹੈ। ਗੁਰੂ ਸਾਹਿਬਾਨ ਦਰਸ਼ਨ-ਸ਼ਾਸਤਰ ਨਹੀਂ ਸੀ ਲਿਖ ਰਹੇ, ਜੀਵਨ-ਸ਼ਾਸਤਰ ਤਿਆਰ ਕਰ ਰਹੇ ਸਨ ਇਸ ਲਈ ਉਨ੍ਹਾਂ ਭਾਵ ਮੰਡਲ ਨੂੰ ਸੁਆਰਨ ਲਈ ਯਥਾਯੋਗ ਯਤਨ ਕੀਤੇ।

ਪੁਰਾਣੇ ਜ਼ਮਾਨੇ ਦੇ ਧਾਰਮਿਕ ਗਿਆਨ ਵਿਚ ਪਰਮੇਸ਼ਰ ਦੀ ਪ੍ਰਾਪਤੀ ਲਈ ਪ੍ਰਵਾਨਿਤ ਤਰੀਕੇ— ਗਿਆਨ ਮਾਰਗ, ਕਰਮ ਮਾਰਗ ਤੇ ਉਪਾਸ਼ਨਾ ਮਾਰਗ ਸਨ ਤੇ ਪਰਮਾਰਥ ਵਾਲੇ ਪਾਸੇ ਜਾਣ ਲਈ ਸੰਸਾਰ ਤਿਆਗ ਵੀ ਇਕ ਜ਼ਰੂਰੀ ਸ਼ਰਤ ਸੀ। ਲੇਕਿਨ ਗੁਰੂ ਸਾਹਿਬ ਨੇ ਕਿਸੇ ਇਕ ਪੱਧਤੀ ਦਾ ਅਨੁਸਰਣ ਨਹੀਂ ਕੀਤਾ ਬਲਕਿ ਗਿਆਨ, ਕਰਮ ਤੇ ਉਪਾਸ਼ਨਾ ਦਾ ਸੁਜਿੰਦ ਭਾਗ ਲੈ ਕੇ ਇਕ ਸਾਂਝਾ ਮਾਰਗ 'ਨਾਮ ਮਾਰਗ' ਪ੍ਰਚੱਲਤ ਕੀਤਾ। ਉਹ ਇਸ ਗੱਲ ਦੇ ਹਾਮੀ ਨਹੀਂ ਸਨ ਕਿ ਕੇਵਲ ਸ਼ਾਸਤਰੀ ਗਿਆਨ ਹੀ ਮਨੁੱਖ ਦਾ ਉਧਾਰ ਕਰ ਸਕਦਾ ਹੈ ਤੇ ਨਾ ਹੀ ਉਹ ਇਹ ਠੀਕ ਮੰਨਦੇ ਸਨ ਕਿ ਕੇਵਲ ਕਰਮਕਾਂਡ ਦੁਆਰਾ ਮਨੁੱਖ ਤੇ ਮਨੁੱਖੀ ਸਮਾਜ ਦਾ ਕਲਿਆਣ ਸੰਭਵ ਹੈ। ਇਸ ਲਈ ਉਨ੍ਹਾਂ ਗਿਆਨ ਯੋਗ ਤੇ ਕਰਮ ਯੋਗ ਦੀ ਸੰਧੀ ਕੀਤੀ ਤੇ ਨਾਲ ਪ੍ਰੇਮਾ-ਭਗਤੀ ਨੂੰ ਤਰਜੀਹ ਦਿੱਤੀ। ਅੱਗੇ ਲੋਕ ਸਮਾਜ ਦੀ ਪਰਵਾਹ ਨਹੀਂ ਸੀ ਕਰਦੇ, ਆਤਮਿਕ ਕਲਿਆਣ ਲਈ ਦੁਨੀਆਂ ਛੱਡਣਾ ਜ਼ਰੂਰੀ ਮੰਨਦੇ ਸਨ। ਪਰੰਤੂ ਗੁਰੂ ਸਾਹਿਬਾਨ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਇਹ ਸੰਸਾਰ ਛੱਡਣਾ ਨਹੀਂ ਚਾਹੀਦਾ ਸਗੋਂ ਇਸ ਵਿਚ ਹੀ ਰਹਿੰਦਿਆਂ ਇਸ ਦੀ ਉਸਾਰੀ ਤੇ ਵਿਕਾਸ ਵਿਚ ਹਿੱਸਾ ਪਾਉਂਦਿਆਂ ਪਰਮਾਰਥ ਵੱਲ ਕਦਮ ਵਧਾਉਣੇ ਹਨ:

*ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ (ਪੰਨਾ ੨੬)*

ਪਰ ਰਹਿਣਾ ਇਉਂ ਨਿਰਲੇਪ ਹੈ ਜਿਵੇਂ ਪਾਣੀ ਵਿਚ ਕੰਵਲ ਜਾਂ ਮੁਰਗਾਬੀ

ਰਹਿੰਦੀ ਹੈ:

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ (ਪੰਨਾ ੯੩੮)*

ਇਹ ਗੱਲ ਗੁਰੂ ਵਿਚਾਰਧਾਰਾ ਦੀ ਵਿਸ਼ੇਸ਼ ਹੈ ਕਿ ਸਮਾਜਿਕ ਜੀਵਨ ਬਸਰ ਕਰਦਿਆਂ ਫਿਰ ਪਰਮਾਰਥਕ ਸਿਖਰਾਂ ਨੂੰ ਛੋਹਿਆ ਜਾਵੇ:

*ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥ (ਪੰਨਾ ੬੬੧)*

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਦੋ ਬੜੇ ਪ੍ਰਮੁੱਖ ਤੇ ਵਿਲੱਖਣ ਪਹਿਲੂ ਹਨ, ਪ੍ਰੇਮਾ-ਭਗਤੀ ਦਾ ਪ੍ਰੇਮ ਤੇ ਤਿਆਗ ਦਾ ਤਿਆਗ। ਇਸ ਤੋਂ ਪਹਿਲਾਂ ਕਈ ਹੋਰ ਵੀ ਗ਼ੈਰ-ਸਿਹਤਮੰਦ ਵਿਚਾਰ ਪ੍ਰਚੱਲਤ ਸਨ ਜੋ ਜ਼ਿੰਦਗੀ ਲਈ ਸਾਰਥਕ ਸਿੱਧ ਨਹੀਂ ਸੀ ਹੋਏ, ਉਨ੍ਹਾਂ ਦਾ ਥਾਂ-ਥਾਂ ਸਪੱਸ਼ਟ ਵਿਰੋਧ ਕੀਤਾ ਗਿਆ ਹੈ। ਜੀਵਨ ਵਿਕਾਸ ਲਈ ਕੀ ਕੁਝ ਕਰਨਯੋਗ ਹੈ ਤੇ ਕੀ ਕੁਝ ਨ ਕਰਨਯੋਗ, ਇਨ੍ਹਾਂ ਗੁਣਾਂ ਔਗੁਣਾਂ ਦੀ ਘੋਖ-ਪੜਤਾਲ ਵੀ ਡੂੰਘੀ ਨੀਝ ਨਾਲ ਕੀਤੀ ਗਈ ਹੈ। ਸਦਾਚਾਰ ਸੰਬੰਧੀ ਉਨ੍ਹਾਂ ਦੀ ਵਿਸ਼ੇਸ਼ ਹਦਾਇਤ ਹੈ:

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ (ਪੰਨਾ ੭੬੬)*

ਇਸ ਤੋਂ ਇਲਾਵਾ ਜੇਕਰ ਪੰਛੀ ਝਾਤ ਦੁਆਰਾ ਸੰਖੇਪ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਸਰੂਪ ਜਾਚਣਾ ਹੋਵੇ ਤਾਂ ਕੁਝ ਕੁ ਵਿਸ਼ੇਸ਼ ਨੁਕਤੇ ਇਉਂ ਅੰਕਿਤ ਕੀਤੇ ਜਾ ਸਕਦੇ ਹਨ:

(੧) ਸਾਰੀ ਸ੍ਰਿਸ਼ਟੀ ਦਾ ਕਰਤਾ-ਪਰਮੇਸ਼ਰ ਇੱਕ ਹੈ ਤੇ ਉਹੋ ਪੂਜਣਯੋਗ ਹੈ, ਹੋਰ ਦੇਵੀ-ਦੇਵਤਿਆਂ ਜਾਂ ਅਵਤਾਰਾਂ ਦੀ ਪੂਜਾ ਯੋਗ ਨਹੀਂ:

*ਏਕੋ ਸਿਮਰਹੁ ਭਾਇਰਹੁ (ਪੰਨਾ ੧੦੯੨)*

(੨) ਮਨੁੱਖੀ ਜੋਤਿ ਪਰਮ-ਜੋਤਿ ਦੀ ਅੰਸ਼ ਹੈ, ਪ੍ਰਭੂ ਨਾਲ ਮੁੜ ਸੰਜੋਗ ਪ੍ਰਾਪਤ ਕਰਨਾ ਹੀ ਜੀਵਨ-ਮਨੋਰਥ ਹੈ:

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ (ਪੰਨਾ ੪੪੧)*

(੩) ਪਰਮ ਸੱਤ ਦੀ, ਪ੍ਰਾਪਤੀ ਦਾ ਸਾਧਨ ਹਉਮੈ ਮੇਟ ਕੇ ਹੁਕਮ ਨੂੰ ਬੁੱਝਣਾ ਹੈ। ਸੋ 'ਹੁਕਮ ਰਜਾਈ ਚਲਣਾ' ਜਾਂ ਭਾਣਾ ਮੰਨਣਾ ਹੀ ਸੱਚਾ 'ਗਾਡੀ ਰਾਹ' ਹੈ।

(੪) ਇਸ ਗਾਡੀ ਰਾਹ ਦੇ ਪਾਂਧੀ ਬਣਨ ਲਈ ਨਾਮ ਸਿਮਰਨ ਜ਼ਰੂਰੀ ਹੈ, ਸਿਮਰਨ ਦੇ ਵਾਤਾਵਰਣ ਦੁਆਰਾ ਹੀ ਸਾਡਾ ਮਨ ਭਾਣੇ ਵਿਚ ਚੱਲਣ ਦੇ ਯੋਗ ਹੋ ਸਕਦਾ ਹੈ ਅਤੇ ਸਿਮਰਨ ਦਾ ਵਧੀਆ ਤਰੀਕਾ ਕੀਰਤਨ ਹੈ:

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*
*(ਪੰਨਾ ੬੪੨)*

(੫) ਇਸ ਮਾਰਗ ਦਾ ਰਹਿਨੁਮਾ ਸਤਿਗੁਰੂ ਹੈ ਤੇ ਉਹ ਮਾਡਲ ਵੀ। ਉਸੇ

ਦੀ ਦੱਸੀ ਸੇਧ 'ਤੇ ਚੱਲ ਕੇ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ ਅਤੇ ਇਹ ਗੁਰੂ, ਬਾਣੀ ਜਾਂ ਸ਼ਬਦ ਹੈ:

*- ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (ਪੰਨਾ ੬੩੫)*

*- ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਪੰਨਾ ੯੮੨)*

(੬) ਕਿਉਂਕਿ ਮਨੁੱਖ ਭਾਈਚਾਰਕ ਜੀਵ ਹੈ, ਇਸ ਲਈ ਸ੍ਰੇਸ਼ਟ ਸੰਗਤ, ਜੀਵਨ-ਪਰਿਵਰਤਨ ਵਿਚ ਬਹੁਤ ਵੱਡਾ ਰੋਲ ਅਦਾ ਕਰਦੀ ਹੈ। ਇਸ ਲਈ ਚੰਗੇ ਗੁਰਮੁਖਾਂ ਸਾਧੂ ਪੁਰਸ਼ਾਂ ਦੇ ਮੇਲ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ, ਸਤਿਸੰਗ ਮਨੁੱਖਾਂ ਦਾ ਇਕੱਠ-ਮਾਤਰ ਨਹੀਂ ਬਲਕਿ ਉਹ ਥਾਂ ਹੈ ਜਿੱਥੇ ਨਾਮ ਦਾ ਵਖਿਆਨ, ਕੀਰਤਨ ਹੁੰਦਾ ਹੈ:

*ਸਤਿਸੰਗਤ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥*

*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਪੰਨਾ ੭੨)*

(੭) ਸੰਸਾਰ ਕਰਮਭੂਮੀ ਹੈ। ਇਸ ਲਈ ਇਥੇ ਕਰਮਯੋਗੀ ਬਣ ਕੇ ਰਹਿਣਾ ਉਚਿਤ ਹੈ, ਇਸ ਨੂੰ ਮਿਥਿਆ ਆਖ ਕੇ ਬਿਰਕਤੀ ਧਾਰਨੀ ਠੀਕ ਨਹੀਂ:

*ਘਾਲਿ ਖਾਇ ਕਿਛੁ ਹਥਹੁ ਦੇਇ॥*

*ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ ੧੨੪੫)*

(੮) ਹਾਂ, ਮਾਇਆ ਦਾ ਤਿਆਗ ਜ਼ਰੂਰੀ ਹੈ, ਮਾਇਆ ਦਾ ਅਰਥ ਹੈ ਦਵੈਤ ਭਾਵ ਵਾਲੀ ਬਿਰਤੀ, ਇਹ ਦੁਬਿਧਾ ਵਾਲੀ ਬਿਰਤੀ ਕੇਵਲ ਪ੍ਰਭੂ ਵੱਲ ਲਿਵ ਲਾ ਕੇ ਹੀ ਸੋਧੀ ਸੰਵਾਰੀ ਜਾ ਸਕਦੀ ਹੈ:

*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥*

*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥*

*(ਪੰਨਾ ੯੨੧)*

(੯) ਗੁਣਾਂ ਦਾ ਗ੍ਰਹਿਣ ਤੇ ਔਗੁਣਾਂ ਦਾ ਤਿਆਗ ਸਦਾਚਾਰ ਦਾ ਮੂਲ-ਮੰਤਰ ਹੈ:

*ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ॥ (ਪੰਨਾ ੪੧੮)*

(੧੦) ਦੇਵ ਪੂਜਾ, ਮੂਰਤੀ ਪੂਜਾ, ਵਰਣ ਮਰਯਾਦਾ, ਜਾਤ-ਪਾਤ, ਤੀਰਥ-ਇਸ਼ਨਾਨ, ਸੁਰਗ-ਨਰਕ, ਸੁੱਚ-ਭਿੱਟ, ਸੂਤਕ-ਪਾਤਕ, ਰੋਜ਼ੇ-ਵਰਤ, ਸ਼ਗਨ-ਅਪਸ਼ਗਨ, ਮੰਤ੍ਰ-ਜੰਤ੍ਰ, ਟੂਣੇ-ਤਵੀਤ ਆਦਿ ਸਭ ਭਰਮ-ਕਰਮ ਤਿਆਗਣ ਯੋਗ ਹਨ।

ਪਰਮਾਰਥ ਦੇ ਕਿਹੜੇ ਰਸਤੇ ਠੀਕ ਹਨ, ਕਿਹੜੇ ਗ਼ਲਤ? ਗੁਰੂ ਸਾਹਿਬ ਦੇ ਜ਼ਮਾਨੇ ਚੱਲ ਰਹੀਆਂ ਵਿਚਾਰਧਾਰਾਵਾਂ ਕਿਸ ਤਰ੍ਹਾਂ ਦੀਆਂ ਸਨ ਤੇ ਉਹ ਮਾਨਵ

**(ਬਾਕੀ ਸਫ਼ਾ ੭੪ 'ਤੇ)**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਾਰਸ਼ਨਿਕ ਸਿਧਾਂਤ

*-ਡਾ. ਤਾਰਨ ਸਿੰਘ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦ੍ਰਿਸ਼ਟਮਾਨ ਰੂਪ ਕਰਕੇ ਅਤੇ ਭਾਵਨਾ ਕਰਕੇ ਸੰਸਾਰ ਦਾ ਇਕ ਦਰਸ਼ਨ ਗ੍ਰੰਥ ਨਹੀਂ ਹੈ। ਇਸ ਦੀ ਬਾਣੀ ਦਾ ਰੂਪ ਕਾਵਿ ਦਾ ਹੈ ਅਤੇ ਇਸ ਸੰਪਾਦਿਤ ਗ੍ਰੰਥ ਦੇ ਪਿੱਛੇ ਭਾਵਨਾ ਪ੍ਰੇਮਾ-ਭਗਤੀ ਨੂੰ ਸਾਕਾਰ ਕਰਨ ਦੀ ਹੈ। ਕਿਸੇ ਵਿਸ਼ੇਸ਼ ਦਾਰਸ਼ਨਿਕ-ਪ੍ਰਬੰਧ ਅਧੀਨ ਨਾ ਇਹ ਬਾਣੀ ਰਚੀ ਗਈ ਹੈ ਅਤੇ ਨਾ ਹੀ ਇਹ ਰਚਨਾ ਕਿਸੇ ਸ਼ਾਸਤਰਕ-ਪ੍ਰਬੰਧ ਅਨੁਸਾਰ ਸੰਪਾਦਿਤ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ 'ਭੇਦ' ਦਾ ਹੈ, 'ਸ਼ਾਸਤਰ' ਦਾ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੀ ਪ੍ਰੇਮਾ-ਭਗਤੀ ਹੈ, ਪ੍ਰਭੂ-ਕੀਰਤ ਹੈ, ਨਾਮ ਮਹਿਮਾ ਹੈ। ਪਰ ਕਿਸੇ 'ਤੇ ਸਿਰਲੇਖ ਨਹੀਂ ਦਿੱਤੇ ਹੋਏ ਕਿ ਇਥੇ ਪ੍ਰਭੂ-ਉਸਤਤਿ ਹੈ ਜਾਂ ਨਾਮ ਮਹਿਮਾ ਹੈ- ਫਿਰ ਐਸੇ ਸਿਰਲੇਖਾਂ ਦੀ ਤੇ ਆਸ ਹੀ ਨਹੀਂ ਹੋ ਸਕਦੀ ਕਿ ਇਥੇ ਬ੍ਰਹਮ-ਸਰੂਪ ਦਾ ਵਿਸ਼ਲੇਸ਼ਣ ਹੈ ਜਾਂ 'ਆਤਮਾ' ਜਾਂ 'ਜਗਤ' ਦਾ ਸਿਧਾਂਤ ਹੈ। ਕੁਝ ਲੰਮੀਆਂ ਬਾਣੀਆਂ ਦੇ ਕਾਵਿ-ਰੂਪ ਦੇ ਅਨੁਸਾਰ ਸਿਰਲੇਖ ਦਿੱਤੇ ਹਨ ਜਿਵੇਂ ਜਪੁ, ਪਟੀ, ਸਿਧ ਗੋਸਟਿ ਤੇ ਕੁਝ ਦੇ ਵਿਸ਼ੇ-ਵਸਤੂ ਦੇ ਅਨੁਸਾਰ ਜਿਵੇਂ ਅਨੰਦੁ, ਸੁਖਮਨੀ, ਓਅੰਕਾਰ ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੇ ਤੌਰ 'ਤੇ ਪ੍ਰੇਮ-ਬ੍ਰਿਹਾ ਦੇ ਵਲਵਲੇ ਅਧੀਨ ਆਤਮ-ਦਸ਼ਾ ਦਾ ਪ੍ਰਗਟਾਅ ਤੇ ਉਲੀਕਣ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਫ਼ਲਸਫ਼ੇ ਜਾਂ 'ਸ਼ਾਸਤਰ' ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਹ ਪ੍ਰੇਮ-ਭਾਵਾਂ ਦਾ ਪ੍ਰਗਟਾਅ ਹੈ ਕਿ ਆਖਰ ਪਰਮਾਤਮਾ ਨੂੰ ਪ੍ਰੇਮ ਕਿਉਂ ਕੀਤਾ ਜਾਏ, ਉਸ (ਪਰਮਾਤਮਾ) ਦੀ ਸੱਤਾ ਕੀ ਹੈ, ਉਸ ਦੀ ਸਮਰੱਥਾ ਕੀ ਹੈ ਅਤੇ ਮਨੁੱਖ ਨਾਲ ਉਸ ਦਾ ਸੰਬੰਧ ਕੀ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਆਪਣੇ ਆਪ ਹੀ ਦਾਰਸ਼ਨਿਕ ਸਿਧਾਂਤਾਂ ਦਾ ਰੂਪ ਧਾਰਨ ਕਰ ਲੈਣਗੇ। ਪਰ ਸਿੱਧੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੀ ਭਾਵਨਾ ਕਿਸੇ ਦਰਸ਼ਨ-ਸ਼ਾਸਤਰ ਦਾ ਨਿਰਮਾਣ ਨਹੀਂ ਹੈ। ਪ੍ਰੇਮ ਤੇ ਗਿਆਨ ਇਕ ਦੂਜੇ 'ਤੇ ਨਿਰਭਰ ਹਨ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਗਿਆਨ-ਦਰਸ਼ਨ ਦੇ ਤੱਤ ਲੱਭੇ ਜਾ ਸਕਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਹਰ ਤਰ੍ਹਾਂ ਭਾਰਤੀ ਕਾਵਿ ਤੇ ਦਰਸ਼ਨ ਦੀ ਪਰੰਪਰਾ ਵਿਚ ਇਕ ਕੜੀ ਹੈ। ਇਸ ਵਿਚ ਭਾਰਤੀ ਸ਼ਾਸਤਰਾਂ ਦੇ ਕੁਝ ਤੱਤ ਮੌਜੂਦ ਮੰਨੇ ਜਾ ਸਕਦੇ ਹਨ। ਉਦਾਹਰਣ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ-ਉਸਤਤਿ, ਗੁਰੂ-

ਭਗਤੀ ਅਤੇ ਨਾਮ ਮਹਿਮਾ-ਸ੍ਰੇਸ਼ਟ ਵਿਸ਼ੇ ਹਨ। ਕੇਵਲ ਅਨੁਭਵ ਹਰ ਬਾਣੀ-ਨਿਰਮਾਤਾ ਦਾ ਆਪਣਾ-ਆਪਣਾ ਵਿਅਕਤੀਗਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਭਾਰਤ ਦਾ ਪ੍ਰਤੀਨਿਧ ਗ੍ਰੰਥ ਹੈ। ਜਿਥੋਂ ਤੀਕ ਭਗਤੀ ਕਾਵਿ ਦਾ ਸੰਬੰਧ ਹੈ ਇਸ ਵਿਚ ੧੨ਵੀਂ ਸਦੀ ਤੋਂ ਲੈ ਕੇ ੧੭ਵੀਂ ਸਦੀ ਤੀਕ ਹੋਏ ਭਗਤ ਸਾਹਿਬਾਨ ਤੇ ਗੁਰੂ ਸਾਹਿਬਾਨ ਦੀ ਰਚਨਾ ਸੰਕਲਿਤ ਹੈ। ਭਾਵੇਂ ਇਸ ਦਾ ਵਿਸ਼ੇਸ਼ ਭਾਗ ਪੰਜਾਬ ਦੀ ਧਰਤੀ 'ਤੇ ਰਚਿਆ ਗਿਆ ਹੈ ਪਰ ਇਸ ਵਿਚ ਉੱਤਰ ਪ੍ਰਦੇਸ਼, ਬੰਗਾਲ, ਮਹਾਂਰਾਸ਼ਟਰ, ਰਾਜਸਥਾਨ, ਸਿੰਧ ਆਦਿ ਪ੍ਰਾਂਤਾਂ ਦੇ ਭਗਤਾਂ ਦੀ ਰਚਨਾ ਵੀ ਸੰਕਲਿਤ ਹੈ। ਇਨ੍ਹਾਂ ਭਿੰਨ-ਭਿੰਨ ਪ੍ਰਾਂਤਾਂ ਵਿਚ ਜਨਮੇ ਅਤੇ ਭਿੰਨ-ਭਿੰਨ ਹਾਲਾਤ ਵਿੱਚੋਂ ਲੰਘਦੇ ਭਗਤ ਸਾਹਿਬਾਨ ਦੇ ਜੀਵਨ-ਤਜਰਬੇ ਭਿੰਨ-ਭਿੰਨ ਸਨ। ਇਨ੍ਹਾਂ ਬਾਣੀਕਾਰਾਂ ਦੀ ਪ੍ਰਤਿਭਾ ਦਾ ਵਿਕਾਸ ਵੱਖਰੇ-ਵੱਖਰੇ ਹਾਲਾਤ ਵਿਚ ਹੋਇਆ। ਇਸ ਲਈ ਇਨ੍ਹਾਂ ਦੀ ਰਚਨਾ ਵਿਚ ਸਿਧਾਂਤ ਦੀ ਸਾਂਝ ਦੇ ਬਾਵਜੂਦ ਵੱਖਰੇ ਰੰਗ ਤੇ ਰਸ ਹਨ।

ਪਰ ਕਿਉਂਕਿ ਇਹ ਸਾਰੇ ਬਾਣੀਕਾਰ ਭਾਰਤੀ ਹਨ; ਕੌਮੀ ਦਰਸ਼ਨ ਸ਼ਾਸਤਰ ਦਾ ਵਿਰਸਾ ਸਾਹਿਤ ਦਾ ਸਾਂਝਾ ਸੀ। ਸਾਰਿਆਂ ਨੇ ਸਾਂਝੇ ਬੁਨਿਆਦੀ ਆਸਤਕ ਸਿਧਾਂਤ ਦਾ ਉਲੇਖ ਕੀਤਾ ਹੈ, ਸਾਰਿਆਂ ਨੇ ਸਾਂਝੀ ਸਿਧਾਂਤਕ ਭਾਰਤੀ ਸ਼ਬਦਾਵਲੀ ਬ੍ਰਹਮ, ਈਸ਼ਵਰ, ਹਰਿ, ਹਰੀ, ਪਰਮਾਤਮਾ, ਨਾਰਾਇਣ, ਮਾਇਆ, ਜੀਵ, ਆਤਮਾ, ਜਗਤ, ਬ੍ਰਹਿਮੰਡ, ਖੰਡ, ਪ੍ਰੇਮ, ਕੀਰਤਿ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਹਉਮੈ, ਗਿਆਨ, ਅਗਿਆਨ, ਗੁਰੂ, ਨਾਮ, ਸਤਿ, ਬ੍ਰਹਮ ਗਿਆਨੀ, ਸਿਧ, ਜੋਗੀ ਗ੍ਰਸਤ, ਉਦਾਸ, ਕਰਮ, ਆਵਾਗਵਨ, ਮੁਕਤਿ, ਭਵਜਲ, ਜਤ, ਸੰਜਮ, ਮਤਿ ਬੁਧ, ਮਨ, ਚਿਤ, ਅਨੰਦ ਸਤਿ— ਦੀ ਵਰਤੋਂ ਕੀਤੀ ਹੈ। ਇਨ੍ਹਾਂ ਸਾਰਿਆਂ ਦੀ ਹੋਰ ਸ਼ਬਦਾਵਲੀ ਵੀ ਸਾਂਝੀ ਹੈ ਪਰ ਸਿਧਾਂਤਕ ਸ਼ਬਦਾਵਲੀ ਤੇ ਨਿਪਟ ਹੀ ਇੱਕੋ ਹੈ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਸ਼ਨ ਦੇ ਤਿੰਨ ਭਾਗ ਹਨ। ਪਹਿਲਾ ਭਾਗ ਹੈ 'ਅਧਿਆਤਮਕਤਾ' ਜਿਸ ਵਿਚ ਨਿਰਣਾ ਕੀਤਾ ਹੈ ਕਿ ਸਾਰੇ ਜੀਵ-ਜਗਤ ਬ੍ਰਹਿਮੰਡ ਪਸਾਰੇ ਪਿੱਛੇ ਤੱਤ-ਸਾਰ ਸ੍ਰੇਸ਼ਟ ਵਸਤੂ ਕੀ ਹੈ ਅਤੇ ਉਸ ਦੇ ਸਾਰੇ ਪਾਸਾਰੇ ਨਾਲ ਕੀ ਸੰਬੰਧ ਹੈ। ਇਹ ਨਿਰੋਲ ਸ਼ਾਸਤਰ ਜਾਂ (Metaphysics) ਹੈ। ਦੂਜਾ ਭਾਗ ਇਹ ਹੈ ਕਿ ਜੀਵ-ਪਸਾਰੇ ਦੀ ਕੈਦ ਵਿੱਚੋਂ ਕਿਵੇਂ ਨਿਕਲ ਕੇ ਸਰਬ-ਵਿਆਪੀ ਅਬਿਨਾਸ਼ੀ ਬ੍ਰਹਮ ਜੋ ਸਾਰੇ ਪਾਸਾਰੇ ਵਿਚ ਤੱਤ-ਵਸਤੂ ਹੈ, ਨਾਲ ਕਿਵੇਂ ਮਿਲ ਸਕਦਾ ਹੈ। ਇਹ ਧਰਮ-ਸ਼ਾਸਤਰ ਹੈ ਭਾਵ ਸ਼ਾਸਤਰ ਦਾ ਉਹ ਭਾਗ ਜੋ ਮੁਕਤੀ ਪ੍ਰਾਪਤੀ ਦੇ ਸਾਧਨ ਦੱਸਦਾ ਹੈ ਜਿਵੇਂ ਕਿ ਨਾਮ-ਭਗਤੀ, ਗੁਰੂ-ਭਗਤੀ, ਮਨ ਦਾ ਸੰਜਮ ਆਦਿ। ਤੀਜਾ ਭਾਗ ਸਦਾਚਾਰ ਦਾ, ਸਮਾਜਿਕ ਜੀਵਨ ਦਾ ਹੈ ਜੋ ਇਹ ਨਿਰੂਪਣ ਕਰਦਾ ਹੈ ਕਿ ਮਾਨਵੀ ਧਰਮ-ਮਨੁੱਖ ਦੇ ਤੌਰ 'ਤੇ ਕੀ ਹੈ ਜਾਂ ਮਨੁੱਖ ਦਾ

ਹਰ ਮਨੁੱਖ, ਜੀਵਾਂ ਤੇ ਕੁਦਰਤ ਨਾਲ ਕੀ ਸੰਬੰਧ ਹੋਣਾ ਚਾਹੀਦਾ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਦਰਸ਼ਨ' ਦੇ ਮੁੱਖ ਭਾਰਤੀ ਦਰਸ਼ਨ ਦੇ ਤੱਤ ਅਨੁਸਾਰ ਹੀ ਹਨ। ਸੋ ਇਸ ਵਿੱਚੋਂ ਨਿਸ਼ਚਿਤ ਕੀਤੇ ਜਾਣ ਵਾਲੇ ਸਿਧਾਂਤ ਇਨ੍ਹਾਂ ਬਾਰੇ ਹਨ:

(ੳ) ਬ੍ਰਹਮ, ਆਤਮਾ, ਜਗਤ (ਮਾਇਆ)

(ਅ) ਨਾਮ ਗੁਰੂ, ਮਨ

(ੲ) ਸਦਾਚਾਰ, ਸਮਾਜਿਕ, ਧਰਮ ਆਦਿ।

ਭਾਰਤੀ ਸ਼ਾਸਤਰ ਦਾ ਮੁੱਖ ਰੂਪ ਵਿਚ ਬਲ ਪਹਿਲੇ ਭਾਗ 'ਤੇ ਹੈ ਭਾਵ ਉਹ ਨਿਰਣਾ ਕਰਦੇ ਹਨ ਕਿ ਬ੍ਰਹਮ-ਸਤਾ ਕੀ ਹੈ ਅਤੇ ਉਸ ਦਾ ਜੀਵਾਤਮਾ ਅਤੇ ਜਗਤ (Matter) ਨਾਲ ਸੰਬੰਧ ਕੀ ਹੈ। ਭਾਰਤੀ ਧਰਮ ਗ੍ਰੰਥ ਤੇ ਭਗਤੀ ਗ੍ਰੰਥਾਂ ਦਾ ਬਲ ਦੂਜੇ ਅਤੇ ਤੀਜੇ ਭਾਗ 'ਤੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਲ ਤਿੰਨਾਂ ਹੀ ਭਾਗਾਂ 'ਤੇ ਹੈ।

ਇਕ ਹੋਰ ਗੱਲ ਜਿਸ 'ਤੇ ਸਾਰੇ ਭਾਰਤੀ ਸ਼ਾਸਤਰਾਂ ਨੇ ਬਲ ਦਿੱਤਾ ਹੈ ਉਹ ਹੈ 'ਪ੍ਰਮਾਣ'। 'ਪ੍ਰਮਾਣ' ਦਾ ਭਾਵ ਇਹ ਹੈ ਕਿ ਜੋ ਗਿਆਨ ਜਾਂ ਸਿਧਾਂਤ ਕਿਸੇ 'ਸ਼ਾਸਤਰ' ਵਿਚ ਦਿੱਤਾ ਗਿਆ ਹੈ, ਇਸ ਤਕ ਸ਼ਾਸਤਰ ਕਰਤਾ ਦੀ ਪਹੁੰਚ ਕਿਸ ਤਰ੍ਹਾਂ ਹੋਈ, ਭਾਵ ਇਹ ਗਿਆਨ ਕਰਤਾ ਨੂੰ ਕਿਵੇਂ ਪ੍ਰਾਪਤ ਹੋਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸਾਰੇ ਪ੍ਰਮਾਣ ਵਰਤੇ ਹੋਏ ਹਨ, ਪਰ ਇਨ੍ਹਾਂ 'ਤੇ ਸ਼ਾਸਤਰਕ ਰੂਪ ਵਿਚ ਚਰਚਾ ਨਹੀਂ ਕੀਤੀ ਹੋਈ ਅਤੇ ਨਾ ਹੀ ਪ੍ਰਤੱਖ, ਅਨੁਮਾਨ ਅਤੇ ਅਨੁਭਵ ਦੀ ਸਿਧਾਂਤਕ ਸ਼ਬਦਾਵਲੀ ਹੀ ਵਰਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਈਂ ਇਹ ਸਪੱਸ਼ਟ ਕਿਹਾ ਹੈ ਕਿ 'ਬ੍ਰਹਮ' ਬਾਰੇ ਮਨੁੱਖੀ ਗਿਆਨ ਬੜਾ ਅਲਪ ਹੈ ਅਤੇ 'ਬ੍ਰਹਮ' ਬਾਰੇ ਸਭ ਕੁਝ ਕਦੇ ਵੀ ਜਾਣਿਆ ਨਹੀਂ ਜਾ ਸਕਦਾ। ਉਹ ਸਦਾ ਅਮੁੱਲ, ਅਨੰਤ, ਅਗੰਮ, ਅਗੋਚਰ, ਅਗਾਧ ਰਹਿੰਦਾ ਹੈ, ਮਨੁੱਖ ਇਕ ਨਦੀ ਹੈ, ਜੇ ਉਹ ਸਾਗਰ ਵਿਚ ਮਿਲ ਵੀ ਜਾਏ ਤਦ ਵੀ ਸਾਗਰ ਦੇ ਥਹੁ ਨੂੰ ਨਹੀਂ ਜਾਣ ਸਕਦੀ ਅਤੇ 'ਵਿਸਮਾਦ' ਬਣਿਆ ਹੀ ਰਹਿੰਦਾ ਹੈ। ਇਹ 'ਨੇਤੀ' ਸਿਧਾਂਤ ਭਾਰਤੀ ਸ਼ਾਸਤਰਾਂ ਵਿਚ ਪ੍ਰਵਾਨ ਹੈ। ਪਰ ਬ੍ਰਹਮ ਅਤੇ ਪਾਸਾਰੇ ਬਾਰੇ ਚੰਗੀ ਮਾਤਰਾ ਵਿਚ ਗਿਆਨ-ਇੰਦ੍ਰੀਆਂ, ਬੁੱਧੀ ਅਤੇ ਆਤਮਿਕ ਸ਼ਕਤੀ ਨਾਲ ਪ੍ਰਾਪਤ ਹੋ ਸਕਦਾ ਹੈ। ਭਾਰਤੀਆਂ ਨੇ ਤੀਜੇ ਸਾਧਨ ਨੂੰ ਵਿਸ਼ੇਸ਼ਤਾ ਦਿੱਤੀ ਹੈ। ਇਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਜਾਂ 'ਬਾਣੀ' ਦਾ ਸਾਧਨ ਜਾਂ ਪ੍ਰਮਾਣ ਮੰਨਿਆ ਹੈ। ਇਹ 'ਧੁਰ ਕੀ ਬਾਣੀ' ਅਤੇ 'ਹੁਕਮਾਉ' ਦਾ ਸਿਧਾਂਤ ਹੈ। ਪ੍ਰੇਮਾ-ਭਗਤੀ ਸਿਮਰਨ ਅਤੇ ਸੰਜਮ ਦੇ ਜੀਵਨ ਦੁਆਰਾ ਮਨੁੱਖ ਨੂੰ ਸ਼ਬਦ-ਸਿਧੀ ਜਾਂ ਅਨੁਭਵ ਸ਼ਕਤੀ ਪ੍ਰਾਪਤ ਹੋ ਜਾਂਦੇ ਹਨ ਅਤੇ ਉਸ ਨੂੰ 'ਅਖੜੀਆ ਬਿਅੰਨਿ' ਪ੍ਰਾਪਤ ਹੋ ਜਾਂਦੀਆਂ ਹਨ ਜਿਨ੍ਹਾਂ ਨਾਲ ਪਾਤਸ਼ਾਹ ਜ਼ਾਹਰਾ ਦਿਸ ਪੈਂਦਾ ਹੈ

ਅਤੇ ਉਥੇ 'ਦਰਗਾਹ' ਵਿਚ 'ਸੋਦਰੁ' ਤੇ ਜੋ 'ਹੋਇ ਬਤੀਤੈ' ਉਸ ਨੂੰ ਭਗਤ-ਜਨ ਆਪਣੀ ਰਚਨਾ ਵਿਚ ਸਾਕਾਰ ਕਰ ਦਿੰਦਾ ਹੈ। ਇਹ ਅਨੁਭਵ ਵਿਸ਼ੇਸ਼ ਸ਼ਕਤੀ ਹੈ, ਇਹ ਪ੍ਰਭੂ-ਹਸਤੀ ਦਾ ਜਾਤੀ ਅਨੁਭਵ ਤੇ ਤਜਰਬਾ ਹੈ। ਇਹ ਸ਼ਕਤੀ ਆਮ ਮਨੁੱਖਾਂ ਪਾਸ ਨਹੀਂ ਹੈ ਜਾਂ ਉਨ੍ਹਾਂ ਅੰਦਰ (ਜਾਗ੍ਰਿਤ) ਨਹੀਂ ਹੈ। ਭਗਤ ਸਾਹਿਬਾਨ ਤੇ ਗੁਰੂ ਸਾਹਿਬਾਨ ਵਿਚ ਇਹ 'ਅਨੁਭਵ' ਪ੍ਰਮਾਣ ਵਿਸ਼ੇਸ਼ ਪ੍ਰਮਾਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਬਾਣੀਕਾਰਾਂ ਨੇ ਅਨੁਭਵ-ਸ਼ਕਤੀ ਤੇ ਸ਼ਬਦ-ਸ਼ਕਤੀ ਦਾ ਦਾਅਵਾ ਕੀਤਾ ਹੈ। ਭਾਵ ਜੋ ਵੀ ਸਿਧਾਂਤ ਜਾਂ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਹੈ ਇਹ ਗੁਰੂ ਸਾਹਿਬਾਨ ਤੇ ਭਗਤ ਸਾਹਿਬਾਨ ਦੇ ਜਾਤੀ-ਅਨੁਭਵ ਵਿੱਚੋਂ ਉਪਜਿਆ ਹੈ ਜੋ ਅਨੁਭਵ ਬੜੀ ਘਾਲਣਾ ਨਾਲ ਖੁੱਲ੍ਹਦਾ ਹੈ। ਸ਼ਬਦ ਸਿਧੀ ਤਦ ਪ੍ਰਾਪਤ ਹੁੰਦੀ ਹੈ ਜੇ:

*'ਜਤੁ ਪਾਹਾਰਾ ਧੀਰਜੁ ਸੁਨਿਆਰੁ॥*
*ਅਹਰਣਿ ਮਤਿ ਵੇਦੁ ਹਥੀਆਰੁ॥*
*ਭਉ ਖਲਾ ਅਗਨਿ ਤਪ ਤਾਉ॥*
*ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥'* *(ਪੰਨਾ ੮)*

ਦੀ ਘਾਲਣਾ ਘਾਲੀ ਜਾਏ। ਫਿਰ 'ਘੜੀਐ ਸਬਦੁ ਸਚੀ ਟਕਸਾਲ' ਬਣਦੀ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਦਾਰਸ਼ਨਿਕ ਸਿਧਾਂਤ ਇਹ ਹੈ ਕਿ ਆਤਮਿਕ ਗਿਆਨ ਦਾ ਮੁੱਖ ਆਧਾਰ ਅਨੁਭਵ ਹੈ।

ਭਗਤੀ ਦੁਆਰਾ ਪ੍ਰਾਪਤ ਹੋਏ ਅਨੁਭਵ ਵਿੱਚੋਂ ਜੋ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੂੰ ਮਿਲੇ, ਉਨ੍ਹਾਂ ਦਾ ਉਲੇਖ ਹੇਠ ਲਿਖੇ ਅਨੁਸਾਰ ਹੈ:

੧. ਤੱਤ ਗਿਆਨ (Metaphysics)

### (੧) ਬ੍ਰਹਮ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਿੰਤਕਾਂ ਨੇ 'ਸਚੁ' ਨੂੰ 'ਬ੍ਰਹਮ' ਅਤੇ 'ਬ੍ਰਹਮ' ਨੂੰ 'ਸਚੁ' ਮੰਨਿਆ ਹੈ— *ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* 'ਸਚੁ' ਹੀ ਬ੍ਰਹਮ ਹੈ। ਇਸ 'ਬ੍ਰਹਮ-ਸਚੁ' ਦੇ ਲੱਛਣ ਇਹ ਹਨ:

(ੳ) 'ਸਚੁ' ਸਦਾ ਏਕੋ ਸਰੂਪ ਵਿਚ ਅਤੇ ਇਕਸਾਰ ਰਹਿੰਦਾ ਹੈ, ਉਸ ਦੀ ਇਕਸਾਰਤਾ ਕਦੇ ਭੰਗ ਨਹੀਂ ਹੁੰਦੀ ਅਤੇ ਉਹ ਸਰਬ-ਵਿਆਪੀ ਰਹਿੰਦਾ ਹੈ ਅਤੇ ਹਰ ਬਾਹਰਲੀ ਭਿੰਨਤਾ ਦੇ ਅੰਦਰ ਇਕ ਸਮਾਨ ਰਹਿੰਦਾ ਹੈ। ਜਾਤ, ਵਰਨ, ਦੇਸ਼, ਕਾਲ, ਸੂਖਮ, ਸਥੂਲ— ਹਰ ਰੂਪ ਵਿਚ ਉਹ ਇਕਸਾਰ, ਸਮਾਨ ਤੇ ਵਿਆਪਕ ਰਹਿੰਦਾ ਹੈ। ਸਥੂਲ ਰੂਪ ਦੇ ਨਾ ਹੋਣ 'ਤੇ ਵੀ ਉਹ ਸੂਖਮ ਰੂਪ ਵਿਚ ਇਕਸਾਰ, ਸਮਾਨ ਤੇ ਵਿਆਪਕ ਰਹਿੰਦਾ ਹੈ। ਇਹ 'ਸਚੁ' ਹੈ। 'ਸਚੁ' ਦਾ ਭਾਵ ਹਰ ਰੂਪ ਦੇ ਅੰਦਰ ਸਮਾਨ ਵਿਆਪੀ ਤੱਤ-ਰੂਪ ਸ਼ਕਤੀ ਜੋ ਸਦਾ ਕਾਇਮ ਰਹਿੰਦੀ ਹੈ। ਇਹ

(ਸਚੁ) 'ਕਾਰ-ਰੂਪ' ਹੈ ਭਾਵ ਅਤਿਅੰਤ ਦੀਰਘ ਹੋ ਸਕਦਾ ਹੈ, ਵਧ ਸਕਦਾ ਹੈ ਅਤੇ ਕਰ ਸਕਦਾ ਹੈ। ਇਹ 'ਉਦਕਰਖ' ਰੂਪ ਹੈ ਜਾਂ 'ਸਰਗੁਣਤਾ' ਹੈ ਪਰ ਉਹ ਸੰਕੁੰਚਿਤ ਹੋ ਕੇ ਅਤਿਅੰਤ 'ਸੂਖਮ' ਹੋ ਜਾਂਦਾ ਹੈ। ਇਹ 'ਆਕਰਖ' ਰੂਪ ਹੈ। ਭਾਵੇਂ ਉਸ ਦਾ ਰੂਪ ਕੋਈ ਹੋਵੇ, ਇਕਰਸ, ਇਕਸਾਰ, ਸਮਾਨ ਤੇ ਸਰਬ-ਵਿਆਪਕ ਰਹਿੰਦਾ ਹੈ। ਇਹ 'ਬ੍ਰਹਮ' ਹੈ। ਇਹ 'ਸਚੁ' ਸ਼ਕਤੀ ਹੈ। ਇਹ 'ਸਚ-ਬ੍ਰਹਮ' ਦਾ 'ਏਕੰਕਾਰ ਰੂਪ' ੴ। 'ਸਚੁ' ਦਾ ਇਹ ਪਹਿਲਾ ਲੱਛਣ ਹੈ। ਇਸ ਲੱਛਣ ਨੂੰ ਬ੍ਰਹਮ ਮੰਨਿਆ ਜਾਂਦਾ ਹੈ।

(ਅ) ਇਹ 'ਸਚੁ-ਬ੍ਰਹਮ' ਹਰ ਰੂਪ ਵਿਚ ਪ੍ਰਤੱਖ ਤੇ ਪ੍ਰਗਟ ਹੁੰਦਾ ਹੈ। ਇਹ ਨਾਮ ਰੂਪ ਧਾਰਨ ਕਰਦਾ ਹੈ ਅਤੇ ਉਹ ਰੂਪ 'ਸਚਾਈ' ਹੁੰਦਾ ਹੈ। ਨਿਆਂ, ਪਵਿੱਤਰਤਾ, ਕੋਮਲਤਾ, ਪਿਆਰ, ਧਰਮ, ਦਇਆ, ਸਤ, ਸੰਤੋਖ, ਸੁੱਚ, ਕਿਰਤ, ਮਿੱਠਤ, ਨਿਮਰਤਾ, ਕੀਰਤੀ, ਵੰਡ ਛਕਣਾ, ਦਿਆਨਤਦਾਰ— ਸਭ 'ਬ੍ਰਹਮ-ਸਚੁ' ਦਾ ਪ੍ਰਗਟ ਰੂਪ ਹਨ। ਇਹ 'ਕਰਮ ਨਾਮ' 'ਸਤਿ' ਹਨ। ਬ੍ਰਹਮ ਹਰ ਰੂਪ ਵਿਚ ਕਰਮ ਕਰਦਾ ਹੈ— ਉਹ 'ਕਰਮ' 'ਸਤਿ ਨਾਮੁ' ਹਨ। 'ਬ੍ਰਹਮ-ਸਚੁ' ਹੈ, ਇਸ ਲਈ ਉਸ ਦਾ ਹਰ ਪ੍ਰਗਟ-ਰੂਪ ਤੇ ਹਰ ਪ੍ਰਗਟ ਕਰਮ 'ਸਚੁ' ਹੈ। ੴ ਸਾਰੇ ਰੂਪਾਂ ਤੇ ਸਰੂਪਾਂ ਵਿਚ ਵਿਆਪਕ ਰਹਿੰਦਾ ਹੈ।

(ੲ) 'ਸਚੁ' ਸਦਾ 'ਕਰਤਾ ਪੁਰਖ' ਹੁੰਦਾ ਹੈ। ਉਹ ਸਦਾ ਚੇਤੰਨ ਹੋ ਕੇ ਉਸਾਰੂ ਕਰਤੱਵ ਕਰਦਾ ਹੈ। ਕਾਮ, ਕ੍ਰੋਧ ਦੇ ਕਰਤੱਵ ਵਿਚ ਵੀ ਉਹ ਉਸਾਰੂ ਰਹਿੰਦਾ ਹੈ, ਜਦੋਂ ਉਹ ਵਿਨਾਸ਼ ਕਰਦਾ ਹੈ, ਤਦ ਵੀ ਉਹ ਉਸਾਰੂ ਹੈ। ਹਰ ਹਾਲਤ ਵਿਚ ਹੁਕਮ ਵਰਤ ਰਿਹਾ ਹੈ। 'ਰਾਜਾ' ਅਤੇ 'ਰੰਕ' ਦੋਹਾਂ ਰੂਪਾਂ ਵਿਚ ਕੁਝ ਬਣ ਗਿਆ ਹੈ— ਕੁਝ ਚੇਤੰਨ ਵਿਕਾਸ ਹੋ ਰਿਹਾ ਹੈ। 'ਸਚੁ' ਸਦਾ ਕਰਤਾਰੀ ਚੇਤੰਨਤਾ ਰਹਿੰਦਾ ਹੈ।

(ਸ) 'ਸਚੁ' ਸੁਤੰਤਰ ਹੈ— ਕਿਸੇ ਹੋਰ ਕਾਰਜ ਜਾਂ ਕਾਰਨ ਅਧੀਨ ਨਹੀਂ ਹੈ। ਇਸ ਲਈ ਉਹ 'ਨਿਰਭਉ' ਤੇ 'ਨਿਰਵੈਰੁ' ਮੰਨਿਆ ਹੈ। 'ਸਚੁ' ਆਪਣੇ ਆਪ ਵਿਚ ਸਭ ਕੁਝ ਹੈ- ਨਾ ਉਹ ਕਿਸੇ ਪਾਸੋਂ ਸ਼ਕਤੀ ਲੈਂਦਾ ਹੈ ਅਤੇ ਨਾ ਕਿਸੇ ਦੀ ਅਧੀਨਗੀ ਵਿਚ ਸ਼ਕਤੀ ਵਰਤਦਾ ਹੈ। 'ਸਚੁ' ਆਪਣੇ ਆਪ ਵਿਚ ਅਸਲੀਅਤ ਅਤੇ 'ਪਰਮ ਸੱਤਾ' ਹੈ।

(ਹ) 'ਸਚੁ' 'ਸਦੀਵੀ ਸੁੰਦਰਤਾ' (ਅਕਾਲ ਮੂਰਤਿ) ਦੀ ਲਗਨ ਵਾਲਾ ਹੈ। ਸੁੰਦਰ, ਕੁਦਰਤ, ਮਨੁੱਖ, ਵਤੀਰਾ, ਸੁਭਾਅ ਸਭ 'ਸਚੁ' ਦਾ ਹੀ ਸਰੂਪ ਹਨ। ਹਰ 'ਕੋਹਝ' 'ਸੁੰਦਰਤਾ' ਵਿਚ ਵੱਟਦਾ ਜਾ ਰਿਹਾ ਹੈ। ਸੁੰਦਰ ਵਿਚਾਰ ਅਤੇ ਸੁੰਦਰ ਵਤੀਰਾ ਹੀ 'ਸਚੁ-ਬ੍ਰਹਮ' ਹਨ।

(ਕ) 'ਸਚੁ-ਬ੍ਰਹਮ' 'ਅਜੂਨੀ' ਅਤੇ 'ਸੈਭੰ' ਹੈ। ਉਹ ਕਿਸੇ ਕਾਰਜ ਵੱਸ

ਨਹੀਂ ਅਤੇ ਸਭ ਕੁਝ ਉਸ ਕਾਰਜ ਵੱਸ ਹੈ। ਉਹ 'ਸੈਭੰ' ਹੋਣ ਕਰਕੇ ਨਿੱਤ ਨਵੇਂ ਰੂਪਾਂ ਵਿਚ ਪ੍ਰਗਟ ਹੁੰਦਾ ਰਹਿੰਦਾ ਹੈ।

(ਖ) 'ਸਚੁ' 'ਗੁਰ' (ਗਿਆਨੀ) ਅਤੇ 'ਪ੍ਰਸਾਦਿ' (ਸਾਊ, ਦਇਆਵਾਨ, ਕਿਰਪਾਨਿਧਿ) ਹੈ। ਗਿਆਨ 'ਸਚੁ' ਹੈ ਅਤੇ 'ਗਿਆਨੀ' ਸਦਾ ਸਾਊ ਵਤੀਰੇ ਵਾਲਾ ਹੁੰਦਾ ਹੈ।

'ਬ੍ਰਹਮ-ਸਚੁ' ਦੇ ਇਨ੍ਹਾਂ ਲੱਛਣਾਂ ਦੀ ਹੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਹੋਈ ਹੈ। ਇਨ੍ਹਾਂ 'ਲੱਛਣਾਂ' ਤੋਂ ਪਰ੍ਹੇ ਜੋ 'ਪਾਰਬ੍ਰਹਮ' ਪਰਮੇਸ਼ਰ ਸਰੂਪ ਹੈ ਉਹ ਅਗਮ, ਅਗੋਚਰ, ਅਗਾਧ ਤੇ ਅਕੱਥ ਹੈ। 'ਆਪੇ ਆਪਿ ਨਿਰੰਜਨ' ਹੈ, ਆਦਿ ਅਨੀਲੁ, ਅਨਾਦਿ ਅਨਾਹਤਿ' ਹੈ, 'ਜੁਗ ਜੁਗ ਏਕੋ ਵੇਸੁ ਹੈ, ਵੱਡਾ ਹੈ, 'ਸਾਚਾ ਨਿਰੰਕਾਰ ਨਿਜ ਥਾਇ' ਹੈ, 'ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ' ਹੈ, 'ਪੂਰੇ ਤਖਤਿ ਅਡੋਲ ਹੈ, 'ਨਿਰੰਕਾਰ ਮਹਿ ਆਕਾਰੁ' ਹੈ, 'ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ' ਹੈ, 'ਓਇ ਅਖਰ' ਹੈ, 'ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ' ਹੈ। 'ਸਚੁ-ਬ੍ਰਹਮ' ਆਦਿ ਜੁਗਾਦਿ 'ਸਚੁ' ਹੈ ਜੋ ਇਕਰਸ, ਸਮਾਨ ਵਿਆਪਕ ਰਹਿੰਦਾ ਹੈ।

ਪਰ ਇਸ 'ਸਚੁ-ਬ੍ਰਹਮ' ਦਾ ਸੁਆਦ ਬਾਣੀਕਾਰ ਮਾਣਦਾ ਹੈ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹ ਇਸ ਨਾਲ ਨਿਕਟਵਰਤੀ ਮਾਨਵੀ ਸੰਬੰਧ ਪੈਦਾ ਕਰ ਕੇ ਇਸ ਦੇ ਰਸ ਨੂੰ ਮਾਣਦਾ ਹੈ ਅਤੇ 'ਨਿਰਗੁਣ' ਨੂੰ 'ਸਰਗੁਣ' ਕਰਦਾ ਹੈ। 'ਕੇਤਾ ਤਾਣੁ ਸੁਆਲਿਹੁ ਰੂਪੁ', 'ਬਾਣੀ ਬਰਮਾਉ', 'ਸਤਿ ਸੁਹਾਣੁ ਸਦਾ ਮਨਿ ਚਾਉ', 'ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ', 'ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ', 'ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ', 'ਸਾਹਿਬ ਸਫਲਿਓ ਰੁਖੜਾ', 'ਤੂ ਸੁਲਤਾਨ', 'ਤਾਰਾ ਚੜਿਆ ਲੰਮਾ', 'ਜੋ ਦੀਸੈ ਸੋ ਸਗਲ ਤੂੰ ਹੈ ਪਸਰਿਆ ਪਾਸਾਰੁ', 'ਤੂੰ ਪੇਡੁ ਸਾਖ ਤੇਰੀ ਫੂਲੀ', 'ਇਹ ਜਗੁ ਵਾੜੀ ਮੇਰੀ ਪ੍ਰਭੁ ਮਾਲੀ', 'ਏਕਸੁ ਤੇ ਸਭਿ ਰੂਪ ਹਹਿ ਰੰਗਾ', 'ਜਲਿ ਥਲਿ ਮਹੀਅਲਿ ਪੂਰਿਆ', 'ਤੂੰ ਵਡ ਪੁਰਖ ਅਗੰਮ ਤਰੋਵਰ', 'ਹਮ ਪੰਖੀ ਤੁਝ ਮਾਹੀ', 'ਸਭ ਤੇਰੀ ਤੂ ਸਭਸ ਦਾ', 'ਬਾਜੀਗਰ ਡੰਕ ਬਜਾਈ', 'ਨਿਰਧਨ ਕਉ ਧਨ', 'ਅੰਧੁਲੇ ਕਉ ਟਿਕ', 'ਮਾਤ ਦੂਧੁ ਜੈਸੇ ਬਾਲੇ', 'ਆਪੇ ਠਾਕੁਰੁ ਆਪੇ ਸੇਵਕੁ', 'ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ', 'ਆਪਿ ਬਸੰਤੁ ਜਗਤੁ ਸਭ ਵਾੜੀ'—ਇਹ ਸਭ 'ਸਚੁ-ਬ੍ਰਹਮ' ਦਾ ਅਨੁਭਵੀ ਬਿਆਨ ਹੈ। ਬ੍ਰਹਮ ਮਾਤਾ-ਪਿਤਾ, ਠਾਕੁਰੁ, ਸੁਲਤਾਨ, ਦੁੱਧ, ਫੁੱਲ ਸਭ ਕੁਝ ਬਣ ਜਾਂਦਾ ਹੈ ਅਤੇ ਜੀਵਨ-ਰੌ ਨੂੰ ਅੱਗੇ ਤੋਰਦਾ ਹੈ।

ਗੁਰੂ ਸਾਹਿਬਾਨ ਤੇ ਭਗਤ ਸਾਹਿਬਾਨ ਨੇ ਪ੍ਰੇਮ-ਵੱਸ 'ਸਚੁ-ਬ੍ਰਹਮ' ਦੇ ਇਸ ਪ੍ਰਗਟ ਰੂਪ ਨੂੰ ਮਾਣਿਆ ਅਤੇ ਗਾਵਿਆ ਹੈ। ਇਹ ਸਭ 'ਸਤਿ ਨਾਮੁ' ਰੂਪ ਹੈ।

'ਬ੍ਰਹਮ' ਸਾਰੇ ਸਾਂਗ ਧਾਰਦਾ ਹੋਇਆ 'ਇਕ ਰੰਗ' ਰਹਿੰਦਾ ਹੈ। ਸਾਰਾ ਪਾਸਾਰਾ ਇਕ ਬਾਜੀਗਰੀ ਹੈ:

*ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮਿ੍ਓ ਪਾਸਾਰਾ॥ ਤਬ ਏਕੋ ਏਕੰਕਾਰਾ॥੧॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ॥*
*ਕਤਹਿ ਗਇਓ ਉਹੁ ਕਤ ਤੇ ਆਇਓ॥੧॥ ਰਹਾਉ॥*
*ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥੨॥*
*ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥*
*ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥੩॥*
*ਓਹੁ ਅਬਿਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨਾ ਕੋ ਜਾਹੀ॥*
*ਗੁਰਿ ਪੂਰੈ ਹਉਮੈ ਮਲੁ ਧੋਈ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ॥*

*(ਪੰਨਾ ੭੩੬)*

'ਤੱਤ ਰੂਪ' ਕੇਵਲ 'ਇਕ' ਹੈ, ਬਾਹਰਮੁਖੀ ਰੂਪ ਉਹ ਕਈ ਧਾਰਨ ਕਰਦਾ ਹੈ। ਦ੍ਵੈਤ ਕੇਵਲ 'ਭਰਮ' ਹੈ, ਹੈ ਸਦਾ ਹੀ 'ਇਕ' ੴ। ਉਸ ਨੂੰ ਅਦ੍ਵੈਤ ਕਹਿਣ ਨਾਲੋਂ ੴ ਕਹਿਣਾ ਠੀਕ ਹੈ।

**(ਅ) ਆਤਮਾ**

ਮਨੁੱਖੀ ਆਤਮਾ ਭਾਣੇ ਹੁਕਮ ਅਨੁਸਾਰ ਵਿੱਛੜੀ ਅਤੇ ਵੱਖਰੀ ਹੋਈ ਹੋਈ 'ਜੋਤਿ ਸਰੂਪ' ਤੇ 'ਪ੍ਰਭੂ-ਅੰਸ਼' ਹੈ। 'ਆਤਮਾ ਪਰਮਾਤਮਾ' ਹੀ ਹੈ। ਮਨ ਜੋਤਿ ਸਰੂਪ ਹੈ। 'ਬੀਜ-ਰੂਪ' ਨਾਮ ਹਿਰਦੇ ਵਿਚ ਹੈ। ਜੀਵ-ਆਤਮਾ ਵੀ ੴ, ਸਤਿ ਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰ ਆਦਿ ਹੈ। ਇਹ ਅਬਿਨਾਸ਼ੀ ਹੈ— 'ਓਹੁ ਨ ਮੂਆ ਜੋ ਰਹਿਆ ਸਮਾਇ'। ਆਤਮਾ 'ਸਹਜੇ ਆਵੈ ਸਹਜੇ ਜਾਇ' ਹੈ। ਆਤਮਾ ਕੈਸੀ ਹੈ:

*ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ਰਹਾਉ॥*
*ਨਾ ਇਹੁ ਬੂਢਾ ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥*
*ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥੧॥*
*ਨਾ ਇਸੁ ਉਸਨੁ ਨਹੀ ਇਸੁ ਸੀਤੁ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ॥*
*ਨਾ ਇਸੁ ਹਰਖੁ ਨਹੀ ਇਸੁ ਸੋਗੁ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥੨॥*
*ਨਾ ਇਸੁ ਬਾਪੁ ਨਹੀ ਇਸੁ ਮਾਇਆ॥ ਇਹੁ ਅਪਰੰਪਰੁ ਹੋਤਾ ਆਇਆ॥*
*ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥ ਘਟ ਘਟ ਅੰਤਰਿ ਸਦ ਹੀ ਜਾਗੈ॥*

*(ਪੰਨਾ ੮੬੮)*

ਇਹ ਹੈ ਆਤਮਾ ਦਾ ਸਰੂਪ!

ਆਤਮਾ ਦਾ ਸਰੀਰ (ਕਾਇਆ) ਨਾਲ 'ਹਉਮੈ' ਵੱਸ ਹੋ ਕੇ ਸੰਜੋਗ ਬਣ ਜਾਂਦਾ ਹੈ ਅਤੇ 'ਹਉਮੈ' ਵੀ 'ਹੁਕਮ' ਅਧੀਨ ਹੈ। ਬਾਜੀਗਰ ਬਾਜੀ ਪਾਉਣ ਲਈ 'ਹਉਮੈ' ਪੈਦਾ ਕਰ ਦਿੰਦਾ ਹੈ। ਤੇ 'ਜਲ ਤੇ ਊਠਹਿ ਅਨਿਕ ਤਰੰਗ'— ਬੇਅੰਤ ਜੀਵ ਅਤੇ ਪਸਾਰਾ ਪੈਦਾ ਹੋ ਜਾਂਦਾ ਹੈ। 'ਕਾਇਆ ਹੰਸਿ ਸੰਜੋਗਿ ਮੇਲਿ ਮਿਲਾਇਆ' ਹੁੰਦਾ ਹੈ। ਫਿਰ 'ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ' ਹੁੰਦਾ ਰਹਿੰਦਾ ਹੈ।

ਆਤਮਾ ਸਦਾ ਬ੍ਰਹਮ-ਰੂਪ ਰਹਿੰਦੀ ਹੈ, ਜੋਤਿ-ਸਰੂਪ ਵਿਚ। ਪਰ ਇਕ ਵਾਰੀ ਵਿੱਛੜ ਕੇ ਫਿਰ ਇਹ ਆਵਾਗਵਨ ਦਾ ਚੱਕਰ ਇਸ ਤਰ੍ਹਾਂ ਕੱਟਦੀ ਰਹਿੰਦੀ ਹੈ:

*ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥ ਰਹਾਉ॥*
*ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥*

*(ਪੰਨਾ ੧੭੬)*

ਆਤਮਾ ਚਉਰਾਸੀਹ ਲੱਖ ਜੂਨਾਂ ਵਿਚ ਚੱਕਰ ਕੱਟਦੀ ਹੈ। ਫਿਰ ਮਨੁੱਖਾ ਜਨਮ ਵਿਚ ਜਗਦੀਸ਼ ਨੂੰ ਮਿਲਦੀ ਹੈ।

ਆਤਮਾ ਸਦਾ ਬ੍ਰਹਮ ਹੀ ਹੈ। ਮਨ, ਬੁਧਿ, ਚਿਤ, ਹਿਰਦਾ— ਸਭ ਪ੍ਰਕਿਰਤੀ ਦੇ ਰੂਪ ਹਨ, ਪਰ ਇਨ੍ਹਾਂ ਦੁਆਰਾ ਹੀ ਜੋਤਿ ਦਾ ਪ੍ਰਕਾਸ਼ ਮਨੁੱਖ ਨੂੰ ਸਹਾਈ ਹੁੰਦਾ ਹੈ। ਮਨੁ, ਬੁਧਿ, ਚਿਤ ਆਦਿ 'ਕਾਇਆ' ਅਤੇ 'ਆਤਮਾ' ਦੇ ਵਿਚਾਰੇ ਸੰਜੋਗੀ ਸਾਧਨ ਹਨ।

ਬਾਣੀਕਾਰਾਂ ਨੇ 'ਆਤਮਾ' ਨੂੰ ਠੋਸ ਚਿੰਨ੍ਹਾਂ ਵਿਚ ਪ੍ਰਗਟ ਕਰ ਕੇ ਕਾਵਿ-ਰਸ ਮਾਣਿਆ। ਆਤਮਾ 'ਅੰਤਰਗਤਿ ਤੀਰਥ' ਹੈ, 'ਜੋਤਿ ਸਚੀ ਮਨ ਮਾਹਿ', 'ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗ', 'ਅੰਤਰਿ ਕਮਲ ਪ੍ਰਗਾਸਿਆ' ਤੇ, 'ਰਿਦ ਮਾਣਕ ਮੋਲਿ ਅਮੋਲਿ', 'ਇਹ ਮਾਣਕ ਜੀਉ ਨਿਰਮੋਲ' ਹੈ, 'ਏਕਾ ਸੁਰਤਿ ਜੇਤੇ ਹੈ ਜੀਅ' ਹੈ। ਆਤਮਾ ਨੂੰ 'ਹੰਸ' ਕਿਹਾ ਹੈ— 'ਕਾਇਆ ਹੰਸ ਸੰਜੋਗ ਮੇਲਿ ਮਿਲਾਇਆ' ਹੈ:

*ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥*
*ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥*
*ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ॥*

*(ਪੰਨਾ ੭੫੪)*

**(ੲ) ਜਗਤ ਪ੍ਰਕਿਰਤੀ (Matter)**

ਪ੍ਰਕਿਰਤੀ (matter) ਨੂੰ 'ਤ੍ਰੈਗੁਣਾਂ' ਤੇ 'ਪੰਜ ਤੱਤਾਂ' ਦੀ ਉਤਪਤੀ ਕਿਹਾ ਹੈ ਪਰ 'ਤ੍ਰੈਗੁਣ' ਪਰਮਾਤਮਾ-ਬ੍ਰਹਮ ਦੀ ਰਚਨਾ ਹੈ ਅਤੇ ਉਸ ਦੇ 'ਹੁਕਮ' ਅਨੁਸਾਰ ਉਸ ਵਿੱਚੋਂ ਹੀ ਉਪਜਦੇ ਹਨ, ਪ੍ਰਲੈ ਨਾਲ ਉਸ ਵਿਚ ਜਾ ਕੇ ਵਿਲੀਨ ਹੁੰਦੇ ਹਨ। 'ਪ੍ਰਕਿਰਤੀ' ਸਭ 'ਬ੍ਰਹਮ' ਹੈ ਪਰ 'ਬਾਜੀਗਰੀ' ਦੀ ਵਿਸਮਾਦੀ ਖੇਡ ਹੈ। ਇਹ ਹੈ ਤ੍ਰੈਗੁਣਾਂ ਦਾ ਵਿਸਮਾਦੀ ਪਸਾਰਾ:

*ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥*
*ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥*
*ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥*
*ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ ਵਿਸਮਾਦੁ ਸਾਦਿ ਲਗਹਿ ਪਰਾਣੀ॥*
*ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥ ਵਿਸਮਾਦੁ ਭੁਖ ਵਿਸਮਾਦੁ ਭੋਗੁ॥*
*ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ॥*
*ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ ਵਿਸਮਾਦੁ ਦੇਖੈ ਹਾਜਰਾ ਹਜੂਰਿ॥*
*ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥ (ਪੰਨਾ ੪੬੩-੬੪)*

ਪ੍ਰਕਿਰਤੀ ਬ੍ਰਹਮ ਸਰੂਪ ਹੈ ਪਰ ਕਿਵੇਂ ਬਾਣੀ, ਇਹ ਵਿਸਮਾਦੀ ਖੇਡ ਹੈ। ਇਹ ਪਾਸਾਰਾ 'ਹੁਕਮ' ਨਾਲ ਬਣਿਆ ਹੈ:

*ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (ਪੰਨਾ ੩)*

ਬ੍ਰਹਮ ਤੋਂ ਬਿਨਾਂ ਕੋਈ ਹੋਰ ਸੱਤਾ ਨਹੀਂ ਹੈ। ਪੰਜ ਤੱਤ ਬ੍ਰਹਮ ਵਿੱਚੋਂ ਉਪਜਦੇ ਹਨ:

*ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ॥*
*ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ॥ (ਪੰਨਾ ੧੮)*

ਸ੍ਰਿਸ਼ਟੀ ਦਾ ਕਾਰਨ ਉਹ ਬ੍ਰਹਮ ਆਪ ਹੀ ਹੈ :

*ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ॥*
*ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ॥ (ਪੰਨਾ ੩੭)*

ਦ੍ਵੈਤ ਕਿਧਰੇ ਨਹੀਂ ਹੈ, ਖੇਲ ਹੈ:

*ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ॥ (ਪੰਨਾ ੨੦੯)*

ਪ੍ਰਕਿਰਤੀ ਦਾ ਖੇਲੁ ਸਾਰਾ 'ਸਤਿ' ਹੈ- ਆਪਿ ਸਤਿ ਕੀਆ ਸਭੁ ਸਤਿ,'ਨਿਰਗੁਨ ਆਪਿ ਸਰਗੁਨ ਭੀ ਓਹੀ', 'ਸਰਬ ਭੂਤ ਆਪਿ ਵਰਤਾਰਾ' ਅਤੇ 'ਆਪਿ ਸਾਚੁ ਧਾਰੀ ਸਭ ਸਾਚੁ' ਹੈ।

ਮਨ, ਬੁਧਿ, ਚਿਤ ਆਦਿ ਸਭ ਇਸੇ ਪ੍ਰਕਿਰਤੀ ਦੇ ਵਿਕਸਿਤ ਰੂਪ ਹਨ। ਸਾਰੀ ਸ੍ਰਿਸ਼ਟੀ ਵਿਚ ਚੇਤੰਨਤਾ ਆਤਮਾ ਦੀ ਹੈ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਾਰਸ਼ਨਿਕ ਪੱਖ

*-ਸ. ਸੁਖਦੇਵ ਸਿੰਘ ਸ਼ਾਂਤ**

ਧਰਮ ਦਾ ਸੰਬੰਧ ਭਾਵਨਾ ਜਾਂ ਸ਼ਰਧਾ ਨਾਲ ਹੈ ਜਦੋਂ ਕਿ ਦਰਸ਼ਨ ਭਾਵ ਫ਼ਿਲਾਸਫ਼ੀ ਦਾ ਸੰਬੰਧ ਵਿਚਾਰ ਜਾਂ ਤਰਕ ਨਾਲ ਹੈ। ਮਨੁੱਖ ਦੇ ਜੀਵਨ ਵਿਚ ਭਾਵਨਾ ਵਿਚਾਰ ਤੋਂ ਪਹਿਲਾਂ ਆਉਂਦੀ ਹੈ। ਇਸ ਕਰਕੇ ਧਰਮ ਪਹਿਲਾਂ ਹੈ, ਦਰਸ਼ਨ ਬਾਅਦ ਵਿਚ। ਵੇਦ ਅਤੇ ਉਪਨਿਸ਼ਦ ਪਹਿਲਾਂ ਰਚੇ ਗਏ ਅਤੇ ਦਰਸ਼ਨ-ਸ਼ਾਸਤਰਾਂ ਦੀ ਵਾਰੀ ਬਾਅਦ ਵਿਚ ਆਈ।

ਭਾਈ ਵੀਰ ਸਿੰਘ ਜੀ ਨੇ ਭਾਈ ਜੋਧ ਸਿੰਘ ਜੀ ਦੀ ਪੁਸਤਕ 'ਗੁਰਮਤਿ ਨਿਰਣੈ' ਦੇ ਮੁਖ-ਬੰਧ ਮਿਤੀ ੨੪-੯-੧੯੩੨ ਵਿਚ ਲਿਖਿਆ ਸੀ, 'ਹੁਣ ਇਕ ਲੋੜ ਪ੍ਰਤੀਤ ਹੋ ਰਹੀ ਹੈ ਕਿ ਗੁਰਸਿੱਖੀ ਨੂੰ ਦਾਰਸ਼ਨਿਕ ਢੰਗ ਵਿਚ ਵਰਣਨ ਕੀਤਾ ਜਾਵੇ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਸਿੱਖੀ ਮਾਰਗ ਦਸਾਂ ਪਾਤਸ਼ਾਹੀਆਂ ਦਾ ਸਾਜਿਆ ਸਾਰਾ ਆ ਜਾਵੇ ਤੇ ਉਸ ਵਿਚ ਪ੍ਰਮਾਣਾਂ ਦੀ ਸੰਕਲਨਾ ਹੀ ਮੁੱਖ ਹੋਵੇ।' ਗੁਰ-ਸ਼ਬਦ ਦੀ ਕਥਾ ਦੀ ਪਰੰਪਰਾ, ਗੁਰਮਤਿ ਸਬੰਧੀ ਲੈਕਚਰ, ਟੀਕਾਕਾਰੀ ਅਤੇ ਕੋਸ਼ਕਾਰੀ ਦਾ ਮਹੱਤਵ ਇਸ ਕਰਕੇ ਹੀ ਹੈ ਕਿ ਗੁਰਬਾਣੀ ਦੇ ਰਚਨਹਾਰਿਆਂ ਨੇ ਖ਼ੁਦ ਗਿਆਨ, ਬਿਬੇਕ ਬੁਧਿ, ਖੋਜ ਵਿਚਾਰ, ਗੋਸ਼ਟ ਅਤੇ ਤਰਕ ਨੂੰ ਥਾਂ-ਥਾਂ ਅਪਣਾਇਆ ਅਤੇ ਵਡਿਆਇਆ ਹੈ। 'ਸਿਧ ਗੋਸਟਿ' ਬਾਣੀ ਇਕ ਅਜਿਹੀ ਉਦਾਹਰਣ ਹੈ ਜਿਹੜੀ ਵਿਚਾਰ-ਚਰਚਾ ਲਈ ਦਰਵਾਜ਼ੇ ਖੋਲ੍ਹਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਥਾਵਾਂ 'ਤੇ ਬੜੇ ਗੂੜ੍ਹ ਪ੍ਰਸ਼ਨ ਉਠਾ ਕੇ ਫਿਰ ਉਨ੍ਹਾਂ ਦਾ ਉੱਤਰ ਵੀ ਨਾਲ ਹੀ ਦਿੱਤਾ ਗਿਆ ਹੈ। ਪ੍ਰਸ਼ਨ-ਉੱਤਰ ਦੀ ਇਹ ਵਿਧੀ ਖ਼ੁਦ-ਬ-ਖ਼ੁਦ ਗੁਰਬਾਣੀ ਨੂੰ ਡੂੰਘੇ ਅਧਿਆਤਮਕ ਫ਼ਲਸਫ਼ੇ ਵਜੋਂ ਸਮਝਣ ਲਈ ਜਗਿਆਸੂ ਨੂੰ ਉਤਸ਼ਾਹਿਤ ਕਰਦੀ ਹੈ। ਗੁਰਬਾਣੀ ਦੇ ਹੇਠ ਲਿਖੇ ਪਵਿੱਤਰ ਫ਼ਰਮਾਨ ਬਿਬੇਕ ਬੁਧਿ, ਅਕਲ, ਖੋਜ, ਗਿਆਨ ਅਤੇ ਵਿਚਾਰ ਦੀ ਮਹੱਤਤਾ ਨੂੰ ਪ੍ਰਗਟਾਉਂਦੇ ਹਨ:

*- ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ ਜਿਚਰੁ ਸਬਦਿ ਨ ਕਰੇ ਵੀਚਾਰੁ॥*
*(ਪੰਨਾ ੫੮੮)*

*- ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥*
*ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥*
*ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥* *(ਪੰਨਾ ੧੨੪੫)*

* ੩੬-ਬੀ, ਰਤਨ ਨਗਰ, ਪਟਿਆਲਾ।

*– ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ॥*
*(ਪੰਨਾ ੩੧੭)*

ਫ਼ਿਲਾਸਫ਼ੀ ਆਪਣੇ ਅਰੰਭ ਤੋਂ ਹੀ ਬੁਨਿਆਦੀ ਪ੍ਰਸ਼ਨਾਂ ਨਾਲ ਜੂਝਦੀ ਆ ਰਹੀ ਹੈ। ਪਰਮਾਤਮਾ ਦੀ ਹੋਂਦ, ਸ੍ਰਿਸ਼ਟੀ ਦੀ ਰਚਨਾ ਅਤੇ ਇਸ ਦੀ ਸੱਚਾਈ, ਮਨੁੱਖ ਦੇ ਜੀਵਨ ਦੀ ਬੁਨਿਆਦ ਅਤੇ ਇਸ ਦਾ ਮਨੋਰਥ, ਜਨਮ ਅਤੇ ਮਰਨ ਦਾ ਰਹੱਸ ਨੈਤਿਕ ਕਦਰਾਂ-ਕੀਮਤਾਂ ਆਦਿ ਅਜਿਹੇ ਵਿਸ਼ੇ ਹਨ ਜਿਨ੍ਹਾਂ ਦੇ ਤਸੱਲੀ-ਬਖਸ਼ ਉੱਤਰ ਲੱਭਣ ਦੇ ਯਤਨ ਦੁਨੀਆਂ-ਭਰ ਦੇ ਫ਼ਿਲਾਸਫ਼ਰਾਂ ਵੱਲੋਂ ਕੀਤੇ ਗਏ ਹਨ ਬਾਈਬਲ, ਕੁਰਾਨ-ਸ਼ਰੀਫ, ਧਮ ਪਦ, ਵੇਦ-ਉਪਨਿਸ਼ਦ, ਭਾਗਵਤ ਗੀਤਾ ਆਦਿ ਪਵਿੱਤਰ ਅਤੇ ਮਹਾਨ ਗ੍ਰੰਥਾਂ ਰਾਹੀਂ ਦੁਨੀਆਂ ਭਰ ਦੇ ਧਾਰਮਿਕ ਮਹਾਂਪੁਰਸ਼ਾਂ ਨੇ ਆਪਣੇ ਅਧਿਆਤਮਕ ਅਨੁਭਵ ਵਿੱਚੋਂ ਇਨ੍ਹਾਂ ਪ੍ਰਸ਼ਨਾਂ ਸੰਬੰਧੀ ਵਿਚਾਰ ਪ੍ਰਗਟਾਏ ਹਨ। ਫ਼ਿਲਾਸਫ਼ਰ ਅਤੇ ਖੋਜੀ ਵਿਦਵਾਨ ਇਨ੍ਹਾਂ ਵਿਚਾਰਾਂ ਨੂੰ ਆਪਣੇ ਸਿਧਾਂਤ ਕਾਇਮ ਕਰਨ ਲਈ ਵਰਤਦੇ ਆ ਰਹੇ ਹਨ। ਇਉਂ ਇਕ ਗੱਲ ਤਾਂ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਧਰਮ ਦਰਸ਼ਨ ਦਾ ਬੀਜ ਹੈ ਅਤੇ ਧਰਮ ਦੀ ਬੁਨਿਆਦ 'ਤੇ ਹੀ ਦਰਸ਼ਨ ਦੀਆਂ ਵੱਖ-ਵੱਖ ਸ਼ਾਖਾਵਾਂ ਲਹਿਰਾ ਰਹੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਰੰਭ ਹੀ ੴ ਨਾਲ ਹੁੰਦਾ ਹੈ। ਏਕਾ (੧) ਪਰਮਾਤਮਾ ਦੇ ਨਿਰਗੁਣ ਰੂਪ ਦਾ ਸੂਚਕ ਹੈ ਅਤੇ ਓਅੰਕਾਰ (ਓ) ਸਰਗੁਣ ਰੂਪ ਭਾਵ ਬ੍ਰਹਿਮੰਡ ਦਾ ਪ੍ਰਗਟਾਵਾ ਹੈ। ਮੂਲ-ਮੰਤਰ ਸਿੱਖ ਧਰਮ ਦੇ ਸਮੁੱਚੇ ਫ਼ਲਸਫ਼ੇ ਦਾ ਆਧਾਰ ਹੈ ਅਤੇ 'ਜਪੁ' ਬਾਣੀ ਇਸੇ ਮੂਲ-ਮੰਤਰ ਦੀ ਸੰਖੇਪ ਵਿਆਖਿਆ ਹੈ। ਗੁਰਬਾਣੀ ਵਿਚ ਪਰਮਾਤਮਾ ਦੀ ਹੋਂਦ ਨੂੰ ਸਾਬਤ ਕਰਨ ਲਈ ਦਲੀਲਾਂ ਦੇਣ ਦੀ ਲੋੜ ਹੀ ਨਹੀਂ ਸਮਝੀ ਗਈ। ਪ੍ਰਤੱਖ ਨੂੰ ਪ੍ਰਮਾਣ ਕੀ? ਹੱਥ ਕੰਗਣ ਨੂੰ ਆਰਸੀ ਦੀ ਕੀ ਲੋੜ? ਜਦ ਪਰਮਾਤਮਾ ਦੀ ਹੋਂਦ ਹੀ ਸੱਚ ਹੈ ਤਾਂ ਫਿਰ ਸਿੱਧ ਕਰਨ ਦੀ ਕੀ ਲੋੜ? ਬ੍ਰਹਿਮੰਡ ਦਾ ਪਸਾਰਾ, ਇਸ ਦੀ ਵਿਸ਼ਾਲਤਾ, ਇਸ ਦਾ ਬੱਝੇ ਹੋਏ ਕਾਨੂੰਨ ਵਿਚ ਚੱਲਣਾ, ਸ੍ਰਿਸ਼ਟੀ ਦੀ ਵੰਨ-ਸੁਵੰਨਤਾ, ਜੀਵਾਂ ਦੀ ਵਿਭਿੰਨਤਾ, ਕੁਦਰਤ ਦੇ ਅਗੰਮੀ ਨਜ਼ਾਰੇ ਆਦਿ ਦਾ ਬਿਰਤਾਂਤ ਗੁਰਬਾਣੀ ਵਿਚ ਥਾਂ-ਥਾਂ ਹੈ। ਇਸ ਸਾਰੇ ਕੁਝ ਦੀ ਥਾਹ ਮਨੁੱਖ ਦੀ ਸੀਮਤ ਬੁੱਧੀ ਪਾ ਨਹੀਂ ਸਕਦੀ ਅਤੇ ਮਨੁੱਖ ਅਚੇਤ ਹੀ 'ਵਾਹ-ਵਾਹ' ਕਰ ਉੱਠਦਾ ਹੈ। ਆਈਨਸਟਾਈਨ ਵਰਗੇ ਸਾਇੰਸਦਾਨ ਕਹਿ ਉੱਠਦੇ ਹਨ: 'ਜਿੱਥੇ ਸਾਇੰਸ ਖ਼ਤਮ ਹੁੰਦੀ ਹੈ, ਧਰਮ ਸ਼ੁਰੂ ਹੋ ਜਾਂਦਾ ਹੈ।' ਅਸਲ ਵਿਚ ਸਾਇੰਸ ਵੀ ਧਰਮ ਦਾ ਹੀ ਇਕ ਛੋਟਾ ਜਿਹਾ ਅੰਗ ਹੈ। ਕਿਉਂਕਿ ਸਾਇੰਸ ਬ੍ਰਹਿਮੰਡ ਜਾਂ ਕੁਦਰਤ ਦੀ ਗੋਦ ਵਿਚ ਪਏ ਰਹੱਸਾਂ ਦੀ ਖੋਜ ਹੈ ਅਤੇ ਸਾਇੰਸ ਮਨੁੱਖ ਦੀ ਬੁੱਧੀ ਦੀ ਉਪਜ ਹੈ, ਇਸ ਲਈ ਬ੍ਰਹਿਮੰਡ ਜਾਂ ਕੁਦਰਤ ਅਤੇ ਮਨੁੱਖ ਸਾਇੰਸ ਤੋਂ ਉੱਪਰ ਹਨ ਅਤੇ ਇਨ੍ਹਾਂ ਦਾ ਸਿਰਜਣਹਾਰ ਪਰਮਾਤਮਾ ਤਾਂ ਆਪੇ ਹੀ ਸਰਬ-ਸਮਰੱਥ ਹੋ

ਗਿਆ। ਸਿੱਧ ਕਰਨ ਦੀ ਲੋੜ ਹੀ ਨਹੀਂ ਰਹਿੰਦੀ। ਬ੍ਰਹਿਮੰਡ ਦੀ ਵਿਚਿੱਤਰਤਾ ਮਨੁੱਖ ਲਈ ਵਿਸਮਾਦ ਦਾ ਕਾਰਨ ਬਣੇ ਅਤੇ ਓਅੰਕਾਰ ਦੇ ਗੁਣ ਗਾਉਂਦਿਆਂ ਉਹ ੧ ਦੇ ਮਿਲਾਪ ਲਈ ਤੜਫ ਉੱਠੇ, ਇਹੀ ਗੁਰਬਾਣੀ ਦਾ ਆਸ਼ਾ ਹੈ।

ੴ ਦੀ ਹੋਂਦ ਦਾ ਸੱਚ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੇ ਅਧਿਆਤਮਕ ਅਨੁਭਵ ਦਾ ਸੱਚ ਹੈ। ਅਨੁਭਵ ਦਾ ਸੱਚ ਵਿਗਿਆਨ ਦੇ ਸੱਚ ਨਾਲੋਂ ਵੱਡਾ ਹੁੰਦਾ ਹੈ। ਵਿਗਿਆਨ ਦਾ ਸੱਚ ਸਦੀਵੀ ਜਾਂ ਸਥਿਰ ਨਹੀਂ ਹੈ। ਵਿਗਿਆਨ ਆਪਣੀ ਹੀ ਖੋਜ ਨਾਲ ਪਹਿਲਾਂ ਸਥਾਪਤ ਕੀਤੇ ਗਏ ਸੱਚ ਨੂੰ ਰੱਦ ਕਰ ਦਿੰਦਾ ਹੈ। ਇਸੇ ਤਰ੍ਹਾਂ ਦਾਰਸ਼ਨਿਕ ਸੱਚ ਕੇਵਲ ਖਿਆਲਾਂ ਦਾ ਸੱਚ ਹੈ। ਤਰਕ ਦੇ ਬਦਲਣ ਨਾਲ ਇਹ ਸੱਚ ਵੀ ਬਦਲ ਜਾਂਦਾ ਹੈ। ਇਉਂ ਗੁਰਬਾਣੀ ਦਾ ਸੱਚ ਅਨੁਭਵ ਦਾ ਸੱਚ ਹੋਣ ਕਰਕੇ ਭਾਵੇਂ ਵਿਗਿਆਨਕ ਅਤੇ ਦਾਰਸ਼ਨਿਕ ਸੱਚ ਹੋਣ ਦੇ ਝਲਕਾਰੇ ਵੀ ਦਿੰਦਾ ਹੈ ਪਰ ਇਹ ਸੱਚ ਸਦੀਵੀ ਅਤੇ ਸਥਿਰ ਹੈ। ਇਹ ਸੱਚ ਸਦਾ ਸੱਚ ਹੈ ਅਤੇ ਹਰ ਤਰ੍ਹਾਂ ਦੀ ਤਬਦੀਲੀ ਤੋਂ ਰਹਿਤ ਹੈ। ਗੁਰਬਾਣੀ ਅਨੁਸਾਰ ਪਰਮਾਤਮਾ ਦੀ ਹੋਂਦ 'ਸਤਿ' ਹੈ ਅਤੇ ਉਸ ਦੀ ਰਚਨਾ ਭਾਵ ਬ੍ਰਹਿਮੰਡ ਵੀ 'ਸਤਿ' ਹੈ। ਪਵਿੱਤਰ ਫ਼ਰਮਾਨ ਹਨ:

– *ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* *(ਪੰਨਾ ੧)*

– *ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥*

*(ਪੰਨਾ ੨੮੪)*

ਜੇਕਰ ਸ੍ਰਿਸ਼ਟੀ ਜਾਂ ਬ੍ਰਹਿਮੰਡ ਸਤਿ ਹੈ ਤਾਂ ਜਗਤ ਜਾਂ ਸੰਸਾਰ ਨੂੰ 'ਕੂੜ' ਕਹਿਣ ਦਾ ਕੀ ਭਾਵ ਹੈ? ਕਿਉਂਕਿ ਜਗਤ ਪਰਮਾਤਮਾ ਦੀ ਰਚਨਾ ਹੈ, ਇਸ ਲਈ ਰਚਨਾ ਨੂੰ ਰਚਨਹਾਰ ਦੇ ਮੁਕਾਬਲੇ ਨਹੀਂ ਰੱਖਿਆ ਜਾ ਸਕਦਾ। ਪਰਮਾਤਮਾ ਆਪਣੀ ਰਚਨਾ ਦਾ ਮਾਲਕ ਹੈ। ਉਹ ਇਸ ਨੂੰ ਘਟਾਉਣ-ਵਧਾਉਣ, ਬਦਲਣ ਜਾਂ ਖ਼ਤਮ ਕਰਨ ਦਾ ਅਧਿਕਾਰ ਰੱਖਦਾ ਹੈ। ਇਨ੍ਹਾਂ ਅਰਥਾਂ ਵਿਚ ਜਗਤ ਜਾਂ ਸੰਸਾਰ 'ਕੂੜ' ਹੈ ਕਿਉਂਕਿ ਇਸ ਦਾ 'ਸਤਿ' ਪਰਮਾਤਮਾ ਦੀ ਅੰਸ਼-ਮਾਤਰ ਹੈ ਅਤੇ ਸਦੀਵੀ ਜਾਂ ਸਥਿਰ ਨਹੀਂ ਹੈ। ਇਸ ਦਾਰਸ਼ਨਿਕ ਡੂੰਘਾਈ ਨੂੰ ਸਮਝਣ ਲਈ ਪਾਣੀ ਦੀ ਇਕ ਬੂੰਦ ਅਤੇ ਸਾਗਰ ਦੀ ਮਿਸਾਲ ਨੂੰ ਸਮਝਣਾ ਪਵੇਗਾ। ਬੂੰਦ ਵੀ ਜਲ ਹੈ ਅਤੇ ਸਾਗਰ ਵੀ ਜਲ ਹੈ। ਬੂੰਦ ਸਾਗਰ ਵਿਚ ਸਮਾ ਕੇ ਬੂੰਦ ਨਹੀਂ ਰਹਿੰਦੀ, ਸਾਗਰ ਦਾ ਰੂਪ ਹੋ ਜਾਂਦੀ ਹੈ। ਸਾਗਰ ਵੀ 'ਸਤਿ' ਹੈ ਅਤੇ ਬੂੰਦ ਵੀ 'ਸਤਿ'। ਪਰ ਬੂੰਦ ਦਾ 'ਸਤਿ' ਬ੍ਰਹਿਮੰਡ, ਕੁਦਰਤ ਜਾਂ ਸ੍ਰਿਸ਼ਟੀ ਦੇ 'ਸਤਿ' ਵਾਂਗ ਹੈ, ਜੋ ਪਰਮਾਤਮਾ 'ਚੋਂ ਵਿਗਸਦਾ ਹੈ ਅਤੇ ਪਰਮਾਤਮਾ ਵਿਚ ਹੀ ਵਿਲੀਨ ਹੋ ਜਾਂਦਾ ਹੈ।

ਪ੍ਰਕਿਰਤੀ ਜਾਂ ਕੁਦਰਤ ਦੀ ਰਚਨਾ ਲਈ ਪਦਾਰਥ ਦੀ ਲੋੜ ਹੈ। ਸਾਂਖਯ-ਸ਼ਾਸਤਰ ਨੇ ਪ੍ਰਕਿਰਤੀ ਨੂੰ ਅਨਾਦੀ ਮੰਨਿਆ ਹੈ। ਪਦਾਰਥਵਾਦੀ ਵੀ ਪਦਾਰਥ ਨੂੰ ਹੀ ਸਭ ਕੁਝ ਮੰਨਦੇ ਹਨ। ਪੁਰਸ਼ ਅਤੇ ਪ੍ਰਕਿਰਤੀ ਦੀ ਹੋਂਦ ਨੂੰ ਬਰਾਬਰ ਮੰਨਣ ਨਾਲ

ਦਵੈਤਵਾਦ ਪੈਦਾ ਹੁੰਦਾ ਹੈ। ਦੋ ਬਰਾਬਰ ਦੀਆਂ ਹਸਤੀਆਂ ਇੱਕੋ ਸਮੇਂ ਆ ਖੜ੍ਹੀਆਂ ਹੁੰਦੀਆਂ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਇੱਕ' ਤੋਂ ਇਲਾਵਾ ਕਿਸੇ ਦੂਜੀ ਹਸਤੀ ਨੂੰ ਪਰਮ-ਹਸਤੀ ਵਜੋਂ ਕਿਆਸ ਕਰਨਾ ਵੀ ਪਾਪ ਮੰਨਦੀ ਹੈ। ਪਰਮਾਤਮਾ ਸਰਬ-ਸਮਰੱਥ ਹੈ, ਸਰਬ-ਸ਼ਕਤੀਮਾਨ ਹੈ ਅਤੇ ਸਰਬ-ਸੰਪੰਨ ਹੈ, ਇਸ ਲਈ ਉਹ ਪਦਾਰਥ ਦਾ ਰਚਨਹਾਰਾ ਵੀ ਖੁਦ ਹੀ ਹੈ। ਅੰਗਰੇਜ਼ੀ ਵਿਚ Nothingness ਅਤੇ ਯੋਗ-ਮਤਿ ਵਿਚ 'ਸੁੰਨ' ਸ਼ਬਦ ਡੂੰਘਾਈ ਵਿਚ ਜਾ ਕੇ ਸਮਝਣ ਦੀ ਲੋੜ ਹੈ। Nothingness ਤੋਂ Something ਦਾ ਹੋਣਾ ਜਾਂ 'ਸੁੰਨ' ਤੋਂ ਸ੍ਰਿਸ਼ਟੀ ਦਾ ਰਚੇ ਜਾਣਾ ਕਿਵੇਂ ਸੰਭਵ ਹੈ? ਜਦੋਂ ਇਹ ਸ੍ਰਿਸ਼ਟੀ ਹੈ ਹੀ ਨਹੀਂ ਸੀ ਤਾਂ ਪਦਾਰਥ ਵੀ ਕਿਤੇ ਨਹੀਂ ਸੀ ਅਤੇ ਜੇ ਸ੍ਰਿਸ਼ਟੀ ਜਾਂ ਪਦਾਰਥ ਹੀ ਨਹੀਂ ਸੀ ਤਾਂ ਫਿਰ 'ਸੁੰਨ' ਤੋਂ ਇਹ ਜਗਤ ਕਿਵੇਂ ਪੈਦਾ ਹੋ ਗਿਆ? ਗੁਰਬਾਣੀ ਦਾ ਪਵਿੱਤਰ ਫ਼ਰਮਾਨ ਸਾਨੂੰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਦਿੰਦਾ ਹੈ ਕਿ ਜਦੋਂ ਕੁਝ ਵੀ ਨਹੀਂ ਸੀ ਉਦੋਂ ਵੀ ਸਭ ਕੁਝ ਹੀ ਸੀ। ਕਿਉਂਕਿ ਪਰਮਾਤਮਾ ਦੀ ਹੋਂਦ ਸੀ, ਇਸ ਲਈ ਕੁਝ ਵੀ ਨਾ ਹੋਣ ਦੀ ਸੋਚ ਬੇਬੁਨਿਆਦ ਹੈ। ਪਵਿੱਤਰ ਫ਼ਰਮਾਨ ਹਨ:

– *ਅਰਬਦ ਨਰਬਦ ਧੁੰਧੂਕਾਰਾ॥*
*ਧਰਣਿ ਨ ਗਗਨਾ ਹੁਕਮੁ ਅਪਾਰਾ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ (ਪੰਨਾ ੧੦੩੫)*
– *ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥ (ਪੰਨਾ ੧੦੩੭)*

ਸੁੰਨ ਦਰਅਸਲ ਆਪ ਹੀ ਪਰਮਾਤਮਾ ਸੀ। ਸੁੰਨ ਨੇ ਸੁੰਨ ਤੋਂ ਹੀ ਕੁਦਰਤ ਦੀ ਸਾਜਨਾ ਕੀਤੀ। ਇਸ ਤਰ੍ਹਾਂ 'ਸੁੰਨ' ਦਾ ਅਰਥ ਕਦੇ ਵੀ Nothingness ਤੋਂ ਨਹੀਂ ਲਿਆ ਜਾਣਾ ਚਾਹੀਦਾ ਸਗੋਂ ਇਸ ਦਾ ਅਰਥ ਤਾਂ Everything ਬਣਦਾ ਹੈ। ਸਮੁੰਦਰ ਤੋਂ ਵੱਖ ਹੋ ਕੇ ਪਾਣੀ ਬੂੰਦ ਜਾਂ ਲਹਿਰ ਬਣ ਗਿਆ ਪਰ ਫਿਰ ਇਸ ਦੇ ਵਿਚ ਹੀ ਵਾਪਸ ਆ ਕੇ ਬੂੰਦ ਜਾਂ ਲਹਿਰ ਫਿਰ ਸਮੁੰਦਰ ਹੋ ਗਏ। ਸਮੁੰਦਰ ਪਹਿਲਾਂ ਵੀ ਮੌਜੂਦ ਸੀ ਤੇ ਬਾਅਦ ਵਿਚ ਵੀ ਮੌਜੂਦ ਸੀ। ਇਸੇ ਕਰਕੇ ਗੁਰਬਾਣੀ ਵਿਚ ਬਹੁਤ ਥਾਵਾਂ 'ਤੇ ਪਰਮਾਤਮਾ ਦੀ ਤਸ਼ਬੀਹ 'ਸਮੁੰਦਰ' ਨਾਲ ਕੀਤੀ ਗਈ ਹੈ। ਹੀਗਲ (Heagal) ਵੱਲੋਂ ਪਰਮਾਤਮਾ ਪ੍ਰਤੀ Absolute ਸ਼ਬਦ ਦਾ ਪ੍ਰਗਟਾਵਾ ਇਸੇ ਪੱਧਰ 'ਤੇ ਜਾ ਕੇ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਦਵੈਤਵਾਦ ਏਨਾ ਪ੍ਰਪੱਕ ਹੈ ਕਿ ਇਹ ਈਸਾਈ ਧਰਮ ਤੇ ਤ੍ਰੈਤਵਾਦ (Trinity) ਜਾਂ ਵੇਦਾਂ-ਉਪਨਿਸ਼ਦਾਂ ਵਿਚਲੇ ਤ੍ਰਿਮੂਰਤੀ (ਬ੍ਰਹਮਾ-ਵਿਸ਼ਨੂੰ-ਮਹੇਸ਼) ਦੀਆਂ ਧਾਰਨਾਵਾਂ ਦਾ ਮੂਲੋਂ ਹੀ ਖੰਡਨ ਕਰਦਾ ਹੈ। ਖੰਡਨ ਵੀ ਇਸੇ ਰੂਪ ਵਿਚ ਹੈ ਕਿ ਇਹ ਸਾਰੀਆਂ ਦੋ ਜਾਂ ਤਿੰਨ ਸ਼ਕਤੀਆਂ ਅਸਲ ਵਿਚ ਇੱਕੋ ਇੱਕ ਪਰਮ-ਹਸਤੀ ਦੀਆਂ ਹੀ ਸ਼ਕਤੀਆਂ ਹਨ ਅਤੇ ਇਹ

ਸਾਰੇ ਦੇਵੀ-ਦੇਵਤੇ, ਅਵਤਾਰ ਜਾਂ ਪੈਗ਼ੰਬਰ ਉਸ ਦੇ ਹੀ ਪੈਦਾ ਕੀਤੇ ਹੋਏ ਹਨ। ਇਥੇ ਇਹ ਗੱਲ ਵੀ ਆਪਣੇ-ਆਪ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਕਿਉਂਕਿ ਪਰਮਾਤਮਾ ਆਪਣੀ ਰਚਨਾ ਬ੍ਰਹਿਮੰਡ ਜਾਂ ਸ੍ਰਿਸ਼ਟੀ ਵਿਚ ਸਦਾ ਹੀ ਵਿਆਪਕ ਹੈ ਤਾਂ ਉਸ ਦਾ ਇੱਥੋਂ ਜਾਣਾ ਜਾਂ ਇਥੇ ਆਉਣਾ ਕੋਈ ਬੁਨਿਆਦ ਨਹੀਂ ਰੱਖਦਾ। ਜਦ ਉਹ ਹਰ ਸਮੇਂ ਕਣ-ਕਣ ਵਿਚ ਮੌਜੂਦ ਹੈ ਤਾਂ ਫਿਰ ਉਸ ਦੇ ਅਵਤਾਰ ਧਾਰ ਕੇ ਆਉਣ ਦੀ ਗੱਲ ਆਪਣੇ-ਆਪ ਹੀ ਬੇਅਰਥ ਹੋ ਜਾਂਦੀ ਹੈ। ਕੀ ਉਹ ਅਵਤਾਰ ਧਾਰਨ ਤੋਂ ਪਹਿਲਾਂ ਇਥੇ ਮੌਜੂਦ ਨਹੀਂ ਸੀ ਅਤੇ ਕੀ ਉਹ ਅਵਤਾਰ ਦੇ ਚਲੇ ਜਾਣ ਤੋਂ ਬਾਅਦ ਇਥੇ ਮੌਜੂਦ ਨਹੀਂ ਹੋਵੇਗਾ? ਉਹ ਤਾਂ ਇਕ ਸਰਬ-ਵਿਆਪਕ ਹਸਤੀ ਹੈ, ਉਸ ਨੂੰ ਕਿਸੇ ਮਨੁੱਖ ਵਜੋਂ ਇਸ ਧਰਤੀ 'ਤੇ ਪ੍ਰਗਟ ਹੋਣ ਦੀ ਕੀ ਲੋੜ ਹੈ? ਉਸ ਦੀ ਹੋਂਦ ਤੋਂ ਬਿਨਾਂ ਤਾਂ ਧਰਤੀ ਕਦੇ ਵੀ ਖਾਲੀ ਨਹੀਂ ਹੈ। ਗੁਰਬਾਣੀ ਵਿਚ ਪਰਮਾਤਮਾ ਨੂੰ 'ਸੈਭੰ' ਅਤੇ 'ਅਜੂਨੀ' ਕਿਹਾ ਗਿਆ ਹੈ। ਇਹ ਦੋਵੇਂ ਸ਼ਬਦ ਅਵਤਾਰਵਾਦ ਦੀ ਧਾਰਨਾ ਨੂੰ ਮੂਲੋਂ ਹੀ ਰੱਦ ਕਰਦੇ ਹਨ। ਸਪੱਸ਼ਟ ਹੈ ਕਿ ਗੁਰਮਤਿ ਅਨੁਸਾਰ ਦੇਵੀ-ਦੇਵਤੇ, ਪੈਗ਼ੰਬਰ ਜਾਂ ਅਵਤਾਰ ਪਰਮਾਤਮਾ ਵਜੋਂ ਇਸ ਧਰਤੀ 'ਤੇ ਨਹੀਂ ਜਨਮੇ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਪਰਮਾਤਮਾ ਵਜੋਂ ਜਨਮ ਲੈਣ ਜਾਂ ਅਵਤਾਰ ਧਾਰਨ ਦੀ ਗੱਲ ਕਹਿਣ ਵਾਲਿਆਂ ਪ੍ਰਤੀ ਬਹੁਤ ਸਖ਼ਤ ਸ਼ਬਦਾਂ ਦੀ ਵਰਤੋਂ ਕਰਦੇ ਹਨ:

*ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥* *(ਪੰਨਾ ੧੧੩੬)*

ਸ੍ਰੀ ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ ਕਿ ਰਾਜਿਆਂ-ਮਹਾਂਰਾਜਿਆਂ ਦੀ ਸਿਫ਼ਤ ਕਰਨ ਲਈ ਲੋਕਾਂ ਨੇ ਉਨ੍ਹਾਂ ਨੂੰ 'ਅਵਤਾਰ' ਕਹਿ ਦਿੱਤਾ:

*ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥* *(ਪੰਨਾ ੪੨੩)*

ਅੱਜਕਲ੍ਹ ਵੀ ਅਕਸਰ ਖੁਸ਼ਾਮਦੀ ਲੋਕਾਂ ਨੂੰ ਸਟੇਜਾਂ 'ਤੇ ਅਹਿਮ ਵਿਅਕਤੀਆਂ ਪ੍ਰਤੀ ਵੱਡੇ-ਵੱਡੇ ਸ਼ਬਦ ਕਹਿੰਦੇ ਸੁਣਿਆ ਜਾ ਸਕਦਾ ਹੈ। ਅਖ਼ਬਾਰਾਂ ਵਿਚ ਇਸ਼ਤਿਹਾਰਾਂ ਰਾਹੀਂ ਕਈ ਵਾਰ ਕੁਝ ਮਨੁੱਖਾਂ ਨੂੰ ਰੱਬ ਦੇ ਸਮਾਨ ਪੇਸ਼ ਕੀਤਾ ਜਾਂਦਾ ਹੈ। ਪਰ ਗੁਰਬਾਣੀ ਮੁਤਾਬਿਕ ਮਨੁੱਖ ਪਰਮਾਤਮਾ ਦੀ ਇਕ ਨਿਗੂਣੀ ਜਿਹੀ ਅੰਸ਼ ਹੈ ਭਾਵੇਂ ਇਸ ਵਿਚ ਪਰਮਾਤਮਾ ਨੇ ਏਨੀ ਸਮਰੱਥਾ ਵੀ ਪਾਈ ਹੈ ਕਿ ਜੇਕਰ ਇਹ ਪਰਮਾਤਮਾ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋ ਜਾਵੇ ਤਾਂ ਇਹ ਆਵਾਗਵਨ ਦੇ ਚੱਕਰ ਤੋਂ ਨਿਕਲ ਕੇ ਪਰਮਾਤਮਾ ਵਿਚ ਲੀਨ ਹੋ ਸਕਦਾ ਹੈ।

ਕਿਉਂਕਿ ਪਰਮਾਤਮਾ ਇਕ ਹੈ, ਇਸ ਲਈ ਉਹ ਸਾਰਿਆਂ ਦਾ ਪਿਤਾ ਅਤੇ ਮਾਲਕ ਹੈ। ਕਿਉਂਕਿ ਉਹ ਸਾਰਿਆਂ ਦਾ ਪਿਤਾ ਅਤੇ ਮਾਲਕ ਹੈ ਇਸ ਲਈ ਸਾਰੇ ਉਸ ਦੇ ਪੁੱਤਰ ਹਨ। ਕਿਉਂਕਿ ਸਾਰੇ ਇੱਕੋ ਪਿਤਾ ਦੇ ਹੀ ਪੁੱਤਰ ਹਨ ਤਾਂ ਫਿਰ ਨਸਲ, ਜਾਤ, ਰੰਗ, ਸਥਾਨ, ਲਿੰਗ, ਮਜ਼ਹਬ ਆਦਿ ਦੇ ਆਧਾਰ 'ਤੇ ਮਨੁੱਖਾਂ ਵਿਚ

ਸਭ ਤਰ੍ਹਾਂ ਦੀਆਂ ਵੰਡੀਆਂ ਅਤੇ ਭਿੰਨ-ਭੇਦ ਬੁਨਿਆਦੀ ਤੌਰ 'ਤੇ ਗ਼ਲਤ ਹਨ। ਤਰਕ ਦੀ ਇਸੇ ਵਿਧੀ ਨੂੰ ਫ਼ਿਲਾਸਫ਼ੀ ਵਿਚ ਪ੍ਰਮਾਣਿਕ ਵਿਧੀ ਮੰਨਿਆ ਜਾਂਦਾ ਹੈ। ਇਸ ਤਰਕ-ਵਿਧੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦੇ ਰਚਨਹਾਰਾਂ ਨੇ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਵਰਤਿਆ ਹੈ। ਉਨ੍ਹਾਂ ਦੇ ਤਰਕਾਂ ਅੱਗੇ ਭਿੰਨ-ਭੇਦ ਦੇ ਹਮਾਇਤੀ ਨਿਰੁੱਤਰ ਹੋ ਕੇ ਰਹਿ ਜਾਂਦੇ ਹਨ। ਇਕ ਨੂਰ ਤੋਂ ਸਾਰਾ ਜਗ ਉਪਜੇ ਹੋਣ ਦੀ ਗੱਲ ਕਹਿਣ ਵਾਲੇ ਭਗਤ ਕਬੀਰ ਜੀ ਭਿੰਨ-ਭੇਦ ਦੇ ਖੰਡਨ ਲਈ ਅਖੌਤੀ ਉੱਚੀ ਜਾਤ ਦੇ ਲੋਕਾਂ ਨੂੰ ਪੁੱਛਦੇ ਹਨ ਕਿ ਉਨ੍ਹਾਂ ਵਿਚ ਖ਼ੂਨ ਦੀ ਥਾਂ ਦੁੱਧ ਕਿਉਂ ਨਹੀਂ ਅਤੇ ਉਹ ਕਿਸੇ ਹੋਰ ਜਣਨ-ਵਿਧੀ ਰਾਹੀਂ ਇਸ ਸੰਸਾਰ ਵਿਚ ਪੈਦਾ ਕਿਉਂ ਨਹੀਂ ਹੋਏ?

ਮਨੋਵਿਗਿਆਨਕ ਤੌਰ 'ਤੇ ਮਨ ਦੇ ਟਿਕਾਅ ਲਈ ਇੱਕ ਦਾ ਵਿਸ਼ਵਾਸ ਜਾਂ ਇੱਕ ਨੂੰ ਮੰਨਣਾ ਜ਼ਰੂਰੀ ਹੈ। ਜੇ ਮੰਨਣ ਲਈ ਦੋ ਜਾਂ ਤਿੰਨ ਹਨ ਤਾਂ ਮਨ ਇਕਾਗਰ ਹੋ ਹੀ ਨਹੀਂ ਸਕਦਾ। ਸ੍ਰਿਸ਼ਟੀ ਜਾਂ ਬ੍ਰਹਿਮੰਡ ਦੇ ਅਨੁਸ਼ਾਸਨ ਲਈ ਵੀ ਇਕ ਕਰਤਾ ਜਾਂ ਇਕ ਮਾਲਕ ਹੋਣਾ ਜ਼ਰੂਰੀ ਹੈ। ਜੇ ਦੋ ਜਾਂ ਤਿੰਨ ਕਰਤੇ ਜਾਂ ਮਾਲਕ ਹੋਣ ਤਾਂ ਅਨੁਸ਼ਾਸਨ ਰਹਿ ਹੀ ਨਹੀਂ ਸਕਦਾ। ਇਸੇ ਤਰ੍ਹਾਂ ਜੇ ਪਰਮਾਤਮਾ 'ਸੈਭੰ' ਨਾ ਹੋਵੇ ਤਾਂ ਫਿਰ ਕੋਈ ਹੋਰ ਹਸਤੀ ਉਸ ਤੋਂ ਉੱਪਰ ਮੰਨਣੀ ਪਵੇਗੀ ਅਤੇ ਜੇਕਰ ਉਹ 'ਅਜੂਨੀ' ਨਾ ਹੋਵੇ ਤਾਂ ਉਸ ਦੀ ਹਸਤੀ ਹੋਰ ਜੀਵਾਂ ਤੋਂ ਉੱਪਰ ਨਹੀਂ ਰਹੇਗੀ। 'ਅਜੂਨੀ', 'ਸੈਭੰ', 'ਅਕਾਲ', 'ਨਿਰਭਉ', 'ਨਿਰਵੈਰ', 'ਕਰਤਾ ਪੁਰਖ' ਉਹ ਤਾਂ ਹੀ ਹੈ ਜੇਕਰ ਉਸ ਵਰਗਾ ਹੋਰ ਕੋਈ ਨਹੀਂ, ਉਸ ਜਿੱਡਾ ਹੋਰ ਕੋਈ ਨਹੀਂ ਅਤੇ ਉਹ ਸਦੀਵੀ, ਸਰਬ-ਵਿਆਪਕ, ਸਰਬ-ਸ਼ਕਤੀਮਾਨ, ਸਰਬ-ਸੰਪੰਨ, ਸਰਬ-ਕਲਾ ਸੰਪੂਰਨ ਹੈ।

ਪਰਮਾਤਮਾ ਸਰਬ-ਗੁਣ-ਸੰਪੰਨ ਵੀ ਹੈ। 'ਜਪੁ ਜੀ ਸਾਹਿਬ' ਵਿਚ ਉਸ ਨੂੰ 'ਗੁਣੀ ਨਿਧਾਨ' ਅਰਥਾਤ ਗੁਣਾਂ ਦਾ ਖਜ਼ਾਨਾ ਕਿਹਾ ਗਿਆ ਹੈ। 'ਸਭ ਗੁਣ ਤੇਰੇ' ਕਹਿ ਕੇ ਉਸ ਦੀ ਵਡਿਆਈ ਕੀਤੀ ਗਈ ਹੈ। ਸਤਿ, ਸੰਤੋਖ, ਗਿਆਨ ਆਦਿ ਗੁਣ ਉਸ ਦੇ ਹੀ ਗੁਣ ਹਨ। ਨੈਤਿਕ ਕਦਰਾਂ-ਕੀਮਤਾਂ ਦੀ ਬੁਨਿਆਦ ਵੀ ਪਰਮਾਤਮਾ ਹੀ ਹੈ। ਜਿਵੇਂ ਸ੍ਰਿਸ਼ਟੀ ਅਤੇ ਮਨੁੱਖ ਦਾ ਸਾਰਾ ਕਾਰ-ਵਿਹਾਰ ਪਰਮਾਤਮਾ ਦੇ ਹੁਕਮ-ਅਧੀਨ ਹੈ ਇਸੇ ਤਰ੍ਹਾਂ ਨੈਤਿਕਤਾ ਵੀ ਉਸ ਦੇ ਹੁਕਮ-ਅਧੀਨ ਹੀ ਹੈ। ਸ੍ਰਿਸ਼ਟੀ ਜਾਂ ਬ੍ਰਹਿਮੰਡ ਦਾ ਨਿਕਾਸ, ਵਿਕਾਸ ਅਤੇ ਵਿਨਾਸ਼ ਪਰਮਾਤਮਾ ਦੇ ਹੁਕਮ ਅਧੀਨ ਹੈ, ਉਸ ਦੇ ਸਥਾਪਤ ਕੀਤੇ ਨਿਯਮ ਅਧੀਨ ਹੈ। 'ਧਰਮ' ਦਾ ਇਕ ਅਰਥ 'ਨਿਯਮ' ਵੀ ਕੀਤਾ ਜਾਂਦਾ ਹੈ। ਇਸ ਲਈ ਪਰਮਾਤਮਾ ਦੇ ਸਥਾਪਤ ਕੀਤੇ ਨਿਯਮ ਭਾਵ ਧਰਮ ਅਨੁਸਾਰ ਚੱਲਣਾ ਹੀ ਨੈਤਿਕਤਾ ਹੈ।

ਪਰਮਾਤਮਾ ਦੇ ਹੁਕਮ ਦੀ ਉਲੰਘਣਾ ਮਨੁੱਖ ਕਿਉਂ ਕਰਦਾ ਹੈ? 'ਸਿਧ ਗੋਸਟਿ' ਵਿਚ ਜਗਤ ਦੀ ਉਤਪਤੀ ਦਾ ਕਾਰਨ 'ਹਉਮੈ' ਨੂੰ ਦੱਸਿਆ ਗਿਆ ਹੈ।

ਪਰਮਾਤਮਾ ਦੇ ਹੁਕਮ ਰਾਹੀਂ ਹਉਮੈ ਪੈਦਾ ਹੋਈ ਅਤੇ ਹਉਮੈ ਤੋਂ ਜਗਤ ਦੀ ਉਤਪਤੀ ਹੋਈ। ਪਵਿੱਤਰ ਫ਼ਰਮਾਨ ਹੈ:

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥*

*(ਪੰਨਾ ੯੪੬)*

ਕਿਉਂਕਿ ਹਉਮੈ ਮਨੁੱਖ ਦੇ ਜੀਵਨ ਦਾ ਆਧਾਰ ਹੈ ਭਾਵੇਂ ਇਹ ਪਰਮਾਤਮਾ ਦੇ ਹੁਕਮ ਕਰਕੇ ਹੀ ਹੈ ਪਰ ਫਿਰ ਵੀ ਹਉਮੈ ਦੀ ਕੰਧ ਉਸ ਨੂੰ ਹੁਕਮ ਦੀ ਪਾਲਣਾ ਤੋਂ ਵਰਜਦੀ ਅਤੇ ਰੋਕਦੀ ਹੈ। ਨੈਤਿਕਤਾ ਦੀ ਲੋੜ ਅਤੇ ਮਹੱਤਤਾ ਇਸੇ ਸਥਿਤੀ ਵਿੱਚੋਂ ਪੈਦਾ ਹੁੰਦੀ ਹੈ। ਭਾਈ ਜੋਧ ਸਿੰਘ ਜੀ ਦੇ 'ਗੁਰਮਤਿ ਨਿਰਣੈ' ਵਿਚ ਦਰਜ ਹੇਠ ਲਿਖੇ ਸ਼ਬਦ ਪੜ੍ਹਨਯੋਗ ਅਤੇ ਸਮਝਣਯੋਗ ਹਨ:

'ਇਹ ਮਾਇਆ, ਭਰਮ, ਰੋਕ, ਪਾਪ ਜੋ ਵੀ ਇਹਦਾ ਨਾਮ ਰੱਖੋ ਕਿਉਂ ਪੈਦਾ ਕੀਤੇ ਗਏ? ਸਰੀਰਕ ਬਲ ਤਦੋਂ ਹੀ ਵਧਦਾ ਹੈ ਜਦੋਂ ਮਾਦੀ ਰੋਕਾਂ 'ਤੇ ਫ਼ਤਹਿ ਪਾਈਏ। ਇਖ਼ਲਾਕੀ ਗੁਣ ਤਦੋਂ ਹੀ ਆਂਵਦੇ ਹਨ ਜਦੋਂ ਸਾਡੇ ਸਾਹਮਣੇ ਪਰਤਾਵੇ ਆਵਣ ਤੇ ਅਸੀਂ ਉਨ੍ਹਾਂ ਦੇ ਕਾਬੂ ਵਿਚ ਨਾ ਆਈਏ। ਸਾਡੀ ਆਤਮਿਕ ਉੱਨਤੀ ਇਸੇ ਵਿਚ ਹੈ ਕਿ ਅਸੀਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਮਮਤਾ ਜੋ ਹਉਮੈ ਦਾ ਰੂਪ ਹਨ, ਇਨ੍ਹਾਂ 'ਤੇ ਫ਼ਤਹਿ ਪਾਈਏ।'

ਚਾਨਣ ਦਾ ਮਹੱਤਵ ਹਨੇਰੇ ਕਰਕੇ ਹੈ, ਨੇਕੀ ਦਾ ਮਹੱਤਵ ਬਦੀ ਕਰਕੇ ਹੈ, ਸੱਚ ਦਾ ਮਹੱਤਵ ਝੂਠ ਕਰਕੇ ਹੈ। ਜੇਕਰ ਦੁਨੀਆਂ ਵਿਚ ਚਾਨਣ, ਨੇਕੀ ਅਤੇ ਸੱਚ ਹੀ ਹੁੰਦੇ ਤਾਂ ਫਿਰ ਹਨੇਰੇ, ਬਦੀ ਅਤੇ ਝੂਠ ਦਾ ਟਾਕਰਾ ਕੌਣ ਕਰਦਾ? ਕੀ ਸੰਸਾਰ ਦੀ ਅਤੇ ਮਨੁੱਖੀ ਜੀਵਨ ਦੀ ਸੁੰਦਰਤਾ ਹੀ ਵਿਰੋਧਾਂ ਦੀ ਉਪਜ ਨਹੀਂ ਹੈ? ਜ਼ਿੰਦਗੀ-ਮੌਤ, ਸੁਖ-ਦੁੱਖ, ਪੁੰਨ-ਪਾਪ, ਉਚਾਈ-ਨੀਵਾਣ, ਮਿਠਾਸ-ਕੁੜੱਤਣ, ਨਿਆਂ-ਅਨਿਆਂ ਕਿੰਨੇ ਹੀ ਵਿਰੋਧੀ ਸ਼ਬਦ ਹਨ, ਜੋ ਜ਼ਿੰਦਗੀ ਦੀ ਰੌਚਿਕਤਾ ਦਾ ਕਾਰਨ ਹਨ। ਗੁਰਬਾਣੀ ਵਿਚ ਇਨ੍ਹਾਂ ਵਿਰੋਧਤਾਈਆਂ ਦਾ ਥਾਂ-ਥਾਂ ਖ਼ੂਬਸੂਰਤ ਚਿਤਰਨ ਹੈ। ਜੇ ਗੁਰਮੁਖ ਦੀ ਗੱਲ ਕੀਤੀ ਗਈ ਹੈ ਅਤੇ ਨਾਲ ਹੀ ਮਨਮੁਖ ਬਾਰੇ ਵੀ ਦੱਸਿਆ ਗਿਆ ਹੈ। ਜੇ ਹੁਕਮ ਦੀ ਗੱਲ ਵਿਸਥਾਰ ਵਿਚ ਹੈ ਤਾਂ ਹਉਮੈ ਦੀ ਗੱਲ ਵੀ ਵਿਸਥਾਰ ਵਿਚ ਹੀ ਕੀਤੀ ਗਈ ਹੈ। ਇਕ ਪਾਸੇ ਸਭ ਕੁਝ ਪਰਮਾਤਮਾ ਦੇ ਵੱਸ ਵਿਚ ਦੱਸਿਆ ਗਿਆ ਹੈ ਤਾਂ ਦੂਜੇ ਪਾਸੇ ਮਨੁੱਖ ਨੂੰ ਬਖਸ਼ੀ ਬੁੱਧੀ ਦੀ ਦਾਤ ਕਰਕੇ ਉਸ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਕ ਪਾਸੇ ਸੰਸਾਰ 'ਧੂੰਏਂ ਕਾ ਪਹਾਰ' ਹੈ ਤਾਂ ਦੂਜੇ ਪਾਸੇ ਇਹ 'ਕੀਆ ਸਭੁ ਸਤਿ' ਵੀ ਹੈ। ਪਰਮਾਤਮਾ ਦੇ ਕਿੰਨੇ ਹੀ ਨਾਮ ਗੁਰਬਾਣੀ ਵਿਚ ਦਰਜ ਹਨ ਅਤੇ ਮਨੁੱਖ ਨੂੰ ਦੱਸਿਆ ਗਿਆ ਹੈ ਕਿ ਇਹ ਸਾਰੇ ਨਾਮ

***(ਬਾਕੀ ਸਫ਼ਾ ੪੧ 'ਤੇ)***

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੱਤ-ਮੀਮਾਂਸਕ ਸੰਕਲਪ ਅਕਾਲ ਪੁਰਖ, ਸ੍ਰਿਸ਼ਟੀ ਅਤੇ ਜੀਵ ਆਤਮਾ

*-ਡਾ. ਗੁਰਵਿੰਦਰ ਕੌਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਦੇ ਪੈਰੋਕਾਰਾਂ ਲਈ ਕੇਵਲ ਇਕ ਪਵਿੱਤਰ ਧਰਮ-ਗ੍ਰੰਥ (Scripture) ਹੀ ਨਹੀਂ, ਸਗੋਂ ਸ਼ਬਦ-ਗੁਰੂ ਦੇ ਰੂਪ ਵਿਚ ਜਾਗਦੀ ਜੋਤਿ, ਜ਼ਾਹਿਰਾ-ਜ਼ਹੂਰ, ਸਰਬ-ਕਲਾ ਭਰਪੂਰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਪਾਤਸ਼ਾਹੀਆਂ ਦੀ 'ਪ੍ਰਗਟ ਗੁਰਾਂ ਕੀ ਦੇਹ' (Living Guru), ਸਾਖਿਆਤ ਸਤਿਗੁਰੂ ਹਨ। ਇਹ ਸਿੱਖ ਜੀਵਨ-ਜਾਚ (Way of Living) ਨੂੰ ਸਦੀਵੀ ਤੇ ਨਿਰੰਤਰ ਪ੍ਰੇਰਨਾ ਦੇਣ ਵਾਲੇ ਧਾਰਮਿਕ ਤੇ ਸਦਾਚਾਰਕ ਆਦਰਸ਼ਾਂ ਦੇ ਮੂਲ-ਸ੍ਰੋਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਕਲਿਤ ਬਾਣੀ ਨੂੰ ਸਿੱਖ ਧਰਮ ਦਰਸ਼ਨ ਦੀ ਆਧਾਰਸ਼ਿਲਾ ਅਤੇ ਗੁਰਮਤਿ ਦਾ ਪ੍ਰਮਾਣੀਕ ਸੋਮਾ ਪ੍ਰਵਾਨ ਕੀਤਾ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੀ ਨਵੀਂ ਦਾਰਸ਼ਨਿਕ ਪੱਧਤੀ ਦੀ ਸਿਰਜਣਾ ਕੀਤੀ ਜਿਹੜੀ ਪਹਿਲਾਂ ਪ੍ਰਚੱਲਤ ਸਾਮੀ ਤੇ ਭਾਰਤੀ ਵਿਚਾਰਧਾਰਾ ਤੋਂ ਨਿਵੇਕਲੀ ਹੈ। ਗੁਰਮਤਿ ਦਰਸ਼ਨ ਦੀ ਵਿਲੱਖਣਤਾ ਇਹੀ ਹੈ ਕਿ ਇਹ ਫੋਕਾ ਦਰਸ਼ਨ ਨਹੀਂ ਹੈ ਸਗੋਂ ਇਸ ਦਾ ਅਮਲ ਕਰਨ ਨਾਲ ਅਟੁੱਟ ਸੰਬੰਧ ਹੈ। ਨਿਰਸੰਦੇਹ, ਸਿੱਖ ਧਰਮ ਰਹਿਣੀ ਜਾਂ ਜੀਵਨ ਜੁਗਤੀ ਜਾਂ ਜੀਵਨ-ਜਾਚ ਹੈ। ਡਾ. ਤਾਰਨ ਸਿੰਘ ਹੋਰਾਂ ਦੀ ਇਹ ਰਾਇ ਵੀ ਠੀਕ ਜਾਪਦੀ ਹੈ ਕਿ "ਹਰ ਰਹਿਣੀ ਤੇ ਜੀਵਨ-ਜੁਗਤੀ ਦਾ ਆਧਾਰ ਉਸ ਰਹਿਣੀ ਦੀ ਬੁਨਿਆਦ ਵਿਚ ਕੰਮ ਕਰ ਰਹੇ ਸਿਧਾਂਤ, ਵਿਸ਼ਵਾਸ ਤੇ ਸੰਕਲਪ ਹੁੰਦੇ ਹਨ।"[੧] ਇਸ ਸੰਦਰਭ ਵਿਚ ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ "ਸਿੱਖ ਧਰਮ ਦੇ ਆਪਣੇ ਸਿਧਾਂਤ ਹਨ। ਪਰਮ ਹਕੀਕਤ, ਮਨੁੱਖ ਦੇ ਸਰੂਪ ਅਤੇ ਇਨ੍ਹਾਂ ਦੋਹਾਂ ਦੇ ਅੰਤਰ-ਸੰਬੰਧਾਂ ਬਾਰੇ ਆਪਣਾ ਵਿਲੱਖਣ ਦ੍ਰਿਸ਼ਟੀਕੋਣ ਹੈ।"[੨] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ, ਸ੍ਰਿਸ਼ਟੀ ਅਤੇ ਜੀਵ-ਆਤਮਾ ਦਾ ਅੰਤਰ-ਸੰਬੰਧ ਉਜਾਗਰ ਹੋਇਆ ਹੈ ਜਿਸ ਦੇ ਫਲਸਰੂਪ ਸਿੱਖ ਜੀਵਨ-ਜੁਗਤੀ ਪ੍ਰਭਾਵਿਤ ਹੋਈ ਹੈ।

ਸਿੱਖ ਜੀਵਨ-ਜਾਚ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਾਰਸ਼ਨਿਕ ਸਿਧਾਂਤਾਂ ਦਾ ਪ੍ਰਭਾਵ ਸਪਸ਼ਟ ਝਲਕਦਾ ਹੈ ਕਿਉਂਕਿ ਇਹ ਸਿਧਾਂਤ ਹੀ ਇਸ ਦਾ

** ਸੁਪਤਨੀ ਸ. ਗੁਰਦੇਵ ਸਿੰਘ, ਪਿੰਡ ਤੇ ਡਾਕਖਾਨਾ: ਸੂਲਰ, ਜ਼ਿਲ੍ਹਾ: ਪਟਿਆਲਾ- ੧੪੭੦੦੧.*

ਆਧਾਰ ਹਨ। ਉਦਾਹਰਣ ਦੇ ਤੌਰ 'ਤੇ ਗੁਰਬਾਣੀ ਦਾ ਸਿਧਾਂਤ ਹੈ: 'ਏਕੁ ਪਿਤਾ ਏਕਸ ਕੇ ਹਮ ਬਾਰਿਕ' (ਪੰਨਾ ੬੧੧) ਅਰਥਾਤ ਅਕਾਲ ਪੁਰਖ ਇੱਕ ਹੈ ਤੇ ਸਾਰੇ ਜੀਵ ਇੱਕ ਅਕਾਲ ਪੁਰਖ ਦੀ ਸੰਤਾਨ ਹਨ। ਇਸ ਸਾਰੀ ਮਨੁੱਖਤਾ ਦੀ ਸਮਾਨਤਾ ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਗੁਰੂ ਸਾਹਿਬਾਨ ਦੁਆਰਾ ਸੰਗਤ ਤੇ ਪੰਗਤ ਵਰਗੀਆਂ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਤੇ ਅਮਲੀ ਰੂਪ ਵਿਚ ਜਾਤ-ਪਾਤ, ਊਚ-ਨੀਚ ਆਦਿ ਦੇ ਭੇਦ-ਭਾਵ ਨੂੰ ਦੂਰ ਕਰਨ ਦੇ ਯਤਨ ਕੀਤੇ ਗਏ ਹਨ।

ਡਾ. ਰਤਨ ਸਿੰਘ (ਜੱਗੀ) ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਦਾਰਸ਼ਨਿਕ ਪਹਿਲੂ ਤੋਂ ਵਿਵੇਚਨ ਕਰਦਿਆਂ ਲਿਖਿਆ ਹੈ ਕਿ "ਗੁਰੂ ਜੀ ਦਰਸ਼ਨ ਦੇ ਚੱਕਰਾਂ ਵਿਚ ਨਹੀਂ ਪਏ। ਪ੍ਰਭੂ-ਭਗਤੀ ਦੇ ਆਵੇਸ਼ ਵਿਚ ਉਨ੍ਹਾਂ ਦੀ ਆਤਮਾ ਵਿੱਚੋਂ ਸ੍ਵਰ ਨਿਕਲੀ, ਉਹੀ ਉਨ੍ਹਾਂ ਦੇ ਜੀਵਨ-ਦਰਸ਼ਨ ਦਾ ਸਾਰ-ਤੱਤ ਬਣ ਗਈ। ਉਨ੍ਹਾਂ ਦੀ ਬਾਣੀ ਵਿਚ ਦਰਸ਼ਨ ਦਾ ਕਿਤੇ ਵੀ ਸ਼ਾਸਤਰੀ ਚਿਤਰਨ ਨਹੀਂ ਹੋਇਆ। ਰਹੱਸ ਅਨੁਭੂਤੀ ਨੂੰ ਪ੍ਰਗਟ ਕਰਦਿਆਂ ਕਿਤੇ-ਕਿਤੇ ਜੋ ਦਾਰਸ਼ਨਿਕ ਸੰਕੇਤ ਮਿਲ ਜਾਂਦੇ ਹਨ, ਉਨ੍ਹਾਂ ਉਕਤੀਆਂ ਨੂੰ ਹੀ ਸੰਯੋਜਿਤ ਕਰਕੇ ਉਨ੍ਹਾਂ ਦੀ ਅਧਿਆਤਮਿਕ ਵਿਚਾਰਧਾਰਾ ਦਾ ਕੁਝ ਗਿਆਨ ਪ੍ਰਾਪਤ ਹੋ ਸਕਦਾ ਹੈ।"[੩] ਅਸੀਂ ਵੀ ਇਸ ਲੇਖ ਵਿਚ ਗੁਰਬਾਣੀ ਦੇ ਸੰਕੇਤਾਂ ਦੀ ਸੇਧ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਾਰਸ਼ਨਿਕ ਪੱਖ ਨਾਲ ਸੰਬੰਧਿਤ ਸੰਕਲਪਾਂ- ਅਕਾਲ ਪੁਰਖ, ਸ੍ਰਿਸ਼ਟੀ ਅਤੇ ਜੀਵ ਆਤਮਾ, ਬਾਰੇ ਸੰਖੇਪ ਵਿਚਾਰ ਕਰਾਂਗੇ। ਵਿਦਵਾਨਾਂ ਅਨੁਸਾਰ ਇਹ ਤਿੰਨੇ ਸੰਕਲਪ ਧਰਮ-ਦਰਸ਼ਨ ਦੀ ਤੱਤ-ਮੀਮਾਂਸਕ (Metaphysical) ਸ਼ਾਖ (ਵਿਸ਼ੇਸ਼ ਕਰਕੇ ਹੋਂਦ ਸਿਧਾਂਤ) ਨਾਲ ਸੰਬੰਧਿਤ ਹਨ ।

**ਅਕਾਲ ਪੁਰਖ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰਮ ਚਿੰਤਨ ਨਾਲ ਸੰਬੰਧਿਤ ਪਹਿਲਾ ਸੰਕਲਪ ਅਕਾਲ ਪੁਰਖ ਹੈ। ਧਰਮ ਸ਼ਾਸਤਰੀਆਂ ਦੀ ਰਾਇ ਹੈ ਕਿ ਆਦਿ ਕਾਲ ਤੋਂ ਹੀ ਮਨੁੱਖ ਨੇ ਆਪਣੀ ਉਪਾਸ਼ਨਾ ਲਈ ਕਿਸੇ ਨਾ ਕਿਸੇ ਰੂਪ ਵਿਚ ਪਰਮ ਸੱਤਾ ਦੀ ਕਲਪਨਾ ਕਰਨੀ ਅਰੰਭ ਕਰ ਦਿੱਤੀ ਸੀ। ਕੁਝ ਇਕ ਧਰਮਾਂ ਜਿਵੇਂ ਬੁੱਧ ਅਤੇ ਜੈਨ ਆਦਿ ਨੂੰ ਛੱਡ ਕੇ ਵਿਸ਼ਵ ਦੇ ਤਕਰੀਬਨ ਸਾਰੇ ਧਰਮਾਂ ਅਤੇ ਦਰਸ਼ਨਾਂ ਦਾ ਮੁੱਖ ਵਿਸ਼ਾ ਪਰਮ-ਸਤਿ ਦੇ ਸਰੂਪ ਨੂੰ ਜਾਣਨ ਦੀ ਜਗਿਆਸਾ ਅਤੇ ਉਸ ਤਕ ਪਹੁੰਚਣ ਦੀ ਇੱਛਾ ਰਹੀ ਹੈ ਤੇ ਇਸ ਦੀ ਹੋਂਦ ਵਿਚ ਨਿਸ਼ਚਾ ਆਸਤਕ ਧਰਮਾਂ ਦੇ ਸਮੁੱਚੇ ਦਾਰਸ਼ਨਿਕ ਢਾਂਚੇ ਤੇ ਅਮਲੀ ਜੀਵਨ ਦਾ ਆਧਾਰ ਹੈ। ਸਿੱਖ ਧਰਮ ਵਿਚ ਇਸ ਪਰਮ-ਹਕੀਕਤ ਨੂੰ 'ਅਕਾਲ ਪੁਰਖ' ਦੇ ਨਾਂ ਨਾਲ ਜਾਣਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੇਂਦਰੀ ਸਿਧਾਂਤ 'ਅਕਾਲ ਪੁਰਖ' ਹੈ ਜਿਸ ਦੇ ਦੁਆਲੇ ਸੰਪੂਰਨ ਸਿੱਖ ਫ਼ਿਲਾਸਫ਼ੀ ਕੇਂਦਰਿਤ ਹੈ। ਇਕ ਅਕਾਲ ਪੁਰਖ ਵਿਚ ਦ੍ਰਿੜ੍ਹ ਨਿਸ਼ਚਾ ਸਿੱਖ ਧਰਮ ਦਰਸ਼ਨ ਦਾ ਆਧਾਰ ਹੈ ਜਿਸ ਉੱਤੇ ਸਮੁੱਚੇ ਸਿੱਖ

ਆਚਾਰ-ਵਿਹਾਰ, ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਆਦਿ ਦੀ ਉਸਾਰੀ ਹੋਈ ਹੈ। ਇਸ ਤੱਥ ਦੀ ਪ੍ਰੋੜ੍ਹਤਾ ਦਾ ਪ੍ਰਮਾਣ ਮੂਲ-ਮੰਤਰ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ, ਜਪੁਜੀ ਸਾਹਿਬ ਤੋਂ ਪਹਿਲਾਂ, ਅੰਕਿਤ ਕੀਤਾ ਹੋਇਆ ਹੈ। ਸਮੁੱਚੀ ਬਾਣੀ ਮੂਲ ਮੰਤਰ ਤੋਂ ਸ਼ੁਰੂ ਹੁੰਦੀ ਹੈ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੇ ਸਰੂਪ ਦਾ ਨਿਰੂਪਣ ਕੀਤਾ ਹੈ। ਇਸ ਦਾ ਮੂਲ ਪਾਠ ਹੈ:

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥*

ਮੂਲ-ਮੰਤਰ ਦੇ ਅਰਥ ਹਨ: "ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ ਹੋਂਦ ਵਾਲਾ ਹੈ, ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰ੍ਹੇ ਹੈ, (ਭਾਵ ਜਿਸ ਦਾ ਸਰੀਰ ਨਾਸ-ਰਹਿਤ ਹੈ), ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।"[੪]

ਪਰਮਸਤਿ- ਪਰਮਾਤਮਾ ਦਾ ਜੋ ਸਰਬ-ਸਾਂਝਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਿਤਰਿਆ ਗਿਆ ਹੈ, ਉਹ ਅਦੁੱਤੀ ਹੈ ਅਤੇ ਧਾਰਮਿਕ ਵਿਚਾਰਧਾਰਾ ਦੇ ਇਤਿਹਾਸ ਵਿਚ ਨਿਵੇਕਲਾ ਤੇ ਸਰਬੋਤਮ ਹੈ। ਮੂਲ-ਮੰਤਰ ਵਿਚ ਪਰਮ-ਹਸਤੀ ਦੇ ਸਰੂਪ ਦਾ ਪ੍ਰਕਾਸ਼ਨ ਹੋਇਆ ਹੈ ਜੋ ਸਰਬਉੱਚ ਇਕਾਈ ਹੈ ਅਤੇ ਨਿਰਾਕਾਰ ਹੁੰਦਿਆਂ ਹੋਇਆਂ ਵੀ ਸ੍ਵੈ-ਸੰਪੂਰਨ ਹੈ। ਅਕਾਲ ਪੁਰਖ ਅਜਿਹੀ ਅਦ੍ਰਿਸ਼ਟ ਸੱਤਾ ਹੈ ਜਿਸ ਨੂੰ ਮਨੁੱਖੀ ਭੌਤਿਕ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ ਇਸ ਕਰਕੇ ਬਿਨਾਂ ਦੇਖੇ ਉਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਤੇ ਨਾ ਹੀ ਮਨੁੱਖ ਵਿਚ ਸਰਬ-ਉੱਚ ਹਕੀਕਤ ਨੂੰ ਜਾਣਨ ਦੀ ਸਮਰੱਥਾ ਹੈ। ਗੁਰਵਾਕ ਹੈ:

*ਅਦਿਸਟੁ ਦਿਸੈ ਤਾ ਕਹਿਆ ਜਾਇ॥ ਬਿਨੁ ਦੇਖੇ ਕਹਣਾ ਬਿਰਥਾ ਜਾਇ॥*
*(ਪੰਨਾ ੨੨੨)*

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਦੀ ਸਤਿਯਤਾ ਦਾ ਯਥਾਰਥ ਗਿਆਨ ਉਹੀ ਪ੍ਰਾਪਤ ਕਰ ਸਕਦਾ ਹੈ ਜੋ ਉਸ ਜਿਤਨਾ ਮਹਾਨ ਤੇ ਉੱਚਾ ਹੁੰਦਾ ਹੈ:

*ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ (ਪੰਨਾ ੫)*

ਗੁਰਬਾਣੀ ਵਿਚ ਅਕਾਲ ਪੁਰਖ ਨੂੰ ਅਵਿਅਕਤ ਮੰਨਿਆ ਗਿਆ ਹੈ:

*- ਅਮੁਲੋ ਅਮੁਲੁ ਆਖਿਆ ਨ ਜਾਇ॥ (ਪੰਨਾ ੫)*
*- ਤਾ ਕੀਆ ਗਲਾ ਕਥੀਆ ਨਾ ਜਾਹਿ॥ ਜੇ ਕੋ ਕਹੈ ਪਿਛੈ ਪਛੁਤਾਇ॥ (ਪੰਨਾ ੮)*

ਵਾਸਤਵਿਕਤਾ ਇਹ ਹੈ ਕਿ ਪਰਮਸਤਿ ਅਕਾਲ ਪੁਰਖ ਦਾ ਸਰੂਪ ਮਨੁੱਖ ਦੇ ਬੌਧਿਕ ਗਿਆਨ ਦਾ ਵਿਸ਼ਾ ਹੈ ਹੀ ਨਹੀਂ। ਉਸ ਦਾ ਬੋਧ ਤਾਂ ਇਕ ਤਰ੍ਹਾਂ ਦੀ

ਵਿਸਮਾਦੀ ਦਸ਼ਾ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। 'ਸਿਧ ਗੋਸਟਿ' ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਧਾਂ ਦੇ ਪ੍ਰਸ਼ਨ 'ਆਦਿ ਕਉ ਕਵਨ ਬਿਚਾਰ ਕਥੀਅਲੇ' ਦੇ ਉੱਤਰ ਵਿਚ ਆਖਦੇ ਹਨ: 'ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ' (੯੪੦) ਅਰਥਾਤ ਵਿਸ਼ਵ ਦੀ ਆਦਿ ਸੱਤਾ ਬਾਰੇ ਅਸੀਂ ਵਿਸਮਾਦ ਕਹਿਣ ਤੋਂ ਬਿਨਾਂ ਕੁਝ ਵੀ ਨਹੀਂ ਆਖ ਸਕਦੇ ਜੋ ਕਿਸੇ ਅਨੰਤ ਅਪਾਰ ਸ਼ਕਤੀ ਦੇ ਸਾਹਮਣੇ ਉਪਜਣ ਵਾਲੀ ਅਨੰਦਮਈ ਅਸਚਰਜਤਾ ਦਾ ਪ੍ਰਤੀਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਦੇ ਅਵਿਅਕਤ ਸਰੂਪ ਦਾ ਦੋ ਤਰ੍ਹਾਂ ਨਾਲ ਚਿਤਰਨ ਹੋਇਆ ਹੈ- ਨਿਰਗੁਣ ਤੇ ਸਰਗੁਣ। ਸਿੱਖ ਧਰਮ ਦਰਸ਼ਨ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਕ ਪਰਮਸਤਿ ਦੀਆਂ ਦੋ ਅਵਸਥਾਵਾਂ (ਨਿਰਗੁਣ ਤੇ ਸਰਗੁਣ) ਪ੍ਰਵਾਨ ਕੀਤੀਆਂ ਗਈਆਂ ਹਨ। ਸਰਗੁਣ ਨਿਰਗੁਣ ਦਾ ਹੀ ਵਿਅਕਤ ਸਰੂਪ ਹੈ ਤੇ ਅੰਤ ਸਰਗੁਣ ਨਿਰਗੁਣ ਵਿਚ ਹੀ ਸਮਾ ਜਾਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੀਸ਼ਵਰਵਾਦੀ ਸਿਧਾਂਤ (Monotheism) ਦੀ ਸਥਾਪਨਾ ਹੋਈ ਹੈ। ਸੰਪ੍ਰਦਾਈ ਵਿਦਵਾਨਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾ ਤੇ ਲਿਖਤੀ ਚਿੰਨ੍ਹ 'ਏਕਾ' '੧' ਹੈ ਤੇ ਇਹ ਏਕਾ ਇੱਕ ਅਕਾਲ ਪੁਰਖ ਵਾਹਿਗੁਰੂ ਦਾ ਲਖਾਇਕ ਹੈ ਤੇ ਇਸੇ ਏਕੇ ਦਾ ਭਾਵ ਹੀ ਸਾਰੀ ਗੁਰਬਾਣੀ ਵਿਚ ਪਸਰਿਆ ਹੋਇਆ ਹੈ।[੫] ਗੁਰੂ ਜੀ ਨੇ ਮੂਲ ਮੰਤਰ ਦੇ ਅਰੰਭ ਵਿਚ ਓਅੰਕਾਰ ਤੋਂ ਪਹਿਲਾਂ '੧' ਹਿੰਦਸਾ ਵਰਤ ਕੇ ਪਰਮ ਹਸਤੀ ਦਾ ਸਰੂਪ ਨਿਸ਼ਚਿਤ ਕਰ ਦਿੱਤਾ ਹੈ ਕਿਉਂਕਿ ਉਪਨਿਸ਼ਦਕ ਪਰੰਪਰਾ ਦੇ ਇਸ ਸ਼ਬਦ ਨੂੰ ਬ੍ਰਹਮ ਲਈ ਵਰਤਣ ਨਾਲ ਕਈ ਪ੍ਰਕਾਰ ਦੀਆਂ ਭ੍ਰਾਂਤੀਪੂਰਨ ਧਾਰਨਾਵਾਂ ਦੀ ਉਤਪਤੀ ਹੋ ਸਕਦੀ ਸੀ।[੬] '੧ਓ' 'ਦਾ ਦਾਰਸ਼ਨਿਕ ਪਹਿਲੂ ਤੋਂ ਵਿਸ਼ਲੇਸ਼ਣ ਕਰਦਿਆਂ ਡਾ. ਵਜ਼ੀਰ ਸਿੰਘ ਨੇ ਸਪਸ਼ਟ ਕੀਤਾ ਹੈ ਕਿ 'ਹਿੰਦਸੇ ਅਤੇ ਸ਼ਬਦ (੧ਓ) ਦੇ ਇਸ ਜੋੜ ਵਿਚ ਗੁਰੂ ਸਾਹਿਬਾਨ ਦਾ ਫ਼ਲਸਫ਼ਾ ਵਿਕਸਿਤ ਰੂਪ ਧਾਰਨ ਕਰਦਾ ਹੈ। ਇਸ ਮੌਕੇ ਓਅੰਕਾਰ ਵਿਚ ਅਤਿ ਡੂੰਘੇ ਵਿਚਾਰ ਤੇ ਸਿਧਾਂਤ ਛੁਪੇ ਪਏ ਹਨ। 'ਏਕ' 'ਹੈ' ਦਾ ਭਾਵ ਪ੍ਰਗਟਾਉਂਦਾ ਹੈ। ਫਰਜ਼ ਕਰੋ ਇੱਥੇ ਸਿਫਰ ਹੁੰਦੀ, ਜਿਸ ਦਾ ਭਾਵ ਕੁਝ ਨਹੀਂ ਹੈ ਤਾਂ ਨਾਂਹ-ਵਾਚਕ ਸਿਧਾਂਤ ਜਨਮ ਲੈਂਦਾ, ਸਭ ਸੁੰਨ-ਮਸੁੰਨ ਹੁੰਦਾ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾ ਰਹੇ ਹਨ: ਹਸਤੀ ਹੈ ਅਤੇ ਇਹ ਹਸਤੀ ਦੋ, ਤਿੰਨ ਜਾਂ ਵਧੀਕ ਨਹੀਂ , ਕੇਵਲ ਇੱਕ ਹੈ....ਗੁਰੂ ਜੀ ਨੇ ਓਅੰਕਾਰ ( ਜੋ ਅਨੇਕਤਾ ਦਾ ਪ੍ਰਤੀਕ ਹੈ) ਦੀ ਅਨੇਕਵਾਦੀ ਅਸਲੀਅਤ ਨੂੰ ਏਕਾ ਲਗਾ ਕੇ ਏਕਤਾ ਦਾ ਸੰਕਲਪ ਨਿਰਣੈ ਕੀਤਾ ਹੈ।"[੭]

ਮੂਲਮੰਤਰ ਤੋਂ ਇਲਾਵਾ ਗੁਰਬਾਣੀ ਵਿਚ ਅਨੇਕਾਂ ਵਾਰੀ ਪਰਮਾਤਮਾ ਦੇ 'ਇਕ' ਹੋਣ ਦੀ ਪੁਸ਼ਟੀ ਹੋਈ ਹੈ:

*– ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥* *(ਪੰਨਾ ੧੨੯੧)*
*– ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ॥* *(ਪੰਨਾ ੪੩੩)*
*– ਸਾਹਿਬ ਮੇਰਾ ਏਕੁ ਹੈ ਅਵਰੁ ਨਹੀ ਭਾਈ॥* *(ਪੰਨਾ ੪੨੦)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਦਾ ਵਾਚਕ ਸ਼ਬਦ 'ਸਤਿਨਾਮੁ' ਹੈ ਜਿਸ ਦਾ ਭਾਵ ਸਰਬ-ਵਿਆਪੀ ਸੱਤਯਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਤੇਰਾ ਸਚੁ ਨਾਮੁ ਪਰਮੇਸਰਾ' (ਪੰਨਾ ੧੧੬੮) ਤੁਕ ਦੁਆਰਾ ਅਕਾਲ ਪੁਰਖ ਦਾ ਨਾਮ ਸੱਚਾ ਹੋਣ ਦੀ ਪ੍ਰੋੜ੍ਹਤਾ ਕੀਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਪਰਮਾਤਮਾ ਦੀ ਹੋਂਦ ਨੂੰ ਜਿਤਲਾਉਣ ਵਾਲਾ ਅਤਿਅੰਤ ਪੁਰਾਤਨ ਨਾਮ 'ਸਤਿਨਾਮੁ' ਹੀ ਹੈ ਤੇ ਜੀਭ ਦੁਆਰਾ ਕਥਨ ਕੀਤੇ ਜਾਣ ਵਾਲੇ ਬਾਕੀ ਸਾਰੇ ਨਾਮ ਬਨਾਵਟੀ ਹਨ:

*ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥*
*(ਪੰਨਾ ੧੦੮੩)*

ਸਿੱਖ ਵਿਦਵਾਨਾਂ ਨੇ 'ਸਤਿ' ਸ਼ਬਦ ਦੇ ਵੱਖ-ਵੱਖ ਅਰਥ ਕੀਤੇ ਹਨ। 'ਅਸੁ' ਧਾਤੂ ਤੋਂ ਵਿਉਤਪਨ ਹੋਣ ਕਰਕੇ 'ਸਤਿ' ਦਾ ਸ਼ਾਬਦਿਕ ਅਰਥ ਸਦਾ ਵਿਦਮਾਨ ਰਹਿਣ ਵਾਲਾ ਹੈ।[੮] ਭਾਈ ਕਾਨ੍ਹ ਸਿੰਘ ਅਨੁਸਾਰ ਇਸ ਦਾ ਅਰਥ "ਤਿੰਨ ਕਾਲ ਵਿਚ ਇਕ-ਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ ਹੈ।"[੯] ਪ੍ਰਿੰ: ਤੇਜਾ ਸਿੰਘ ਇਸ ਦਾ ਅਰਥ "ਅਕਾਲ ਪੁਰਖ ਦਾ ਨਾਮ ਸਤਿ ਹੈ ਉਹ ਅਸਲੀਅਤ ਜਾਂ ਸੱਚਾਈ ਹੈ ਜੋ ਘਟਦੀ, ਵਧਦੀ ਜਾਂ ਬਦਲਦੀ ਨਹੀਂ"[੧੦] ਅਤੇ ਸ. ਸੋਹਣ ਸਿੰਘ ਵਾਸਤਵਿਕ ਜਾਂ ਯਥਾਰਥ (The Real) ਅਤੇ ਨਾਮ ਦੀ ਸਪਿਰਟ ਕਰਦੇ ਹਨ।[੧੧] ਡਾ. ਵਜ਼ੀਰ ਸਿੰਘ ਦੇ ਸ਼ਬਦਾਂ ਵਿਚ 'ਸਤਿ' ਇਕ ਸਦੀਵੀ ਹਸਤੀ ਦਾ ਪ੍ਰਤੀਕ ਹੈ।[੧੨]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਦੀ ਨਿਰੋਲ ਏਕਤਾ ਤੇ ਸਦੀਵਤਾ ਭਾਵ ਸੱਤਯਤਾ ਨੂੰ ਦ੍ਰਿੜ੍ਹ ਕਰਵਾਉਣ ਤੋਂ ਬਾਅਦ ਉਸ ਦਾ ਸਭ ਤੋਂ ਪਹਿਲਾ ਗੁਣ 'ਕਰਤਾ' ਭਾਵ ਸ੍ਰਿਸ਼ਟੀ ਦਾ ਸਿਰਜਣਹਾਰ ਹੋਣਾ ਦੱਸਿਆ ਹੈ। 'ਕਰਤਾ' ਸ਼ਬਦ ਸੰਸਕ੍ਰਿਤ ਦੇ 'ਕਰਤ੍ਰੀ' ਤੋਂ ਹੈ ਜਿਸ ਦਾ ਭਾਵ ਹੈ ਕਰਨੇ ਵਾਲਾ, ਸਾਜਣੇ ਵਾਲਾ।[੧੩] ਗੁਰਬਾਣੀ ਅਨੁਸਾਰ ਅਕਾਲ ਪੁਰਖ ਨੇ ਆਪਣੀ ਕਰਤਾਰੀ ਸ਼ਕਤੀ ਦੁਆਰਾ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ:

*ਤੂ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟ ਉਪਾਤੀ॥*
*ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥* *(ਪੰਨਾ ੧੩੮)*

ਉਸ ਤੋਂ ਬਿਨਾਂ ਹੋਰ ਕੋਈ ਕਰਣ-ਕਾਰਣ ਨਹੀਂ ਹੈ। ਕੇਵਲ ਅਕਾਲ ਪੁਰਖ ਸਾਰੀ ਕੁਦਰਤਿ ਦਾ 'ਕਾਦਿਰ ਕਰਤਾ' ਹੈ। ਕਰਤਾ ਨਾਲ 'ਪੁਰਖ' ਦਾ ਜੁੜਿਆ ਹੋਣਾ ਅਕਾਲ ਪੁਰਖ ਦੇ ਵਿਅਕਤੀਗਤ ਸਰੂਪ ਦਾ ਲਖਾਇਕ ਹੈ ਅਰਥਾਤ ਉਸ ਵਿਚ

ਪੁਰਖੀ ਗੁਣ ਹਨ। ਸ. ਸੋਹਣ ਸਿੰਘ ਅਨੁਸਾਰ 'ਪੁਰਖ' ਤੋਂ ਇੱਥੇ ਭਾਵ ਉਹ ਪਰਮ-ਹਸਤੀ ਹੈ ਜਿਸ ਦਾ ਸੁਭਾਅ 'ਚਿਤ' (Consciousness) ਅਤੇ 'ਆਨੰਦ' (Bliss) ਹੈ।[੧੪] ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਜਾਪਦਾ ਹੈ ਕਿ ਕਰਤਾ ਦੇ ਨਾਲ ਆਇਆ ਪੁਰਖ ਸਾਂਖ ਸ਼ਾਸਤਰ ਦੇ 'ਪੁਰਸ਼' ਦਾ ਸਮਾਨਾਰਥਕ ਨਹੀਂ ਜਿਸ ਦਾ ਪ੍ਰਯੋਗ ਪ੍ਰਕਿਰਤੀ ਦੇ ਪ੍ਰਸੰਗ ਵਿਚ ਕੀਤਾ ਗਿਆ ਹੈ ਅਤੇ ਇਹ ਪੁਰਖ ਅਨੇਕ ਮੰਨੇ ਗਏ ਹਨ। ਗੁਰਮਤਿ ਦਰਸ਼ਨ ਵਿਚ 'ਪੁਰਖ' ਇਕ-ਈਸ਼ਵਰਵਾਦੀ ਸੰਕਲਪ ਹੈ ਜਿਸ ਵਿਚ ਅਨੇਕਤਾ ਦਾ ਸਥਾਨ ਹੈ ਹੀ ਨਹੀਂ। ਅਕਾਲ ਪੁਰਖ ਇੱਕੋ ਸਮੇਂ ਆਪਣੀ ਰਚਨਾ ਵਿਚ ਵਿਆਪਕ ਹੈ ਅਤੇ ਉਸ ਤੋਂ ਉਚੇਰਾ ਅਗੋਚਰ ਵੀ ਹੈ। ਪਰਮ ਹਸਤੀ ਅੰਦਰ ਤੇ ਬਾਹਰ, ਗੁਪਤ ਤੇ ਪ੍ਰਗਟ, ਸੂਖਮ ਤੇ ਅਸਥੂਲ, ਏਕ ਤੇ ਅਨੇਕ ਸਭ ਕੁਝ ਆਪ ਹੀ ਆਪ ਹੈ। ਡਾ. ਨਿਰਭੈ ਸਿੰਘ ਦੀ ਰਾਇ ਹੈ ਕਿ 'ਇਕ' ਸਥੂਲ ਗਤੀਸ਼ੀਲ ਏਕਾਤਮਕਤਾ ਹੈ ਜਿਹੜੀ ਆਪਣੇ ਆਪ ਨੂੰ ਇਕਾਈਆਂ ਦੀ ਅਨੇਕਤਾ ਵਿਚ ਰੂਪਮਾਨ ਕਰਦੀ ਹੈ।[੧੫] ਡਾ. ਗੁਰਨਾਮ ਕੌਰ ਦੇ ਸ਼ਬਦਾਂ ਵਿਚ "ਗੁਰਮਤਿ ਵਿਚ ਅਕਾਲ ਪੁਰਖ ਦਾ ਜੋ ਨਿਰਗੁਣ ਤੇ ਸਰਗੁਣ ਸਰੂਪ ਚਿਤਰਿਆ ਹੈ ਉਹ ਨਿਰੋਲ ਗੁਰਮਤਿ ਦਾ ਆਪਣਾ ਹੈ। ੧ਓ ਦਾ ਅਪ੍ਰਗਟ ਤੋਂ ਪ੍ਰਗਟ ਰੂਪ (manifestation) ਵਿਚ ਆਉਣਾ ਉਸ ਦਾ ਨਿਰਗੁਣ ਤੋਂ ਸਰਗੁਣ ਸਰੂਪ ਵਿਚ ਆਉਣਾ ਹੈ।...ਉਹ ਆਪ ਹੀ ਸੁੰਨ ਸਮਾਧੀ ਵਿੱਚੋਂ ਗੁਪਤ ਤੋਂ ਪ੍ਰਗਟ ਹੋਇਆ ਅਤੇ ਉਸ ਨੇ ਸ੍ਰਿਸ਼ਟੀ ਰਚਨਾ ਦਾ ਅਰੰਭ ਕੀਤਾ।"[੧੬]

ਸਿੱਖ ਧਰਮ ਚਿੰਤਨ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਸ ਦਾ ਤੱਤ-ਮੀਮਾਂਸਕ ਢਾਂਚਾ ਨਿਰੰਕਾਰ ਤੇ ਆਕਾਰ, ਨਿਰਗੁਣ ਤੇ ਸਰਗੁਣ, ਏਕ ਤੇ ਅਨੇਕ ਦੇ ਵਿਰੋਧੀ ਜਾਪਦੇ ਸੰਕਲਪਾਂ ਨੂੰ ਮਿਲਾ ਦਿੰਦਾ ਹੈ। 'ਇੱਕ' ਦਾ ਸੂਖਮ ਤੱਤ ਹੀ ਦ੍ਰਿਸ਼ਟਮਾਨ ਸੰਸਾਰ ਦੀਆਂ ਅਸਥੂਲ ਚੀਜ਼ਾਂ ਵਿਚ ਪ੍ਰਤੀਬਿੰਬਤ ਹੁੰਦਾ ਹੈ। ਪਰਮਾਤਮਾ ਦੀ ਏਕਤਾ ਦਾ ਭਾਵ ਗੁਰਬਾਣੀ ਵਿਚ ਉਸ ਦੇ ਜੋਤਿ ਸਰੂਪ ਦੁਆਰਾ ਦਰਸਾਇਆ ਗਿਆ ਹੈ। ਅਕਾਲ ਪੁਰਖ ਜੋਤਿ ਰੂਪ ਹੋ ਕੇ ਆਪਣੀ ਰਚਨਾ ਵਿਚ ਪ੍ਰਕਾਸ਼ਮਾਨ ਹੋ ਰਿਹਾ ਹੈ:

*ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥*
*(ਪੰਨਾ ੧੩ )*

ਇਹ ਸਰਬ-ਵਿਆਪਕ ਜੋਤਿ ਜੀਵ ਦੇ ਅੰਦਰ ਵੀ ਸੁਭਾਇਮਾਨ ਹੈ। ਭਗਤ ਕਬੀਰ ਜੀ ਨੇ ਸਪਸ਼ਟ ਸ਼ਬਦਾਂ ਵਿਚ ਸਮਝਾਇਆ ਹੈ ਕਿ ਸਭ ਬੰਦੇ ਕੁਦਰਤ ਦੇ ਹਨ ਤੇ ਸਭ ਦਾ ਕਾਦਰ ਪ੍ਰਭੂ ਹੈ। ਸਾਰੇ ਇਕ ਨੂਰ ਤੋਂ ਪੈਦਾ ਹੋਏ ਹਨ ਤੇ ਸਭ ਦੀ ਮਿੱਟੀ ਇੱਕ ਹੈ:

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*

*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥* *(ਪੰਨਾ ੧੩੪੯)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੂਹ ਮਾਨਵ-ਜਾਤੀ ਦੇ ਅੰਦਰ ਨਿਵਾਸ ਕਰ ਰਹੀ ਇਕ ਜੋਤਿ ਦੇ ਪ੍ਰਕਾਸ਼ ਉੱਪਰ ਬਲ ਦੇ ਕੇ ਮਨੁੱਖਤਾ ਨੂੰ ਰੂਹਾਨੀ ਜਾਗ੍ਰਿਤੀ ਅਤੇ ਨੈਤਿਕ ਚੇਤਨਾ ਦਾ ਮਾਰਗ ਸੁਝਾਇਆ ਗਿਆ ਹੈ।

ਮੂਲ ਮੰਤਰ ਵਿਚ ਅਕਾਲ ਪੁਰਖ ਦੀ ਵਡਿਆਈ ਦਾ ਵਿਸ਼ੇਸ਼ ਗੁਣ 'ਨਿਰਭਉ' ਹੈ। ਡਰ ਹੁੰਦਾ ਹੈ ਆਪਣੇ ਤੋਂ ਵੱਡੇ ਜਾਂ ਬਰਾਬਰ ਦੇ ਦਾ। ਗੁਰਬਾਣੀ ਵਿਚ 'ਤਿਸ ਤੇ ਊਪਰਿ ਨਾਹੀ ਕੋਇ' (ਪੰਨਾ ੮੪੨) ਅਤੇ 'ਤੁਧੁ ਜੇਵਡੁ ਅਵਰੁ ਨਾ ਕੋਈ' (ਪੰਨਾ ੩੪੮) ਤੁਕਾਂ ਦਰਸਾਉਂਦੀਆਂ ਹਨ ਕਿ ਨਾ ਤੇ ਉਸ ਤੋਂ ਉਚੇਰਾ ਕੋਈ ਹੈ ਤੇ ਨਾ ਹੀ ਬਰਾਬਰ ਦਾ, ਇਸ ਲਈ ਉਹ 'ਨਿਰਭਉ' ਹੈ ਕਿਉਂਕਿ ਅਕਾਲ ਪੁਰਖ ਸਭ ਤੋਂ ਵੱਡਾ ਹੈ ਅਤੇ ਸਾਰੇ ਉਸ ਦੁਆਰਾ ਸਾਜੇ ਗਏ ਹਨ ਇਸ ਲਈ ਉਹ 'ਨਿਰਵੈਰ' ਵੀ ਹੈ।

ਅਕਾਲ ਪੁਰਖ ਅਜਿਹੀ ਹਸਤੀ, ਹੋਂਦ ਜਾਂ ਸਰੂਪ ਹੈ ਜੋ ਕਾਲ ਵਿਚ ਨਹੀਂ ਆਉਂਦਾ। 'ਜੋ ਉਪਜੇ ਸੋ ਕਾਲਿ ਸੰਘਾਰਿਆ' ਅਨੁਸਾਰ ਕਾਲ ਉਸੇ ਨੂੰ ਗ੍ਰਸਦਾ ਹੈ ਜਿਸ ਦਾ ਜਨਮ ਹੋਵੇ ਪਰ ਉਸ ਦੀ ਨਾ ਮਾਤਾ ਹੈ ਤੇ ਨਾ ਹੀ ਪਿਤਾ ਇਸ ਲਈ 'ਅਕਾਲ ਮੂਰਤਿ' ਅਤੇ 'ਅਜੂਨੀ' ਹੈ। ਅਜੂਨੀ ਹੋਣ ਕਰਕੇ ਉਹ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋਇਆ ਹੈ ਭਾਵ ਉਸ ਦੀ ਹੋਂਦ 'ਸੈਭੰ' ਅਰਥਾਤ ਆਪਣੇ ਆਪ ਤੋਂ ਹੋਈ ਹੈ। ਗੁਰਵਾਕ ਹਨ:

*ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ (ਪੰਨਾ ੨)*

ਗੁਰਬਾਣੀ ਅਨੁਸਾਰ ਅਕਾਲ ਪੁਰਖ ਨੇ ਖੁਦ ਹੀ ਆਪਣੇ ਆਪ ਦੀ ਸਿਰਜਣਾ ਕੀਤੀ ਹੈ:

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਓ॥* *(ਪੰਨਾ ੪੬੩)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਦੇ ਸਰੂਪ ਨੂੰ ਉਜਾਗਰ ਕਰਨ ਵਾਲੇ ਹੋਰ ਅਨੇਕਾਂ ਨਾਮ ਆਏ ਹਨ ਜਿਵੇਂ ਨਿਰੰਜਨ, ਪਰਮੇਸਰੁ, ਸਰਬ ਵਿਆਪਕ, ਅੰਤਰਯਾਮੀ, ਸਰਬ ਸਕਤੀਮਾਨ, ਗਹਿਰ ਗੰਭੀਰ, ਦਾਤਾ, ਪ੍ਰਤਿਪਾਲਕ, ਬਖਸਣਹਾਰ, ਸੁਆਮੀ, ਪਾਤਿਸਾਹ, ਸੁਲਤਾਨ, ਕੰਤੁ, ਪਿਰ, ਬਿਧਾਤਾ, ਖਸਮ, ਕਰੀਮ, ਕਬੀਰ, ਅਲਾਹ ਆਦਿ। ਇਨ੍ਹਾਂ ਤੋਂ ਇਲਾਵਾ ਠਾਕੁਰ, ਮਾਧੋ, ਗੋਪਾਲ, ਮੁਰਾਰੀ, ਮਧੁਸੂਦਨ, ਰਾਮ ਆਦਿ ਸ਼ਬਦ ਵੀ ਅਕਾਲ ਪੁਰਖ ਲਈ ਵਰਤੇ ਗਏ ਹਨ। ਇਹ ਨਾਮ ਅਵਤਾਰਵਾਦ ਦਾ ਭੁਲੇਖਾ ਪਾ ਸਕਦੇ ਹਨ ਕਿਉਂਕਿ ਇਨ੍ਹਾਂ ਸ਼ਬਦਾਂ ਦਾ ਸੰਬੰਧ ਉਸ ਧਾਰਮਿਕ ਪ੍ਰਣਾਲੀ ਨਾਲ ਹੈ ਜੋ ਵਿਸ਼ਵਾਸ ਕਰਦੇ ਹਨ ਕਿ ਧਰਮ ਦੀ ਸਥਾਪਨਾ ਲਈ ਭਗਵਾਨ ਧਰਤੀ 'ਤੇ ਅਵਤਾਰ ਲੈਂਦਾ ਹੈ। ਇਸ ਭ੍ਰਾਂਤੀ ਤੋਂ ਬਚਣ ਲਈ ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਜਾਪਦਾ ਹੈ ਕਿ ਗੁਰਬਾਣੀ ਵਿਚ ਅਵਤਾਰਵਾਦ ਦਾ ਜ਼ੋਰਦਾਰ

ਸ਼ਬਦਾਂ ਵਿਚ ਖੰਡਨ ਕੀਤਾ ਗਿਆ ਹੈ।

**ਸ੍ਰਿਸ਼ਟੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਚਿੰਤਨ ਨਾਲ ਸੰਬੰਧਿਤ ਦੂਜਾ ਤੱਤ ਮੀਮਾਂਸਕ ਸੰਕਲਪ ਸ੍ਰਿਸ਼ਟੀ ਹੈ। ਸ੍ਰਿਸ਼ਟੀ ਸ਼ਬਦ ਸੰਸਕ੍ਰਿਤ ਮੂਲਕ ਸ਼ਬਦ 'ਸ੍ਰਿਸ਼ਟ' ਦਾ ਪੰਜਾਬੀ ਰੂਪ ਹੈ।[੧੭] ਇਹ ਸ੍ਰਿਸ਼ਟੀ ਗੁੰਝਲਦਾਰ ਬੁਝਾਰਤ ਹੈ। ਇਸ ਨਾਲ ਸੰਬੰਧਿਤ ਮਹੱਤਵਪੂਰਨ ਪ੍ਰਸ਼ਨ ਹਨ ਕਿ ਸ੍ਰਿਸ਼ਟੀ ਦੀ ਰਚਨਾ ਤੋਂ ਪੂਰਵ-ਅਵਸਥਾ ਕੀ ਸੀ? ਸ੍ਰਿਸ਼ਟੀ ਕਦੋਂ, ਕਿਉਂ ਤੇ ਕਿਵੇਂ ਹੋਂਦ ਵਿਚ ਆਈ? ਸ੍ਰਿਸ਼ਟੀ ਦਾ ਸਰੂਪ ਕੀ ਹੈ? ਇਸ ਦਾ ਸਿਰਜਣਹਾਰ ਨਾਲ ਕਿਸ ਤਰ੍ਹਾਂ ਦਾ ਸੰਬੰਧ ਹੈ? ਆਦਿ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਧਾਰਮਿਕ ਆਗੂਆਂ, ਤੱਤ-ਵੇਤਿਆਂ, ਦਾਰਸ਼ਨਿਕਾਂ ਤੇ ਵਿਚਾਰਵਾਨਾਂ ਦੁਆਰਾ ਸਮੇਂ-ਸਮੇਂ ਦਿੱਤੇ ਜਾਂਦੇ ਰਹੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸ੍ਰਿਸ਼ਟੀ ਦਾ ਰਚਣਹਾਰ, ਸ੍ਰਿਸ਼ਟਾ ਜਾਂ ਕਰਤਾ ਅਕਾਲ ਪੁਰਖ ਆਪ ਹੈ। 'ਸਿਧ ਗੋਸਟਿ' ਵਿਚ ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸ੍ਰਿਸ਼ਟੀ ਰਚਨਾ ਤੋਂ ਪੂਰਵ-ਅਵਸਥਾ ਬਾਰੇ ਪ੍ਰਸ਼ਨ ਕੀਤਾ ਤਾਂ ਆਪ ਨੇ ਉੱਤਰ ਦਿੰਦਿਆਂ ਕਿਹਾ:

*ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥*

*(ਪੰਨਾ ੯੪੦)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰਿਸ਼ਟੀ ਰਚਨਾ ਤੋਂ ਪੂਰਬਲੀ ਅਵਸਥਾ ਦਾ ਵਿਸਥਾਰ ਸਹਿਤ ਵਰਣਨ ਮਿਲਦਾ ਹੈ ਜਦੋਂ ਧਰਤੀ, ਅਕਾਸ਼, ਚੰਦ, ਸੂਰਜ, ਦਿਨ, ਰਾਤ, ਹਵਾ, ਨਦੀਆਂ, ਸਮੁੰਦਰ, ਵੇਦ, ਸ਼ਾਸਤਰ, ਪੁਰਾਣ, ਕਤੇਬਾਂ, ਤੀਰਥ ਅਸਥਾਨ, ਜਾਤੀਆਂ, ਖਾਣੀਆਂ, ਬਾਣੀਆਂ, ਬ੍ਰਹਮਾ, ਵਿਸ਼ਨੂੰ, ਸ਼ਿਵ, ਇਸਤਰੀ, ਪੁਰਖ, ਆਦਿ ਕੁਝ ਵੀ ਨਹੀਂ ਸੀ। ਅਨੰਤ ਯੁੱਗਾਂ ਤਕ ਘੁੱਪ ਹਨੇਰਾ ਸੀ ਅਤੇ ਨਿਰੰਕਾਰ ਨਿਰਵਿਕਲਪ ਸੁੰਨ-ਸਮਾਧੀ ਵਿਚ ਅਸਥਿਤ ਸੀ:

- *ਕੇਤੜਿਆ ਜੁਗ ਧੁੰਧੂਕਾਰੈ॥ ਤਾੜੀ ਲਾਈ ਸਿਰਜਣਹਾਰੈ॥* *(ਪੰਨਾ ੧੦੨੩)*
- *ਕੇਤੜਿਆ ਦਿਨ ਸੁੰਨਿ ਸਮਾਇਆ* *(ਪੰਨਾ ੧੦੮੧)*

ਸਧਾਰਨ ਤੌਰ 'ਤੇ ਵਿਚਾਰਿਆਂ ਇਸ ਅਵਸਥਾ ਦਾ ਭਾਵ 'ਕੁਝ ਵੀ ਨਹੀਂ' ਦੀ ਹਾਲਤ ਜਾਪਦਾ ਹੈ ਪਰ ਗੁਰਮਤਿ ਦਰਸ਼ਨ ਦੀ ਤੱਤ-ਮੀਮਾਂਸਕ ਦ੍ਰਿਸ਼ਟੀ ਤੋਂ 'ਸੁੰਨ' ਦਾ ਅਰਥ ਅਣਹੋਂਦ ਨਹੀਂ ਮੰਨਿਆ ਗਿਆ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਵਿਚ ਅਕਾਲ ਪੁਰਖ ਨਿਰਗੁਣ (ਅਫੁਰ) ਸਰੂਪ ਵਿਚ ਵਰਤ ਰਿਹਾ ਸੀ। ਜਦੋਂ ਉਸ ਦੀ ਇੱਛਾ ਹੋਈ ਉਸ ਨੇ ਆਪਣੇ ਆਪ ਨੂੰ ਸਰਗੁਣ (ਫੁਰ) ਸਰੂਪ ਵਿਚ ਪ੍ਰਗਟ ਕਰ ਦਿੱਤਾ। ਗੁਰਬਾਣੀ ਅਨੁਸਾਰ ਇਸ ਸੁੰਨ ਤੋਂ ਹੀ ਅਨੇਕ ਭਾਂਤੀ ਸ੍ਰਿਸ਼ਟੀ ਦੀ ਰਚਨਾ ਹੋਈ ਮੰਨੀ ਗਈ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਇਸ ਸੁੰਨ ਵਿੱਚੋਂ ਉਪਜੀ ਸ੍ਰਿਸ਼ਟੀ ਦੀ

ਰਚਨਾ ਕਦੋਂ ਹੋਈ ਦਾ ਰਹੱਸ ਕੇਵਲ ਕਰਤਾ ਹੀ ਜਾਣਦਾ ਹੈ ਜਿਸ ਨੇ ਇਸ ਨੂੰ ਸਾਜਿਆ ਹੈ:

*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ (ਪੰਨਾ ੪)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰਿਸ਼ਟੀ ਕਿਉਂ ਤੇ ਕਿਵੇਂ ਰਚੀ ਗਈ ਪ੍ਰਸ਼ਨ ਦੇ ਸਬੰਧ ਵਿਚ ਕਰਤਾ ਪੁਰਖ ਦੀ ਇੱਛਾ-ਸ਼ਕਤੀ ਦਾ ਸਿਧਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ। ਅਕਾਲ ਪੁਰਖ ਨੂੰ ਜਦੋਂ ਸ੍ਰਿਸ਼ਟੀ ਰਚਣ ਦੀ ਇੱਛਾ ਹੋਈ ਤਾਂ ਉਸ ਨੇ ਆਪਣੀ ਲੀਲ੍ਹਾ ਵੇਖਣ ਲਈ ਪੰਜਾਂ ਤੱਤਾਂ ਦਾ ਵਿਸਥਾਰ ਕਰ ਦਿੱਤਾ:

*- ਜਾ ਤਿਸੁ ਭਾਣਾ ਤਾ ਜਗਤੁ ਉਪਾਇਆ (ਪੰਨਾ ੧੦੩੬)*

*- ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ॥ (ਪੰਨਾ ੪੩੩)*

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸ੍ਰਿਸ਼ਟੀ ਰਚਨਾ ਦਾ ਮਾਧਿਅਮ ਅਕਾਲ ਪੁਰਖ ਦਾ 'ਹੁਕਮ' ਹੈ ਜਿਸ ਦੇ ਪ੍ਰਭਾਵ ਦੇ ਅੰਤਰਗਤ ਸਾਰੀ ਸ੍ਰਿਸ਼ਟੀ ਹੈ:

*ਏਕੋ ਹੁਕਮੁ ਵਰਤੈ ਸਭ ਲੋਈ॥ ਏਕਸੁ ਤੇ ਸਭ ਓਪਤਿ ਹੋਈ॥ (ਪੰਨਾ ੨੨੩)*

ਗੁਰਮਤਿ ਦਰਸ਼ਨ ਦੇ ਸੰਦਰਭ ਵਿਚ ਡਾ: ਨਿਰਭੈ ਸਿੰਘ ਨੇ ਸਾਰੇ ਦ੍ਰਿਸ਼ਟਮਾਨ ਪਸਾਰੇ ਦੇ ਮੂਲ ਕਾਰਨ ਨੂੰ ਦੈਵੀ ਡਾਈਨੈਮਿਕ ਸਿਧਾਂਤ ਦਾ ਨਾਂ ਦਿੱਤਾ ਹੈ[੧੮] ਜੋ ਸ੍ਰਿਸ਼ਟੀ ਰਚਨਾ ਤੋਂ ਪੂਰਵ-ਅਵਸਥਾ ਵਿਚ ਵੀ ਵਿਆਪਕ ਸੀ। ਜਪੁਜੀ ਸਾਹਿਬ ਵਿਚ ਸਾਮੀ ਧਰਮ ਪਰੰਪਰਾ ਵਿਚ ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰ 'ਕੁਨ' (ਹੋ ਜਾ) ਨੂੰ 'ਕੀਤਾ ਪਸਾਓ ਏਕੋ ਕਵਾਓ' ਸ਼ਬਦਾਂ ਦੁਆਰਾ ਪ੍ਰਸਤੁਤ ਕੀਤਾ ਹੈ। ਸ. ਸ਼ੇਰ ਸਿੰਘ ਦਾ ਵਿਚਾਰ ਹੈ ਕਿ "ਗੁਰਮਤਿ ਦੇ ਸ੍ਰਿਸ਼ਟੀ ਰਚਨਾ ਦੇ ਸੰਕਲਪ ਵਿਚ ਤਰਕਸ਼ੀਲਤਾ ਹੈ ਇਸ ਲਈ 'ਕੀਤਾ ਪਸਾਓ' ਦਾ ਭਾਵ ਇਹ ਨਹੀਂ ਹੈ ਕਿ ਸ੍ਰਿਸ਼ਟੀ ਅਚਨਚੇਤ ਹੀ ਅਣਹੋਂਦ ਤੋਂ ਹੋਂਦ ਵਿਚ ਆ ਗਈ। ਪਸਾਓ ਦਾ ਧਾਤੂ ਹੈ: ਪਸਰਨਾ, ਫੈਲਣਾ, ਵਧਣਾ ਫੁਲਣਾ। ਇਸ ਦਾ ਭਾਵ ਐਵੋਲਿਊਸ਼ਨ ਤੋਂ ਹੈ।"[੧੯] ਗੁਰਬਾਣੀ ਵਿਚ ਆਇਆ ਹੈ- ਰਚਨਾ ਰਾਚਿ ਰਹੇ ਨਿਰੰਕਾਰੀ (ਪੰਨਾ ੧੧੦੭) ਭਾਵ ਸ੍ਰਿਸ਼ਟੀ ਰਚਨਾ ਦਾ ਕਾਰਜ ਅਕਾਲ ਪੁਰਖ ਦੁਆਰਾ ਨਿਰੰਤਰ ਜਾਰੀ ਹੈ।

ਗੁਰਮਤਿ ਅਨੁਸਾਰ ਅਕਾਲ ਪੁਰਖ ਜਿੱਥੇ ਸ੍ਰਿਸ਼ਟੀ ਦਾ ਇੱਕੋ ਇੱਕ ਸਿਰਜਣਹਾਰ ਹੈ, ਉੱਥੇ ਉਹ ਇਸ ਦਾ ਸਮੁੱਚਾ ਸੰਚਾਲਨ ਵੀ ਆਪਣੇ ਦੈਵੀ ਵਿਧਾਨ ਦੁਆਰਾ ਵਿਵਸਥਿਤ ਰੂਪ ਵਿਚ ਕਰ ਰਿਹਾ ਹੈ ਅਤੇ ਜਦੋਂ ਉਸ ਨੂੰ ਭਾਉਂਦਾ ਹੈ ਇਸ ਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ। ਗੁਰਵਾਕ ਹਨ:

*- ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥ (ਪੰਨਾ ੧੨੮੮)*

*- ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ॥ (ਪੰਨਾ ੪੩੩)*

ਇਸ ਤਰ੍ਹਾਂ ਸ੍ਰਿਸ਼ਟੀ ਦੀ ਸਿਰਜਣਾ, ਸੰਚਾਲਨ ਤੇ ਅੰਤ ਕਰਨ ਦੀ ਸੰਪੂਰਨ ਪ੍ਰਕਿਰਿਆ ਅਕਾਲ ਪੁਰਖ ਦੇ ਹੁਕਮ ਅਧੀਨ ਚੱਲ ਰਹੀ ਹੈ। ਸਿੱਖ ਚਿੰਤਨ ਦੇ

ਤੱਤ-ਮੀਮਾਂਸਕ ਪਹਿਲੂ ਤੋਂ ਵਿਚਾਰਿਆਂ ਇਹ ਸ੍ਰਿਸ਼ਟੀ ਇਕਾਈਆਂ ਤੇ ਅੰਤਰ-ਸੰਬੰਧਾਂ ਦੀ ਵਿਵਸਥਾ ਹੈ। "ਸਿੱਖ ਧਰਮ 'ਇਕ ਧਾਤ' ਭਾਵ ਤੱਤ ਦੀ ਸੰਪੂਰਨ, ਇਕ-ਸੁਰ ਨਿਰੰਤਰਤਾ ਦੇ ਸੰਕਲਪ ਨੂੰ ਪ੍ਰਵਾਨ ਕਰਦਾ ਹੈ ਅਤੇ ਅੰਤਰ-ਸੰਬੰਧ ਰਚਨਾਤਮਿਕ ਦੈਵੀ ਸਿਧਾਂਤ ਦੇ ਅੰਤਰਗਤ ਮੰਨੇ ਗਏ ਹਨ।"[੨੦]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰਿਸ਼ਟੀ ਦੇ ਸਰੂਪ ਦਾ ਨਿਰਣਾ ਕਰਦਿਆਂ ਇਸ ਨੂੰ ਸਤਿ ਅਤੇ ਅਸਤਿ ਦੋਵੇਂ ਆਖਿਆ ਗਿਆ ਹੈ। ਸ੍ਰਿਸ਼ਟੀ ਅਤੇ ਅਕਾਲ ਪੁਰਖ ਵਿਚ ਏਕਾਤਮਕ ਸੰਬੰਧ ਦੇ ਪੱਖ ਤੋਂ ਰਚਨਾ ਸਤਿ ਜਾਪਦੀ ਹੈ ਪਰ ਜੇ ਸ੍ਰਿਸ਼ਟੀ ਨੂੰ ਸ੍ਰਿਸ਼ਟੀ ਦੇ ਤੌਰ 'ਤੇ ਵੇਖਿਆ ਜਾਵੇ ਤਾਂ ਅਸਤਿ ਭਾਸਦੀ ਹੈ। ਇਸ ਜਗਤ ਦਾ ਮੂਲਾਧਾਰ ਤੱਤ ਪਰਮਾਤਮਾ ਕਿਉਂਕਿ ਸੱਚਾ ਹੈ ਅਤੇ ਚੇਤਨ ਰੂਪ ਹੋ ਕੇ ਆਪਣੀ ਰਚਨਾ ਵਿਚ ਸਮਾਇਆ ਹੋਇਆ ਹੈ। ਗੁਰਬਾਣੀ ਅਨੁਸਾਰ ਸ੍ਰਿਸ਼ਟੀ ਵਿਚ ਪਰਮਾਤਮਾ ਦਾ ਵਾਸਾ ਹੈ ਅਤੇ ਸੱਚੇ ਦੁਆਰਾ ਰਚੇ ਗਏ ਖੰਡ, ਬ੍ਰਹਿਮੰਡ, ਲੋਕ, ਆਕਾਰ, ਕੁਦਰਤਿ ਆਦਿ ਸਭ ਸੱਚੇ ਹਨ। ਗੁਰ ਫ਼ੁਰਮਾਣ ਹੈ:

- *ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥* *(ਪੰਨਾ ੪੬੩)*
- *ਸਚੇ ਤੇਰੇ ਖੰਡ ਸਚੇ ਬ੍ਰਹਿਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥* *(ਪੰਨਾ ੪੬੩)*

ਸ੍ਰਿਸ਼ਟੀ ਰਚਨਾ ਉਸੇ ਦਾ ਹੀ ਦ੍ਰਿਸ਼ਟਮਾਨ ਰੂਪ ਹੈ ਇਸ ਲਈ ਇਹ ਸੱਤਿ ਹੈ ਪਰ ਸ੍ਰਿਸ਼ਟੀ ਦੀ ਸਤਿਅਤਾ ਵਿਹਾਰਿਕ (relevant) ਹੈ ਅਕਾਲ ਪੁਰਖ ਵਾਂਗ ਪਰਮਾਰਥਿਕ ਨਹੀਂ। ਪਰਮਾਰਥਿਕ ਸਤਿ ਤਾਂ ਕੇਵਲ ਅਕਾਲ ਪੁਰਖ ਹੈ ਜੋ ਅਬਿਨਾਸ਼ੀ, ਅਚੱਲ, ਅਪਰਿਵਰਤਨਸ਼ੀਲ ਅਤੇ ਸਦਾ ਸਥਿਰ ਹੈ। ਪਰ ਗੁਰਮਤਿ ਦਰਸ਼ਨ ਅਨੁਸਾਰ ਮਨੁੱਖ ਲਈ ਸ੍ਰਿਸ਼ਟੀ ਦੀ ਹੋਂਦ ਜ਼ਰੂਰੀ ਹੈ। ਇਸ ਨੂੰ ਸੰਬੰਧਿਤ ਅਰਥਾਂ ਵਿਚ ਸਤਿ ਸਮਝ ਕੇ ਇਸ ਵਿਚ ਜੀਵਨ ਬਤੀਤ ਕਰਨਾ ਹੈ। ਸ੍ਰਿਸ਼ਟੀ ਦੇ ਸਿਰਜਣਹਾਰ ਨਾਲ ਸੰਬੰਧ ਦੇ ਵਿਸ਼ੇ ਵਿਚ ਗੁਰਬਾਣੀ ਵਿਚ ਸਪਸ਼ਟ ਉਲੇਖ ਹੈ ਕਿ ਸ੍ਰਿਸ਼ਟੀ ਰਚਨਾ ਦਾ ਪ੍ਰਯੋਜਨ ਗੁਰਮੁਖ ਪੈਦਾ ਕਰਨਾ ਹੈ।'ਗੁਰਮੁਖਿ ਧਰਤੀ ਸਾਚੇ ਸਾਜੀ' ਭਾਵ ਗੁਰਮੁਖ ਪੈਦਾ ਕਰਨ ਲਈ ਅਕਾਲ ਪੁਰਖ ਨੇ ਧਰਤੀ ਸਾਜੀ ਹੈ। ਇਸ ਵਿਚ ਜੀਵ ਆਤਮਾ ਨੇ ਜਨਮ-ਮਰਨ ਦੀ ਪ੍ਰਕਿਰਿਆ ਦੁਆਰਾ ਵਿਕਾਸ ਕਰਕੇ 'ਸਚਿਆਰ' ਬਣਨਾ ਹੈ। ਇਕ ਹੋਰ ਥਾਂ ਤੋਂ ਇਸ ਤੱਥ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਸ੍ਰਿਸ਼ਟੀ ਸਾਜਣ ਦਾ ਮੰਤਵ ਮਨੁੱਖੀ ਆਤਮਾ ਦਾ ਵਿਕਾਸ ਕਰਕੇ ਪਰਮ ਮਨੁੱਖ (ਸੰਤ) ਦੀ ਪਦਵੀ ਤਕ ਪੁੱਜਣਾ ਹੈ:

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥* *(ਪੰਨਾ ੨੨੪)*

ਗੁਰਬਾਣੀ ਨੂੰ ਤੱਤ-ਮੀਮਾਂਸਕ ਦ੍ਰਿਸ਼ਟੀ ਤੋਂ ਵਿਚਾਰਿਆਂ ਅਕਾਲ ਪੁਰਖ, ਸ੍ਰਿਸ਼ਟੀ ਅਤੇ ਜੀਵ ਆਤਮਾ ਦਾ ਅੰਤਰ-ਸੰਬੰਧ ਉਜਾਗਰ ਹੁੰਦਾ ਹੈ।

**ਜੀਵ ਆਤਮਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰਮ ਨਾਲ ਸੰਬੰਧਿਤ ਤੀਜਾ ਤੱਤ-

ਮੀਮਾਂਸਕ ਸੰਕਲਪ ਜੀਵ ਆਤਮਾ ਹੈ। ਇਸ ਦਾ ਸੰਯੁਕਤ ਰੂਪ 'ਜੀਵਾਤਮਾ' ਹੈ ਜਿਸ ਦੇ ਅਰਥ ਮਹਾਨ ਕੋਸ਼ ਵਿਚ ਦੇਹ ਨੂੰ ਚੇਤਨ-ਸੱਤਾ ਦੇਣ ਵਾਲਾ ਆਤਮਾ, ਰੂਹ[੨੧] ਆਦਿ ਦਿੱਤੇ ਹਨ ਜੋ ਕਾਲ ਦੇ ਪ੍ਰਭਾਵ ਤੋਂ ਮੁਕਤ ਹੈ। ਗੁਰਬਾਣੀ ਵਿਚ ਜੀਵ-ਆਤਮਾ ਦੇ ਅਰਥ-ਬੋਧਕ ਸ਼ਬਦ- 'ਆਤਮਾ', 'ਜੀਉ', 'ਹੰਸ', 'ਆਪਾ', 'ਪ੍ਰਾਣ', ਆਦਿ ਆਏ ਹਨ।

ਗੁਰਮਤਿ ਫ਼ਿਲਾਸਫ਼ੀ ਅਨੁਸਾਰ ਜੀਵ-ਆਤਮਾ ਪਰਮਾਤਮਾ ਦੀ ਅੰਸ਼ ਹੈ ਜੋ ਮਨੁੱਖੀ ਸਰੀਰ ਵਿਚ ਸਥਿਤ ਚੇਤੰਨ ਆਪਾ ਹੈ ਜਿਸ ਤੋਂ ਮੈਂ, ਮੇਰੀ ਦਾ ਬੋਧ ਹੁੰਦਾ ਹੈ। ਜੀਵ ਆਤਮਾ ਉਸ ਜੋਤਿ ਸਰੂਪ ਪਰਮਾਤਮਾ ਦੀ ਅੰਸ਼ ਹੈ ਜਿਸ ਦੇ ਪ੍ਰਕਾਸ਼ ਨਾਲ ਜੜ੍ਹ ਅਤੇ ਚੇਤਨ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਨੂੰ ਜੀਵ ਦਾ ਅਸਲੀ ਆਪਾ (self or I-element) ਆਖਿਆ ਗਿਆ ਹੈ ਜਿਸ ਦੇ ਮਨੁੱਖੀ ਸਰੀਰ ਵਿਚ ਪ੍ਰਵੇਸ਼ ਕਰਨ ਨਾਲ ਹੀ ਜੀਵਨ-ਰੌਂਅ ਚੱਲਦੀ ਹੈ। ਗੁਰਵਾਕ ਹੈ:

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥*
*(ਪੰਨਾ ੯੨੧)*

ਹਉਮੈ ਤੇ ਅਗਿਆਨ ਕਾਰਨ ਜੀਵ-ਆਤਮਾ ਆਪਣੇ ਆਪ ਨੂੰ ਪਰਮਸਤਿ ਅਕਾਲ ਪੁਰਖ ਨਾਲੋਂ ਭਿੰਨ ਪ੍ਰਤੀਤ ਕਰਦੀ ਹੈ। ਡਾ. ਜਗਬੀਰ ਸਿੰਘ ਅਨੁਸਾਰ 'ਹਉਮੈ ਨੂੰ ਆਤਮਾ ਦੇ ਸ਼ੁੱਧ ਰੂਪ ਦਾ ਵਿਕਾਰੀ ਰੂਪ ਵੀ ਮੰਨਿਆ ਜਾ ਸਕਦਾ ਹੈ ਜਿਸ ਦੇ ਪ੍ਰਭਾਵ ਕਾਰਨ ਮਨੁੱਖ ਆਪਣੇ ਆਪ ਨੂੰ ਪਰਮ-ਸੱਤਾ ਨਾਲੋਂ ਅੱਡਰਾ ਸਮਝਣ ਦੇ ਭੁਲੇਖੇ ਦਾ ਸ਼ਿਕਾਰ ਹੋ ਜਾਂਦਾ ਹੈ ਜੋ ਵੇਦਾਂਤਕ ਸ਼ਬਦਾਵਲੀ ਵਿਚ ਜੀਵ ਦੀ ਅਗਿਆਨ ਅਵਸਥਾ ਦਾ ਪਰਿਚਾਇਕ ਹੈ।''[੨੧] ਸ. ਸ਼ੇਰ ਸਿੰਘ ਦੇ ਸ਼ਬਦਾਂ ਵਿਚ ''ਇਸ ਮਾਇਆ ਅਵਿੱਦਿਆ ਦੇ ਅਸਰ ਹੇਠ ਜੀਵਾਤਮਾ ਪਰਮਾਤਮਾ ਤੋਂ ਭਿੰਨ ਰਹਿੰਦੀ ਹੈ ਤੇ ਭਿੰਨ ਪ੍ਰਤੀਤ ਭੀ ਕਰਦੀ ਹੈ। ਮਾਇਆ ਇਕ ਪਦਾਰਥਕ ਉਪਾਧੀ ਹੈ ਤੇ ਅਵਿੱਦਿਆ ਇਕ ਮਾਨਸਿਕ ਉਪਾਧੀ, ਪਰ ਦੋਵੇਂ ਹੀ ਹਉਮੈ, ਜੋ ਮੂਲ ਉਪਾਧੀ ਹੈ, ਦੀ ਉਪਜ ਹਨ।''[੨੨] ਗੁਰਬਾਣੀ ਵਿਚ ਨਿਸ਼ਚਾ ਕਰਵਾਇਆ ਗਿਆ ਹੈ ਕਿ ਹਉਮੈ ਦਾ ਤਿਆਗ ਕਰਨ ਅਤੇ ਦੁਬਿਧਾ ਦੂਰ ਕਰਨ ਨਾਲ ਆਤਮਾ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰ ਲੈਂਦੀ ਹੈ:

- *ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥* *(ਪੰਨਾ ੯੪੩)*
- *ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥*

*(ਪੰਨਾ ੬੬੧)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵ ਨੂੰ 'ਕਵਨ ਕਾਜ ਸਿਰਜੇ ਜਗ ਭੀਤਰਿ...॥' (ਪੰਨਾ ੯੭੦) ਪ੍ਰਸ਼ਨ ਦੁਆਰਾ ਉਸ ਦੇ ਸੰਸਾਰ ਵਿਚ ਆਉਣ ਦੇ ਮਨੋਰਥ ਪ੍ਰਤੀ ਚੇਤੰਨ ਕੀਤਾ ਗਿਆ ਹੈ ਅਤੇ ਮਨੁੱਖੀ ਮਨ ਨੂੰ ਸੰਬੋਧਨ ਕਰਦਿਆਂ ਉਸ ਨੂੰ ਆਪਣੇ

ਮੂਲ ਬਾਰੇ ਜਾਣਨ ਦੀ ਪ੍ਰੇਰਨਾ ਦਿੱਤੀ ਗਈ ਹੈ:

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥* *(ਪੰਨਾ ੪੪੧)*

ਪਰਮਾਤਮਾ ਜੋਤਿ ਰੂਪ ਵਿਚ ਮਨੁੱਖ ਦੇ ਹਿਰਦੇ ਅੰਦਰ ਨਿਵਾਸ ਕਰਦਾ ਹੈ। ਜੀਵ ਨੇ ਗੁਰੂ ਦੀ ਸਿੱਖਿਆ ਦੁਆਰਾ ਇਸ ਅੰਤਰ-ਆਤਮੇ ਵੱਸਦੀ ਪਰਮਾਤਮਾ ਦੀ ਜੋਤਿ ਨੂੰ ਪਛਾਣ ਕੇ ਉਸ ਦੇ ਕਣ-ਕਣ ਵਿਚ ਵੱਸਦੇ ਹੋਣ ਦਾ ਅਨੁਭਵ ਕਰਨਾ ਹੈ ਅਤੇ ਉਸ ਨਾਲ ਅਭੇਦ ਹੋਣਾ ਹੈ। ਇਸ ਸਰੀਰ ਰੂਪੀ ਮੰਦਿਰ ਵਿਚ ਹੀ ਪਰਮਾਤਮਾ ਦਾ ਵਾਸਾ ਹੈ:

*ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥*

*(ਪੰਨਾ ੧੨੫੬)*

ਮਨੁੱਖੀ ਜੀਵਨ ਦਾ ਉਦੇਸ਼ 'ਜੋਤਿ ਸਰੂਪ' ਮੂਲ-ਤੱਤ ਨੂੰ ਪਛਾਣ ਕੇ, ਇਸ ਸਰੀਰ ਵਿਚ ਰਹਿੰਦੇ ਹੋਏ ਹੀ, ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਕਰਨੀ ਹੈ। ਗੁਰਬਾਣੀ ਵਿਚ ਮਨੁੱਖੀ ਸਰੀਰ ਦਾ ਮਹੱਤਵ ਵੀ ਉਜਾਗਰ ਹੋਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੂਲ-ਪਛਾਣ ਜਾਂ ਆਤਮ-ਪਛਾਣ ਦੇ ਆਦਰਸ਼ ਬਾਰੇ ਦੱਸ ਕੇ ਇਹ ਵੀ ਦ੍ਰਿੜ੍ਹ ਕਰਵਾਇਆ ਹੈ ਕਿ ਇਸ ਦੀ ਪੂਰਤੀ ਲਈ ਵਰਤਮਾਨ ਮਨੁੱਖਾ-ਜੀਵਨ ਹੀ ਸਾਰਥਿਕ ਮੌਕਾ ਹੈ:

*ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ*

*(ਪੰਨਾ ੧੨)*

ਗੁਰਬਾਣੀ ਦੇ ਉਪਰੋਕਤ ਕਥਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਸੰਗਤ ਵਿਚ ਜਾ ਕੇ ਨਾਮ ਜਪਣ ਨੂੰ ਜੀਵਨ ਦੇ ਉਦੇਸ਼ ਦੀ ਪੂਰਤੀ ਲਈ ਸਰਬੋਤਮ ਸਾਧਨ ਪ੍ਰਵਾਨ ਕੀਤਾ ਗਿਆ ਹੈ। ਗੁਰਬਾਣੀ ਦੇ ਕਥਨ- 'ਆਪਿ ਜਪੈ ਅਵਰਹ ਨਾਮੁ ਜਪਾਵੈ॥' (ਪੰਨਾ ੧੨੦੬) ਅਨੁਸਾਰ ਗੁਰਸਿੱਖ ਨੇ ਆਪ ਨਾਮ ਜਪਣਾ ਹੈ ਤੇ ਹੋਰਾਂ ਨੂੰ ਵੀ ਜਪਾਉਣਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਕਿ ਅਜਿਹੇ ਮਨੁੱਖ ਆਪ ਵੀ ਮੁਕਤੀ ਦਾ ਦਰ ਪ੍ਰਾਪਤ ਕਰਦੇ ਹਨ ਅਤੇ ਆਪਣੇ ਪਰਵਾਰ ਦਾ ਵੀ ਨਿਸਤਾਰਾ ਕਰ ਲੈਂਦੇ ਹਨ। ਇਤਨਾ ਹੀ ਨਹੀਂ ਅਜਿਹੇ ਜੀਵਨ ਮੁਕਤਿ ਆਪ ਤਰ ਗਏ ਹਨ ਤੇ ਉਨ੍ਹਾਂ ਨੇ ਅਨੇਕਾਂ ਹੋਰ ਜੀਵਾਂ ਨੂੰ ਵੀ ਤਾਰ ਦਿੱਤਾ ਹੈ। ਗੁਰਵਾਕ ਹਨ::

*- ਮੰਨੈ ਪਾਵਹਿ ਮੋਖੁ ਦੁਆਰੁ॥*
*ਮੰਨੈ ਪਰਵਾਰੈ ਸਾਧਾਰੁ॥*
*ਮੰਨੈ ਤਰੈ ਤਾਰੈ ਗੁਰੁ ਸਿਖ॥* *(ਪੰਨਾ ੩)*

*- ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*

*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* *(ਪੰਨਾ ੮)*

ਗੁਰਬਾਣੀ ਦੇ ਆਧਾਰ 'ਤੇ ਇਹ ਸਪਸ਼ਟ ਹੋਇਆ ਹੈ ਕਿ ਇਸ ਸਰਬਉੱਚ ਅਵਸਥਾ, ਜਿਸ ਨੂੰ ਦਾਰਸ਼ਨਿਕਾਂ ਨੇ ਜੀਵਨ ਮੁਕਤੀ ਕਿਹਾ ਹੈ, 'ਤੇ ਪਹੁੰਚਿਆ ਮਨੁੱਖ ਪਹਾੜਾਂ ਦੀਆਂ ਕੰਦਰਾਂ, ਗੁਫ਼ਾਵਾਂ ਤੇ ਜੰਗਲਾਂ-ਬੀਆਬਾਨਾਂ ਵਿਚ ਜਾ ਕੇ ਸਮਾਧੀ ਸਥਿਤ ਨਹੀਂ ਹੁੰਦਾ ਸਗੋਂ ਸੱਚ ਦੀ ਪ੍ਰਾਪਤੀ ਉਸ ਅੰਦਰ ਪਰਉਪਕਾਰ ਲਈ ਉਮਾਹ ਪੈਦਾ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਮੁਕਤੀ ਦਾ ਸੰਕਲਪ ਵੀ ਭਾਰਤੀ ਤੇ ਸਾਮੀ ਧਰਮਾਂ ਨਾਲੋਂ ਨਿਵੇਕਲਾ ਹੈ ਕਿਉਂਕਿ ਇਹ ਅਵਸਥਾ ਮੌਤ ਤੋਂ ਬਾਅਦ ਦੀ ਨਹੀਂ ਹੈ ਤੇ ਨਾ ਹੀ ਨਿੱਜੀ ਪ੍ਰਾਪਤੀ ਹੈ ਸਗੋਂ ਇਸੇ ਜੀਵਨ ਵਿਚ ਤੇ ਸਮੂਹਿਕ ਹੈ।

### *ਪਦ, ਟਿੱਪਣੀਆਂ ਤੇ ਹਵਾਲੇ*

*੧. (ਮੁੱਖ ਸ਼ਬਦ) ਡਾ. ਵਜ਼ੀਰ ਸਿੰਘ, ਨਾਨਕ ਬਾਣੀ ਚਿੰਤਨ, ਸਫ਼ਾ ੫*

*੨. Sikhism, therefore has its doctrines, its dogmatic stand, its view of the nature of man, and their inter-relationship.* ***Sikhism for Modern Man,*** *p.82*

*੩.* ***ਗੁਰੂ ਨਾਨਕ ਦੀ ਵਿਚਾਰਧਾਰਾ,*** *ਸਫ਼ਾ ੧੧੩*

*੪. ਪ੍ਰੋ. ਸਾਹਿਬ ਸਿੰਘ,* ***ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,*** *ਪੋਥੀ ਪਹਿਲੀ, ਸਫ਼ਾ ੪੭.*

*੫.* ***ਗੁਰਮਤਿ ਦਰਸ਼ਨ,*** *ਸਫ਼ਾ ੧੯੦*

*੬.* ***ਗੁਰੂ ਨਾਨਕ ਦੀ ਵਿਚਾਰਧਾਰਾ,*** *ਸਫ਼ਾ ੧੪੬*

*੭.* ***ਨਾਨਕ ਬਾਣੀ ਚਿੰਤਨ,*** *ਸਫ਼ਾ ੪੭.*

*੮.* ***ਗੁਰੂ ਨਾਨਕ ਦੀ ਵਿਚਾਰਧਾਰਾ,*** *ਸਫ਼ਾ ੧੪੯*

*੯.* ***ਮਹਾਨ ਕੋਸ਼,*** *ਸਫ਼ਾ ੧੪੯*

*੧੦.* ***ਜਪੁਜੀ (ਸਟੀਕ),*** *ਸਫ਼ਾ ੩੨*

*੧੧.* ***The Seeker's Path,*** *p.1*

*੧੨.* ***ਨਾਨਕ ਬਾਣੀ ਚਿੰਤਨ,*** *ਸਫ਼ਾ ੫੦*

*੧੩.* ***ਗੁਰੂ ਨਾਨਕ ਦੀ ਵਿਚਾਰਧਾਰਾ,*** *ਸਫ਼ਾ ੧੬੧.*

*੧੪.* ***Seeker's Path,*** *p.3*

*੧੫. "The 'Ik' is concrete dynamic unity which manifests itself through plurality of the units." ,* ***Philosophy of Sikhism,*** *p.129.*

*੧੬.* ***"ਪਰਮ ਸਤਿ ਦਾ ਸੰਕਲਪ",*** *ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-ਦਸੰਬਰ ੧੯੮੨, ਸਫ਼ਾ ੭੩.*

*੧੭.* ***ਮਹਾਨ ਕੋਸ਼,*** *੨੫੦.*

੧੮. *"In Sikhism the primary emphasis is on the theological dynamism which is regulated by the hukam. The hukam is a divine principle (or will) and all the manifestations are due to it."* ***Philosophy of Sikhism,*** *p.156.*

੧੯. ***ਗੁਰਮਤਿ ਦਰਸ਼ਨ,*** *ਸਫ਼ਾ ੧੯੧.*

੨੦. *Sikhism holds a concept of perfect harmonious continuity of the essence (dhat) of the Ik, and the internal relations are conceived in terms of the creative Divine...." p.71.*

੨੧. ***ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,*** *ਸਫ਼ਾ ੨੨.*

■

## *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਾਰਸ਼ਨਿਕ ਪੱਖ* *(ਸਫ਼ਾ ੨੨ ਦਾ ਬਾਕੀ ਹਿੱਸਾ)*

ਇੱਕੋ ਇੱਕ ਪਰਮ-ਹਸਤੀ ਦੇ ਹੀ ਨਾਮ ਹਨ, ਇਸ ਲਈ ਇਹ ਸਾਰੇ ਬਿਆਨ ਕਿਸੇ ਤਰ੍ਹਾਂ ਦਾ ਵੀ ਸਵੈ-ਵਿਰੋਧ ਪੈਦਾ ਨਹੀਂ ਕਰਦੇ ਸਗੋਂ ਇਹ ਤਾਂ ਸਾਰੇ ਵਿਰੋਧਾਂ ਨੂੰ ਮਿਲਾ ਕੇ, ਸਾਰੇ ਵਿਰੋਧਾਂ ਨੂੰ ਮਿਟਾ ਕੇ ਇਕ ਸੁਮੇਲ ਦਾ ਮਾਰਗ ਹੈ, ਸੰਤੁਲਿਤ ਅਤੇ ਸੰਪੂਰਨ ਮਾਰਗ ਹੈ ਜਿਸ ਦਾ ਬਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਕੀਤਾ ਗਿਆ ਹੈ। ਵਿਰੋਧਤਾਈਆਂ ਦਾ ਮਿਲਾਣ ਗੁਰਮਤਿ ਵਿਚ ਏਨਾ ਸੰਪੂਰਨ ਹੈ ਕਿ ਡਾ. ਵਜ਼ੀਰ ਸਿੰਘ ਆਪਣੇ ਇਕ ਲੇਖ 'ਗੁਰਮਤਿ ਵਿਚ ਹਸਤੀ ਤੇ ਹੋਂਦ ਦੀ ਸਮੱਸਿਆ' ਵਿਚ ਸਿੱਟਾ ਕੱਢਦੇ ਹੋਏ ਲਿਖਦੇ ਹਨ: 'ਸਿਖ ਮਤਿ ਦੀ ਦਾਰਸ਼ਨਿਕਤਾ ਬੁਨਿਆਦੀ ਹਕੀਕਤ ਨੂੰ ਪ੍ਰਾਪਤ ਅਤੇ ਪ੍ਰਗਟ, ਅਗੋਚਰ ਅਤੇ ਵਿਆਪਕ, ਏਕ ਅਤੇ ਅਨੇਕ, ਹਸਤੀ ਅਤੇ ਹੋਂਦ ਦੇ ਸਰੂਪਾਂ ਵਿਚ ਪ੍ਰਸਤੁਤ ਕਰਦੀ ਹੈ।'

ਗੁਰਬਾਣੀ ਜੀਵਨ-ਜਾਚ ਅਤੇ ਸਿੱਖੀ ਜੀਵਨ ਦੇ ਮਾਰਗ ਨੂੰ ਪ੍ਰਗਟਾਉਂਦੀ ਅਤੇ ਸਮਝਾਉਂਦੀ ਹੈ। ਭਾਵਨਾਤਮਕ ਪੱਧਰ 'ਤੇ ਇਸ ਮਾਰਗ ਨੂੰ ਮੰਨ ਕੇ ਅਤੇ ਗੁਰਬਾਣੀ ਦੀ ਸਿੱਖਿਆ ਨੂੰ ਜੀਵਨ ਵਿਚ ਢਾਲ ਕੇ ਮਨੁੱਖ ਆਪਣਾ ਲੋਕ-ਪਰਲੋਕ ਸੰਵਾਰ ਸਕਦਾ ਹੈ। ਦਾਰਸ਼ਨਿਕ ਪੱਧਰ 'ਤੇ ਗੁਰਬਾਣੀ ਦੀ ਵਿਚਾਰ ਕਰਕੇ ਗੁਰਸਿੱਖ ਦੀ ਸ਼ਰਧਾ ਵਿਚ ਦ੍ਰਿੜ੍ਹਤਾ ਆਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਥਾਹ ਸਮੁੰਦਰ ਦੀ ਨਿਆਈਂ ਹੈ। ਜਗਿਆਸੂ ਅਤੇ ਖੋਜੀ ਮਨੁੱਖ ਇਸ ਵਿਚ ਭਾਵਨਾ ਨਾਲ ਟੁੱਭੀਆਂ ਲਾ ਕੇ ਫ਼ਲਸਫ਼ੇ ਜਾਂ ਦਰਸ਼ਨ ਦੇ ਮੋਤੀ ਪ੍ਰਾਪਤ ਕਰ ਸਕਦੇ ਹਨ। ਸ਼ਰਧਾ ਅਤੇ ਤਰਕ, ਗਿਆਨ ਅਤੇ ਵਿਗਿਆਨ, ਧਰਮ ਅਤੇ ਦਰਸ਼ਨ ਦੇ ਸੁਮੇਲ ਨੂੰ ਜੀਵਨ ਵਿਚ ਢਾਲ ਕੇ ਗੁਰਬਾਣੀ ਦੇ ਦਾਰਸ਼ਨਿਕ ਪੱਖ ਨੂੰ ਸਮਝਣਾ ਅਤੇ ਉਸ 'ਤੇ ਅਮਲ ਕਰਨਾ ਹੀ ਗੁਰਮਤਿ ਦਾ ਮਾਰਗ ਹੈ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲਕ ਸੰਕਲਪ ਸ਼ਬਦ, ਨਾਮ, ਸਤ-ਚਿਤ, ਅਨੰਦ ਅਤੇ ਮੁਕਤੀ

*-ਪ੍ਰਿੰਸੀਪਲ ਪ੍ਰੀਤਮ ਸਿੰਘ ਜਲੰਧਰ*

## ਸ਼ਬਦ

ਸਿੱਖ ਧਰਮ ਦਾ ਸਭ ਤੋਂ ਬੁਨਿਆਦੀ ਸੰਕਲਪ 'ਸ਼ਬਦ' ਦਾ ਹੈ। ਇਸ ਸੰਕਲਪ ਦਾ ਸੰਬੰਧ ਪਰਮਾਤਮਾ, ਬ੍ਰਹਿਮੰਡ, ਮਨੁੱਖ ਅਤੇ ਇਸ ਦੇ ਜੀਵਨ ਸਭ ਨਾਲ ਹੈ। ਬਾਕੀ ਸਭ ਸੰਕਲਪਾਂ ਦਾ ਠੀਕ ਭਾਵ-ਅਰਥ ਇਸ ਰਾਹੀਂ ਨਿਕਲਦਾ ਹੈ। ਸਭ ਸੰਕਲਪਾਂ ਨੂੰ ਸਮਝਣ ਲਈ 'ਸ਼ਬਦ' ਦੀ ਸਮਝ ਜ਼ਰੂਰੀ ਹੈ।

ਅੱਜ ਦੀ ਸਾਇੰਸ ਇਸ ਬ੍ਰਹਿਮੰਡ ਦੇ ਮੁੱਢ ਬਾਰੇ ਆਪਣਾ ਵਿਕਾਸ ਦਾ ਸਿਧਾਂਤ ਪੇਸ਼ ਕਰਦੀ ਹੈ। ਇਸ ਅਨੁਸਾਰ ਇਹ ਬ੍ਰਹਿਮੰਡ ਅਤੇ ਇਸ ਵਿਚ ਪਾਈ ਜਾਂਦੀ ਜ਼ਿੰਦਗੀ ਇਕ ਦਰਜੇਵਾਰ ਵਿਕਾਸ ਦਾ ਸਿੱਟਾ ਹੈ। ਇਹ ਬ੍ਰਹਿਮੰਡ ਕਿਸੇ ਨੇ ਵਿਸ਼ੇਸ਼ ਸਮੇਂ ਨਹੀਂ ਸਾਜਿਆ, ਭਾਵ ਇਹ ਕਿਸੇ ਦੀ ਰਚਨਾ ਨਹੀਂ। ਭੌਤਿਕਵਾਦੀ ਇਸ ਸਿਧਾਂਤ ਦੇ ਕਾਇਲ ਹਨ। ਉਹ ਕਹਿੰਦੇ ਹਨ ਕਿ ਪਹਿਲਾਂ ਸਭ ਜਗ੍ਹਾ ਖਾਲੀ ਪਈ ਹੋਈ ਸੀ, ਨ ਚੰਦ ਸੀ, ਨ ਸੂਰਜ, ਨ ਗ੍ਰਹਿ, ਨ ਉਪਗ੍ਰਹਿ, ਨ ਤਾਰੇ ਤੇ ਨ ਗਲੈਕਸੀ ਹਰ ਪਾਸੇ ਅੰਨ੍ਹੇਰ ਘੁੱਪ ਸੀ। ਸਾਰੇ ਪੁਲਾੜ ਵਿਚ ਕੇਵਲ ਇਕ ਪ੍ਰਕਾਰ ਦੀ ਕੋਈ ਗੈਸ ਜਿਹੀ ਸੀ ਜਿਸ ਨੂੰ ਨੈਬੂਲਾ (Nebula) ਕਹਿੰਦੇ ਸਨ। ਇਸ ਨੈਬੂਲਾ ਤੋਂ ਸਾਰੇ ਗ੍ਰਹਿ ਆਦਿ ਬਣੇ। ਇਹ ਸਾਰਾ ਬ੍ਰਹਿਮੰਡ ਕਿਸ ਤਰ੍ਹਾਂ ਹੋਂਦ ਵਿਚ ਆਇਆ, ਇਕ ਲੰਮੀ ਪ੍ਰਕਿਰਿਆ ਹੈ। ਉਹ ਕਹਿੰਦੇ ਹਨ ਕਿ ਪਹਿਲਾਂ ਇਸ ਨੈਬੂਲਾ ਵਿਚ ਚੱਕਰ ਪੈਦਾ ਹੋਏ ਅਤੇ ਤੇਜ਼ ਰਫ਼ਤਾਰ ਦੀ ਹਿਲਜੁਲ ਹੋਈ। ਇਨ੍ਹਾਂ ਚੱਕਰਾਂ ਨਾਲ ਗਰਮੀ ਪੈਦਾ ਹੋਈ ਜਿਸ ਨਾਲ ਅਨੇਕਾਂ ਸੂਰਜ ਬਣੇ; ਫਿਰ ਠੰਡੇ ਹੋਣ ਨਾਲ ਤਾਰੇ ਬਣੇ। ਕੋਈ ਤਾਰਾ ਸੂਰਜ ਦੇ ਨਜ਼ਦੀਕ ਆਇਆ ਤਾਂ ਸੂਰਜ ਵਿਚ ਜੁਆਰ ਭਾਟਾ ਪੈਦਾ ਹੋਇਆ। ਤਾਰਾ ਪਿੱਛੇ ਹਟਣ ਨਾਲ ਠੰਡ ਪੈਦਾ ਹੋਈ। ਗ੍ਰਹਿ ਸੂਰਜ ਨਾਲੋਂ ਟੁੱਟ ਕੇ ਭੌਣ ਲੱਗ ਪਏ। ਇਸੇ ਤਰ੍ਹਾਂ ਗ੍ਰਹਿਆਂ ਤੋਂ ਅੱਗੇ ਉਪਗ੍ਰਹਿ ਬਣੇ। ਇਸ ਸਿਧਾਂਤ ਨੂੰ ਟਾਈਡਲ ਸਿਧਾਂਤ (Tidal Theory) ਕਿਹਾ ਜਾਂਦਾ ਹੈ। ਇਹ ਸਭ ਕੁਝ ਕਈ ਕਰੋੜਾਂ ਵਰ੍ਹਿਆਂ ਵਿਚ ਹੋਇਆ।

ਸਾਇੰਸਦਾਨ ਅੱਗੇ ਇਹ ਕਹਿੰਦੇ ਹਨ ਕਿ ਕਿਸੇ ਗ੍ਰਹਿ ਉੱਤੇ ਪਾਇਆ ਜਾਂਦਾ ਮਾਦਾ ਅੱਗੇ ਹੋਰ ਵਿਕਾਸ ਕਰਦਾ ਹੈ ਅਤੇ ਇਸ ਵਿੱਚੋਂ ਅੱਗੇ ਬਨਸਪਤੀ ਤੇ ਜੀਵ ਪੈਦਾ ਹੋ ਜਾਂਦੇ ਹਨ। ਬਾਕੀ ਗ੍ਰਹਿਆਂ ਦਾ ਤਾਂ ਅਜੇ ਪਤਾ ਨਹੀਂ ਲੱਗ ਸਕਿਆ। ਪਰ

ਇਸ ਧਰਤੀ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਵਿਚ ਪਹਿਲਾਂ ਮਾਦਾ ਹੀ ਮਾਦਾ ਸੀ। ਹਵਾ, ਪਾਣੀ ਆਦਿ ਸਭ ਮਾਦੇ ਦਾ ਹੀ ਹਿੱਸਾ ਹਨ। ਵਿਕਾਸ ਕਰਕੇ ਪਹਿਲਾਂ ਆਰਗੈਨਿਕ ਮਾਦਾ ਪੈਦਾ ਹੋਇਆ। ਇਹ ਵਿਕਾਸ ਅੱਗੇ ਹੋਰ ਹੁੰਦਾ ਚਲਾ ਗਿਆ। ਪਹਿਲਾਂ ਇਸ ਤੋਂ ਸਿਰਫ਼ ਮਾਦਾ ਜੀਵ ਬਣੇ ਜਿਵੇਂ ਅਮੀਬਾ। ਫਿਰ ਇਨ੍ਹਾਂ ਦੇ ਵਿਭਾਜਣ ਅਤੇ ਵਿਕਾਸ ਰਾਹੀਂ ਜਟਿਲ ਜੀਵ ਬਣੇ। ਵਿਕਾਸ ਕਰਦੇ-ਕਰਦੇ ਕਰੋੜਾਂ ਵਰ੍ਹਿਆਂ ਵਿਚ ਅੱਗੇ ਕਈ ਜਿਣਸਾਂ ਤੇ ਜਾਤੀਆਂ ਪੈਦਾ ਹੋ ਗਈਆਂ ਜਿਵੇਂ ਕਿ ਕੀੜੇ-ਮਕੌੜੇ, ਕਿਰਲੀ, ਸੱਪ, ਮਛਲੀਆਂ, ਪਰਿੰਦੇ, ਚੌਪਾਏ ਆਦਿ। ਮਨੁੱਖ ਸਭ ਨਾਲੋਂ ਵਧੇਰੇ ਵਿਕਸਿਤ ਜਾਤੀ ਹੈ। ਬਾਂਦਰ ਇਸ ਤੋਂ ਇਕ ਕਦਮ ਪਿੱਛੇ ਹੈ।

ਇਸ ਵਿਕਾਸ ਦਾ ਸਬੂਤ ਉਹ ਮਾਦੇ ਦੀ ਬਣਤਰ ਤੋਂ ਦਿੰਦੇ ਹਨ। ਇਹ ਮਾਦਾ ਪਹਿਲਾਂ ਕੁਝ ਤੱਤਾਂ ਦਾ ਬਣਿਆ ਹੋਇਆ ਹੈ ਜਿਨ੍ਹਾਂ ਦੀ ਗਿਣਤੀ ਇਸ ਵੇਲੇ ੧੦੮ ਦੇ ਕਰੀਬ ਲੱਭੀ ਗਈ ਹੈ। ਸ਼ਾਇਦ ਇਸ ਵਿਚ ਕੁਝ ਹੋਰ ਵਾਧਾ ਹੋ ਜਾਏ। ਹਰ ਤੱਤ ਅੱਗੇ ਮਹੀਨ ਐਟਮਾਂ ਦਾ ਬਣਿਆ ਹੋਇਆ ਹੈ। ਹਰ ਐਟਮ ਅੱਗੇ ਪ੍ਰੋਟਾਨਜ਼ ਅਤੇ ਇਲੈਕਟ੍ਰਾਨਜ਼ ਦਾ ਬਣਿਆ ਹੋਇਆ ਹੈ ਜਿਨ੍ਹਾਂ ਦੀਆਂ ਵਾਈਬਰੇਸ਼ਨ (Vibrations) ਵਿਭਿੰਨ ਹੁੰਦੀਆਂ ਹਨ। ਇਸ ਤਰ੍ਹਾਂ ਇਹ ਪਤਾ ਲੱਗਦਾ ਹੈ ਕਿ ਹਰ ਐਟਮ ਵਿਚ ਬਿਜਲੀ ਹੈ ਜੋ ਇਕ ਪ੍ਰਕਾਰ ਦੀ ਊਰਜਾ ਹੈ। ਸੋ ਇਹ ਸ਼ੀਰਾ ਬ੍ਰਹਿਮੰਡ ਦੀ ਊਰਜਾ ਦਾ ਬਣਿਆ ਹੋਇਆ ਹੈ। ਇਹ ਊਰਜਾ ਕਈ ਪ੍ਰਕਾਰ ਦੀ ਹੋ ਸਕਦੀ ਹੈ। ਜਿਵੇਂ ਕਿ ਰੌਸ਼ਨੀ, ਹਰਾਰਤ (Heat), ਆਵਾਜ਼ ਅਤੇ ਵਿਭਿੰਨ ਰਿਸ਼ਮਾਂ (Rays) ਆਦਿ। ਇਹ ਊਰਜਾ ਆਪਣੀ ਸ਼ਕਲ ਬਦਲਦੀ ਰਹਿੰਦੀ ਹੈ। ਇਹ ਰੌਸ਼ਨੀ ਬਣ ਸਕਦੀ ਹੈ, ਹਰਾਰਤ ਬਣ ਸਕਦੀ ਹੈ, ਆਵਾਜ਼ ਬਣ ਸਕਦੀ ਹੈ। ਸਿਨੇਮੇ ਦੀਆਂ ਟਾਕੀਜ਼ ਅਤੇ ਟੈਲੀਵੀਜ਼ਨ ਇਸੇ ਅਸੂਲ 'ਤੇ ਬਣੇ ਹਨ। ਇਸੇ ਤਰ੍ਹਾਂ ਸਾਇੰਸਦਾਨਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਸਾਰਾ ਬ੍ਰਹਿਮੰਡ ਹੀ ਇਕ ਊਰਜਾ ਦਾ ਬਣਿਆ ਹੋਇਆ ਹੈ। ਇਹ ਊਰਜਾ ਹੀ ਸਾਰੇ ਬ੍ਰਹਿਮੰਡ ਦਾ ਪਹਿਲਾ ਕਾਰਨ ਹੈ। ਇਹ ਊਰਜਾ ਕਿੱਥੋਂ ਪੈਦਾ ਹੋਈ, ਇਸ ਦਾ ਇਸ ਵਿਕਾਸ ਦੇ ਸਿਧਾਂਤ ਪਾਸ ਕੋਈ ਜੁਆਬ ਨਹੀਂ।

ਸਭ ਧਰਮ ਇਸ ਸਿਧਾਂਤ ਵਿਚ ਯਕੀਨ ਰੱਖਦੇ ਹਨ ਕਿ ਇਹ ਬ੍ਰਹਿਮੰਡ ਸਮੇਤ ਇਸ ਵਿਚ ਪਾਈ ਜਾਂਦੀ ਜ਼ਿੰਦਗੀ ਦੇ ਇਕ ਸਿਰਜੀ ਹੋਈ ਵਸਤ ਹੈ ਅਤੇ ਇਸ ਦੀ ਸਿਰਜਣਾ ਕਰਨ ਵਾਲੀ ਸ਼ਕਤੀ ਉਹ ਅਕਾਲ ਪੁਰਖ ਆਪ ਹੈ। ਉਹ ਆਪ ਹੀ ਪਹਿਲਾ ਕਾਰਨ ਹੈ। ਸਿੱਖ ਧਰਮ ਵੀ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦਾ ਹੈ। ਇਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਇਸ ਬ੍ਰਹਿਮੰਡ ਦੇ ਬਣਨ ਤੋਂ ਪਹਿਲਾਂ ਸਾਰੇ ਪੁਲਾੜ ਵਿਚ ਧੁੰਧੂਕਾਰ ਸੀ, ਕੋਈ ਚੰਦ, ਤਾਰਾ, ਗ੍ਰਹਿ, ਸੂਰਜ ਆਦਿ ਨਹੀਂ ਸੀ, ਕੇਵਲ ਇਕ ਪਰਮਾਤਮਾ ਹੀ ਸਾਰੇ ਪੁਲਾੜ ਵਿਚ ਨਿਰਗੁਣ ਸਰੂਪ ਵਿਚ ਵਿਚਰ ਰਿਹਾ ਸੀ। ਇਸ ਦਾ ਭਾਵ ਇਹ ਹੈ ਕਿ ਕੋਈ ਮਾਦਾ ਨਹੀਂ ਸੀ ਅਤੇ ਕੋਈ ਭੌਤਿਕ ਵਸਤੂ

ਨਹੀਂ ਸੀ। ਅਸੀਮਿਤ ਸਮੇਂ ਤੋਂ ਇਹ ਹਾਲਤ ਸੀ। ਪਰਮਾਤਮਾ ਅਫੁਰ ਅਵਸਥਾ ਵਿਚ ਸੀ, ਕੋਈ ਚੇਤੰਨਤਾ ਨਹੀਂ ਸੀ। ਪਰ ਇਹ ਬਿਲਕੁਲ ਅਣਹੋਂਦ ਦਾ ਸਮਾਂ ਨਹੀਂ ਸੀ। ਇਸ ਬਾਰੇ ਅਕਾਲ ਪੁਰਖ ਦੀ ਹੋਂਦ ਸੀ ਉਹ ਹਾਜ਼ਰ ਸੀ ਪਰ ਨਿਰਗੁਣ ਸਰੂਪ ਵਿਚ ਸੀ। ਇਸ ਅਵਸਥਾ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥੧॥*
*ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥*
*ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥ (ਪੰਨਾ ੧੦੩੫)*

ਸੁੰਨ-ਸਮਾਧੀ ਦੀ ਅਫ਼ੁਰ ਅਵਸਥਾ ਵਿਚ ਬਿਰਾਜ ਰਹੇ ਰੱਬ ਨੂੰ ਇਕ ਫ਼ੁਰਨਾ ਹੋਇਆ ਕਿ ਉਹ ਏਕ ਤੋਂ ਅਨੇਕ ਹੋਵੇ। ਇਹ ਫੁਰਨਾ ਹੋਣ ਸਾਰ ਇਕ ਗੜੂੰਜ ਜਿਹੀ ਪੈਦਾ ਹੋਈ ਅਤੇ ਪ੍ਰਕਾਸ਼ ਹੋਇਆ। ਇਹ ਆਵਾਜ਼ ਤੇ ਰੌਸ਼ਨੀ ਦਾ ਮੇਲ ਸੀ। ਇਸ ਆਵਾਜ਼ ਨੂੰ 'ਅਨਹਦ ਸ਼ਬਦ' ਕਹਿਆ ਜਾਂਦਾ ਹੈ ਕਿਉਂਕਿ ਇਸ ਵਿਚ ਕੋਈ ਟਕਰਾਉਣ ਵਾਲੀਆਂ ਭੌਤਿਕ ਵਸਤਾਂ ਨਹੀਂ ਸਨ ਜਿਨ੍ਹਾਂ ਨਾਲ ਇਸ ਵੇਲੇ ਕੋਈ ਆਵਾਜ਼ ਪੈਦਾ ਹੁੰਦੀ ਹੈ। ਇਸ ਅਨਹਦ ਸ਼ਬਦ ਨੂੰ (Primordial Sound) ਕਿਹਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (ਪੰਨਾ ੩)*

ਜ਼ਿੰਦਗੀ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ (ਪੰਨਾ ੧੯)*

ਸੋ ਇਹ ਰੱਬੀ ਤੇ ਮੁੱਢਲੀ ਆਵਾਜ਼ ਸਾਰੀ ਸ੍ਰਿਸ਼ਟੀ ਤੇ ਜੀਆਂ ਦਾ ਆਧਾਰ ਹੈ ਅਤੇ ਇਸ ਦੇ ਆਸਰੇ ਹੀ ਸਭ ਗ੍ਰਹਿ, ਤਾਰੇ, ਉਪਗ੍ਰਹਿ, ਸੂਰਜ ਆਦਿ ਖੜੋਤੇ ਜਾਂ ਚੱਲ ਰਹੇ ਹਨ। ਸ੍ਰੀ ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ:

*ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥ (ਪੰਨਾ ੧੧੭)*

ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ:

*ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥ (ਪੰਨਾ ੨੭੬)*

ਸੋ ਸਿੱਖ ਸਿਧਾਂਤ ਇਹ ਹੈ ਕਿ ਜਦੋਂ ਬ੍ਰਹਿਮੰਡ ਨਹੀਂ ਹੁੰਦਾ ਤਦੋਂ ਅਕਾਲ ਪੁਰਖ ਆਪ ਅਫੁਰ ਅਵਸਥਾ ਵਿਚ ਹੁੰਦਾ ਹੈ। ਆਪ ਹੀ ਅਕਾਲ ਪੁਰਖ ਇਸ ਬ੍ਰਹਿਮੰਡ ਨੂੰ ਸਿਰਜਦਾ ਹੈ ਅਤੇ ਫਿਰ ਆਪ ਹੀ ਵਲ੍ਹੇਟ ਲੈਂਦਾ ਹੈ ਅਤੇ ਫਿਰ ਅਫੁਰ ਅਵਸਥਾ ਵਿਚ ਚਲਾ ਜਾਂਦਾ ਹੈ। ਅਜਿਹਾ ਕਈ ਵਾਰ ਹੋਇਆ ਹੈ ਅਤੇ ਹੋਵੇਗਾ, ਪਰ ਇਹ ਸਮੇਂ ਇਤਨੇ ਲੰਮੇ ਹਨ ਜੋ ਮਨੁੱਖ ਦੀ ਸਮਝ ਵਿਚ ਨਹੀਂ ਆ ਸਕਦੇ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥* *(ਪੰਨਾ ੪)*

ਅਕਾਲ ਪੁਰਖ ਪਰਮਾਤਮਾ ਆਪ ਹੀ ਪਹਿਲਾਂ ਨਿਰਗੁਣ ਸਰੂਪ ਵਿਚ ਬੈਠਾ ਸੀ। ਸ਼ਬਦ ਰਾਹੀਂ ਆਪ ਹੀ ਏਕ ਤੋਂ ਅਨੇਕ ਹੋਇਆ, ਆਪ ਹੀ ਨਿਰਗੁਣ ਤੋਂ ਸਰਗੁਣ ਬਣਿਆ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਆਪੇ ਸਬਦੁ ਆਪੇ ਨੀਸਾਨੁ॥ ਆਪੇ ਸੁਰਤਾ ਆਪੇ ਜਾਨੁ॥* *(ਪੰਨਾ ੭੯੫)*

ਸ੍ਰੀ ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ:

*ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ॥* *(ਪੰਨਾ ੧੬੨)*

ਸ੍ਰੀ ਗੁਰੂ ਨਾਨਕ ਦੇਵ ਜੀ ਸ਼ਬਦ ਨੂੰ ਬ੍ਰਹਿਮੰਡ ਦਾ ਸਾਰ ਮੰਨਦੇ ਹਨ। ਇਸ ਆਵਾਜ਼ ਨੂੰ ਉਨ੍ਹਾਂ ਓਅੰਕਾਰ ਦਾ ਨਾਮ ਦਿੱਤਾ। ਉਹ ਫ਼ਰਮਾਉਂਦੇ ਹਨ:

*ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥*
*ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥*
*ਓਅੰਕਾਰਿ ਸਬਦਿ ਉਧਰੇ॥ ਓਅੰਕਾਰਿ ਗੁਰਮੁਖਿ ਤਰੇ॥*
*ਓਨਮ ਅਖਰ ਸੁਣਹੁ ਬੀਚਾਰੁ॥ ਓਨਮ ਅਖਰੁ ਤ੍ਰਿਭਵਣ ਸਾਰੁ॥* *(ਪੰਨਾ ੯੨੯)*

ਦਾਰਸ਼ਨਿਕ ਖੋਜ ਨੇ ਇਸ ਭੌਤਿਕ ਬ੍ਰਹਿਮੰਡ ਦਾ ਸਾਰ 'ਸ਼ਬਦ' ਦੱਸਿਆ ਹੈ। ਇਸ ਵਿਚ ਅਕਾਸ਼ ਤੇ ਪ੍ਰਾਣ ਵੀ ਸ਼ਾਮਲ ਹਨ। ਇਸ ਸਾਰੇ ਬ੍ਰਹਿਮੰਡ ਨੂੰ ਆਵਾਜ਼ ਵਿਚ ਵਟਾਇਆ ਜਾ ਸਕਦਾ ਹੈ ਜਿਸ ਦੇ ਦੋ ਰੂਪ ਹੋ ਸਕਦੇ ਹਨ, ਇਕ ਵਿਦਮਾਨ ਅਤੇ ਦੂਸਰਾ ਅ-ਵਿਦਮਾਨ। ਇਹ ਆਦਿ ਅਨਾਦੀ ਆਵਾਜ਼ ਸ਼ਬਦ ਹੈ ਜੋ ਇਸ ਬ੍ਰਹਿਮੰਡ ਦਾ ਮੁੱਢ ਹੈ। ਪੁਰਾਣੇ ਰਿਸ਼ੀਆਂ ਨੇ ਇਸ ਨੂੰ 'ਨਾਦ ਬ੍ਰਹਮ', 'ਸ਼ਬਦ ਬ੍ਰਹਮ' ਜਾਂ ਸ਼ਬਦ ਰੂਪ ਬ੍ਰਹਮ ਆਖਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਆਵਾਜ਼ ਦਾ ਨਾਮ ਓਅੰਕਾਰ (ੴ) ਰਖਿਆ ਹੈ। ਇਹ ਪਰਮੇਸ਼ਵਰ ਦਾ ਲਖਾਇਕ ਅੱਖਰ ਹੈ। ਇਹ ਅੱਖਰ ਵਾਹਿਗੁਰੂ ਦੇ ਸਮੁੱਚੇ ਸਰੂਪ ਦਾ ਸੰਕੇਤ ਹੈ ਜਿਸ ਵਿਚ ਉਸ ਦੀ ਨਿਰਗੁਣਤਾ ਤੇ ਸਰਗੁਣਤਾ ਅਭੇਦ ਰੂਪ ਵਿਚ ਵਿਦਮਾਨ ਹੈ 'ੳ' ਸਰਗੁਣਤਾ ਭਾਵ ਸਰਬ-ਵਿਆਪਕਤਾ ਦਾ ਚਿੰਨ੍ਹ ਹੈ ਅਤੇ '⌒' ਨਿਰਗੁਣਤਾ ਤੇ ਅਗੰਮਤਾ ਦਾ ਚਿੰਨ੍ਹ ਹੈ।

ਸਿਰਜਣਾ ਦਾ ਸਿਧਾਂਤ ਵਿਕਾਸ ਦੇ ਸਿਧਾਂਤ ਨਾਲੋਂ ਵਧੀਆ ਹੈ। ਵਿਕਾਸ ਦੇ ਸਿਧਾਂਤ ਅਨੁਸਾਰ ਸਾਰੇ ਬ੍ਰਹਿਮੰਡ ਦਾ ਸਾਰ ਇਕ ਊਰਜਾ ਹੈ ਜਿਸ ਦੇ ਕਈ ਰੂਪ ਹੋ ਸਕਦੇ ਹਨ ਜਿਵੇਂ ਕਿ ਰੌਸ਼ਨੀ, ਹਰਾਰਤ, ਆਵਾਜ਼, ਰਿਸ਼ਮਾਂ, ਬਿਜਲੀ ਆਦਿ। ਇਹ ਸਭ ਇਕ ਦੂਸਰੇ ਵਿਚ ਬਦਲੀਆਂ ਜਾ ਸਕਦੀਆਂ ਹਨ।

ਸਿੱਖ ਧਰਮ ਅਨੁਸਾਰ ਅਨਾਦੀ ਆਵਾਜ਼ ਸ਼ਬਦ (Primordial Sound) ਸਾਰੇ ਬ੍ਰਹਿਮੰਡ ਦਾ ਸਾਰ ਹੈ ਜੋ ਇਕ ਪ੍ਰਕਾਰ ਦੀ ਊਰਜਾ ਹੈ। ਫ਼ਰਕ ਕੇਵਲ ਇਤਨਾ

ਹੈ ਕਿ ਸਿੱਖ ਧਰਮ ਨੇ ਇਸ ਨੂੰ ਪਹਿਲੀ ਥਾਂ ਦਿੱਤੀ ਹੈ, ਬਾਕੀ ਸਭ ਊਰਜਾਵਾਂ ਤੇ ਵਸਤਾਂ ਇਸ ਤੋਂ ਬਣੀਆਂ ਹਨ। ਵਿਗਿਆਨਕ ਤੌਰ 'ਤੇ ਅਜਿਹਾ ਹੋ ਸਕਦਾ ਹੈ। ਇਸ ਲਈ ਸਿਰਜਣਾ ਦਾ ਸਿਧਾਂਤ ਵਿਗਿਆਨਕ ਹੈ। ਇਹ ਨਿਰਾ ਨਿਸ਼ਚਾ ਨਹੀਂ ਹੈ।

ਵਿਕਾਸ ਦੇ ਸਿਧਾਂਤ ਵਿਚ ਵੱਡਾ ਨੁਕਸ ਇਹ ਹੈ ਕਿ ਇਹ, ਇਹ ਨਹੀਂ ਦੱਸਦਾ ਕਿ ਇਸ ਮੁੱਢਲੀ ਊਰਜਾ ਨੂੰ ਪੈਦਾ ਕਰਨ ਵਾਲਾ ਕੌਣ ਹੈ, ਭਾਵੇਂ ਉਸ ਦੀ ਕੋਈ ਵੀ ਸ਼ਕਲ ਹੈ। ਇਹ ਮੁੱਢਲੇ (First Cause) ਬਾਰੇ ਚੁੱਪ ਹੈ। ਸਿੱਖ ਧਰਮ ਇਸ ਮੁੱਢਲੇ ਕਾਰਨ ਨੂੰ ਮੰਨਦਾ ਹੈ ਤੇ ਇਸ ਨੂੰ ਪਰਮਾਤਮਾ ਦਾ ਨਾਮ ਦਿੰਦਾ ਹੈ। ਇਸ ਲਈ ਸਿਰਜਣਾ ਦਾ ਸਿਧਾਂਤ ਵਿਕਾਸ ਦੇ ਸਿਧਾਂਤ ਨਾਲੋਂ ਵਧੀਆ ਹੈ, ਵਿਗਿਆਨਕ ਹੈ ਅਤੇ ਉਸ ਨਾਲੋਂ ਅੱਗੇ ਚਲਾ ਜਾਂਦਾ ਹੈ।

ਸਿੱਖ ਧਰਮ ਦੀ ਕਾਸਮਾਲੋਜੀ (Cosmology) ਨੂੰ Involution-cum-Evolution ਦਾ ਸਿਧਾਂਤ ਕਹਿਆ ਜਾ ਸਕਦਾ ਹੈ। ਇਸ ਅਨੁਸਾਰ ਪਹਿਲੋਂ Involution ਦਾ ਅਮਲ ਹੁੰਦਾ ਹੈ, ਜਦੋਂ ਪਰਮਾਤਮਾ ਏਕ ਤੋਂ ਅਨੇਕ ਹੁੰਦਾ ਹੈ ਅਤੇ ਨਿਰਗੁਣ ਤੋਂ ਸਰਗੁਣ ਹੁੰਦਾ ਹੈ। ਇਸ ਦੇ ਬਾਅਦ ਵਿਕਾਸ ਅਰੰਭ ਹੁੰਦਾ ਹੈ ਜਦੋਂ ਜ਼ਿੰਦਗੀ ਵਧ ਕੇ ਸੰਪੂਰਨਤਾ ਵੱਲ ਉੱਨਤੀ ਕਰਦੀ ਹੈ ਅਤੇ ਹਰ ਜਾਤੀ ਅਗਾਂਹ ਨੂੰ ਵਧਦੀ ਹੈ ਅਤੇ ਉਸ ਮੁੱਢ ਨਾਲ ਇਕਮਿਕ ਹੋਣ ਦੀ ਰੁਚੀ ਰੱਖਦੀ ਹੈ। ਇਸ ਤਰ੍ਹਾਂ ਇਹ ਜੀਵਨ ਫਿਰ ਅਨੇਕਤਾ ਤੋਂ ਏਕਤਾ ਵੱਲ ਚੱਲਦਾ ਹੈ। ਇਸ ਵਿਚ ਮਨੁੱਖ ਸਭ ਤੋਂ ਅੱਗੇ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ:

*ਜਬ ਉਦਕਰਖ ਕਰਾ ਕਰਤਾਰਾ॥ ਪ੍ਰਜਾ ਧਰਤ ਤਬ ਦੇਹ ਅਪਾਰਾ॥*
*ਜਬ ਆਕਰਖ ਕਰਤ ਹੋ ਕਬਹੂੰ॥ ਤੁਮ ਮੈ ਮਿਲਤ ਦੇਹ ਧਰ ਸਭਹੂੰ॥* (ਚੌਪਈ)

ਸਿੱਖ ਧਰਮ ਪਹਿਲੇ ਕਾਰਨ (First Cause) ਦੱਸਣ ਕਰਕੇ ਵਿਕਾਸ ਸਿਧਾਂਤ ਨਾਲੋਂ ਅੱਗੇ ਹੈ।

ਸੋ ਸ਼ਬਦ ਸਰਗੁਣ ਸਰੂਪ ਪਰਮਾਤਮਾ ਹੈ, ਇਹ ਉਸ ਦਾ ਜ਼ਹੂਰ ਹੈ, ਉਸ ਦਾ ਹੁਕਮ ਹੈ, ਇਹ ਬ੍ਰਹਿਮੰਡ ਦਾ ਸਾਰ ਹੈ ਅਤੇ ਇਹ ਮਨੁੱਖ ਦੇ ਹਿਰਦੇ ਵਿਚ ਅਨਾਦੀ ਆਵਾਜ਼ ਤੇ ਜੋਤ ਦੇ ਰੂਪ ਵਿਚ ਵੱਸਦਾ ਹੈ ਜੋ ਮਨੁੱਖ ਦੀ ਅਗਵਾਈ ਕਰਦਾ ਹੈ। ਇਸ ਤਰ੍ਹਾਂ ਇਹ ਪਰਮਾਤਮਾ ਹੀ ਮਨੁੱਖ ਦੀ ਅਗਵਾਈ ਕਰਦਾ ਹੈ। ਇਸ ਤਰ੍ਹਾਂ ਇਹ ਪਰਮਾਤਮਾ ਹੀ ਮਨੁੱਖ ਦਾ ਗੁਰੂ ਹੈ। ਦੂਸਰੇ ਪਾਸੇ ਇਹ ਅਗੰਮੀ ਤੇ ਅਨਾਦੀ ਆਵਾਜ਼ ਨੂੰ ਸੁਣਨ ਵਾਲੀ ਮਨੁੱਖ ਦੀ ਸੁਰਤ ਹੈ ਜੋ ਇਸ ਗੁਰੂ ਦਾ ਚੇਲਾ ਹੈ। ਜਦੋਂ ਜੋਗੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ, "ਤੁਹਾਡਾ ਗੁਰੂ ਕੌਣ ਹੈ?" ਤਾਂ ਉਨ੍ਹਾਂ ਫ਼ੁਰਮਾਇਆ:

*ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*
*(ਪੰਨਾ ੯੪੩)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ:

*ਆਦਿ ਅੰਤ ਏਕੈ ਅਵਤਾਰਾ। ਸੋਈ ਗੁਰੂ ਸਮਝਿਓ ਹਮਾਰਾ।* *(ਚੌਪਈ)*

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸ਼ਬਦ' ਨੂੰ ਆਪਣਾ ਗੁਰੂ ਸਮਝਿਆ।

ਸਿੱਖ ਧਰਮ ਵਿਚ ਗੁਰਬਾਣੀ ਨੂੰ 'ਸ਼ਬਦ' ਕਿਹਾ ਗਿਆ ਹੈ। ਸ਼ਬਦ ਕੀ ਹੈ; ਇਸ ਦਾ ਕੀ ਭਾਵ ਹੈ, ਜੋ ਕਿਸੇ ਮਹਾਂਪੁਰਖ ਵੱਲੋਂ ਉਚਾਰਨ ਕੀਤਾ ਗਿਆ ਹੋਵੇ, ਬਾਣੀ ਅਖਵਾਉਂਦਾ ਹੈ। ਅਜਿਹੇ ਮਹਾਂਪੁਰਖ ਦੀ ਖ਼ੂਬੀ ਇਹ ਹੁੰਦੀ ਹੈ ਕਿ ਉਹ ਬ੍ਰਹਮ ਨਾਲ ਇਕਮਿਕ ਹੋਇਆ ਹੁੰਦਾ ਹੈ। ਉਸ ਦੀ ਆਤਮਾ ਬ੍ਰਹਮ ਨਾਲ ਮਿਲੀ ਹੋਈ ਹੁੰਦੀ ਉਹ ਰੱਬ ਨੂੰ ਹਮੇਸ਼ਾਂ ਆਪਣੇ ਮਨ ਵਿਚ ਰੱਖਦਾ ਹੈ। ਉਹ ਹਮੇਸ਼ਾਂ ਰੱਬ ਦੇ ਪਿਆਰ ਵਿਚ ਰੰਗਿਆ ਹੁੰਦਾ ਹੈ। ਉਸ ਨੂੰ ਪਰਾਭੌਤਿਕ ਦਾ ਗਿਆਨ ਕਿਤਾਬਾਂ ਪੜ੍ਹ ਕੇ ਨਹੀਂ ਹੋਇਆ ਹੁੰਦਾ ਬਲਕਿ ਅਨੁਭਵ (Intuition) ਰਾਹੀਂ ਹੋਇਆ ਹੁੰਦਾ ਹੈ। ਉਸ ਨੂੰ ਅਨਾਦੀ ਤੇ ਅਗੰਮੀ ਸ਼ਬਦ ਹਰ ਵੇਲੇ ਸੁਣਾਈ ਦੇ ਰਿਹਾ ਹੁੰਦਾ ਹੈ ਜੋ ਆਦਿ-ਜੁਗਾਦਿ ਤੋਂ ਸਾਰੇ ਬ੍ਰਹਿਮੰਡ ਵਿਚ ਗੂੰਜ ਰਿਹਾ ਹੈ, ਪਰ ਸੁਣਦਾ ਉਨ੍ਹਾਂ ਨੂੰ ਹੈ ਜੋ ਆਪਣੇ ਇੰਦਰਿਆਂ 'ਤੇ ਪੂਰਾ ਕਾਬੂ ਪਾ ਚੁਕੇ ਹੁੰਦੇ ਹਨ, ਆਪਣੀ ਹਉਮੈ ਨੂੰ ਖ਼ਤਮ ਕਰ ਕੇ ਆਪਣੀ ਆਤਮਾ ਨੂੰ ਪਰਮਾਤਮਾ ਨਾਲ ਅਭੇਦ ਕਰ ਚੁਕੇ ਹੁੰਦੇ ਹਨ। ਇਸ ਅਨੁਭਵ ਰਾਹੀਂ ਪ੍ਰਾਪਤ ਕੀਤਾ ਹੋਇਆ ਪਰਾਭੌਤਿਕ ਦਾ ਗਿਆਨ ਜੋ ਉਹ ਮਹਾਂਪੁਰਖ ਬਿਆਨ ਕਰਦਾ ਹੈ, ਬਾਣੀ ਅਖਵਾਉਂਦਾ ਹੈ। ਇਹ ਜੋ ਬਾਣੀ ਪਰਮਾਤਮਾ ਅਤੇ ਸ਼ਬਦ ਬਾਰੇ ਹੁੰਦੀ ਹੈ। ਇਸ ਲਈ ਇਸ ਨੂੰ 'ਧੁਰ ਕੀ ਬਾਣੀ' ਕਹਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਭ ਬਾਣੀ ਇਸ ਪ੍ਰਕਾਰ ਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਸੁੰਨਹੁ ਖਾਣੀ ਸੁੰਨਹੁ ਬਾਣੀ॥ ਸੁੰਨਹੁ ਉਪਜੀ ਸੁੰਨਿ ਸਮਾਣੀ॥* *(ਪੰਨਾ ੧੦੩੭)*

ਸਾਰੇ ਸੰਸਾਰ ਦਾ ਅਨਹਦ ਸ਼ਬਦ ਇੱਕ ਹੈ, ਸਤਿ ਇੱਕ ਹੈ, ਇਸ ਲਈ ਬਾਣੀ ਇੱਕ ਹੈ। ਸਾਰੇ ਸੰਸਾਰ ਦਾ ਰੱਬ ਇੱਕ ਹੈ ਅਤੇ ਇਸ ਲਈ ਗੁਰੂ ਇੱਕ ਹੈ। ਇਹ ਇੱਕੋ ਵਸਤ ਦੇ ਤਿੰਨ ਨਾਮ ਹਨ। ਬਾਣੀ ਅਤੇ ਸ਼ਬਦ ਪਰਮਾਤਮਾ ਦੇ ਸੂਖ਼ਮ ਰੂਪ ਹਨ।

ਸਿੱਖ ਧਰਮ ਵਿਚ ਗੁਰਬਾਣੀ ਨੂੰ ਗੁਰੂ ਦਾ ਰੁਤਬਾ ਦਿੱਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਲੱਗਿਆਂ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਖਸ਼ੀ:

*ਆਗਿਆ ਭਈ ਅਕਾਲ ਕੀ, ਤਭੀ ਚਲਾਇਓ ਪੰਥ।*
*ਸਭ ਸਿਖਨ ਕਉ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।*
*ਗੁਰੂ ਗ੍ਰੰਥ ਜੀ ਮਾਨੀਐ, ਪ੍ਰਗਟ ਗੁਰਾਂ ਕੀ ਦੇਹ।*
*ਜੋ ਪ੍ਰਭ ਕਉ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇਹ।* *(ਪੰਥ ਪ੍ਰਕਾਸ਼)*

ਇਸ ਦਾ ਭਾਵ ਇਹ ਹੈ ਕਿ ਸਿੱਖਾਂ ਨੇ ਰੌਸ਼ਨੀ ਤੇ ਅਗਵਾਈ ਹਮੇਸ਼ਾਂ 'ਸ਼ਬਦ' ਤੋਂ ਲੈਣੀ ਹੈ, ਸਮਾਜਿਕ ਤੇ ਰਾਜਸੀ ਕੰਮਾਂ ਵਿਚ ਹਮੇਸ਼ਾਂ ਰੱਬ ਨੂੰ ਯਾਦ ਰੱਖਣਾ ਹੈ ਅਤੇ ਇਨਸਾਫ਼ ਤੋਂ ਕੰਮ ਲੈਣਾ ਹੈ। 'ਸ਼ਬਦ' ਰਾਜ ਅਤੇ ਸਮਾਜ ਦਾ ਆਧਾਰ ਹੈ:

*ਰਾਜੇ ਚੁਲੀ ਨਿਆਵ ਕੀ...॥* *(ਪੰਨਾ ੧੨੪੦)*

ਇਸ ਗੁਰੂ ਲਈ ਸਿੱਖਾਂ ਨੇ ਬੜੀਆਂ ਭਾਰੀਆਂ ਕੁਰਬਾਨੀਆਂ ਦਿੱਤੀਆਂ ਹਨ। ਸਾਡਾ ਗੁਰੂ 'ਸ਼ਬਦ' ਹੈ, ਬਾਣੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਸਿੱਖਾਂ ਨੂੰ ਇਸ ਤੋਂ ਹਮੇਸ਼ਾਂ ਚੰਗੇ ਕੰਮ ਕਰਨ ਲਈ ਪ੍ਰੇਰਨਾ ਮਿਲਦੀ ਹੈ। ਇਹ ਸਾਡੇ ਜੀਵਨ ਦਾ ਕੇਂਦਰ ਤੇ ਧੁਰਾ ਹੈ। ਸਿੱਖ ਇਤਿਹਾਸ 'ਸ਼ਬਦ' ਦੇ ਗਿਰਦ ਭੌਂਦਾ ਹੈ। ਅਠਾਰ੍ਹਵੀਂ ਸਦੀ ਵਿਚ ਮੁਗ਼ਲ ਹਾਕਮਾਂ ਨੇ ਸਾਡੇ ਗੁਰਦੁਆਰਾ ਸਾਹਿਬਾਨ ਮਸਮਾਰ ਕਰਨ ਦਾ ਪੂਰਾ ਯਤਨ ਕੀਤਾ, ਪਰ ਸਿੱਖ ਆਪਣਾ ਖ਼ੂਨ ਡੋਲ੍ਹ ਕੇ ਇਨ੍ਹਾਂ ਦੀ ਰੱਖਿਆ ਕਰਦੇ ਰਹੇ। ਬਰਤਾਨਵੀ ਸਰਕਾਰ ਨੇ ਗੁਰਦੁਆਰਾ ਸਾਹਿਬਾਨ ਸਾਡੇ ਪਾਸੋਂ ਖੋਹਣੇ ਚਾਹੇ, ਪਰ ਗੋਲੀਆਂ ਖਾ ਕੇ ਅਸੀਂ 'ਸ਼ਬਦ' ਨਾਲ ਸੰਬੰਧ ਰੱਖਿਆ।

'ਸ਼ਬਦ' ਸਾਡਾ ਸਾਂਝਾ ਬੰਧਨ ਹੈ। ਇਹ ਸਾਡੇ ਸਦਾਚਾਰ, ਸਮਾਜ ਤੇ ਰਾਜ ਦਾ ਆਧਾਰ ਹੈ। ਇਹ ਸਾਡੇ ਜੀਵਨ ਦਾ ਸੋਮਾ ਹੈ ਅਤੇ ਇਤਿਹਾਸ ਦੇ ਬਣਾਉਣ ਵਾਲਾ ਹੈ। ਇਹ ਸਾਡੀ ਜਿੰਦ ਹੈ, ਜਾਨ ਹੈ। ਇਹ ਸਿੱਖ ਨਾਲੋਂ ਵਿਛੋੜਿਆ ਨਹੀਂ ਜਾ ਸਕਦਾ। ਅਸੀਂ ਹਮੇਸ਼ਾਂ ਇਸ ਅੱਗੇ ਸਿਰ ਝੁਕਾਉਂਦੇ ਹਾਂ। ਸ੍ਰੀ ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ:

*ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥* *(ਪੰਨਾ ੬੪੬)*

## ਨਾਮ

'ਸ਼ਬਦ' ਇਕ ਅਨਾਦੀ ਤੇ ਅਗੰਮੀ ਆਵਾਜ਼ ਹੈ ਜਿਸ ਰਾਹੀਂ ਇਹ ਬ੍ਰਹਿਮੰਡ ਹੋਂਦ ਵਿਚ ਆਇਆ। ਇਸ ਨੂੰ ਕੁਝ ਉੱਚ ਹਸਤੀਆਂ ਸੁਣ ਲੈਂਦੀਆਂ ਹਨ। ਇਸ ਨੂੰ ਸੁਣਨ ਦੇ ਬਾਅਦ ਇਹ ਲੋੜ ਮਹਿਸੂਸ ਕੀਤੀ ਜਾਂਦੀ ਹੈ ਕਿ ਇਸ ਆਵਾਜ਼ ਦਾ ਵਰਣਨ ਕੀਤਾ ਜਾਏ ਕਿ ਇਹ ਕੈਸੀ ਹੈ ਤੇ ਇਸ ਦੇ ਕੀ ਗੁਣ ਹਨ ਤਾਂ ਜੋ ਇਹ ਸਭ ਨੂੰ ਦੱਸੇ ਜਾ ਸਕਣ। ਇਸ ਲਈ ਇਸ ਆਵਾਜ਼ ਦਾ ਅੱਗੇ ਜੀਭ ਰਾਹੀਂ ਕੋਈ ਉਚਾਰਨ ਕਰਨਾ ਪੈਂਦਾ ਹੈ ਤਾਂ ਜੋ ਇਹ ਆਵਾਜ਼ ਆਮ ਆਦਮੀ ਤਕ ਪਹੁੰਚਾਈ ਜਾ ਸਕੇ। ਸੋ ਜੀਭ ਨਾਲ ਇਸ ਮੁੱਢਲੀ, ਅਗੰਮੀ ਤੇ ਨਾਦੀ ਆਵਾਜ਼ ਦੇ ਗੁਣਾਂ ਦਾ ਉਚਾਰਨ ਕਰਨਾ 'ਨਾਮ' ਹੈ। ਸੋ ਜਿਸ ਤਰ੍ਹਾਂ ਇਹ ਜੀਭ ਇਕ ਅਨਹਦ ਸ਼ਬਦ ਦੀ ਤਰਜਮਾਨੀ ਕਰਦੀ ਹੈ, ਉਸ ਨੂੰ 'ਨਾਮ' ਕਹਿੰਦੇ ਹਨ। ਸੋ ਨਾਮ ਦਾ ਭਾਵ ਹੈ ਰੱਬ ਦੇ ਗੁਣਾਂ ਦਾ ਜੀਭ ਰਾਹੀਂ ਬਿਆਨ ਕਰਨਾ।

ਭਾਰਤੀ ਰਿਸ਼ੀਆਂ ਤੇ ਮਹਾਂਪੁਰਖਾਂ ਨੇ ਇਹ ਯਤਨ ਕੀਤਾ ਕਿ ਇਸ ਅਨਹਦ ਸ਼ਬਦ ਦਾ ਕੋਈ ਨਾਮ ਰੱਖਿਆ ਜਾਏ। ਬਹੁਤ ਸਾਰੇ ਲੋਕਾਂ ਨੇ ਇਸ ਆਵਾਜ਼ ਨੂੰ ਕਿਸੇ

ਦੇਵਤੇ ਦੀ ਸ਼ਕਲ ਵਿਚ ਸਾਕਾਰ ਕੀਤਾ। ਕਿਸੇ ਨੇ ਇਕ ਦੇਵਤੇ ਦੀ ਸ਼ਕਲ ਵਿਚ ਅਤੇ ਕਿਸੇ ਨੇ ਕਿਸੇ ਹੋਰ ਦੇਵਤੇ ਦੀ ਸ਼ਕਲ ਵਿਚ ਸਾਕਾਰ ਕੀਤਾ। ਕਿਸੇ ਨੇ ਕਿਸੇ ਗੁਣ ਨੂੰ ਸਾਕਾਰ ਕੀਤਾ ਤੇ ਕਿਸੇ ਨੇ ਕਿਸੇ ਗੁਣ ਨੂੰ। ਇਸ ਤਕ ਰੱਬ ਦੇ ਬੜੇ ਨਾਮ ਬਣ ਗਏ ਜਿਵੇਂ ਕਿ ਈਸ਼੍ਵਰ, ਅੱਲਾ, ਰਾਮ, ਨਾਰਾਇਣ, ਭਗਵਾਨ, ਹਰੀ ਆਦਿ। ਭਾਰਤੀ ਰਿਸ਼ੀਆਂ ਨੇ ਰੱਬ ਨੂੰ ਸਰਗੁਣ ਰੂਪ ਵਿਚ ਬਿਆਨ ਕਰਨ ਲਈ 'ਓਮ' ਦਾ ਪਦ ਵਰਤਿਆ। ਇਹ ਰੱਬ ਦਾ ਇਕ ਅਜਿਹਾ ਨਾਮ ਹੈ ਜੋ ਉਸ ਦੇ ਜ਼ਰੂਰੀ ਗੁਣਾਂ ਦੀ ਪ੍ਰਤੀਨਿਧਤਾ ਕਰਦਾ ਹੈ ਜਿਵੇਂ ਕਿ ਰੱਬ ਦਾ ਸਰਬਵਿਆਪਕ ਹੋਣਾ ਅਤੇ ਅਗੰਮ ਅਤੇ ਅਗੋਚਰ ਹੋਣਾ। ਇਹ ਸ਼ਬਦ 'ਓਮ' ਸੰਸਕ੍ਰਿਤ ਦਾ ਸ਼ਬਦ ਹੈ। ਇਸ ਨੂੰ ਤਿੰਨ ਅੱਖਰਾਂ- ੳ, ਅ, ਮ— ਤੋਂ ਬਣਿਆ ਦੱਸਿਆ ਗਿਆ ਹੈ। 'ੳ' ਪਹਿਲੀ ਆਵਾਜ਼ ਹੈ ਜੋ ਮਨੁੱਖੀ ਜੀਵ ਕੱਢ ਸਕਦੀ ਹੈ। 'ਅ' ਉਹ ਆਵਾਜ਼ ਹੈ ਜੋ ਸਾਹ ਨੂੰ ਸਾਰੀ ਜ਼ਬਾਨ 'ਤੇ ਫੇਰ ਕੇ ਕੱਢੀ ਜਾਂਦੀ ਹੈ। 'ਮ' ਦੀ ਆਵਾਜ਼ ਬੁੱਲ੍ਹ ਮੀਟਣ ਨਾਲ ਪੈਦਾ ਹੁੰਦੀ ਹੈ। ਇਨ੍ਹਾਂ ਤਿੰਨਾਂ ਆਵਾਜ਼ਾਂ ਦਾ ਮੇਲ 'ਓਮ' ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੀ ਪ੍ਰਚੱਲਤ ਜ਼ਬਾਨ ਵਿਚ ਇਸ ਦਾ ਨਾਮ ਓਅੰਕਾਰ (ੴ) ਰੱਖਿਆ ਜਿਸ ਦਾ ਭਾਵ ਹੈ ਸਰਬ-ਵਿਆਪਕ ਤੇ ਅਗੰਮ ਤੇ ਅਗਾਧ ਪਰਮਾਤਮਾ। ਸੋ 'ਓਅੰਕਾਰ' ਦਾ ਪਦ ਅਤੇ ਸ਼ਬਦ ਤੇ ਨਾਮ ਰੱਬ ਦੇ ਪ੍ਰਗਟ ਰੂਪ ਹਨ।

ਜਿਤਨੇ ਪਦ ਵੀ ਰੱਬ ਲਈ ਵਰਤੇ ਗਏ ਹਨ, ਉਹ ਰੱਬ ਦੇ ਖਾਸ-ਖਾਸ ਗੁਣ ਵਿਸ਼ੇਸ਼ਤਾ ਦੱਸਦੇ ਹਨ, ਸਾਰਿਆਂ ਦੀ ਨਹੀਂ। ਇਨ੍ਹਾਂ ਨਾਵਾਂ ਦਾ ਨਿਰਭਰ ਦੇਸ਼ ਦੀ ਭਾਸ਼ਾ ਉੱਤੇ ਹੁੰਦਾ ਹੈ ਜੋ ਬਿਆਨ ਕਰਨ ਵਾਲਾ ਵਰਤਦਾ ਹੈ। ਇਸ ਤਰ੍ਹਾਂ ਰੱਬ ਦੇ ਪ੍ਰਚੱਲਤ ਨਾਮ ਰੱਬ ਦੇ ਗੁਣਾਂ ਬਾਰੇ ਵਿਭਿੰਨ ਖਿਆਲ ਬਣ ਜਾਂਦੇ ਹਨ ਅਤੇ ਰੱਬ ਦਾ ਅਸਲੀ ਨਾਮ ਦੱਸਣਾ ਔਖਾ ਹੋ ਜਾਂਦਾ ਹੈ। ਮਿਸਾਲ ਵਜੋਂ ਵੇਦਾਂਤ ਵਿਚ 'ਈਸ਼੍ਵਰ' ਰੱਬ ਦਾ ਕੇਵਲ ਸਰਗੁਣ ਸਰੂਪ ਹੈ। ਇਸ ਲਈ 'ਈਸ਼੍ਵਰ' ਦਾ ਸ਼ਬਦ ਉਸ ਦੇ ਮੁੱਖ ਸੰਕਲਪ ਨੂੰ ਪੂਰਾ ਨਹੀਂ ਦਰਸਾਉਂਦਾ। ਜਿਸ ਅਨੁਸਾਰ ਰੱਬ ਆਪ ਹੀ ਨਿਰਗੁਣ ਹੈ ਅਤੇ ਆਪ ਹੀ ਸਰਗੁਣ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਮੁਸ਼ਕਲ ਨੂੰ ਹੱਲ ਕਰਨ ਲਈ ਸ਼ਬਦ ਦੇ ਸਾਰ ਦਾ ਨਾਉਂ ਹੀ 'ਨਾਮ' ਰੱਖ ਦਿੱਤਾ ਹੈ। ਸੋ 'ਸ਼ਬਦ' ਤੇ 'ਨਾਮ' ਸਮਾਨਾਰਥਕ ਹਨ। ਇਸ ਲਈ ਰੱਬ ਦੀ ਸਰਗੁਣਤਾ ਸ਼ਬਦ ਤੇ ਨਾਮ ਇੱਕੋ ਮੰਡਲ ਦੀਆਂ ਵਸਤਾਂ ਹਨ:

- *ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ॥ (ਪੰਨਾ ੧੦੩੮)*
- *ਹਿਰਦੈ ਸਾਚੁ ਵਸੈ ਹਰਿ ਨਾਇ॥*
  *ਕਾਲੁ ਨ ਜੋਹਿ ਸਕੈ ਗੁਣ ਗਾਇ॥*
  *ਨਾਨਕ ਗੁਰਮੁਖਿ ਸਬਦਿ ਸਮਾਇ॥ (ਪੰਨਾ ੨੨੭)*

ਨਾਮ ਲੈਣ ਦਾ ਭਾਵ ਹੈ ਨਾਮ ਦੀ ਸੋਝੀ ਪ੍ਰਾਪਤ ਕਰਨਾ। ਉਹ ਕਿਹੜਾ ਪਦ

ਜਾਂ ਵਾਕ ਹੈ ਜਿਸ ਨਾਲ ਅਨਹਦ ਸ਼ਬਦ ਜਾਂ ਰੱਬ ਨੂੰ ਬਿਆਨਿਆ ਜਾਏ ਅਤੇ ਉਸ ਦੀ ਮਹਿਮਾ ਕੀਤੀ ਜਾਏ। ਸੱਚਾ ਗੁਰੂ ਆਪਣੇ ਸਿੱਖ ਨੂੰ ਰੱਬ ਦੀ ਪ੍ਰਸ਼ੰਸਾ ਵਿਚ ਕੋਈ ਸ਼ਬਦ ਦੱਸਦਾ ਹੈ ਜਿਸ ਨੂੰ ਧਿਆਨ ਵਿਚ ਰੱਖਣ ਨਾਲ ਹਰ ਵੇਲੇ ਰੱਬ ਯਾਦ ਰਹਿੰਦਾ ਹੈ। ਇਹ ਪਦ ਬੇਅੰਤ ਹੋ ਸਕਦੇ ਹਨ, ਜਿਵੇਂ ਕਿ 'ਵਾਹਿਗੁਰੂ', 'ਸਤਿ ਨਾਮੁ', 'ਓਅੰਕਾਰ' ਆਦਿ। ਇਨ੍ਹਾਂ ਸ਼ਬਦਾਂ ਦਾ ਭਾਵ-ਅਰਥ ਸਮਝ ਕੇ ਰੱਬ ਨੂੰ ਹਰ ਵੇਲੇ ਧਿਆਨ ਵਿਚ ਰੱਖੀਦਾ ਹੈ:

*ਪੂਰੇ ਗੁਰ ਤੇ ਨਾਮੁ ਪਾਇਆ ਜਾਇ॥*
*ਸਚੈ ਸਬਦਿ ਸਚਿ ਸਮਾਇ॥* *(ਪੰਨਾ ੫੬੦)*

ਨਾਮ ਦੇਣ ਦਾ ਭਾਵ ਇਹ ਹੈ ਕਿ ਗੁਰੂ ਆਪਣੇ ਸਿੱਖ ਨੂੰ ਕੁਝ ਪਦ ਦੱਸਦੇ ਹਨ, ਜਿਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਰੱਬ ਦੀ ਪ੍ਰਸ਼ੰਸਾ ਕਰਨੀ ਹੈ:

*ਤਿਨ੍ਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ॥*
*ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥* *(ਪੰਨਾ ੭੨੯)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਡੇ ਲਈ ਇਹ ਪਦ ਨੀਯਤ ਕਰ ਦਿੱਤੇ ਹਨ ਜਿਵੇਂ ਕਿ '੧ ਓਅੰਕਾਰ', 'ਸਤਿਨਾਮੁ', ਵਾਹਿਗੁਰੂ! ਓਅੰਕਾਰ ਦਾ ਭਾਵ ਹੈ ਸਰਬਵਿਆਪਕ ਅਤੇ ਅਗੰਮ ਪਰਮਾਤਮਾ। ਸਤਿ ਨਾਮੁ ਦਾ ਭਾਵ ਹੈ ਉਹ ਪਰਮਾਤਮਾ ਜੋ ਸਾਰੇ ਬ੍ਰਹਿਮੰਡ ਦਾ ਸਾਰ ਹੈ ਅਤੇ ਅਨਾਦੀ ਹੈ। ਵਾਹਿਗੁਰੂ ਦਾ ਭਾਵ ਹੈ ਉਹ ਸ਼ਬਦ ਜੋ ਪਰਮਾਤਮਾ ਦਾ ਸਰਗੁਣ ਸਰੂਪ ਹੈ ਅਤੇ ਉਹ ਸਰਗੁਣ ਰੂਪ ਜਿਸ ਨੂੰ ਵੇਖ ਕੇ ਮਨੁੱਖ ਵਿਸਮਾਦ ਵਿਚ ਆ ਜਾਂਦਾ ਹੈ। ਇਨ੍ਹਾਂ ਸਭ ਦੇ ਭਾਵ-ਅਰਥ ਹੋਰ ਅੱਗੇ ਬਹੁਤ ਹਨ ਪਰ ਇਹ ਸਾਰ ਰੂਪ ਵਿਚ ਦਿੱਤੇ ਗਏ ਹਨ।

ਸਿੱਖ ਧਰਮ ਵਿਚ ਨਾਮ ਜਪਣ ਦਾ ਭਾਵ ਹਰ ਵੇਲੇ ਪਰਮਾਤਮਾ ਦਾ ਚੇਤੰਨ ਰਹਿਣਾ ਅਤੇ ਉਸ ਨੂੰ ਧਿਆਨ ਵਿਚ ਰੱਖਣਾ ਹੈ, ਉਸ ਨੂੰ ਹਾਜ਼ਰ-ਨਾਜ਼ਰ ਸਮਝਣਾ ਹੈ, ਉਸ ਨੂੰ ਸਰਬਵਿਆਪਕ, ਅਗਮ, ਅਗੋਚਰ, ਸਰਬਸ਼ਕਤੀਮਾਨ, ਕਾਦਰ, ਕਰੀਮ, ਰਹੀਮ-ਪਿਆਰ ਤੇ ਨਦਰ ਸਮਝਣਾ ਹੈ ਅਤੇ ਉਸ ਦੀ ਰਜ਼ਾ ਵਿਚ ਚੱਲਣਾ ਹੈ। ਨਾਮ ਜਪਣ ਦਾ ਭਾਵ ਇਹ ਨਹੀਂ ਕਿ ਦੁਨੀਆਂ ਦਾ ਕਾਰ-ਵਿਹਾਰ ਛੱਡ ਕੇ, ਕਿਸੇ ਨੁੱਕਰੇ ਬੈਠ ਕੇ ਨਾਮ ਦਾ ਰਟਣ ਕੀਤਾ ਜਾਏ ਅਤੇ ਸਰੀਰ ਨੂੰ ਤਸੀਹੇ ਦਿੱਤੇ ਜਾਣ।

ਨਾਮ-ਸਿਮਰਨ ਦਾ ਮਨੁੱਖ ਦੇ ਅਰਧ-ਚੇਤ ਮਨ ਉੱਤੇ ਡੂੰਘਾ ਅਸਰ ਪੈਂਦਾ ਹੈ। ਮਨੁੱਖ ਸੁਆਰਥਹੀਣ ਬਣ ਜਾਂਦਾ ਹੈ। ਸ਼ਬਦ ਦਾ ਭਾਵ ਆਤਮਾ ਵਿਚ ਵੱਸ ਜਾਂਦਾ ਹੈ। ਇਸ ਤਰ੍ਹਾਂ ਨਾਮ ਜਪਣ ਵਾਲੇ ਦੀ ਆਤਮਾ ਸਤਿ ਨਾਲ ਇਕਮਿਕ ਹੋ ਜਾਂਦੀ ਹੈ:

*ਨਾਮੇ ਰਾਤੇ ਹਉਮੈ ਜਾਇ॥ ਨਾਮਿ ਰਤੇ ਸਚਿ ਰਹੇ ਸਮਾਇ॥*
*ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ ਨਾਮਿ ਰਤੇ ਪਾਵਹਿ ਮੋਖ ਦੁਆਰੁ॥*
*(ਪੰਨਾ ੯੪੧)*

ਨਾਮ ਜਪਣ ਦਾ ਅਸਲੀ ਭਾਵ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਧਾਂ ਨਾਲ ਕੀਤੀ ਗੋਸ਼ਟੀ ਤੋਂ ਸਮਝ ਆਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਹਠ-ਜੋਗ ਦੇ ਸਖ਼ਤ ਵਿਰੋਧੀ ਸਨ। ਹਠ ਜੋਗ ਘਰ-ਬਾਰ ਛੱਡਣ ਦਾ ਤੇ ਮੰਗ ਕੇ ਖਾਣ ਦਾ ਸਮਰਥਨ ਕਰਦਾ ਸੀ। ਇਹ ਮਨੁੱਖੀ ਖਾਹਿਸ਼ਾਂ ਨੂੰ ਬਿਲਕੁਲ ਮਾਰ ਦੇਣ ਦੇ ਹੱਕ ਵਿਚ ਸੀ। ਉਨ੍ਹਾਂ ਦਾ ਮਨੋਰਥ ਡੂੰਘੀ ਤਪੱਸਿਆ ਨਾਲ ਸੁੰਨ ਅਵਸਥਾ ਵਿਚ ਜਾਣ ਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਖਿਆਲ ਵਿਚ ਇਹ ਸਾਰੇ ਤਰੀਕੇ ਮਨੁੱਖ ਨੂੰ ਮੁਕਤੀ ਵੱਲ ਨਹੀਂ ਲੈ ਜਾਂਦੇ। ਜੋਗੀ ਦਾ ਮਨੋਰਥ ਸੰਜੋਗ ਨਹੀਂ ਬਲਕਿ ਵਿਜੋਗ ਹੈ। ਉਹ ਪ੍ਰਕਿਰਤੀ ਤੇ ਪੁਰਸ਼ ਨੂੰ ਵੱਖਰਾ ਕਰ ਕੇ ਰਿਧੀਆਂ-ਸਿਧੀਆਂ ਪ੍ਰਾਪਤ ਕਰਨਾ ਚਾਹੁੰਦਾ ਹੈ ਜਿਸ ਨਾਲ ਹਉਮੈ ਵਧਦੀ ਹੈ ਜੋ ਮਨੁੱਖ ਨੂੰ ਰੱਬ ਪਾਸੋਂ ਦੂਰ ਲੈ ਜਾਂਦੀ ਹੈ। ਕੋਈ ਸਧਾਰਨ ਜੀਵਨ ਬਤੀਤ ਕਰਨ ਵਾਲਾ ਮਨੁੱਖ ਹਠ ਜੋਗ ਦੇ ਤਰੀਕੇ ਨਹੀਂ ਅਪਣਾ ਸਕਦਾ। ਨਾਮ ਜਪਣ ਨਾਲ ਹਉਮੈ ਘਟਦੀ ਹੈ, ਮਨੁੱਖ ਰੱਬ ਦੇ ਹੁਕਮ ਅਨੁਸਾਰ ਚੱਲਦਾ ਹੈ ਅਤੇ ਉਸ ਦੇ ਨਜ਼ਦੀਕ ਹੁੰਦਾ ਚਲਾ ਜਾਂਦਾ ਹੈ। ਸੋ ਜੋਗ ਮੁਕਤੀ ਦਾ ਸਾਧਨ ਨਹੀਂ। ਨਾਮ ਜਪਣਾ ਹੀ ਮੁਕਤੀ ਦਾ ਅਸਲੀ ਸਾਧਨ ਹੈ:

*ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ॥*
*ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥*
*ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ॥*
*ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ॥*
*ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ॥*
*ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ॥*

*(ਪੰਨਾ ੯੪੬)*

## ਸਤ-ਚਿਤ-ਅਨੰਦ

ਇਹ ਦ੍ਰਿਸ਼ਟਮਾਨ ਬ੍ਰਹਿਮੰਡ ਅਸਲੀਅਤ ਨਹੀਂ। ਇਸ ਦੇ ਪਿੱਛੇ ਕੋਈ ਅਦ੍ਰਿਸ਼ਟ ਹੈ ਜੋ ਇਸ ਬ੍ਰਹਿਮੰਡ ਦਾ ਸਾਰ ਹੈ ਪਰ ਦਿੱਸਦਾ ਨਹੀਂ। ਸਾਰਾ ਬ੍ਰਹਿਮੰਡ ਉਸ ਦਾ ਬਣਿਆ ਹੋਇਆ ਹੈ, ਇਸ ਨੂੰ ਬ੍ਰਹਮ ਕਹਿੰਦੇ ਹਨ। ਇਸੇ ਹੀ ਤਰ੍ਹਾਂ ਇਸ ਮਨੁੱਖ ਦਾ ਸਾਰ ਆਤਮਾ ਹੈ। ਇਹ ਆਤਮਾ ਤੇ ਬ੍ਰਹਮ ਇਕ ਹਨ। ਇਹ ਬ੍ਰਹਮ-ਆਤਮ ਬ੍ਰਹਿਮੰਡ ਦਾ ਸਾਰ ਹੈ। ਇਹੋ ਪਰਮ-ਆਤਮਾ ਹੈ। ਇਹੋ ਰੱਬ ਹੈ, ਇਸ ਲਈ ਰੱਬ ਸਤਿ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*- ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ॥(ਪੰਨਾ ੫੯੮)*
*- ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥ (ਪੰਨਾ ੧੧੫੩)*

ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ:

*ਸਤਿ ਸਤਿ ਸਤਿ ਪ੍ਰਭੁ ਸੁਆਮੀ॥ ਗੁਰ ਪਰਸਾਦਿ ਕਿਨੈ ਵਖਿਆਨੀ॥(ਪੰਨਾ ੨੮੯)*

ਜੀਵ (ਮਨੁੱਖ) ਚੇਤੰਨਤਾ ਰੱਖਦਾ ਹੈ। ਇਸ ਨੂੰ ਆਪਣੇ ਆਲੇ-ਦੁਆਲੇ ਦਾ ਗਿਆਨ ਹੁੰਦਾ ਹੈ ਜੋ ਪੱਥਰਾਂ ਨੂੰ ਨਹੀਂ ਹੁੰਦਾ। ਇਹ ਤਦ ਹੁੰਦਾ ਹੈ ਕਿ ਇਸ ਵਿਚ ਜ਼ਿੰਦਗੀ ਅਤੇ ਇਹ ਜ਼ਿੰਦਗੀ ਇਸ ਵਿਚ ਤਾਂ ਆਉਂਦੀ ਹੈ ਜਦੋਂ ਇਸ ਵਿਚ ਆਤਮਾ ਪ੍ਰਵੇਸ਼ ਕਰਦੀ ਹੈ। ਆਤਮਾ ਤੇ ਚੇਤੰਨਤਾ ਇਕੱਠੀਆਂ ਆਉਂਦੀਆਂ ਹਨ। ਇਹੋ ਜੀਵ ਦੀ ਨਿਸ਼ਾਨੀ ਹੈ। ਆਤਮਾ ਪਰਮ-ਆਤਮਾ ਦਾ ਅੰਗ ਹੈ। ਤਾਂ ਫਿਰ ਇਹ ਚੇਤੰਨਤਾ ਭੀ ਉਸ ਰੱਬ ਦਾ ਅੰਗ ਹੈ। ਸੋ ਜਿੱਥੇ ਰੱਬ ਪਰਮ-ਆਤਮਾ ਹੈ, ਓਥੇ ਰੱਬ ਪਰਮ-ਚਿੱਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥ (ਪੰਨਾ ੯੨੯)*

ਉਪਨਿਸ਼ਦਾਂ ਅੰਦਰ ਰਿਸ਼ੀ ਭ੍ਰਿਗੂ ਅਤੇ ਉਸ ਦੇ ਪਿਤਾ ਵਰਨ ਵਿਚਕਾਰ ਹੋਇਆ ਵਾਰਤਾਲਾਪ ਇਸ ਤਰ੍ਹਾਂ ਦੱਸਿਆ ਹੈ—

ਭ੍ਰਿਗੂ : ਬ੍ਰਹਮ ਦੀ ਕੀ ਵਿਸ਼ੇਸ਼ਤਾ ਹੈ? ਉਸ ਦੇ ਕੀ ਗੁਣ ਹਨ?

ਵਰਨ : ਬ੍ਰਹਮ ਉਹ ਹੈ ਜਿਸ ਵਿੱਚੋਂ ਸਾਰੇ ਬ੍ਰਹਿਮੰਡ ਦੀਆਂ ਵਸਤਾਂ ਪੈਦਾ ਹੁੰਦੀਆਂ ਹਨ, ਜਿਸ ਦੇ ਸਹਾਰੇ ਉਹ ਜੀਉਂਦੀਆਂ ਹਨ ਅਤੇ ਜਿਸ ਵਿਚ ਮਰਨ ਦੇ ਬਾਅਦ ਉਹ ਸਮਾ ਜਾਂਦੀਆਂ ਹਨ।

ਸਤਿ ਦੀ ਖੋਜ ਕਰਦਿਆਂ ਭ੍ਰਿਗੂ ਨੇ ਬ੍ਰਹਮ ਬਾਰੇ ਇਹ ਚੀਜ਼ਾਂ ਲੱਭੀਆਂ:-

(ੳ) ਖ਼ੁਰਾਕ, ਅੰਨ, ਭਾਵ ਮਾਦਾ —

ਇਹ ਭੌਤਿਕ ਹੋਂਦ ਲਈ ਜ਼ਰੂਰੀ ਹੈ। ਪਰ ਇਹ ਮਾਦਾ ਤਾਂ ਬਾਹਰਲਾ ਖੋਲ ਹੈ ਜਿਸ ਦੇ ਅੰਦਰ ਪ੍ਰਾਣ ਭਾਵ ਜ਼ਿੰਦਗੀ ਹੈ।

(ਅ) ਮਨ —

ਇਹ ਪ੍ਰਾਣਾਂ ਜਾਂ ਜ਼ਿੰਦਗੀ ਦਾ ਆਧਾਰ ਹੈ ਪਰ ਇਹ ਵੀ ਅੱਗੇ ਉਪਜ ਜਾਂ ਗੁਣਨਫਲ ਹੈ ਅਤੇ ਬ੍ਰਹਮ ਜਾਂ ਮੂਲ ਨਹੀਂ।

(ੲ) ਬੌਧਿਕ ਚੇਤੰਨਤਾ —

ਫਿਰ ਉਹ ਸੋਚਦਾ ਹੈ ਕਿ ਸ਼ਾਇਦ ਬੌਧਿਕ ਚੇਤੰਨਤਾ ਅੰਤਮ ਸਤਿ ਹੋਵੇ ਪਰ ਇਹ ਵੀ ਉਸ ਨੇ ਅਧੂਰਾ ਤੇ ਅਪੂਰਨ ਸਮਝਿਆ।

(ਸ) ਅਨੰਦ —

ਅਖੀਰ ਉਹ ਇਸ ਅੰਤਮ ਸਤਿ ਉੱਤੇ ਪੁੱਜਾ ਕਿ ਬ੍ਰਹਮ ਅਨੰਦ ਹੈ। ਉਹ ਆਪ ਪਰਮ ਚੇਤੰਨਤਾ ਅਤੇ ਚੇਤੰਨ ਰੂਪ ਵਿਚ ਆਪ ਅਨੰਦ ਮਾਣ ਰਿਹਾ ਹੈ। ਤੈਤੀਰੀਆ ਉਪਨਿਸ਼ਦ ਵਿਚ ਲਿਖਿਆ ਹੈ।

"ਬ੍ਰਹਮ ਆਪ ਅਨੰਦ ਸਰੂਪ ਹੈ ਅਤੇ ਇਹ ਛੋਟੀਆਂ-ਛੋਟੀਆਂ ਖੁਸ਼ੀਆਂ ਜੋ ਮਨੁੱਖ ਆਪਣੇ ਜੀਵਨ ਵਿਚ ਮਾਣਦਾ ਹੈ, ਰੱਬ ਦੇ ਉਸ ਅਸੀਮਿਤ ਤੇ ਮਹਾਨ ਅਨੰਦ ਦਾ ਇਕ ਮਾਮੂਲੀ ਜਿਹਾ ਅੰਸ਼ ਹਨ।"

ਇਸ ਬ੍ਰਹਿਮੰਡ ਵਿਚ ਪਾਈ ਜਾਂਦੀ ਖੁਸ਼ੀ ਜਾਂ ਅਨੰਦ ਦੀ ਇਕਾਈ ਇਕ

ਅਜਿਹਾ ਮਨੁੱਖ ਹੈ ਜੋ ਚੰਗਾ ਆਚਾਰ ਤੇ ਚੰਗੀ ਸੁਚੱਜਤਾ ਰੱਖਦਾ ਹੋਵੇ, ਚੰਗਾ ਵਿਦਵਾਨ ਹੋਵੇ, ਚੰਗਾ ਉਪਜਾਊ ਸੂਝ ਰੱਖਦਾ ਹੋਵੇ, ਆਸ਼ਾਵਾਦੀ ਹੋਵੇ, ਇਰਾਦੇ ਦਾ ਪੱਕਾ ਹੋਵੇ ਅਤੇ ਚੰਗੀ ਸਿਹਤ ਤੇ ਲੋੜੀਂਦੀ ਦੌਲਤ ਰੱਖਦਾ ਹੋਵੇ। ਮਨੁੱਖੀ ਅਤੇ ਦੈਵੀ ਖੁਸ਼ੀ ਇਸ ਇਕਾਈ ਦਾ ਕੋਈ ਗੁਣਨਫਲ ਹੁੰਦੀ ਹੈ। ਫਰਿਸ਼ਤੇ, ਦੇਵਤੇ ਤੇ ਉਚੇਰੇ ਦੇਵ ਸਮੇਤ ਪਰਜਾ ਪਤੀ, ਖੁਸ਼ੀ, ਇਸ ਇਕਾਈ ਦੇ ਕਿਸੇ ਗੁਣਨਫਲ ਦੇ ਬਰਾਬਰ ਮਾਣਦੇ ਹਨ। ਇਕ ਯੁਵਕ ਤੋਂ ਲੈ ਕੇ, ਪਰਜਾ ਪਤੀ ਤਕ, ਹਰ ਇਕ ਦੇ ਸਮਾਨੰਤਰ ਉਸ ਮਨੁੱਖ ਦੀ ਖੁਸ਼ੀ ਹੈ ਜੋ ਬ੍ਰਹਮ (ਪਰਮਾਤਮਾ) ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਆਪਣੀਆਂ ਇੰਦ੍ਰਿਆਵੀ ਖਾਹਿਸ਼ਾਂ ਦਾ ਗ਼ੁਲਾਮ ਨਹੀਂ ਰਹਿੰਦਾ। ਰੂਹਾਨੀ ਪ੍ਰਾਪਤੀ ਮਨੁੱਖ ਨੂੰ ਅਸੀਮਿਤ ਖੁਸ਼ੀ ਦਿੰਦੀ ਹੈ ਕਿਉਂਕਿ ਉਹ ਮਨੁੱਖ ਨੂੰ ਰੱਬ (ਬ੍ਰਹਮ) ਨਾਲ ਇਕਮਿਕ ਕਰ ਦਿੰਦੀ ਹੈ ਜਿਹੜਾ ਕਿ ਆਪ ਸਾਰੇ ਅਨੰਦ ਦਾ ਇਕ ਅਥਾਹ ਸਾਗਰ ਹੈ ਅਤੇ ਬਾਕੀ ਸਾਰੇ ਮਨੁੱਖ ਜਾਂ ਦੇਵ ਉਸ ਦੇ ਮਾਮੂਲੀ ਕਿਣਕੇ ਹਨ। ਇਹੀ ਮਨੁੱਖ ਦਾ ਸਭ ਤੋਂ ਵੱਡਾ ਕਮਾਲ ਹੈ। ਅਜਿਹਾ ਆਦਮੀ ਮਨੁੱਖਾਂ ਵਿਚ ਇਕ ਸਭ ਤੋਂ ਵੱਡਾ ਦੇਵ ਹੈ। ਬ੍ਰਹਮ ਦਾ ਗਿਆਨ ਰੱਖਣ ਵਾਲੇ ਦਾ ਇਹ ਅਨਾਦੀ ਤੇਜ-ਪ੍ਰਤਾਪ ਹੈ। ਮਨੁੱਖ ਲਈ ਇਹ ਖੁਸ਼ੀ ਅਨੰਦ ਦੀ ਟੀਸੀ ਹੈ।

**ਸਿੱਖ ਧਰਮ ਅੰਦਰ ਸਤ-ਚਿਤ-ਅਨੰਦ :**

ਸਿੱਖ ਧਰਮ ਪਾਰਬ੍ਰਹਮ ਦੇ ਇਹ ਤਿੰਨੇ ਰੂਪ ਮੰਨਦਾ ਹੈ: ਰੱਬ ਸਤਿ ਹੈ, ਚਿਤ ਹੈ ਅਤੇ ਅਨੰਦ ਹੈ।

(ੳ) ਪਾਰਬ੍ਰਹਮ ਸਤਿ ਹੈ —

ਇਹ ਸਾਰੇ ਬ੍ਰਹਿਮੰਡ ਦਾ ਸਾਰ ਹੈ। ਮੂਲਮੰਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

(ਅ) ਪਾਰਬ੍ਰਹਮ ਚਿਤ ਸਰੂਪ ਹੈ —

ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥*
*ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥* *(ਪੰਨਾ ੯੨੯)*

ਸ਼ਬਦ ਤੋਂ ਹੀ ਬ੍ਰਹਿਮੰਡ ਦੀ ਉਤਪਤੀ ਹੋਈ। ਓਅੰਕਾਰ ਤੋਂ ਹੀ ਚੇਤੰਨਤਾ ਪੈਦਾ ਹੋਈ। ਓਅੰਕਾਰ ਤੋਂ ਹੀ ਦੇਸ਼ ਤੇ ਕਾਲ ਰਚੇ ਗਏ। ਓਅੰਕਾਰ ਤੋਂ ਹੀ ਗਿਆਨ ਪੈਦਾ ਹੋਇਆ। ਸੋ ਪਰਮਾਤਮਾ ਪਰਮਸਤਿ ਹੈ ਅਤੇ ਪਰਮ-ਚਿਤ ਭੀ ਹੈ।

(ੲ) ਬ੍ਰਹਮ ਆਪ ਅਨੰਦ ਸਰੂਪ ਹੈ —

ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*– ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ॥* *(ਪੰਨਾ ੧੦੪੧)*

*– ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ॥* *(ਪੰਨਾ ੧੦੪੨)*

ਸੋ ਪਰਮਾਤਮਾ ਸਤ-ਚਿਤ-ਅਨੰਦ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਸਤਿ ਸੁਹਾਣੁ ਸਦਾ ਮਨਿ ਚਾਉ॥* *(ਪੰਨਾ ੪)*

ਇਸ ਪ੍ਰਥਾਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ 'ਜਾਪੁ ਸਾਹਿਬ' ਅੰਦਰ ਫ਼ਰਮਾਉਂਦੇ ਹਨ:

*ਸਦਾ ਸਚਦਾਨੰਦ ਸਰਬੰ ਪ੍ਰਣਾਸੀ॥*

ਹੇ ਵਾਹਿਗੁਰੂ! ਤੂੰ ਸਦਾ ਸੱਚਮੁਚ ਮੌਜੂਦ ਹੈਂ; ਤੂੰ ਚੇਤੰਨ ਹੈਂ (ਸਭ ਕੁਝ ਜਾਣਨ ਵਾਲਾ ਹੈਂ) ਤੂੰ ਅਨੰਦ ਜਾਂ ਖੁਸ਼ੀ ਦਾ ਘਰ ਹੈਂ।

## ਮੁਕਤੀ

ਇਹ ਮਨੁੱਖ ਆਤਮਾ ਅਤੇ ਸਰੀਰ ਦਾ ਮੇਲ ਹੈ। ਇਹ ਭੌਤਿਕ ਸਰੀਰ ਇੰਦ੍ਰਿਆਵਾਂ ਤੇ ਤ੍ਰਿਸ਼ਨਾਵਾਂ ਦਾ ਬਣਿਆ ਹੋਇਆ ਹੈ। ਇਹ ਤ੍ਰਿਸ਼ਨਾਵਾਂ ਬੜੀਆਂ ਪ੍ਰਬਲ ਹਨ। ਇਨ੍ਹਾਂ ਦੀ ਪੂਰਨ ਸੰਤੁਸ਼ਟੀ ਕਦੀ ਨਹੀਂ ਹੁੰਦੀ ਜਿਸ ਕਾਰਨ ਮਨੁੱਖ ਹਮੇਸ਼ਾਂ ਦੁਖੀ ਰਹਿੰਦਾ ਹੈ। ਸੋ ਇਹ ਮਨੁੱਖ ਇਨ੍ਹਾਂ ਤ੍ਰਿਸ਼ਨਾਵਾਂ ਦਾ ਗ਼ੁਲਾਮ ਭੀ ਹੈ ਅਤੇ ਇਸੇ ਕਾਰਨ ਦੁਖੀ ਭੀ ਹੈ। ਕਿਹਾ ਜਾਂਦਾ ਹੈ ਕਿ ਮਨੁੱਖ ਪਾਸ ਬੁੱਧੀ ਹੈ ਅਤੇ ਇਹ ਤਰਕ-ਯੁਕਤ ਹੈ। ਅਸਲੀਅਤ ਇਹ ਹੈ ਕਿ ਸਧਾਰਨ ਇਨਸਾਨ ਆਪਣੀਆਂ ਭੌਤਿਕ ਤ੍ਰਿਸ਼ਨਾਵਾਂ ਅਤੇ ਜਜ਼ਬਿਆਂ ਦੇ ਆਸਰੇ ਬਹੁਤਾ ਤੁਰਦਾ ਹੈ ਅਤੇ ਤਰਕ ਦੇ ਆਸਰੇ ਘੱਟ। ਇਸ ਨੂੰ ਜਰਮਨ ਫ਼ਿਲਾਸਫ਼ਰ ਸ਼ਾਪਨਹਰ 'Will to live' ਦਾ ਨਾਂ ਦੇਂਦਾ ਹੈ। ਸੋ ਮਨੁੱਖ ਹਰ ਵੇਲੇ ਆਪਣੀਆਂ ਤ੍ਰਿਸ਼ਨਾਵਾਂ ਦਾ ਗ਼ੁਲਾਮ ਰਹਿੰਦਾ ਹੈ। ਮੁਕਤੀ ਸ਼ਬਦ ਦਾ ਭਾਵ ਇੰਦ੍ਰਿਆਵੀ ਖਾਹਿਸ਼ਾਂ ਉੱਤੇ ਕਾਬੂ ਪਾ ਕੇ ਇਸ ਦੁਖੀ ਜੀਵਨ ਤੋਂ ਛੁਟਕਾਰਾ ਪਾਉਣਾ ਜਾਂ ਮੁਕਤ ਹੋਣਾ ਹੈ। ਇਹ ਓਦੋਂ ਹੁੰਦਾ ਹੈ ਜਦੋਂ ਮਨੁੱਖ ਦਾ ਦੂਸਰਾ ਅੰਗ, ਆਤਮਾ, ਸਰੀਰ 'ਤੇ ਕਾਬੂ ਪਾ ਕੇ ਆਪਣੇ ਆਪ ਨੂੰ ਵਸੀਕਾਰ ਕਰ ਲੈਂਦਾ ਹੈ ਅਤੇ ਮਨ ਨੂੰ ਆਪਣੇ ਕੰਟਰੋਲ ਵਿਚ ਲੈ ਆਉਂਦਾ ਹੈ। ਇਹ ਆਤਮਾ ਪਰਮਾਤਮਾ ਦਾ ਅੰਗ ਹੈ। ਸੋ ਇਸ ਤਰ੍ਹਾਂ ਸਰੀਰ ਤੇ ਮਨ ਨੂੰ ਆਤਮਾ ਦੇ ਵਸੀਕਾਰ ਵਿਚ ਕਰਨ ਨਾਲ ਮਨੁੱਖ ਰੱਬ ਨਾਲ ਇਕਸੁਰ ਹੋ ਜਾਂਦਾ ਹੈ। ਇਸ ਨੂੰ ਹੀ ਮੁਕਤੀ ਜਾਂ Liberation ਕਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਮੂੜੇ ਰਾਮੁ ਜਪਹੁ ਗੁਣ ਸਾਰਿ॥*
*ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥*
*ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ॥*
*ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ॥* *(ਪੰਨਾ ੧੯)*

ਇਸ ਮੁਕਤੀ ਦੀ ਦੂਸਰੀ ਸਟੇਜ ਇਸ ਜ਼ਿੰਦਗੀ ਦੇ ਬਾਅਦ ਆਉਂਦੀ ਹੈ। ਜੇ ਮਨੁੱਖ ਆਪਣੀਆਂ ਤ੍ਰਿਸ਼ਨਾਵਾਂ ਦੇ ਅਧੀਨ ਅਤੇ ਇਸ ਦਾ ਗ਼ੁਲਾਮ ਬਣਿਆ ਰਹੇ ਤਾਂ ਉਹ ਜੰਮਣ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ਅਤੇ ਇਸ ਵਿੱਚੋਂ ਨਿਕਲ ਨਹੀਂ ਸਕਦਾ। ਇਸ ਚੱਕਰ ਵਿੱਚੋਂ ਤਦ ਹੀ ਨਿਕਲ ਸਕਦਾ ਹੈ ਜੇ ਉਹ ਜੰਮਣ-ਮਰਨ ਤੋਂ ਰਹਿਤ ਹੋ ਜਾਵੇ। ਮਨੁੱਖ ਇਸ ਦੁਨੀਆਂ ਵਿਚ ਉਦੋਂ ਆਉਂਦਾ ਹੈ ਜਦੋਂ ਆਤਮਾ ਇਸ ਸਰੀਰ ਵਿਚ ਆ ਕੇ ਇਸ ਨੂੰ ਜ਼ਿੰਦਗੀ ਦਿੰਦੀ ਹੈ। ਇਹ ਆਤਮਾ ਪਰਮਾਤਮਾ ਦਾ ਅੰਗ ਹੈ। ਮਨੁੱਖ ਇਸ ਜੀਵਨ ਦੇ ਚੱਕਰ ਨੂੰ ਉਦੋਂ ਕੱਟਦਾ ਹੈ ਜਦੋਂ ਇਹ ਆਤਮਾ ਵਾਪਸ ਪਰਮਾਤਮਾ ਵਿਚ ਜਾ ਰਲ਼ੇ। ਇਹ ਉਦੋਂ ਹੀ ਹੁੰਦਾ ਹੈ ਜਦੋਂ ਮਨੁੱਖ ਭੌਤਿਕ ਪੱਧਰ ਤੋਂ ਉੱਠ ਕੇ ਆਤਮਿਕ ਪੱਧਰ 'ਤੇ ਚਲਾ ਜਾਵੇ ਅਤੇ ਪਰਮਾਤਮਾ ਵਿਚ ਲੀਨ ਹੋ ਜਾਵੇ। ਇਹ ਸਟੇਜ ਨਾਮ ਜਪਣ ਨਾਲ ਅਤੇ ਪਰਮਾਤਮਾ ਦੀ ਬਖਸ਼ਿਸ਼ ਨਾਲ ਆਉਂਦੀ ਹੈ।

ਸੋ ਸਿੱਖ ਦਾ ਜੀਵਨ-ਆਦਰਸ਼ ਮੁਕਤੀ ਪ੍ਰਾਪਤ ਕਰਨਾ ਹੈ ਜੋ ਇਸ ਜੀਵਨ ਵਿਚ ਵੀ ਪ੍ਰਾਪਤ ਹੋ ਸਕਦੀ ਹੈ ਅਤੇ ਅਗਲੇ ਜੀਵਨ ਵਿਚ ਮਰਨ ਦੇ ਬਾਅਦ ਵੀ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥ (ਪੰਨਾ ੧੦੦੯)*

ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ:

*ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥ (ਪੰਨਾ ੨੭੫)*

ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ॥*
*ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ॥ (ਪੰਨਾ ੧੦੦੯)*

ਪਹਿਲੀ ਸਟੇਜ ਦੀ ਮੁਕਤੀ ਦੂਸਰੀ ਸਟੇਜ ਦੀ ਮੁਕਤੀ ਦੀ ਪ੍ਰਾਪਤੀ ਵਿਚ ਸਹਾਇਤਾ ਕਰਦੀ ਹੈ—

ਵੇਦਾਂਤ ਅਨੁਸਾਰ ਮੁਕਤੀ ਸੱਤ ਦੀ ਪ੍ਰਾਪਤੀ ਸੱਤ ਨੂੰ ਪਛਾਣਨਾ ਹੈ, ਇਹੋ ਮੁਕਤੀ ਹੈ। ਮਨੁੱਖ ਦਾ ਅੰਤਮ ਆਦਰਸ਼ ਉਹ ਕੁਝ ਬਣਨਾ ਹੈ ਜੋ ਉਸ ਦਾ ਅਸਲੀ ਤੱਤ ਹੈ। ਮਨੁੱਖ ਦਾ ਅਸਲੀ ਆਪਾ ਉਸ ਦੇ ਭੌਤਿਕ ਸਰੀਰ ਨਾਲੋਂ ਵੱਖਰਾ ਹੈ। ਸਰੀਰ ਨੂੰ ਅਸਲੀ ਆਪਾ ਸਮਝ ਲੈਣਾ ਅਵਿੱਦਿਆ ਹੈ। ਅਸਲੀ ਗਿਆਨ ਅਸਲੀ ਆਪੇ ਭੌਤਿਕ ਸਰੀਰ ਨਾਲੋਂ ਨਿਖੇੜਨ ਵਿਚ ਹੈ। ਇਹ ਨਿਖੇੜਾ ਹੋਂਦ ਦੀ ਦੁਨੀਆਂ ਵਿਚ ਨਹੀਂ ਸਗੋਂ ਵਿਚਾਰ ਦੀ ਦੁਨੀਆਂ ਵਿਚ ਕਰਨਾ ਹੈ। ਅਗਿਆਨਤਾ ਨੂੰ ਗਿਆਨ ਨਾਲ ਕੱਟਣਾ ਹੈ। ਇਹ ਪ੍ਰਬੁੱਧਤਾ ਦੀ ਸਟੇਜ ਹੈ। ਸੋ ਵਿਅਕਤਿਤ੍ਵਤਾ ਅਤੇ ਪ੍ਰਬੁੱਧਤਾ ਇਕੱਠੀਆਂ ਹੋ ਸਕਦੀਆਂ ਹਨ। ਵਿੱਦਿਆ ਦੀ ਪ੍ਰਾਪਤੀ ਨਾਲ ਮੁਕਤੀ

ਪ੍ਰਾਪਤ ਹੋ ਜਾਂਦੀ ਹੈ। ਇਸ ਦੁਨੀਆਂ ਵਿਚ ਦੁੱਖਾਂ ਦਾ ਕਾਰਨ ਅਵਿੱਦਿਆ ਹੈ। ਇਹ ਗਲਤੀ ਠੀਕ ਹੋ ਜਾਣ ਨਾਲ ਦੁੱਖਾਂ ਤੋਂ ਨਿਸਤਾਰਾ ਪ੍ਰਾਪਤ ਹੋ ਜਾਂਦਾ ਹੈ। ਮੁਕਤੀ ਗ਼ਲਤ ਦ੍ਰਿਸ਼ਟੀ ਦਾ ਅਲੋਪ ਹੋਣਾ ਹੈ।

ਇਹ ਮੁਕਤੀ ਜਾਂ ਨਿਸਤਾਰਾ ਬ੍ਰਹਮ ਨਾਲ ਇਕਮਿਕ ਹੋਣਾ ਹੈ। ਸੋ ਮੁਕਤੀ ਦੀ ਅਵਸਥਾ ਨੂੰ ਗਿਆਨ ਦਿਆਂ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਗਿਆਨ ਦਾ ਸੰਬੰਧ ਦੇਸ਼ ਅਤੇ ਕਾਲ, ਕਾਰਜ ਅਤੇ ਕਾਰਨ, ਵਿਅਕਤੀ ਅਤੇ ਵਸਤਾਂ, ਕਿਰਿਆਵਾਂ ਅਤੇ ਦੁੱਖਾਂ ਦੇ ਨਿਖੇੜੇ ਨਾਲ ਹੈ। ਇਹ ਕਿਹਾ ਜਾਂਦਾ ਹੈ ਕਿ ਇਨ੍ਹਾਂ ਵਿੱਚੋਂ ਕੋਈ ਵੀ ਨਿਬੇੜਾ ਮੁਕਤੀ ਜਾਂ ਸੁਤੰਤਰਤਾ ਦੀ ਅਵਸਥਾ ’ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਇਹ ਨਹੀਂ ਕਿਹਾ ਜਾ ਸਕਦਾ ਕਿ ਮੁਕਤ-ਲੋਕ ਭੂਗੋਲਿਕ ਖੇਤਰ ਸਵਰਗ ਜਾਂ ਬੈਕੁੰਠ ਵਿਚ ਰਹਿੰਦੇ ਹਨ। ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਮੁਕਤ-ਲੋਕ ਅਸੀਮਿਤ ਸਮੇਂ ਤਕ ਰਹਿੰਦੇ ਹਨ। ਅਸੀਂ ਮੁਕਤੀ ਦੀ ਅਵਸਥਾ ਨੂੰ ਨਿਰੰਤਰ ਕਿਰਿਆ ਨਹੀਂ ਕਹਿ ਸਕਦੇ। ਇਹ ਸਭ ਤੋਂ ਉੱਚਾ ਅਨੁਭਵ ਹੈ ਜਦੋਂ ਸਾਡੀ ਭੌਤਿਕ ਕਿਰਿਆ ਤ੍ਰੈ-ਗੁਣ ਅਤੀਤ ਹੋ ਜਾਂਦੀ ਹੈ ਅਤੇ ਸਵੈ-ਚੇਤੰਨਤਾ ਖ਼ਤਮ ਹੋ ਜਾਂਦੀ ਹੈ, ਆਤਮਾ ਸੰਸਾਰ ਚੱਕਰ ਤੋਂ ਉਤਾਂਹ ਨਿਕਲ ਜਾਂਦੀ ਹੈ।

ਮੁਕਤੀ ਦੀ ਅਵਸਥਾ ਦਾ ਠੀਕ ਵਰਣਨ ਇਹ ਹੈ ਕਿ ਇਹ ਉਹ ਅਵਸਥਾ ਹੁੰਦੀ ਹੈ ਜਿਸ ਵਿਚ ਨਾ ਦਿਨ ਹੁੰਦਾ ਹੈ ਨਾ ਰਾਤ, ਸਮਾਂ ਖੜ੍ਹੋ ਜਾਂਦਾ ਹੈ ਅਤੇ ਚੰਦ, ਸੂਰਜ ਤੇ ਤਾਰੇ ਅਕਾਸ਼ ਵਿੱਚੋਂ ਅਲੋਪ ਹੋ ਜਾਂਦੇ ਹਨ। ਮੁਕਤ ਆਤਮਾ ਕਿਸੇ ਹੋਰ ਨੂੰ ਨਹੀਂ ਵੇਖਦੀ ਪਰ ਆਪਣੇ ਆਪ ਨੂੰ ਸਭ ਵਿਚ ਵੇਖਦੀ ਹੈ।

ਵੈਸ਼ਨਵ ਮੱਤ ਅਨੁਸਾਰ ਮੁਕਤੀ ਜੰਮਣ-ਮਰਨ ਤੋਂ ਰਹਿਤ ਹੋਣਾ ਹੈ। ਮੁਕਤ ਮਨੁੱਖ ਮਰਨ ਤੋਂ ਬਾਅਦ ਅਨੰਦ ਭਰਪੂਰ ਬੈਕੁੰਠ ਵਿਚ ਜਾਂਦਾ ਹੈ। ਉਥੇ ਸਮਾਂ ਅਨਾਦੀ ਹੁੰਦਾ ਹੈ ਅਤੇ ਮੁਕਤ। ਕਰਮਾਂ ਦੇ ਬੰਧਨਾਂ ਤੋਂ ਛੁੱਟ ਜਾਂਦਾ ਹੈ। ਉਹ ਅਕਾਸ਼ ਵਿਚ ਜਾ ਕੇ ਦੇਵ ਰੂਪ ਬਣ ਜਾਂਦਾ ਹੈ ਪਰ ਬਗ਼ੈਰ ਕਿਸੇ ਬ੍ਰਹਿਮੰਡੀ ਹਕੂਮਤ ਦੇ ਮੁਕਤ ਆਤਮਾ ਪਾਰਬ੍ਰਹਮ ਦਾ ਸਿੱਧਾ ਦਰਸ਼ਨ ਕਰਦੀ ਹੈ ਅਤੇ ਉਸ ਨਾਲ ਇਕਮਿਕ ਹੋ ਕੇ ਅਨਾਦੀ ਅਨੰਦ ਮਾਣਦੀ ਹੈ। ਇਸ ਸੰਜੋਗ ਨਾਲ ਬ੍ਰਹਮ ਨਾਲੋਂ ਵਖਰੇਵੇਂ ਦੀ ਭਾਵਨਾ ਅਲੋਪ ਹੋ ਜਾਂਦੀ ਹੈ। ਇਸ ਦਾ ਸਾਧਨ ਸਰਗੁਣ ਰੱਬ ਦੀ ਪੂਜਾ ਕਰਨਾ ਹੈ।

ਮਹਾਤਮਾ ਬੁੱਧ ਅਨੁਸਾਰ ਮੁਕਤੀ ਇਹ ਖ਼ੁਸ਼ੀ ਦੀ ਉਹ ਅਵਸਥਾ ਹੈ ਜੋ ਭੌਤਿਕ ਖਾਹਿਸ਼ਾਂ ਨੂੰ ਖ਼ਤਮ ਕਰ ਕੇ ਪ੍ਰਾਪਤ ਹੋ ਸਕਦੀ ਹੈ। ਇਹ ਜੰਮਣ-ਮਰਨ ਤੋਂ ਛੁਟਕਾਰਾ ਪਾਉਣ ਵਿਚ ਹੈ ਅਤੇ ਵਿਅਕਤੀਗਤ ਚੇਤੰਨਤਾ ਨੂੰ ਮਾਰ ਦੇਣਾ ਹੈ।

ਬੇਸ਼ੱਕ ਮੁਕਤੀ ਦਾ ਸਿੱਖ ਸੰਕਲਪ ਬਹੁਤ ਹੱਦ ਤਕ ਹਿੰਦੂ ਸੰਕਲਪ ਨਾਲ ਮਿਲਦਾ-ਜੁਲਦਾ ਹੈ ਪਰ ਇਨ੍ਹਾਂ ਦੋਹਾਂ ਵਿਚਕਾਰ ਅੰਤਰ ਹੈ। ਹਿੰਦੂ ਅਤੇ ਬੁੱਧ ਧਰਮ ਦੋਹਾਂ ਦੇ ਸੰਕਲਪ ਵਿਅਕਤਿਤ੍ਵ ਦੇ ਨਾਸ਼ਕ ਹਨ। ਇਹ ਵਿਅਕਤੀ ਪਾਸੋਂ ਅਜਿਹੀਆਂ

ਕਿਰਿਆਵਾਂ ਅਤੇ ਅਨੁਸ਼ਾਸਨ ਦੀ ਮੰਗ ਕਰਦੇ ਹਨ ਜਿਨ੍ਹਾਂ ਦਾ ਮਨੁੱਖ ਦੀ ਸ਼ਖ਼ਸੀਅਤ ਉੱਤੇ ਹਾਨੀਕਾਰਕ ਅਸਰ ਪੈਂਦਾ ਹੈ। ਇਹ ਸ਼ਖ਼ਸੀਅਤ ਨੂੰ ਕੋਈ ਮਹੱਤਤਾ ਨਹੀਂ ਦਿੰਦੇ।

ਸਿੱਖ ਧਰਮ ਇਸ ਦੁਨੀਆਂ ਵਿਚ ਜੀਵਨ ਬਾਰੇ ਅਜਿਹਾ ਖ਼ਿਆਲ ਨਹੀਂ ਰੱਖਦਾ। ਸਿੱਖ ਧਰਮ ਇੰਦਰਿਆਂ ਨੂੰ ਵਸੀਕਰਨ ਕਰਨਾ ਮੰਗਦਾ ਹੈ, ਇਨ੍ਹਾਂ ਨੂੰ ਖ਼ਤਮ ਕਰਨਾ ਨਹੀਂ ਮੰਗਦਾ। ਸਿੱਖ ਧਰਮ ਇਸ ਦੁਨੀਆਂ ਦਾ ਅਰੰਭ ਹਉਂ ਤੋਂ ਮੰਨਦਾ ਹੈ। ਇਹ ਸੰਸਾਰ ਹੀ ਹਉਂ ਦੇ ਆਸਰੇ ਖੜ੍ਹੋਤਾ ਹੈ। ਜਿੱਥੇ ਹਉਂ ਬੀਮਾਰੀ ਹੈ ਉਥੇ ਇਹ ਜੀਵਨ-ਪ੍ਰੇਰਨਾ ਵੀ ਹੈ। ਇਸ ਲਈ ਇਹ ਇਨਸਾਨ ਇਕ ਨਿੱਗਰ ਸਮਾਜ ਦੀ ਇਕਾਈ ਬਣਦਾ ਹੈ :

– *ਹਉ ਵਿਚਿ ਆਇਆ ਹਉ ਵਿਚਿ ਗਇਆ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ॥*
*ਹਉ ਵਿਚਿ ਦਿਤਾ ਹਉ ਵਿਚਿ ਲਇਆ॥ ਹਉ ਵਿਚਿ ਖਟਿਆ ਹਉ ਵਿਚਿ ਗਇਆ॥*
*ਹਉ ਵਿਚਿ ਸਚਿਆਰੁ ਕੂੜਿਆਰੁ॥ ਹਉ ਵਿਚਿ ਪਾਪ ਪੁੰਨ ਵੀਚਾਰੁ॥*
*ਹਉ ਵਿਚਿ ਨਰਕਿ ਸੁਰਗਿ ਅਵਤਾਰੁ॥ .......*
*ਹਉ ਵਿਚਿ ਮਾਇਆ ਹਉ ਵਿਚਿ ਛਾਇਆ॥ ਹਉਮੈ ਕਰਿ ਕਰਿ ਜੰਤ ਉਪਾਇਆ॥*
*(ਪੰਨਾ ੪੬੬)*

– *ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਪੰਨਾ ੫੨੨)*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਮਨੁੱਖੀ ਜੀਵਨ ਨੂੰ ਇਕ ਸੰਤੁਲਿਤ ਜੀਵਨ ਬਣਾਉਂਦੀ ਹੈ। ਇਹ ਇੰਦ੍ਰਿਆਵੀ ਜੀਵਨ, ਪਿਆਰ, ਤਰਕ ਅਤੇ ਆਤਮਿਕ ਖ਼ੁਸ਼ੀ ਦਾ ਸਹੀ ਮੇਲ ਕਰਦੀ ਹੈ। ਇਹ ਇੰਦਰੇ ਭੌਤਿਕ ਜੀਵਨ ਨੂੰ ਚਲਾਉਣ ਦੀ ਸ਼ਕਤੀ ਰੱਖਦੇ ਹਨ। ਆਤਮਾ ਦਾ ਵਾਸਾ ਹੀ ਸਰੀਰ ਵਿਚ ਤਦ ਰਹਿ ਸਕਦਾ ਹੈ ਜੇ ਇਹ ਸਰੀਰ ਅਰੋਗ ਹੋ ਕੇ ਚੱਲਦਾ ਰਹੇ। ਆਤਮਾ ਤਦ ਹੀ ਚਮਕ ਸਕਦੀ ਹੈ ਜੇਕਰ ਸਰੀਰ ਸਾਫ਼ ਤੇ ਸੁਥਰਾ ਹੋਵੇ। ਸੋ ਇਨ੍ਹਾਂ ਇੰਦਰਿਆਂ ਨੂੰ ਵਰਤਣਾ ਜ਼ਰੂਰੀ ਹੈ ਪਰ ਇਨ੍ਹਾਂ ਦੀ ਵਰਤੋਂ ਨੂੰ ਉਸ ਹੱਦ ਤਕ ਨਹੀਂ ਜਾਣ ਦੇਣਾ ਜਿੱਥੇ ਉਹ ਵਿਕਾਰ ਬਣ ਜਾਣ। ਇਸੇ ਤਰ੍ਹਾਂ ਜੀਵਨ ਵਿਚ ਤਰਕ ਅਤੇ ਜਜ਼ਬੇ ਦੀ ਸਹੀ ਲੋੜ ਹੈ। ਸੋ ਸਿੱਖੀ ਦਾ ਮੁਕਤੀ ਦਾ ਸੰਕਲਪ ਵਿਅਕਤਿਤ੍ਵ ਨੂੰ ਖ਼ਤਮ ਕਰਨਾ ਨਹੀਂ ਇਸ ਨੂੰ ਵਿਕਾਸ ਦੇਣਾ ਹੈ, ਜੀਵਨ ਨੂੰ ਸੰਤੁਲਿਤ ਬਣਾਉਣਾ ਹੈ, ਹਰ ਪੱਖ ਤੋਂ ਵਾਜ਼ਬ ਜ਼ੋਰ ਦੇਣਾ ਹੈ, ਆਤਮਾ ਨੂੰ ਇਸ ਜੀਵਨ ਵਿਚ ਪੂਰਨ ਜੀਵਨ ਬਤੀਤ ਕਰਦਿਆਂ ਉਸ ਆਤਮਾ ਨਾਲ ਇਕ-ਸੁਰ ਕਰਨਾ ਹੈ ਅਤੇ ਇਸ ਦੁਨੀਆਂ ਨੂੰ ਛੱਡ ਕੇ ਪਰਮ-ਆਤਮਾ ਵਿਚ ਲੀਨ ਹੋਣ ਦਾ ਆਦਰਸ਼ ਰੱਖਣਾ ਹੈ।

■

# ਗੁਰਮਤਿ ਦਰਸ਼ਨ ਦੀ ਸੇਧ ਵਿਚ ਪਦਾਰਥਵਾਦ ਦੇ ਸ਼ੰਕਿਆਂ ਤੇ ਥੋਥੀਆਂ ਦਲੀਲਾਂ ਦਾ ਨਿਵਾਰਨ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਗੁਰਮਤਿ ਇਕ ਅਧਿਆਤਮਵਾਦੀ ਸਿਧਾਂਤ ਹੈ। ਇਹ ਪਦਾਰਥਕ ਜਗਤ ਤੋਂ ਉੱਪਰ ਸੂਖ਼ਮ ਸ੍ਰਿਸ਼ਟੀ ਆਤਮਾ-ਪਰਮਾਤਮਾ ਦੇ ਸੁਰਤ ਮੰਡਲਾਂ ਵਿਚ ਵਿਸ਼ਵਾਸ ਰੱਖਦਾ ਹੈ। ਗੁਰਮਤਿ ਅਨੁਸਾਰ ਪਰਮਾਤਮਾ ਹੀ ਅੰਤਮ ਸੱਚ ਹੈ। ਇਹ ਪਦਾਰਥ ਖਿਨ-ਖਿਨ ਬਦਲਦਾ ਹੈ ਤੇ ਬਿਨਸਨਹਾਰ ਹੈ। ਇਸ ਲਈ ਮਨੁੱਖ ਦਾ ਇਹ ਆਧਾਰ ਕੱਚਾ ਹੈ। ਮਨੁੱਖ ਨੇ ਜੇ ਦੁੱਖਾਂ-ਕਲੇਸ਼ਾਂ ਤੋਂ, ਆਵਾਗਵਨ ਦੇ ਪਦਾਰਥਕ ਚੱਕਰਾਂ ਤੋਂ ਛੁਟਕਾਰਾ ਪਾਉਣਾ ਹੈ ਤਾਂ ਉਸ ਨੂੰ ਪਰਮਾਤਮਾ ਨਾਲ ਜੁੜਨਾ ਹੋਵੇਗਾ। ਗੁਰਮਤਿ ਪਰਮਾਤਮਾ ਦੀ ਹੋਂਦ ਦੇ ਸੱਚ ਹੋਣ ਨੂੰ ਆਪਣੇ ਅਨੁਭਵ ਤੇ ਸੋਝੀ ਦੇ ਆਧਾਰ 'ਤੇ ਦਾਅਵੇ ਨਾਲ ਸਪੱਸ਼ਟ ਤੌਰ 'ਤੇ ਪ੍ਰਗਟ ਕਰਦੀ ਹੈ:

*ਹੈ ਤਉ ਸਹੀ ਲਖੈ ਜਉ ਕੋਈ॥* *(ਪੰਨਾ ੩੪੨)*

ਇਸ ਦੇ ਉਲਟ ਪਦਾਰਥਵਾਦ ਦਾ ਸਿਧਾਂਤ ਪਦਾਰਥਕ ਚੀਜ਼ਾਂ ਦੀ ਹੋਂਦ ਨੂੰ ਹੀ ਮੰਨਦਾ ਹੈ। ਪਦਾਰਥ ਤੋਂ ਬਿਨਾਂ ਉਹ ਹੋਰ ਕਿਸੇ ਸੱਤਾ ਵਿਚ ਵਿਸ਼ਵਾਸ ਨਹੀਂ ਰੱਖਦਾ। ਪਦਾਰਥਵਾਦੀਆਂ ਅਨੁਸਾਰ ਪਦਾਰਥ ਹੀ ਅੰਤਮ ਸੱਚ ਹੈ। ਪਦਾਰਥ ਨੇ ਆਪਣੇ ਆਪ ਹੀ ਕੁਦਰਤੀ ਤੌਰ 'ਤੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਸ ਪਿੱਛੇ ਕਿਸੇ ਸੂਖ਼ਮ ਸੱਤਾ ਦਾ ਹੱਥ ਨਹੀਂ ਹੈ। ਮਨੁੱਖ ਵੀ ਮਾਦੇ ਦੀ ਹੀ ਉਪਜ ਹੈ ਤੇ ਮਨੁੱਖ ਦੀ ਸੂਰਤ ਦਿਮਾਗ਼ ਦੀ ਉਪਜ ਹੈ ਜੋ ਇਕ ਤਰ੍ਹਾਂ ਦਾ ਮਾਦਾ ਹੀ ਹੈ। ਕੁੱਲ ਮਿਲਾ ਕੇ ਮਨੁੱਖ ਇਕ ਸਰੀਰਿਕ ਢਾਂਚਾ ਹੀ ਹੈ। ਇਸ ਦੀ ਹੋਰ ਸੂਖ਼ਮ ਹੋਂਦ ਆਤਮਾ ਵਗ਼ੈਰਾ ਨਹੀਂ ਹੈ। ਇਸ ਕਰਕੇ ਪਦਾਰਥਵਾਦ ਦੇ ਗਿਆਨ ਦੀ ਸੀਮਾ ਸਿਰਫ਼ ਪਦਾਰਥ ਤਕ ਹੀ ਹੈ। ਇਸ ਦੇ ਟਾਕਰੇ 'ਤੇ ਗੁਰਮਤਿ ਦੇ ਗਿਆਨ ਦਾ ਘੇਰਾ ਪਦਾਰਥ ਤੋਂ ਲੈ ਕੇ ਪਰਮਾਰਥ ਤਕ ਹੈ। ਇਸ ਵਿਚ ਸ੍ਰਿਸ਼ਟੀ ਦੀ ਉਤਪਤੀ, ਪ੍ਰਕਿਰਤੀ, ਜੀਵ, ਮਨ, ਬੁੱਧੀ, ਆਤਮਾ ਤੇ ਪਰਮਾਤਮਾ ਦਾ ਗਿਆਨ ਮਿਲਦਾ ਹੈ। ਗੁਰਬਾਣੀ ਜੀਵ ਨੂੰ ਬਾਹਰਲੇ ਸੰਸਾਰ ਅਤੇ ਅੰਦਰਲੇ ਸੰਸਾਰ ਦੋਨਾਂ ਦਾ ਗਿਆਨ ਕਰਵਾਉਂਦੀ ਹੈ। ਇਸ ਲਈ ਗੁਰਬਾਣੀ ਦਾ ਮਹੱਤਵ ਦੱਸਦੇ ਹੋਏ ਗੁਰੂ ਜੀ ਫ਼ੁਰਮਾਉਂਦੇ ਹਨ:

*ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥* *(ਪੰਨਾ ੬੭)*

ਆਧੁਨਿਕ ਪਦਾਰਥਵਾਦੀ ਸਿਧਾਂਤ ਪੱਛਮ ਦੀ ਦੇਣ ਹੈ ਪਰ ਭਾਰਤੀ ਸੰਸਕ੍ਰਿਤੀ

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮੦੫੧੦੦*

ਵਿਚ ਵੀ ਪਦਾਰਥਵਾਦ ਦੇ ਸਮਰਥਕ ਰਹੇ ਹਨ। ਭਾਰਤ ਵਿਚ ਮਹਾਤਮਾ ਬੁੱਧ ਤੋਂ ਪਹਿਲਾਂ ਪਦਾਰਥਵਾਦ ਦੇ ਵੱਡੇ ਸਮਰਥਕ ਹੋਏ ਹਨ-ਗਾਨਾ ਪਤੀ ਤੇ ਚਾਰਵਾਕੀਆ। ਚਾਰਵਾਕੀਆ ਆਤਮਾ-ਪਰਮਾਤਮਾ ਨੂੰ ਨਹੀਂ ਮੰਨਦਾ। ਉਸ ਦੇ ਮਤ ਅਨੁਸਾਰ ਵਿਸ਼ਿਆਂ ਅਤੇ ਲਾਲਸਾਵਾਂ ਦੀ ਪੂਰਤੀ ਹੀ ਜੀਵਨ ਦਾ ਮਨੋਰਥ ਹੈ। ਉਹ ਮਤ ਜੀਵਨ ਲਈ ਕੋਈ ਉਪਯੋਗੀ ਸਿਧਾਂਤ ਨਹੀਂ ਪੇਸ਼ ਕਰ ਸਕਿਆ। ਇਸ ਨੇ ਮਨੁੱਖ ਨੂੰ ਵਿਸ਼ੇ-ਭੋਗਾਂ ਤਕ ਹੀ ਸੀਮਿਤ ਕਰ ਦਿੱਤਾ ਅਤੇ ਉਸ ਨੂੰ ਪਸ਼ੂ-ਬਿਰਤੀ ਦਾ ਧਾਰਨੀ ਬਣਾ ਦਿੱਤਾ। ਇਸ ਮਤ ਵਿਚ ਸਦਾਚਾਰ, ਨੇਕੀ, ਪਵਿੱਤਰਤਾ ਲਈ ਕੋਈ ਥਾਂ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ "ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ" ਕਹਿ ਕੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਹੈ। ਪੱਛਮ ਵਿਚ ਸਭ ਤੋਂ ਵੱਡਾ ਪਦਾਰਥਵਾਦੀ ਸਾਮਵਾਦ ਦਾ ਬਾਨੀ ਕਾਰਲ ਮਾਰਕਸ ਹੋਇਆ ਹੈ। ਇਸ ਦੇ ਸਿਧਾਂਤ ਅਨੁਸਾਰ ਮਨੁੱਖ ਇਕ ਆਰਥਿਕ ਪ੍ਰਾਣੀ ਹੈ। ਇਹ ਪਦਾਰਥਾਂ ਦੀ ਬਰਾਬਰ ਵੰਡ 'ਤੇ ਜ਼ੋਰ ਦਿੰਦਾ ਹੈ। ਇਸ ਪ੍ਰਣਾਲੀ ਨੂੰ ਸਥਾਪਤ ਕਰਨ ਲਈ ਕ੍ਰਾਂਤੀ ਨੂੰ ਸਾਧਨ ਸਮਝਿਆ ਗਿਆ। ਕ੍ਰਾਂਤੀ ਨੂੰ ਜਾਇਜ਼ ਠਹਿਰਾਉਣ ਲਈ ਅਧਿਆਤਮਵਾਦੀ ਗਿਆਨ ਦੀ ਥਾਂ ਪਦਾਰਥਵਾਦ ਦਾ ਆਸਰਾ ਲਿਆ ਗਿਆ ਹੈ। ਮਨੁੱਖ ਦੇ ਕੁਦਰਤੀ ਤੌਰ 'ਤੇ ਪਦਾਰਥਾਂ ਦਾ ਲੋਭੀ ਹੋਣ ਕਰਕੇ ਸੰਸਾਰ ਦੀ ਬਹੁਤ ਵੱਡੀ ਗਿਣਤੀ ਨੂੰ ਇਸ ਸਿਧਾਂਤ ਨੇ ਆਕਰਸ਼ਿਤ ਕਰ ਲਿਆ। ਇਸ ਸਿਧਾਂਤ ਨੂੰ ਮੰਨਣ ਵਾਲਿਆਂ ਨੇ ਰੂਸ, ਚੀਨ, ਆਦਿ ਮੁਲਕਾਂ ਦੀ ਰਾਜ-ਸੱਤਾ 'ਤੇ ਕਬਜ਼ਾ ਕਰ ਲਿਆ। ਗੁਰਮਤਿ ਅਨੁਸਾਰ ਭਾਰਤੀ ਪਦਾਰਥਵਾਦ ਤੇ ਪੱਛਮੀ ਪਦਾਰਥਵਾਦ ਦੋਵੇਂ ਹੀ ਅਧੂਰੇ ਹਨ। ਮਨੁੱਖ ਕਦੇ ਵੀ ਵਿਸ਼ੇ-ਭੋਗਾਂ ਨਾਲ ਜਾਂ ਬਹੁਤ ਸਾਰੀ ਜਾਇਦਾਦ ਬਣਾ ਕੇ ਬਹੁਤ ਸਾਰਾ ਧਨ-ਭੰਡਾਰ ਇਕੱਠਾ ਕਰ ਕੇ ਸੰਤੁਸ਼ਟ ਨਹੀਂ ਹੋ ਸਕਦਾ। ਗੁਰਬਾਣੀ ਦੀਆਂ ਇਨ੍ਹਾਂ ਪਾਵਨ ਤੁਕਾਂ ਵਿਚ ਹੀ ਇਨ੍ਹਾਂ ਦੋ ਸਿਧਾਂਤਾਂ ਨੂੰ ਰੱਦ ਕਰ ਦਿੱਤਾ ਹੈ:

*ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥ (ਪੰਨਾ ੧੧੪੭)*

ਧਰਮ ਤੇ ਅਧਿਆਤਮ ਦਾ ਇਤਿਹਾਸ ਪਦਾਰਥਵਾਦ ਦੇ ਟਾਕਰੇ 'ਤੇ ਕਿਤੇ ਡੂੰਘਾ, ਵਿਆਪਕ ਤੇ ਪੁਰਾਣਾ ਹੈ। ਇਸ ਵਿਚ ਸੰਸਾਰੀ ਪਦਾਰਥਾਂ ਦਾ ਵੀ ਸਾਰਾ ਗਿਆਨ ਆ ਜਾਂਦਾ ਹੈ। ਪਦਾਰਥਵਾਦ ਵਿਚ ਅਧਿਆਤਮ ਗਿਆਨ ਅੰਸ਼-ਮਾਤਰ ਵੀ ਨਹੀਂ ਹੈ। ਪਦਾਰਥਵਾਦੀਆਂ ਨੇ ਮਨੁੱਖ ਦੀਆਂ ਮਾਨਸਿਕ, ਸਮਾਜਿਕ ਤੇ ਸਦਾਚਾਰਕ ਸਮੱਸਿਆਵਾਂ ਨਾਲ ਨਜਿੱਠਣ ਦੀ ਥਾਂ ਇਨ੍ਹਾਂ ਤੋਂ ਉਦਾਸੀਨ ਅਤੇ ਭਾਂਜਵਾਦੀ ਰੁਖ਼ ਅਪਣਾਇਆ ਹੈ ਕਿਉਂਕਿ ਇਨ੍ਹਾਂ ਸਮੱਸਿਆਵਾਂ ਨੂੰ ਸਾਹਮਣੇ ਰੱਖਣਾ ਰਾਜਨੀਤਿਕ ਕ੍ਰਾਂਤੀ ਲਈ ਰੁਕਾਵਟ ਖੜ੍ਹੀ ਕਰ ਸਕਦਾ ਸੀ। ਅਧਿਆਤਮਕ ਗਿਆਨ ਮਨੁੱਖ ਦੇ ਹਜ਼ਾਰਾਂ ਸਾਲਾਂ ਦੇ ਅਨੁਭਵ ਤੇ ਖੋਜ ਦਾ ਸਿੱਟਾ ਹੈ। ਪਦਾਰਥਵਾਦੀਆਂ ਨੇ ਧਰਮ ਨੂੰ ਅਫੀਮ ਆਖ ਕੇ ਇਸ ਵਡਮੁੱਲੇ ਗਿਆਨ ਤੋਂ ਅੱਖਾਂ ਮੀਟ ਲਈਆਂ। ਉਨ੍ਹਾਂ

ਨੇ ਮਨੁੱਖੀ ਲੋੜ ਨੂੰ ਵੀ ਸਿਰਫ਼ ਅੰਨ-ਪਾਣੀ ਤਕ ਸੀਮਿਤ ਰੱਖਿਆ ਹੈ। ਪਦਾਰਥਕ ਲੋੜਾਂ ਦੇ ਪੱਖੋਂ ਵੀ ਅਧਿਆਤਮਵਾਦ ਇਕ ਸੰਪੂਰਨ ਸਿਧਾਂਤ ਹੈ। ਇਸ ਨੇ ਮਨੁੱਖ ਲਈ ਚਾਰ ਪ੍ਰਕਾਰ ਦੇ ਪਦਾਰਥਾਂ ਦੀ ਕਲਪਨਾ ਕੀਤੀ ਹੈ- ਧਰਮ, ਅਰਥ, ਕਾਮ, ਮੋਖ। ਪਦਾਰਥਵਾਦੀ ਇਨ੍ਹਾਂ ਵਿੱਚੋਂ ਸਿਰਫ਼ 'ਅਰਥ' ਨੂੰ ਹੀ ਮੁੱਖ ਰੱਖਦੇ ਹਨ। ਇਸ ਲਈ ਪਦਾਰਥ ਦੇ ਪੱਖੋਂ ਵੀ ਅਧਿਆਤਮ ਇਕ ਵਧੇਰੇ ਮਹੱਤਵਪੂਰਨ ਤੇ ਸੰਪੂਰਨ ਗਿਆਨ ਹੈ। ਇਸ ਵਿਚ 'ਅਰਥ' ਤੋਂ ਇਲਾਵਾ ਮਨੁੱਖ ਦੀਆਂ ਸਮਾਜਿਕ ਤੇ ਸਦਾਚਾਰਕ ਜਿਨਸੀ ਲੋੜਾਂ ਤੇ ਆਤਮਿਕ ਅਨੰਦ ਦੀ ਪ੍ਰਾਪਤੀ ਨੂੰ ਵੀ ਆਵੱਸ਼ਕ ਸਮਝਿਆ ਗਿਆ ਹੈ। ਗੁਰਮਤਿ ਵਿਚ ਮਨੁੱਖ ਦੇ ਸੂਖ਼ਮ ਅਨੁਭਵ ਨੂੰ ਵੀ ਅਰਥ ਵਾਂਗ ਹੀ ਪਦਾਰਥ ਸਮਝਿਆ ਗਿਆ ਹੈ ਅਤੇ ਮਨੁੱਖ ਦੇ ਜੀਵਨ ਵਿਚ ਚਾਰ ਪਦਾਰਥਾਂ ਦਾ ਮਹੱਤਵ ਮੰਨਿਆ ਗਿਆ ਹੈ। ਅਧਿਆਤਮਕ ਮਾਰਗ ਦਾ ਪਾਂਧੀ ਇਨ੍ਹਾਂ ਦੀ ਪ੍ਰਾਪਤੀ ਕਰ ਸਕਦਾ ਹੈ। ਸਤਿਗੁਰਾਂ ਦਾ ਫ਼ੁਰਮਾਨ ਹੈ:

*-ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ ॥ (ਪੰਨਾ ੨੬੬)*
*-ਅਰਥ ਧਰਮ ਕਾਮ ਮੋਖ ਕਾ ਦਾਤਾ॥*
*ਪੂਰੀ ਭਈ ਸਿਮਰਿ ਸਿਮਰਿ ਬਿਧਾਤਾ॥ (ਪੰਨਾ ੮੦੫-੦੬)*
*-ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ॥ (ਪੰਨਾ ੭੮੫)*
*-ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥ (ਪੰਨਾ ੮੧੬)*
*-ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥*
*ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ॥ (ਪੰਨਾ ੯੨੭)*

ਗੁਰਮਤਿ ਸਾਰੇ ਮਨੁੱਖਾਂ ਨੂੰ ਸਾਰੇ ਪਦਾਰਥਾਂ ਦੇ ਅਧਿਕਾਰੀ ਸਮਝਦੀ ਹੈ, ਉਨ੍ਹਾਂ ਵਿਚ ਕੋਈ ਵਿਤਕਰਾ ਨਹੀਂ ਕਰਦੀ। ਗੁਰਮਤਿ ਅਨੁਸਾਰ ਸਾਰੇ ਮਨੁੱਖ ਪਰਮਾਤਮਾ ਦੀ ਅੰਸ ਹਨ ਤੇ ਇੱਕੋ ਹੀ ਭਾਈਚਾਰੇ ਦਾ ਰੂਪ ਹਨ।

ਮਾਰਕਸਵਾਦੀ ਸਿਧਾਂਤ ਅਨੁਸਾਰ ਖ਼ਲਕਤ ਦੋ ਧੜਿਆਂ ਵਿਚ ਵੰਡੀ ਹੋਈ ਹੈ। ਇਕ ਧੜਾ ਪੂੰਜੀਪਤੀਆਂ ਦਾ ਹੈ ਜੋ ਜੋਕਾਂ ਵਾਂਗ ਲੋਕਾਂ ਦਾ ਲਹੂ ਪੀਂਦੇ ਹਨ। ਦੂਜਾ ਧੜਾ ਮਿਹਨਤਕਸ਼ਾਂ ਦਾ ਹੈ ਜੋ ਕੰਮ ਕਰਦੇ ਹਨ ਪਰ ਉਨ੍ਹਾਂ ਨੂੰ ਪੂਰਾ ਹੱਕ ਨਹੀਂ ਮਿਲਦਾ। ਮਾਰਕਸ ਕਹਿੰਦਾ ਹੈ ਕਿ ਮਜ਼ਦੂਰਾਂ ਨੂੰ ਚਾਹੀਦਾ ਹੈ ਕਿ ਉਹ ਜਥੇਬੰਦ ਹੋ ਕੇ ਆਰਥਿਕ ਸਾਧਨਾਂ 'ਤੇ ਕਬਜ਼ਾ ਕਰ ਲੈਣ ਤੇ ਸਰਮਾਏਦਾਰੀ ਨੂੰ ਖ਼ਤਮ ਕਰ ਦੇਣ। ਇਸ ਨੂੰ ਮਾਰਕਸ ਅਤੇ ਉਸ ਦੇ ਸਮਰਥਕ ਕ੍ਰਾਂਤੀ ਦਾ ਨਾਂ ਦਿੰਦੇ ਹਨ।

ਪਦਾਰਥਵਾਦ ਅਨੁਸਾਰ ਸਾਰੇ ਮਨੁੱਖ ਮਾਦੇ ਤੋਂ ਹੀ ਉਤਪੰਨ ਹੋਏ ਹਨ। ਦਿਮਾਗ਼ ਵੀ ਮਾਦੇ ਦੀ ਹੀ ਉਪਜ ਹੈ। ਪਰ ਇਹ ਸਰੀਰ ਦੇ ਬਾਕੀ ਹਿੱਸਿਆਂ ਨਾਲੋਂ ਵਧੇਰੇ ਵਿਕਾਸ ਕਰ ਚੁੱਕਾ ਹੈ। ਜੇ ਦਿਮਾਗ਼ ਨੂੰ ਵਿਕਸਿਤ ਮਾਦਾ ਮੰਨ ਲਿਆ ਜਾਵੇ ਤਾਂ ਵੱਖ-ਵੱਖ ਲੋਕਾਂ ਵਿਚ ਵਿਕਸਿਤ ਮਾਦੇ ਦੀ ਪੱਧਰ ਵੱਖ-ਵੱਖ ਵੀ ਹੋ ਸਕਦੀ ਹੈ।

ਇਸੇ ਕਰਕੇ ਕੁਝ ਲੋਕਾਂ ਵਿਚ ਦੂਜਿਆਂ 'ਤੇ ਹਕੂਮਤ ਕਰਨ ਦੀ, ਉਨ੍ਹਾਂ ਤੋਂ ਕੰਮ ਕਰਵਾਉਣ ਦੀ ਚੇਤਨਾ-ਸ਼ਕਤੀ ਪੈਦਾ ਹੋਈ। ਇਸ ਤਰ੍ਹਾਂ ਲੋਕਾਂ ਦਾ ਦੋ ਧੜਿਆਂ ਵਿਚ ਵੰਡਿਆ ਜਾਣਾ ਕੁਦਰਤੀ ਵਿਕਾਸ ਦਾ ਹੀ ਇਕ ਹਿੱਸਾ ਸੀ। ਮਾਰਕਸਵਾਦ ਦੀ ਮਜ਼ਦੂਰ ਸੰਗਠਨਾਂ ਦੁਆਰਾ ਜ਼ਬਰਦਸਤੀ ਲਿਆਂਦੀ ਕ੍ਰਾਂਤੀ ਕੁਦਰਤ ਦੇ ਵਿਕਾਸ ਦਾ ਵਿਰੋਧ ਹੈ। ਇਸ ਨਾਲ ਮਜ਼ਦੂਰ ਵਰਗ ਦਾ ਆਰਥਿਕ ਸਾਧਨਾਂ 'ਤੇ ਤਾਂ ਕਬਜ਼ਾ ਹੋ ਜਾਂਦਾ ਹੈ ਪਰ ਉਨ੍ਹਾਂ ਦੇ ਦਿਮਾਗ਼ੀ ਪੱਧਰ ਵਿਚ ਕੋਈ ਕ੍ਰਾਂਤੀ ਨਹੀਂ ਆਉਂਦੀ। ਇਸ ਦੇ ਉਲਟ ਗੁਰਮਤਿ ਸਾਰੇ ਮਨੁੱਖਾਂ ਦਾ ਮੂਲ ਇੱਕੋ ਸਮਝਦੀ ਹੈ। ਕੋਈ ਵੀ ਵਿਅਕਤੀ ਆਪਣੇ ਮੂਲ ਨਾਲ ਜੁੜ ਕੇ ਆਤਮਿਕ ਤੌਰ 'ਤੇ ਵਿਕਾਸ ਕਰ ਸਕਦਾ ਹੈ ਤੇ ਉੱਚਾ ਹੋ ਸਕਦਾ ਹੈ। ਇਹ ਇਕ ਸੱਚੀ ਤੇ ਸੰਪੂਰਨ ਕ੍ਰਾਂਤੀ ਹੈ। ਗੁਰਮਤਿ ਦੀ ਕ੍ਰਾਂਤੀ ਨੀਵਿਆਂ ਨੂੰ ਉੱਚੇ ਕਰਦੀ ਹੈ, ਬਰਾਬਰ ਕਰਦੀ ਹੈ:

*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥* *(ਪੰਨਾ ੧੧੦੬)*

ਸ੍ਰਿਸ਼ਟੀ ਦੀ ਰਚਨਾ, ਪਦਾਰਥ ਅਤੇ ਪ੍ਰਕਿਰਤੀ ਬਾਰੇ ਵੀ ਅਧਿਆਤਮਵਾਦੀਆਂ ਨੇ ਬਹੁਤ ਖੋਜ ਕੀਤੀ ਹੈ। ਇਸ ਪੱਖ ਬਾਰੇ ਪਦਾਰਥਵਾਦੀਆਂ ਦਾ ਗਿਆਨ ਬਹੁਤ ਪੇਤਲਾ, ਨੀਵੇਂ ਪੱਧਰ ਦਾ ਤੇ ਬਹੁਤ ਊਣਾ ਹੈ। ਪਦਾਰਥਵਾਦੀ ਇਸ ਧਰਤੀ ਉੱਤੇ ਇਸ ਨੂੰ ਇਕ ਬਹੁਤ ਵੱਡੀ ਦਾਤ ਨਹੀਂ ਮੰਨਦੇ। ਇਸ ਨੂੰ ਉਹ ਮਾਦੇ ਤੋਂ ਆਪਣੇ ਆਪ ਹੋਇਆ ਵਿਕਾਸ ਹੀ ਮੰਨਦੇ ਹਨ। ਇਹ ਸ੍ਰਿਸ਼ਟੀ ਪੰਜ ਤੱਤਾਂ ਤੋਂ ਸਾਜੀ ਗਈ ਹੈ। ਇਸ ਤੱਥ ਨੂੰ ਅਧਿਆਤਮਵਾਦੀ ਤੇ ਪਦਾਰਥਵਾਦੀ ਦੋਵੇਂ ਮੰਨਦੇ ਹਨ। ਇਨ੍ਹਾਂ ਪੰਜ ਤੱਤਾਂ ਦਾ ਇਕੱਠੇ ਹੋਣਾ ਇਕ ਦੁਰਲੱਭ ਵਰਦਾਨ ਹੈ। ਇਹ ਸਾਰੇ ਤੱਤ ਸਿਰਫ਼ ਪ੍ਰਿਥਵੀ ਉੱਤੇ ਹੀ ਪ੍ਰਾਪਤ ਹਨ। ਹਵਾ ਤੇ ਪਾਣੀ ਦੇ ਤੱਤ ਮਿੱਟੀ ਦਾ ਬਦਲਿਆ ਰੂਪ ਨਹੀਂ ਹਨ। ਇਹ ਦੋਵੇਂ ਤੱਤਾਂ ਦਾ ਧਰਤੀ ਨਾਲ ਸੰਜੋਗ ਇਕ ਅਦਭੁੱਤ ਕ੍ਰਿਸ਼ਮਾ ਹੈ। ਪਦਾਰਥਵਾਦੀਆਂ ਲਈ ਇਹ ਸੰਜੋਗ ਇਕ ਮਾਮੂਲੀ ਗੱਲ ਹੈ ਜਦੋਂ ਕਿ ਗੁਰਮਤਿ ਇਨ੍ਹਾਂ ਤੱਤਾਂ ਦੇ ਸੰਜੋਗ ਤੋਂ ਬਲਿਹਾਰ ਜਾਂਦੀ ਹੈ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥* *(ਪੰਨਾ ੮)*

ਪਦਾਰਥਵਾਦੀਆਂ ਦਾ ਇਹ ਵਿਚਾਰ ਹੈ ਕਿ ਚੇਤਨਾ-ਸ਼ਕਤੀ ਮਾਦੇ ਦੀ ਹੀ ਉਪਜ ਹੈ। ਦਿਮਾਗ਼ ਦਾ ਮਾਦਾ ਵਧੇਰੇ ਵਿਕਸਿਤ ਹੋ ਗਿਆ ਇਸ ਲਈ ਇਸ ਵਿਚ ਚੇਤਨਾ-ਸ਼ਕਤੀ ਪੈਦਾ ਹੋ ਗਈ, ਇਹ ਵਿਚਾਰ ਬਿਲਕੁਲ ਨਿਰਮੂਲ ਹੈ। ਕਿਸੇ ਵੀ ਪ੍ਰਕਾਰ ਦੇ ਮਾਦੇ ਦੀ ਜਿੰਨੀ ਮਰਜ਼ੀ ਪ੍ਰਯੋਗਸ਼ਾਲਾ ਅਤੇ ਲੈਬਾਰਟਰੀਆਂ ਵਿਚ ਖੋਜ ਕਰ ਲਈ ਜਾਵੇ ਇਸ ਵਿੱਚੋਂ ਚੇਤਨਤਾ ਜਾਂ ਚੇਤਨਾ ਦੀ ਹੋਂਦ ਨਹੀਂ ਲੱਭੀ ਜਾ ਸਕਦੀ। ਚੇਤਨਤਾ ਮਾਦੇ ਵਿਚ, ਸਰੀਰ ਵਿੱਚੋਂ ਨਹੀਂ ਸਗੋਂ ਜ਼ਿੰਦਗੀ ਵਿੱਚੋਂ ਉਪਜਦੀ ਹੈ। ਕੋਈ

ਵੀ ਸਰੀਰ ਜਿੰਨਾ ਚਿਰ ਜੀਵਤ ਹੈ, ਜਾਗਦਾ ਹੈ, ਉਨਾ ਚਿਰ ਹੀ ਚੇਤਨ ਹੈ। ਸਰੀਰ ਦੇ ਕਿਸੇ ਵੀ ਵੱਖਰੇ ਅੰਗਾਂ ਵਿਚ, ਨਾ ਲਹੂ, ਮਾਸ-ਹੱਡੀਆਂ ਵਿਚ ਚੇਤਨਤਾ ਨਹੀਂ ਹੈ। ਚੇਤਨਤਾ ਪੂਰੇ ਜੀਵਨ-ਢਾਂਚੇ ਨਾਲ ਜੁੜੀ ਹੋਈ ਹੈ। ਦਿਲ ਦੀ ਧੜਕਣ ਨਾਲ ਲਹੂ ਦੇ ਦੌਰੇ ਤੇ ਸਵਾਸ ਕਿਰਿਆ ਨਾਲ। ਇਸ ਲਈ ਸਿਰਫ਼ ਦਿਮਾਗ਼ ਨੂੰ ਚੇਤਨਤਾ ਦਾ ਸ੍ਰੋਤ ਨਹੀਂ ਮੰਨਿਆ ਜਾ ਸਕਦਾ ਹੈ। ਇਹ ਇੰਦਰੀਆਂ ਨੂੰ ਕੰਟਰੋਲ ਕਰਦਾ ਹੈ, ਇਸ ਲਈ ਸੂਚਨਾ ਦਾ ਕੇਂਦਰ ਹੀ ਹੈ। ਪਦਾਰਥਵਾਦੀਆਂ ਨੇ ਇਕ ਹੋਰ ਵਿਚਾਰ ਦਿੱਤਾ ਹੈ ਕਿ ਦਿਮਾਗ਼ ਦਾ ਮਾਦਾ ਕਿਉਂਕਿ ਵਧੇਰੇ ਵਿਕਾਸ ਕਰ ਗਿਆ ਇਸ ਲਈ ਇੰਦਰੀਆਂ ਦਾ ਕੰਟਰੋਲ ਕਰਨ ਲੱਗ ਪਿਆ। ਇਹ ਵਿਚਾਰ ਵੀ ਬਿਲਕੁਲ ਹਾਸੋਹੀਣਾ ਹੈ। ਕਿਸੇ ਵੀ ਜੀਵਾਂ ਦੀ ਕਿਸੇ ਵੀ ਜੂਨੀ ਵਿਚ ਦਿਮਾਗ਼ ਤੋਂ ਬਿਨਾਂ ਕੋਈ ਹੋਰ ਅੰਗ ਇੰਦਰੀਆਂ ਨੂੰ ਕੰਟਰੋਲ ਨਹੀਂ ਕਰਦਾ। ਕੁਦਰਤ ਨੇ ਦਿਮਾਗ਼ ਦਾ ਡਿਜ਼ਾਇਨ ਹੀ ਇੰਦਰੀਆਂ ਨੂੰ ਕੰਟਰੋਲ ਕਰਨ ਦੇ ਮਨੋਰਥ ਨਾਲ ਤਿਆਰ ਕੀਤਾ ਹੈ ਅਤੇ ਇਹ ਸਭ ਪ੍ਰਾਣੀਆਂ ਵਿਚ ਮੌਜੂਦ ਹੈ। ਸਰੀਰ ਦੇ ਹਰ ਅੰਗ ਦਾ ਕੋਈ ਵਿਸ਼ੇਸ਼ ਕਾਰਜ ਹੁੰਦਾ ਹੈ। ਦਿਮਾਗ਼ ਤੋਂ ਬਿਨਾਂ ਹੋਰ ਅੰਗ ਸੋਚਣ ਦਾ ਜਾਂ ਇੰਦਰੀਆਂ ਨੂੰ ਕੰਟਰੋਲ ਕਰਨ ਲਈ ਯੋਗ ਹੋ ਹੀ ਨਹੀਂ ਸਕਦਾ ਭਾਵੇਂ ਉਹ ਕਿੰਨਾ ਵਿਕਾਸ ਕਿਉਂ ਨਾ ਕਰ ਜਾਵੇ।

ਜਿੰਨੇ ਵੀ ਜੀਵ-ਜੰਤੂ ਹਨ ਉਨ੍ਹਾਂ ਵਿਚ ਵੱਖ-ਵੱਖ ਭਾਂਤ ਦੀ ਚੇਤਨਾ ਮੌਜੂਦ ਹੁੰਦੀ ਹੈ। ਚੇਤਨਾ ਦਾ ਵਿਸ਼ਾਲ ਸਮੁੰਦਰ ਤੇ ਵੱਖ-ਵੱਖ ਰੂਪ ਸਿਰਫ਼ ਦਿਮਾਗ਼ ਦੀ ਉਪਜ ਨਹੀਂ ਮੰਨੇ ਜਾ ਸਕਦੇ। ਹਾਥੀ, ਮਿਰਗ ਆਦਿ ਆਪਣੇ ਝੁੰਡਾਂ ਵਿਚ ਰਹਿੰਦੇ ਹਨ, ਕਈ ਪੰਛੀ ਡਾਰਾਂ ਵਿਚ ਰਹਿੰਦੇ ਹਨ। ਇਨ੍ਹਾਂ ਜਾਨਵਰਾਂ, ਪੰਛੀਆਂ ਦੇ ਦਿਮਾਗ਼ ਨੇ ਆਪਣਾ ਚਿੱਤਰ ਨਹੀਂ ਵੇਖਿਆ ਫੇਰ ਵੀ ਉਹ ਆਪਣੀ ਨਸਲ ਨੂੰ ਪਛਾਣ ਲੈਂਦੇ ਹਨ।

ਪੰਛੀਆਂ ਨੂੰ ਆਂਡਿਆਂ ਵਿੱਚੋਂ ਬੱਚੇ ਕੱਢਣ ਲਈ ਉਨ੍ਹਾਂ ਉੱਪਰ ਬੈਠਣ ਦੀ ਸਮਝ ਉਸ ਦੇ ਦਿਮਾਗ਼ ਵਿਚ ਕਿਸੇ ਬਾਹਰਲੇ ਤਜਰਬੇ ਤੋਂ ਨਹੀਂ ਆਈ। ਬਬੀਹੇ ਨੂੰ ਆਲ੍ਹਣਾ ਬਣਾਉਣ ਦੀ ਸਿਖਲਾਈ ਕਿਸ ਨੇ ਦਿੱਤੀ ਹੈ? ਮੱਝ ਆਪਣੇ ਹੀ ਕੱਟੇ ਨੂੰ ਦੁੱਧ ਕਿਉਂ ਚੁੰਘਣ ਦਿੰਦੀ ਹੈ, ਦੂਜੇ ਨੂੰ ਲੱਤਾਂ ਕਿਉਂ ਮਾਰਦੀ ਹੈ? ਚਿੜੀਆਂ ਆਪਣੇ ਬੱਚਿਆਂ ਦੇ ਮੂੰਹ ਵਿਚ ਲਿਆ ਕੇ ਦਾਣੇ ਤੇ ਪਾਣੀ ਪਾਉਂਦੀਆਂ ਹਨ। ਕੀੜੀ ਬਹੁਤ ਛੋਟਾ ਜਾਨਵਰ ਹੈ ਤੇ ਉਹ ਵੀ ਆਪਣੀ ਖੁੱਡ ਦੀ ਪਹਿਚਾਣ ਰੱਖਦੀ ਹੈ, ਆਪਣੀ ਖ਼ੁਰਾਕ ਪ੍ਰਾਪਤ ਕਰਨ ਉਪਰੰਤ ਆਪਣੀ ਖੁੱਡ ਵਿਚ ਮੁੜ ਪੁੱਜ ਜਾਂਦੀ ਹੈ। ਕੀੜੀਆਂ ਵਿਚ ਆਪਸੀ ਪਹਿਚਾਣ ਅਤੇ ਮਿਲਾਪ ਹੈ। ਇਕ ਕੀੜੀ ਦੇ ਪਿੱਛੇ-ਪਿੱਛੇ ਸਾਰੀਆਂ ਕੀੜੀਆਂ ਤੁਰਦੀਆਂ ਹਨ, ਸਗੋਂ ਪੂਰੇ ਜ਼ਾਬਤੇ ਵਿਚ। ਰਸਤਾ ਇੱਕੋ ਹੀ ਹੁੰਦਾ ਹੈ। ਇਕ ਪਾਸਿਓਂ ਲਾਈਨ ਬਣਾ ਕੇ ਚੱਲਦੀਆਂ ਹਨ ਅਤੇ ਦੂਜੇ ਪਾਸਿਓਂ ਲਾਈਨ ਬਣਾ ਕੇ ਆਉਂਦੀਆਂ ਹਨ। ਇਸ ਦਾ ਭਾਵ ਹੈ ਕਿ ਇਨ੍ਹਾਂ ਜੀਵਾਂ ਦੇ ਅੰਦਰ ਕੋਈ ਹਸਤੀ ਹੈ ਜਿਸ ਨੂੰ ਇਹ ਸਭ ਕੁਝ ਦਾ ਗਿਆਨ ਅੰਦਰੂਨੀ ਤੌਰ 'ਤੇ ਹੁੰਦਾ

ਹੈ। ਇਹ ਹਸਤੀ ਸਭ ਤਰ੍ਹਾਂ ਦੀ ਅਗਵਾਈ ਤੇ ਪ੍ਰੇਰਨਾ ਦਿੰਦੀ ਹੈ। ਦਿਮਾਗ਼ ਰਾਹੀਂ ਤਾਂ ਉਹ ਸਿਰਫ਼ ਆਪਣੇ ਗਿਆਨ ਨੂੰ ਅਮਲ ਵਿਚ ਲਿਆਉਣ ਦੀ ਕਿਰਿਆ ਜਾਂ ਪ੍ਰਤੀਕਿਰਿਆ ਹੀ ਕਰਦੇ ਹਨ। ਇਸ ਲਈ ਗੁਰਮਤਿ ਅਨੁਸਾਰ ਸਾਰੇ ਜੀਵ-ਜੰਤੂਆਂ ਵਿਚ ਹਰੀ ਰੂਪੀ ਚੇਤਨਾ ਪ੍ਰਗਟ ਹੋ ਰਹੀ ਹੈ:

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*

*(ਪੰਨਾ ੧੨੬੫)*

ਕੁਦਰਤ ਦੇ ਨਿਯਮ ਅਟੱਲ ਹਨ। ਇਹ ਸਾਰਾ ਬ੍ਰਹਿਮੰਡ ਇੱਕ ਹੀ ਹੁਕਮ ਵਿਚ ਬੱਝਾ ਹੈ। ਪਦਾਰਥਵਾਦੀਆਂ ਨੇ ਇਸ ਨੂੰ ਗ਼ਲਤ ਸਿੱਧ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਸੰਸਾਰ ਦੇ ਸਾਰੇ ਪਦਾਰਥਾਂ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ, ਇਸ ਲਈ ਕੁਦਰਤ ਦੇ ਨਿਯਮ ਅਟੱਲ ਨਹੀਂ ਹਨ। ਇਹ ਤਾਂ ਸਦਾ ਬਦਲਦੇ ਰਹਿੰਦੇ ਹਨ। ਪਦਾਰਥਵਾਦੀਆਂ ਦੀ ਇਹ ਧਾਰਨਾ ਉਨ੍ਹਾਂ ਦੀ ਅਗਿਆਨਤਾ ਦਾ ਸਿੱਟਾ ਹੈ। ਧਰਮ ਕੁਦਰਤ ਦੇ ਨਿਯਮਾਂ ਨੂੰ ਅਟੱਲ ਕਹਿੰਦਾ ਹੈ ਤੇ ਮਾਦੇ ਦੀ ਤਬਦੀਲੀ ਉਸ ਤੋਂ ਬਾਹਰ ਨਹੀਂ ਹੁੰਦੀ। ਇਹ ਤਬਦੀਲੀ ਵੀ ਇਕ ਨਿਯਮ ਅਨੁਸਾਰ ਹੀ ਹੁੰਦੀ ਹੈ। ਧਰਤੀ ਉੱਤੇ ਕੁਦਰਤ ਨੇ ਸਰੀਰਿਕ ਬਣਤਰ ਤੋਂ ਲੈ ਕੇ ਪਹਾੜਾਂ, ਦਰਿਆਵਾਂ, ਬਨਸਪਤੀ ਆਦਿ ਤਕ ਇਕ ਨਿਸ਼ਚਿਤ ਪ੍ਰਬੰਧ ਕਾਇਮ ਕੀਤਾ ਹੋਇਆ ਹੈ। ਪਦਾਰਥਾਂ ਵਿਚ ਤਬਦੀਲੀ ਵੀ ਉਸੇ ਪ੍ਰਬੰਧ ਦਾ ਹੀ ਹਿੱਸਾ ਹੈ। ਸੋ ਇਕ ਅਟੱਲ ਨਿਯਮ ਤੋਂ ਬਿਨਾਂ ਸ੍ਰਿਸ਼ਟੀ ਦਾ ਪ੍ਰਬੰਧ ਚੱਲ ਹੀ ਨਹੀਂ ਸਕਦਾ। ਸੂਰਜ, ਚੰਦ, ਤਾਰੇ, ਗ੍ਰਹਿ, ਪ੍ਰਿਥਵੀ ਇਕ ਨਿਯਮ ਵਿਚ ਬੱਝੇ ਆਪਣੀ-ਆਪਣੀ ਥਾਂ ਕਾਇਮ ਹਨ। ਇਸ ਅਟੱਲ ਨਿਯਮ ਵਿਚ ਥੋੜ੍ਹੀ ਜਿਹੀ ਢਿੱਲ ਵੀ ਵਿਨਾਸ਼ਕਾਰੀ ਸਾਬਤ ਹੋ ਸਕਦੀ ਹੈ। ਗੁਰਬਾਣੀ ਵਿਚ ਸ੍ਰਿਸ਼ਟੀ ਦੇ ਇਸ ਪ੍ਰਬੰਧ ਨੂੰ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ:

*- ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥*
*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥*
*ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥*
*ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥*
*ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥*
*ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥*
*ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥*
*ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥* *(ਪੰਨਾ ੪੬੪)*
*- ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥*

*ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥*
*ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥*
*ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥*
*(ਪੰਨਾ ੪੬੪)*

ਸੰਸਾਰ ਨੂੰ ਚਲਾਉਣ ਵਾਲੀਆਂ ਦੋ ਸ਼ਕਤੀਆਂ ਹਨ— ਇਕ ਮਾਦਾ ਤੇ ਦੂਜੀ ਕੁਦਰਤ। ਮਾਦਾ ਆਪਣੇ ਆਪ ਵਿਚ ਇਕ ਨਿਰਜਿੰਦ ਪਦਾਰਥ ਹੈ। ਕੁਦਰਤ ਮਾਦੇ ਦੇ ਗੁਣਾਂ ਦੀ ਵਰਤੋਂ ਕਰ ਕੇ ਤਰ੍ਹਾਂ-ਤਰ੍ਹਾਂ ਦੀ ਰਚਨਾ ਕਰਦੀ ਹੈ। ਕੁਦਰਤ ਦੀ ਰਚਨਾ ਮਨੁੱਖੀ ਅਕਲ, ਗਿਆਨ ਅਤੇ ਸਮਰੱਥਾ ਦੇ ਵੱਸ ਤੋਂ ਬਾਹਰ ਦੀ ਗੱਲ ਹੈ। ਪਦਾਰਥਵਾਦੀਆਂ ਦੀ ਇਹ ਬਹੁਤ ਵੱਡੀ ਭੁੱਲ ਹੈ ਕਿ ਉਹ ਕੁਦਰਤ ਦੀ ਸ਼ਕਤੀ ਨੂੰ ਵੀ ਮੰਨਣ ਲਈ ਤਿਆਰ ਨਹੀਂ ਹਨ। ਕੁਦਰਤ ਦੀ ਵਿਸ਼ਾਲ ਸ਼ਕਤੀ ਤੋਂ ਬਿਨਾਂ ਇਹ ਸੰਸਾਰ ਇੰਨਾ ਸੁਹਣਾ, ਸਜੀਵ ਤੇ ਵੰਨ-ਸੁਵੰਨਾ ਨਾ ਹੁੰਦਾ। ਕੁਦਰਤ ਨੇ ਜਿੰਨੇ ਜੀਵ, ਜਾਤੀਆਂ, ਬਨਸਪਤੀ, ਫਲ-ਫੁੱਲ, ਖਾਣੀਆਂ-ਬਾਣੀਆਂ, ਰਸ, ਰੰਗ, ਰੂਪ ਪੈਦਾ ਕੀਤੇ ਹਨ ਕਿ ਮਨੁੱਖ ਵਿਚਾਰਾ ਤਾਂ ਇਨ੍ਹਾਂ ਦੀ ਪੂਰੀ ਗਿਣਤੀ ਵੀ ਨਹੀਂ ਕਰ ਸਕਦਾ। ਕੁਦਰਤ ਨੇ ਰਸਹੀਣ ਮਿੱਟੀ ਵਿੱਚੋਂ ਸੁਆਦਲੇ ਪਦਾਰਥ ਪੈਦਾ ਕੀਤੇ ਹਨ। ਰੰਗਹੀਣ ਮਿੱਟੀ ਵਿੱਚੋਂ ਤਰ੍ਹਾਂ-ਤਰ੍ਹਾਂ ਦੇ ਰੰਗੀਨ ਫੁੱਲ ਹੀ ਪੈਦਾ ਨਹੀਂ ਕੀਤੇ ਸਗੋਂ ਰੰਗਾਂ ਦੇ ਡਿਜ਼ਾਇਨ ਵੀ ਬਣਾਏ ਹਨ। ਤਿਤਲੀ ਦੇ ਖੰਭਾਂ ਉੱਤੇ ਇੰਨੇ ਡਿਜ਼ਾਇਨ ਬਣੇ ਹੋਏ ਕਿ ਮਨੁੱਖ ਆਪਣੇ ਬੁਰਸ਼ ਨਾਲ ਵੀ ਨਹੀਂ ਬਣਾ ਸਕਦਾ। ਹੋਰ ਵੀ ਜਾਨਵਰਾਂ ਦੇ ਸਰੀਰਾਂ ਅਤੇ ਪੰਛੀਆਂ ਦੇ ਖੰਭਾਂ ਉੱਤੇ ਵੱਖ-ਵੱਖ ਡਿਜ਼ਾਇਨ ਬਣੇ ਹੋਏ ਹਨ ਜਿਨ੍ਹਾਂ ਤੋਂ ਉਨ੍ਹਾਂ ਦੀ ਵੱਖਰੀ ਹੋਂਦ ਦੀ ਪਹਿਚਾਣ ਹੁੰਦੀ ਹੈ। ਜਾਨਵਰਾਂ ਦੇ ਖੰਭ ਨਿੱਕੇ-ਨਿੱਕੇ ਰੇਸ਼ਿਆਂ ਤੋਂ ਬਣਦੇ ਹਨ। ਰੇਸ਼ਿਆਂ ਦਾ ਮਾਦਾ ਵੱਖਰਾ-ਵੱਖਰਾ ਹੁੰਦਾ ਹੈ। ਇਸ ਮਾਦੇ ਨੂੰ ਕੁਦਰਤ ਬਰੀਕੀ ਨਾਲ ਰੰਗਦੀ ਹੈ ਤਾਂ ਜੋ ਉਨ੍ਹਾਂ ਤੋਂ ਇਕ ਡਿਜ਼ਾਇਨ ਬਣ ਜਾਵੇ। ਮੋਰ ਦੇ ਖੰਭ ਵਿਚ ਅਨੇਕ ਰੇਸ਼ੇ ਮਿਲ ਕੇ ਇਕ ਚੰਦ ਦੀ ਸ਼ਕਲ ਬਣਾ ਦਿੰਦੇ ਹਨ। ਜਿਵੇਂ ਕਿਸੇ ਚਿੱਤਰ ਨੂੰ ਵੇਖ ਕੇ ਅਸੀਂ ਉਸ ਦੇ ਬਣਾਉਣ ਵਾਲੇ ਦੀ ਪ੍ਰਸੰਸਾ ਕਰਦੇ ਹਾਂ, ਅਸੀਂ ਕੁਦਰਤ ਦੀ ਰਚਨਾ ਨੂੰ ਵੇਖ ਕੇ ਵੀ ਰਚਨਹਾਰ ਦੀ ਜ਼ਰਾ ਵੀ ਸਰਾਹਨਾ ਨਹੀਂ ਕਰ ਸਕਦੇ, ਕਿਉਂਕਿ ਅਸੀਂ ਪਦਾਰਥਵਾਦੀ ਹਾਂ। ਗੁਰਬਾਣੀ ਰਚਨਾ ਦੀ ਮਹਾਨਤਾ ਨੂੰ ਇਉਂ ਪ੍ਰਗਟ ਕਰਦੀ ਹੈ:

*ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥*
*ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥ (ਪੰਨਾ ੪੬੩)*

ਸ੍ਰਿਸ਼ਟੀ ਵਿਚ ਸਿਰਫ਼ ਜੀਵ-ਜੰਤ ਪੈਦਾ ਹੀ ਨਹੀਂ ਕੀਤੇ ਗਏ ਸਗੋਂ ਅੱਗੇ ਹੋਰ ਉਤਪਤੀ ਦੀ ਵਿਵਸਥਾ ਵੀ ਕੀਤੀ ਗਈ ਹੈ। ਕੁਦਰਤ ਨੇ ਹਰ ਜੀਵ-ਜੰਤੂ ਨੂੰ ਨਰ-ਮਦੀਨ ਵਿਚ ਵੰਡਿਆ ਹੋਇਆ ਹੈ। ਬਨਸਪਤੀ ਦੇ ਪੌਦਿਆਂ ਵਿਚ ਵੀ ਕਈ ਥਾਂ

ਇਹ ਤੱਥ ਵੇਖਿਆ ਜਾਂਦਾ ਹੈ। ਜੇ ਇਹ ਜੀਵ-ਜੰਤ ਸਿਰਫ਼ ਮਾਦੇ ਤੋਂ ਹੀ ਪੈਦਾ ਹੁੰਦੇ ਤਾਂ ਇਹ ਨਰ-ਮਦੀਨ ਵਿਚ ਕਦੇ ਨਾ ਵੰਡੇ ਜਾਂਦੇ। ਮਾਦੇ ਦਾ ਆਪਣਾ ਕੋਈ ਦਿਮਾਗ਼ ਨਹੀਂ ਹੈ। ਮਾਦਾ ਇੰਨੀ ਲੰਮੀ ਦੀਰਘ ਸੋਚ ਦੀ ਯੋਜਨਾ ਨਹੀਂ ਬਣਾ ਸਕਦਾ। ਇਥੇ ਹੀ ਬਸ ਨਹੀਂ ਸਗੋਂ ਨਰ-ਮਦੀਨ ਦੇ ਸਰੂਪ ਵਿਚ ਹੀ ਅੰਤਰ ਰੱਖਿਆ ਗਿਆ ਹੈ ਤਾਂ ਜੋ ਉਨ੍ਹਾਂ ਦੀ ਪਹਿਚਾਣ ਹੋ ਸਕੇ ਤੇ ਉਨ੍ਹਾਂ ਵਿਚ ਇਕ ਦੂਜੇ ਪ੍ਰਤੀ ਖਿੱਚ ਵੀ ਹੋਵੇ। ਇਹ ਸੰਸਾਰ ਸਿਰਫ਼ ਪਰਬਤਾਂ ਜਾਂ ਦਰਿਆਵਾਂ ਦਾ ਹੀ ਨਹੀਂ ਬਣਿਆ ਹੋਇਆ। ਇਸ ਵਿਚ ਅਤਿ ਦਰਜੇ ਦੀ ਬਰੀਕੀ ਤੇ ਸੂਖ਼ਮ ਭਾਵਨਾਵਾਂ ਵੀ ਭਰਪੂਰ ਹਨ। ਇਹ ਵਡਮੁੱਲਾ ਖ਼ਜ਼ਾਨਾ ਸਿਰਫ਼ ਮਾਦੇ ਦੇ ਵੱਸ ਦੀ ਗੱਲ ਨਹੀਂ ਹੈ। ਇਸ ਪਿੱਛੇ ਜ਼ਰੂਰ ਕੋਈ ਵੱਡੀ ਚੇਤਨਾ ਹੀ ਹੋ ਸਕਦੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

*- ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥ (ਪੰਨਾ ੪੬੯)*

*- ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ॥*<br>
*ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ॥...*<br>
*ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ॥*<br>
*ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ॥ (ਪੰਨਾ ੫੮੦)*

ਸੰਸਾਰ ਉੱਤੇ ਜਿੰਨਾ ਵੀ ਵਿਕਾਸ ਹੋਇਆ ਉਸ ਵਿਚ ਵੀ ਕੁਦਰਤ ਦਾ ਬਹੁਤ ਵੱਡਾ ਯੋਗਦਾਨ ਹੈ। ਮਨੁੱਖ ਰਾਹੀਂ ਵੀ ਜੋ ਵਿਕਾਸ ਹੋਇਆ ਹੈ ਉਹ ਵੀ ਕੁਦਰਤ ਦਾ ਹੀ ਯੋਗਦਾਨ ਮੰਨਿਆ ਜਾ ਸਕਦਾ ਹੈ ਕਿਉਂਕਿ ਮਨੁੱਖ ਆਪਣੇ ਆਪ ਵਿਚ ਕੁਦਰਤ ਦੀ ਹੀ ਇਕ ਰਚਨਾ ਹੈ। ਕੁਦਰਤ ਦੀ ਸਹਾਇਤਾ ਅਤੇ ਅਨੁਕੂਲਤਾ ਤੋਂ ਬਿਨਾਂ ਮਨੁੱਖ ਦੇ ਹੱਥ ਵਿਚ ਕੁਝ ਵੀ ਨਹੀਂ। ਕੁਦਰਤ ਨੇ ਧਰਤੀ 'ਤੇ ਤਾਪਮਾਨ, ਬਾਰਸ਼ ਆਦਿ ਨੂੰ ਕੰਟਰੋਲ ਕੀਤਾ ਹੈ। ਮਨੁੱਖੀ ਸਰੀਰ ਦਾ ਤਾਪਮਾਨ, ਨਰਵਸ ਸਿਸਟਮ, ਲਹੂ ਦਾ ਦੌਰਾ, ਸੁਆਸ-ਕਿਰਿਆ ਸਭ ਕੁਦਰਤ ਨੇ ਆਪਣੇ ਨਿਯੰਤਰਨ ਵਿਚ ਰੱਖਿਆ ਹੈ। ਇਸ ਵਿਚ ਥੋੜ੍ਹੀ ਜਿਹੀ ਗੜਬੜ ਨਾਲ ਮਨੁੱਖ ਅਸਮਰੱਥ ਤੇ ਅਸਵਸਥ ਹੋ ਜਾਂਦਾ ਹੈ। ਇਸ ਲਈ ਗੁਰਬਾਣੀ ਮਨੁੱਖ ਨੂੰ ਇਹ ਗਿਆਨ ਦਿੰਦੀ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਉਹ ਰੱਬ ਦੀ ਰਜ਼ਾ ਵਿਚ ਹੋ ਰਿਹਾ ਹੈ। ਮਨੁੱਖ ਕੁਝ ਕਰਨ ਦੇ ਯੋਗ ਨਹੀਂ ਹੈ। ਮਨੁੱਖ ਨੂੰ ਆਪਣੀ ਹਉਮੈ ਦੀ ਥਾਂ ਪਰਮਾਤਮਾ ਦੀ ਰਜ਼ਾ ਵਿਚ ਹੀ ਰਹਿਣਾ ਚਾਹੀਦਾ ਹੈ:

*ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥*<br>
*ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥੧॥*<br>
*ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥*<br>
*ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ॥੧॥ਰਹਾਉ॥*<br>
*ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ॥*<br>
*ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ॥੨॥*

*ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ॥*
*ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ॥੩॥*
*ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ॥*
*ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ॥੪॥*
*(ਪੰਨਾ ੭੩੬)*

ਮਨੁੱਖ ਦੀ ਹੋਂਦ ਜੇ ਦੇਖੀ ਜਾਵੇ ਤਾਂ ਨਿਰੋਲ ਪਦਾਰਥ ਤੋਂ ਬਹੁਤ ਪਾਰ ਤਕ ਜਾਂਦੀ ਹੈ। ਮਨੁੱਖ ਨਿਰਾ ਖਾਣ-ਪੀਣ ਤਕ ਸੀਮਤ ਨਹੀਂ ਰਹਿੰਦਾ। ਉਸ ਨੂੰ ਖਾਣਾ ਸੁਆਦੀ ਵੀ ਚਾਹੀਦਾ ਹੈ ਤੇ ਚੰਗੀ ਤਰ੍ਹਾਂ ਪਰੋਸਿਆ ਹੋਇਆ ਵੀ ਚਾਹੀਦਾ ਹੈ। ਮਨੁੱਖ ਨੂੰ ਸੁਹਣੀ ਪੌਸ਼ਾਕ ਵੀ ਚਾਹੀਦੀ ਹੈ। ਉਸ ਨੂੰ ਸਮਾਜ ਵਿਚ ਮਾਨ-ਸਨਮਾਨ ਵੀ ਚਾਹੀਦਾ ਹੈ। ਮਨੁੱਖ ਦਾ ਪਤੀ ਅਤੇ ਪਤਨੀ ਵਿਚਕਾਰ ਇਕ ਦੂਜੇ ਨਾਲ ਰਿਸ਼ਤਾ ਸਿਰਫ਼ ਸਰੀਰਿਕ ਨਹੀਂ ਹੁੰਦਾ; ਉਹ ਉਸ ਤੋਂ ਮਨ ਕਰਕੇ ਪਿਆਰ, ਇੱਜ਼ਤ ਤੇ ਵਫ਼ਾਦਾਰੀ ਦੀ ਵੀ ਮੰਗ ਕਰਦੇ ਹਨ। ਮਨੁੱਖ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀਆਂ ਭਾਵਨਾਵਾਂ, ਇੱਛਾਵਾਂ ਅਤੇ ਤ੍ਰਿਸ਼ਨਾਵਾਂ ਸਰੀਰ ਦੇ ਦਿਮਾਗ਼ ਵਿੱਚੋਂ ਨਹੀਂ ਸਗੋਂ ਮਨ ਵਿੱਚੋਂ ਪੈਦਾ ਹੁੰਦੀਆਂ ਹਨ। ਮਨੁੱਖ ਇਸ ਸੰਸਾਰ ਨਾਲੋਂ, ਸਰੀਰ ਤੋਂ ਕਿਤੇ ਵੱਧ ਆਪਣੇ ਮਨ ਵਿਚ ਹੀ ਵਿਚਰਦਾ ਹੈ। ਉਹ ਆਪਣੇ ਮਨ ਵਿਚ ਅਨੇਕ ਤਰ੍ਹਾਂ ਦੇ ਖ਼ਿਆਲ ਹਰ ਵੇਲੇ ਉਸਾਰਦਾ ਰਹਿੰਦਾ ਹੈ। ਬਿਨਾਂ ਜੀਭ ਤੇ ਹੋਂਠ ਹਿਲਾਉਣ ਤੋਂ ਆਪਣੇ ਮਨ ਵਿਚ ਹੀ ਗੱਲਾਂ ਤੇ ਸੁਆਲ-ਜੁਆਬ ਕਰਦਾ ਰਹਿੰਦਾ ਹੈ। ਕਈ ਤਰ੍ਹਾਂ ਦੇ ਨਕਸ਼ੇ-ਤਸਵੀਰਾਂ ਉਸ ਦੇ ਮਨ ਵਿਚ ਸਾਹਮਣੇ ਆਉਂਦੇ ਰਹਿੰਦੇ ਹਨ। ਉਸ ਦਾ ਤਨ ਕਿਤੇ ਹੋਰ ਹੁੰਦਾ ਹੈ ਮਨ ਕਿਤੇ ਹੋਰ। ਰਿਸ਼ੀਆਂ-ਮੁਨੀਆਂ ਨੇ ਸੁਰਤ ਦੀਆਂ ਤਿੰਨ ਅਵਸਥਾਵਾਂ ਮੰਨੀਆਂ ਹਨ— ਜਾਗ੍ਰਿਤ, ਸੁਪਨ ਤੇ ਸੁਖੋਪਤਿ। ਜਾਗ੍ਰਿਤ ਅਵਸਥਾ ਵਿਚ ਵੀ ਸੁਰਤ ਵਧੇਰੇ ਮਨ ਵਿਚ ਹੀ ਰਹਿੰਦੀ ਹੈ। ਸੁਪਨ ਅਵਸਥਾ ਤਾਂ ਸਾਰੀ ਮਨ ਦੀ ਹੀ ਕਿਰਿਆ ਹੈ। ਇਸ ਵਿਚ ਇੰਦਰੀਆਂ ਤੇ ਦਿਮਾਗ਼ ਆਰਾਮ ਕਰਦੇ ਹਨ ਪਰ ਮਨ ਤੇ ਸੁਰਤ ਕਾਇਮ ਰਹਿੰਦੀ ਹੈ। ਦਿਮਾਗ਼ ਇਕ ਸਥੂਲ ਚੀਜ਼ ਹੈ, ਇਹ ਸਿਰਫ਼ ਪ੍ਰਤੱਖ ਗਿਆਨ ਹੀ ਪ੍ਰਾਪਤ ਕਰ ਸਕਦਾ ਹੈ। ਮਨ ਦਾ ਆਧਾਰ ਸਰਬਵਿਆਪੀ ਚੇਤਨਾ ਹੈ। ਇਹ ਜਿੱਥੇ ਚਾਹੇ ਘੁੰਮ ਸਕਦਾ ਹੈ। ਇਸ ਲਈ ਮਨੁੱਖ ਮੂਲ ਰੂਪ ਵਿਚ ਮਨ ਹੀ ਹੈ। ਮਨ ਹੀ ਹੈ ਜੋ ਸੁਖ-ਦੁੱਖ, ਮਾਨ-ਅਪਮਾਨ, ਖ਼ੁਸ਼ੀ-ਗ਼ਮੀ, ਮਿਲਾਪ-ਵਿਛੋੜਾ ਮਹਿਸੂਸ ਕਰਦਾ ਹੈ। ਮਨ ਹੀ ਜ਼ੁਲਮ ਤੋਂ ਪ੍ਰੇਸ਼ਾਨ ਹੁੰਦਾ ਹੈ, ਇਨਸਾਫ਼ ਦੀ ਮੰਗ ਕਰਦਾ ਹੈ। ਮਨ ਨੂੰ ਹੀ ਬਹੁਤ ਸਾਰੇ ਪਦਾਰਥਾਂ ਦੀ ਭੁੱਖ ਹੁੰਦੀ ਹੈ ਕਿਉਂਕਿ ਮਨ ਪਦਾਰਥ ਨਹੀਂ ਹੈ। ਇਕ ਪਦਾਰਥ ਨੂੰ ਹੋਰ ਪਦਾਰਥਾਂ ਦੀ ਭੁੱਖ ਨਹੀਂ ਹੋ ਸਕਦੀ। ਮਨ ਦੇ ਅੰਦਰ ਹੀ ਸਮਾਜਿਕ ਨਾਬਰਾਬਰੀ ਤੇ ਆਰਥਿਕ ਕਾਣੀ ਵੰਡ ਦਾ ਰੋਸ ਪੈਦਾ ਹੁੰਦਾ ਹੈ। ਇਹ ਮਨ ਹੀ ਹੈ ਜੋ ਆਰਥਿਕ ਕ੍ਰਾਂਤੀ ਨੂੰ ਜਨਮ ਦਿੰਦਾ ਹੈ। ਇਸ ਲਈ ਕ੍ਰਾਂਤੀ ਵੀ ਕੁਦਰਤ ਤੇ ਮਨ ਦੀ

ਹੀ ਉਪਜ ਹੈ। ਮਨ ਦੀ ਤਾਕਤ ਨਾਲ ਹੀ ਮਨੁੱਖ ਤਾਕਤਵਰ ਹੁੰਦਾ ਹੈ। ਮਨ ਢਹਿ ਜਾਏ ਤਾਂ ਤਨ ਵੀ ਢੇਰੀ ਹੋ ਜਾਂਦਾ ਹੈ। ਮਨੁੱਖ ਦੀ ਸ਼ਕਤੀ ਦਾ ਸ੍ਰੋਤ ਮਨ ਤੇ ਮਨ ਦੀ ਸ਼ਕਤੀ ਦਾ ਸ੍ਰੋਤ ਪਰਮ-ਚੇਤਨਾ। ਇਸ ਲਈ ਗੁਰਬਾਣੀ ਪਰਮਾਤਮਾ ਦੀ ਸ਼ਕਤੀ ਨੂੰ ਮਨ ਦਾ ਮੂਲ ਮੰਨਦੀ ਹੈ:

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥* *(ਪੰਨਾ ੪੪੧)*

ਪਦਾਰਥਵਾਦੀ ਸਿਧਾਂਤ ਨੇ ਸਮਾਜ 'ਤੇ ਇਕ ਹੋਰ ਬੁਰਾ ਪ੍ਰਭਾਵ ਪਾਇਆ ਹੈ। ਇਸ ਨੇ ਮਨੁੱਖੀ ਸੋਚ ਨੂੰ ਹੀ ਪਦਾਰਥਵਾਦੀ ਬਣਾ ਦਿੱਤਾ ਹੈ। ਇਸ ਨਾਲ ਮਨੁੱਖਾਂ ਵਿਚ ਪਦਾਰਥਾਂ ਨੂੰ ਇਕੱਤਰ ਕਰਨ ਦੀ ਹੋੜ ਲੱਗੀ ਹੋਈ ਹੈ ਤੇ ਮਨੁੱਖ ਨੇ ਨੈਤਿਕ ਕਦਰਾਂ- ਕੀਮਤਾਂ ਨੂੰ ਛੱਡ ਕੇ ਵਿਸ਼ੇ-ਭੋਗਾਂ ਨੂੰ ਹੀ ਆਪਣਾ ਨਿਸ਼ਾਨਾ ਬਣਾ ਲਿਆ ਹੈ। ਸਾਰੇ ਮਨੁੱਖਾਂ ਦਾ ਇੱਕੋ ਹੀ ਅਸਲਾ ਹੈ ਤੇ ਸਭ ਦੀ ਫ਼ਿਤਰਤ ਵੀ ਇੱਕੋ ਹੀ ਹੈ। ਸਾਰਿਆਂ ਵਿਚ ਗੁਣ-ਅਵਗੁਣ ਇੱਕੋ ਤਰ੍ਹਾਂ ਦੇ ਮੌਜੂਦ ਹੁੰਦੇ ਹਨ। ਇਸ ਲਈ ਆਰਥਿਕ ਕ੍ਰਾਂਤੀ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ। ਪੂੰਜੀ ਕੁਝ ਹੱਥਾਂ ਵਿੱਚੋਂ ਨਿਕਲ ਕੇ ਦੂਜੇ ਹੱਥਾਂ ਵਿਚ ਚਲੀ ਜਾਂਦੀ ਹੈ। ਅਸਲ ਕ੍ਰਾਂਤੀ ਮਨੁੱਖ ਦੇ ਕਿਰਦਾਰ ਨੂੰ ਬਦਲਣ ਵਿਚ ਹੈ। ਮਨੁੱਖੀ ਕਿਰਦਾਰ ਬਾਰੇ ਗੁਰਬਾਣੀ ਵਿਚ ਇਸ ਤਰ੍ਹਾਂ ਅੰਕਿਤ ਕੀਤਾ ਗਿਆ ਹੈ:

*ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥*
*ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥ ਮਾਇਆ ਗਈ ਤਬ ਰੋਵਨੁ ਲਗਤੁ ਹੈ॥*
*(ਪੰਨਾ ੪੮੭)*

ਸਾਇੰਸ ਦੀ ਤਰੱਕੀ ਦੇ ਬਾਵਜੂਦ ਮਨੁੱਖ ਨੂੰ ਅਜੇ ਪਦਾਰਥ ਦਾ ਪੂਰਾ ਗਿਆਨ ਨਹੀਂ ਹੋ ਸਕਿਆ। ਕੁਦਰਤ ਦੇ ਭੇਦ ਉਹ ਜਾਣ ਨਹੀਂ ਸਕਿਆ। ਇਸੇ ਤਰ੍ਹਾਂ ਮਨੁੱਖ ਨੂੰ ਆਪਣੀ ਕਾਇਆ ਦੇ ਅੰਦਰ ਛੁਪੇ ਗੁੱਝੇ ਰਹੱਸਾਂ ਦੀ ਵੀ ਜਾਣਕਾਰੀ ਨਹੀਂ ਹੈ। ਅਗਿਆਨਤਾ-ਵੱਸ ਮਨੁੱਖ ਬਾਹਰਲੇ ਪਦਾਰਥਾਂ ਦੇ ਰਸ-ਭੋਗ ਵੱਲ ਤਾਂ ਦੌੜਦਾ ਹੈ ਪਰ ਆਪਣੀ ਕਾਇਆ ਦੇ ਅੰਦਰ ਦੀ ਖੋਜ ਨਹੀਂ ਕਰਦਾ। ਗੁਰਮਤਿ ਅਨੁਸਾਰ ਜੋ ਬਾਹਰਲੇ ਸੰਸਾਰ ਵਿਚ ਰਸ-ਰੰਗ-ਰੂਪ ਹਨ ਉਹ ਸਾਰਾ ਕੁਝ ਸੂਖ਼ਮ ਰੂਪ ਵਿਚ ਮਨੁੱਖ ਦੇ ਮਨ ਵਿਚ ਵੀ ਮੌਜੂਦ ਹੈ। ਸੋ ਮਨੁੱਖ ਨੂੰ ਚਾਹੀਦਾ ਹੈ ਕਿ ਬਾਹਰਲੇ ਪਦਾਰਥਾਂ ਦੀ ਤ੍ਰਿਸ਼ਨਾ ਛੱਡ ਕੇ ਆਪਣੇ ਮੂਲ ਨੂੰ ਪਛਾਣਨ ਦਾ ਯਤਨ ਕਰੇ। ਬਾਹਰਲਾ ਸੰਸਾਰ ਬੇਅੰਤ ਹੈ ਅਤੇ ਅਸਥਿਰ ਹੈ, ਇਹ ਕਦੇ ਵੀ ਮਨੁੱਖ ਦੀ ਪਕੜ ਵਿਚ ਨਹੀਂ ਆ ਸਕਦਾ। ਮਨੁੱਖ ਜੇ ਯਤਨ ਕਰੇ ਆਪਣੇ ਸਵੈ ਨੂੰ ਜ਼ਰੂਰ ਪਹਿਚਾਣ ਸਕਦਾ ਹੈ। ਕਿਉਂਕਿ ਮਨੁੱਖ ਦਾ ਸਵੈ ਹੀ ਉਸ ਦੇ ਸਭ ਤੋਂ ਨੇੜੇ ਹੈ ਇਸ ਲਈ ਮਨੁੱਖ ਨੂੰ ਆਤਮ ਪਦਾਰਥ ਦੀ ਖੋਜ ਵਿਚ ਲੱਗੇ ਰਹਿਣਾ ਚਾਹੀਦਾ ਹੈ:

*– ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥* *(ਪੰਨਾ ੬੯੫)*

*– ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ॥*
*ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ॥* *(ਪੰਨਾ ੪੨੫)*

*– ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ॥*
*ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ॥*
*ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ॥*
*(ਪੰਨਾ ੭੫੪)*

ਗੁਰਮਤਿ ਸਮਾਜਿਕ ਬਰਾਬਰੀ ਅਤੇ ਆਰਥਿਕ ਬਰਾਬਰੀ ਦੇ ਨਾਲ ਮਨੁੱਖ ਦੀ ਸੋਚ ਨੂੰ ਵੀ ਉੱਚਾ ਕਰਦੀ ਹੈ। ਮਨੁੱਖੀ ਕਿਰਦਾਰ ਵਿਚ ਕ੍ਰਾਂਤੀ ਲਿਆ ਕੇ ਆਦਰਸ਼ਕ ਸ਼ਖ਼ਸੀਅਤਾਂ ਪੈਦਾ ਕਰਨਾ ਗੁਰਮਤਿ ਦਾ ਉਦੇਸ਼ ਹੈ। ਇਸ ਦੇ ਟਾਕਰੇ 'ਤੇ ਪਦਾਰਥਵਾਦ ਵਿਚ ਮਨੁੱਖੀ ਕਿਰਦਾਰ ਜਾਂ ਉਸ ਦੀ ਸ਼ਖ਼ਸੀਅਤ ਦਾ ਕੋਈ ਮੁੱਲ ਨਹੀਂ ਹੁੰਦਾ। ਪਦਾਰਥਵਾਦ ਅਨੁਸਾਰ ਮਨੁੱਖ ਇਕ ਕੰਮ ਕਰਨ ਵਾਲੀ ਮਸ਼ੀਨ ਤੇ ਅੰਨ ਦਾ ਕੀੜਾ ਹੀ ਬਣ ਕੇ ਰਹਿ ਜਾਂਦਾ ਹੈ। ਗੁਰਮੁਖ ਪਦਾਰਥਾਂ ਵਿਚ ਰਹਿੰਦਾ ਹੋਇਆ ਵੀ ਪਦਾਰਥਾਂ ਤੋਂ ਉੱਪਰ ਹੁੰਦਾ ਹੈ। ਉਹ ਅਮਰ ਪਦਾਰਥ ਦਾ ਖੋਜੀ ਹੈ। ਉਹ ਪਦਾਰਥ ਇਕੱਠੇ ਕਰਨ ਦੀ ਥਾਂ ਆਪਣੀ ਹੋਂਦ ਨੂੰ, ਆਪਣੀ ਸੁਰਤ ਨੂੰ ਫੜਨ ਦਾ ਯਤਨ ਕਰਦਾ ਹੈ। ਗੁਰਬਾਣੀ ਦੀ ਸੇਧ ਤੇ ਗੁਰੂ ਦੀ ਕਿਰਪਾ ਨਾਲ ਉਹ ਆਪਣੇ ਮਿਸ਼ਨ ਵਿਚ ਸਫ਼ਲ ਹੋ ਜਾਂਦਾ ਹੈ ਤੇ ਮਨੁੱਖੀ ਪੱਧਰ ਤੋਂ ਉੱਠ ਕੇ ਦੇਵਤਿਆਂ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥* *(ਪੰਨਾ ੪੬੨)*

ਸੋ ਪਦਾਰਥਵਾਦ ਦੇ ਟਾਕਰੇ 'ਤੇ ਗੁਰਮਤਿ ਇਕ ਵਿਸ਼ਾਲ, ਸਰਬਪੱਖੀ ਤੇ ਮਹਾਨ ਕ੍ਰਾਂਤੀਕਾਰੀ ਸਿਧਾਂਤ ਹੈ। ਗੁਰਮਤਿ ਸਿਧਾਂਤ, ਸਮਾਜਿਕ, ਰਾਜਨੀਤਿਕ, ਆਰਥਿਕ, ਸਦਾਚਾਰਕ, ਪਰਵਾਰਿਕ, ਵਿਸ਼ਵ ਭਾਈਚਾਰਕ ਤੇ ਆਤਮਿਕ ਗਿਆਨ ਨਾਲ ਸਰਸ਼ਾਰ ਹੈ। ਗੁਰਮਤਿ ਦੇ ਮਹਾਨ ਸੰਦੇਸ਼ ਨੇ ਉੱਚੀਆਂ ਸ਼ਖ਼ਸੀਅਤਾਂ ਪੈਦਾ ਕੀਤੀਆਂ ਹਨ ਜਿਨ੍ਹਾਂ ਨੇ ਇਤਿਹਾਸ ਦੇ ਵਹਿਣ ਮੋੜ ਦਿੱਤੇ। ਆਰਥਿਕ ਬਰਾਬਰੀ, ਕਿਰਤ ਕਰਨਾ, ਵੰਡ ਛਕਣਾ ਉਨ੍ਹਾਂ ਦੇ ਸਧਾਰਨ ਜੀਵਨ ਦਾ ਇਕ ਅੰਗ ਹੈ। ਇਹ ਸਿਧਾਂਤ ਮਨੁੱਖ ਨੂੰ ਸਰਬ ਪ੍ਰਕਾਰ ਦੇ ਪਦਾਰਥ ਪ੍ਰਦਾਨ ਕਰਦਾ ਹੈ। ਉਸ ਨੂੰ ਸਰੀਰਿਕ ਸੁਖ ਵੀ ਦਿੰਦਾ ਹੈ ਤੇ ਉਸ ਦੇ ਮਨ ਦੀ ਤ੍ਰਿਪਤੀ ਵੀ ਕਰਦਾ ਹੈ। ਇਹ ਇਕ ਅਜਿਹਾ ਸਹੀ ਮਾਰਗ ਹੈ ਜਿਸ ਉੱਤੇ ਚੱਲਣ ਵਿਚ ਹੀ ਮਨੁੱਖਤਾ ਦੀ ਭਲਾਈ ਤੇ ਸਰਬੋਤਮ ਪ੍ਰਾਪਤੀ ਹੈ।

■

# ਗੁਰਬਾਣੀ ਅਤੇ ਵਿਗਿਆਨ : ਆਧੁਨਿਕ ਦਰਸ਼ਨ

*-ਡਾ. ਕੁਲਦੀਪ ਸਿੰਘ ਧੀਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਕਲਿਤ ਗੁਰਬਾਣੀ ਦਾ ਰਚਨਾ-ਕਾਲ ੧੧੭੩ ਤੋਂ ੧੬੭੫ ਤਕ ਫੈਲਿਆ ਹੋਇਆ ਹੈ। ਸਾਡੇ ਆਧੁਨਿਕਤਾਵਾਦੀ ਆਲੋਚਕਾਂ ਦੀ ਮਾਨਸਿਕਤਾ ਜਿਸ ਪੱਛਮੀ ਚਿੰਤਨ ਉੱਤੇ ਉੱਸਰੀ ਹੈ ਉਸ ਨੂੰ ਸਮਝਣ ਲਈ ਵਿਸ਼ਵ ਵਿਚ ਗਿਆਨ ਦੇ ਬਦਲਦੇ ਸਰੂਪ ਬਾਰੇ ਗੱਲ ਕਰਨੀ ਬਣਦੀ ਹੈ। ਐਡਵਰਡ ਹੈਰੀਸਨ ਆਪਣੀ ਪੁਸਤਕ 'ਮਾਸਕਸ ਆਫ਼ ਦ ਯੂਨੀਵਰਸ' (ਕੈਂਬਰਿਜ ਯੂਨੀਵਰਸਿਟੀ ਪ੍ਰੈਸ ੨੦੦੩) ਵਿਚ ਕਹਿੰਦਾ ਹੈ ਕਿ ਸਿਕੰਦਰ ਮਹਾਨ ਦੀਆਂ ਜਿੱਤਾਂ ਨਾਲ ਯੂਨਾਨੀ ਫ਼ਲਸਫ਼ਾ ਤੇ ਵਿਗਿਆਨ ਪੂਰਬ ਵੱਲ ਨੂੰ ਪਸਰੇ ਅਤੇ ਪੂਰਬੀ ਫ਼ਲਸਫ਼ਾ ਤੇ ਧਰਮ ਪੱਛਮ ਵੱਲ ਨੂੰ। ਬ੍ਰਹਿਮੰਡ ਦੀ ਉਤਪਤੀ/ਵਿਕਾਸ ਅਤੇ ਮਨੁੱਖ ਜਾਤੀ ਦੇ ਇਤਿਹਾਸ-ਮਿਥਿਹਾਸ ਬਾਰੇ ਈਸਾਈਅਤ ਦੀਆਂ ਧਾਰਨਾਵਾਂ ਮੱਧਕਾਲ ਦੇ ਯੂਰਪ ਵਿਚ ਸਰਬ-ਵਿਆਪਕ ਹੋ ਗਈਆਂ। ਇਹ ਧਾਰਨਾਵਾਂ ਤਰਕ ਤੇ ਵਿਗਿਆਨ ਨਾਲ ਮੇਲ ਨਾ ਖਾਣ ਕਾਰਨ ਯੂਨੀਵਰਸਿਟੀ ਕਲਚਰ ਨਾਲ ਹੌਲੀ-ਹੌਲੀ ਟਕਰਾਅ ਵਿਚ ਆਉਂਦੀਆਂ ਦਿੱਸਦੀਆਂ ਹਨ। ਇਹ ਟਕਰਾਅ ਭਾਵੇਂ ਅਤਿ ਨਰਮ ਤੇ ਬੇਮਲੂਮਾ ਹੈ, ਪਰ 'ਦੀ ਰਾਈਜ਼ ਆਫ਼ ਦੀ ਯੂਨੀਵਰਸਿਟੀਜ਼' ਦੇ ਲੇਖਕ ਚਾਰਲਸ ਹੈਸਕਿਨਜ਼ (ਕਰਨਲ ਯੂਨੀਵਰਸਿਟੀ ਪ੍ਰੈਸ ੧੯੫੭) ਨੂੰ ਇਹ ਕਹਿਣ ਲਈ ਮਜਬੂਰ ਕਰਦਾ ਹੈ ਕਿ ਅਸੀਂ ਏਥਨਜ਼ ਤੇ ਅਲੈਗਜ਼ੈਂਡਰੀਆ ਦੇ ਵਾਰਿਸ ਨਹੀਂ ਪੈਰਿਸ ਤੇ ਬਲਗੋਨਾ ਦੇ ਵਾਰਿਸ ਹਾਂ। ਦਾਂਤੇ (੧੨੬੫-੧੩੨੧) ਦੀ 'ਧਰਤ ਅਕਾਸ਼ ਤੇ ਫਰਿਸ਼ਤਿਆਂ ਦੀ ਕਲਪਨਾ' ਨਵੇਂ ਗਿਆਨ ਵਿਗਿਆਨ ਨਾਲੋਂ ਸਾਫ਼ ਤੌਰ 'ਤੇ ਨਿੱਖੜਵੀਂ ਪਛਾਣੀ ਜਾਂਦੀ ਹੈ।

ਵਿਗਿਆਨ ਤੇ ਧਰਮ ਦੇ ਪਰਸਪਰ ਬੇਮੇਚ ਹੋਣ ਦੇ ਸਪੱਸ਼ਟ ਪ੍ਰਮਾਣ ਪੈਰਿਸ ਦੇ ਬਿਸ਼ਪ ਟੈਂਪੀਅਰ (੧੨੭੭ ਈ.) ਦੇ ਹੁਕਮਾਂ ਵਿਚ ਪ੍ਰਾਪਤ ਹਨ ਜੋ ਪ੍ਰਭੂ ਦੀਆਂ ਸ਼ਕਤੀਆਂ ਬਾਰੇ ਹਰ ਕਿਸਮ ਦੀ ਬਹਿਸ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਨ। ਇਸ ਦੇ ਸਮਵਿੱਥ ਗੁਰਬਾਣੀ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਹੀ ਇਹ ਅੰਤਰ-ਦ੍ਰਿਸ਼ਟੀ ਪੇਸ਼ ਕਰਦੀ ਹੈ ਕਿ ਪ੍ਰਭੂ ਸਰਬ-ਵਿਆਪਕ ਹੈ। ਪ੍ਰਭੂ ਦੀ ਸਰਬ-ਵਿਆਪਕਤਾ ਤੇ ਸਰਬ-ਸ਼ਕਤੀਮਾਨਤਾ ਦੀ ਧਾਰਨਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਗਾਂਹ ਵਿਕਸਿਤ ਕਰਦੇ ਹੋਏ ਉਸ ਦੇ ਸੈਭੰ ਅਤੇ ਅਜੂਨੀ ਹੋਣ ਦੀ ਗੱਲ ਕਰਦੇ ਹਨ। ਉਸ ਅਨੰਤ ਦੇ ਸਿਰਜੇ ਬ੍ਰਹਿਮੰਡ ਦੇ ਅਨੰਤ ਹੋਣ ਦੀ ਗੱਲ ਕਰਦੇ ਹਨ। ਦੇਸ਼-ਕਾਲ ਦੀਆਂ ਸਮਕਾਲੀ ਤੇ ਪੂਰਬਕਾਲੀ ਧਾਰਨਾਵਾਂ ਨੂੰ ਵੰਗਾਰਦੇ ਹਨ। ਪੱਛਮ ਵਿਚ ਕਾਪਰਨੀਕਸ ਨਾਲ ਬ੍ਰਹਿਮੰਡ ਬਾਰੇ ਜੋ ਨਵੀਂ ਸੋਚ ਉਪਜੀ ਉਸ ਦੇ ਸਮਵਿੱਥ ਗੁਰਬਾਣੀ ਉਸੇ ਪ੍ਰਕਾਰ ਦੇ ਬ੍ਰਹਿਮੰਡੀ

** ਸਾਬਕਾ ਪ੍ਰੋਫੈਸਰ ਅਤੇ ਡੀਨ, # ੨/੯, ਗੁਰੂ ਨਾਨਕ ਨਗਰ, ਪਟਿਆਲਾ।*

ਤਸੱਵਰ ਨੂੰ ਪੇਸ਼ ਕਰਨ ਲੱਗੀ ਸੀ। ਪੱਛਮ ਵਿਚ ਇਕ ਪਾਸੇ ਕਾਪਰਨੀਕਸ, ਥਾਮਸ ਡਿਗਜ਼, ਬਰੂਨੋ ਗੈਲੀਲੀਓ, ਟਾਈਕੋ ਬਰਾਹੇ ਬ੍ਰਹਿਮੰਡ ਦੇ ਸਰੂਪ ਤੇ ਵਿਸਤਾਰ ਦੀ ਤਸਵੀਰ ਆਪੋ-ਆਪਣੇ ਤਰੀਕੇ ਨਾਲ ਉਜਾਗਰ ਕਰ ਰਹੇ ਸਨ, ਪੱਛਮ ਦਾ ਧਾਰਮਿਕ ਚਿੰਤਨ ਤੇ ਚਰਚ ਇਸ ਨਾਲ ਸਿੱਧਾ ਵਿਰੋਧ ਥਾਪ ਰਹੇ ਸਨ। ਇਸ ਪੱਖੋਂ ਗੁਰਬਾਣੀ ਤੇ ਗੁਰੂ ਦੋਵੇਂ ਬ੍ਰਹਿਮੰਡ ਦੇ ਸਰੂਪ/ਵਿਸਤਾਰ ਬਾਰੇ ਹੀ ਨਹੀਂ, ਇਸ ਦੇ ਉਦਗਮ ਵਿਕਾਸ ਤੋਂ ਵੀ ਅਗਾਂਹ ਦੇਸ਼ ਕਾਲ ਦੇ ਸੰਕਲਪਾਂ ਬਾਰੇ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਪੇਸ਼ ਕਰ ਰਹੇ ਦਿੱਸਦੇ ਹਨ। ਸੰਨ ੧੬੦੦ ਈ. ਵਿਚ ਬਰੂਨੋ ਸੂਰਜ ਦੁਆਲੇ ਧਰਤੀ ਦੇ ਚੱਕਰ ਕੱਟਣ ਦੀ ਧਾਰਨਾ ਨੂੰ ਪ੍ਰਚਾਰਨ/ਪ੍ਰਸਾਰਨ ਲਈ ਚਰਚ ਵੱਲੋਂ ਜਿਊਂਦਾ ਸਾੜਿਆ ਗਿਆ। ਉਸ ਤੋਂ ਬੱਤੀ ਵਰ੍ਹੇ ਬਾਅਦ ਅਠਾਹਠ ਸਾਲ ਦੀ ਉਮਰ ਵਿਚ ਇਨ੍ਹਾਂ ਹੀ ਧਾਰਨਾਵਾਂ ਦਾ ਸਮਰਥਨ ਕਰਨ ਵਾਲੀ ਪੁਸਤਕ 'ਡਾਇਲਾਗ ਕਨਸਰਨਿੰਗ ਟੂ ਚੀਫ਼ ਸਿਸਟਮਜ਼ ਆਫ਼ ਦੀ ਵਰਲਡ' ਪ੍ਰਕਾਸ਼ਤ ਕਰਨ ਉਪਰੰਤ ਗਲੈਲੀਓ ਨੂੰ ਸਾਰੀ ਉਮਰ ਚਰਚ ਹੱਥੋਂ ਕੈਦਾਂ, ਮੁਕੱਦਮਿਆਂ ਤੇ ਜ਼ਲਾਲਤ ਦਾ ਸਾਹਮਣਾ ਕਰਨਾ ਪਿਆ। ਗੁਰਬਾਣੀ ਇਸ ਕਿਸਮ ਦੀ ਅਵਿਗਿਆਨਕ ਸੋਚ ਤੋਂ ਮੁਕਤ ਹੈ। ਚਰਚ ਤੇ ਵਿਗਿਆਨ ਦੇ ਉਪਰੋਕਤ ਵਿਰੋਧ ਵਿੱਚੋਂ ਹੀ ਅਧਿਆਤਮਕ ਕਾਵਿ ਪ੍ਰਤੀ ਪੱਛਮੀ ਚਿੰਤਨ ਦਾ ਜਨਮ ਹੋਇਆ ਹੈ ਜਿਸ ਨੂੰ ਗੁਰਬਾਣੀ ਦੇ ਵਿਆਖਿਆ-ਮਾਡਲਾਂ ਉੱਤੇ ਬਿਨਾਂ ਸੋਚੇ-ਸਮਝੇ ਆਰੋਪਿਤ ਕਰ ਦਿੱਤਾ ਜਾਂਦਾ ਹੈ।

ਗੁਰਬਾਣੀ ਤਰਕ ਦੇ ਯੁੱਗ ਦੇ ਸਮਵਿੱਥ ਬ੍ਰਹਿਮੰਡ ਨੂੰ ਅਕਾਲ ਪੁਰਖ ਦੁਆਰਾ ਸਾਜਿਆ ਪ੍ਰਵਾਨ ਕਰਦੀ ਹੈ, ਪਰ ਇਸ ਬਾਰੇ ਮਕਾਨਕੀ ਧਾਰਨਾ ਨਹੀਂ ਪੇਸ਼ ਕਰਦੀ। ਇਸ ਬ੍ਰਹਿਮੰਡ ਨੂੰ ਹਰ ਸਮੇਂ ਆਪ ਠੀਕ ਕਰਨ ਵਾਲੇ ਮਕੈਨਿਕ ਵਰਗਾ ਅਕਾਲ ਪੁਰਖ ਦਾ ਸੀਮਿਤ ਤਸੱਵਰ ਗੁਰਬਾਣੀ ਨਹੀਂ ਕਰਦੀ। ਅਕਾਲ ਪੁਰਖ ਦੀ ਸ਼ਕਤੀ, ਬ੍ਰਹਿਮੰਡੀ ਪਸਾਰੇ ਦੇ ਉਦਗਮ ਸਮੇਂ ਤੇ ਵਿਸਤਾਰਾਂ ਨੂੰ ਵੀ ਮਨੁੱਖੀ ਸੀਮਾਵਾਂ ਵਿੱਚੋਂ ਸੀਮਤ ਕਰ ਕੇ ਨਹੀਂ ਪੇਸ਼ ਕਰਦੀ। ਗੁਰਬਾਣੀ ਦੀ ਇਹ ਦ੍ਰਿਸ਼ਟੀ ਬਾਈਬਲ ਤੇ ਪੱਛਮੀ ਧਰਮ ਚਿੰਤਨ ਉੱਤੇ ਆਧਾਰਿਤ ਨਿਸ਼ਚੇਵਾਦੀ ਧਾਰਨਾਵਾਂ ਦਾ ਨਿਖੇਧ ਕਰਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕੈਪਲਰ ਜਿਹੇ ਵਿਗਿਆਨੀ ਵੀ ਇਸ ਪੱਖੋਂ ਕਿੰਤੂ-ਮੁਕਤ ਸੋਚ ਦੇ ਧਾਰਨੀ ਨਹੀਂ ਹਨ। ਬਿਬਲੀਕਲ ਰੀਕਾਰਡਾਂ ਤੋਂ ਦਾਂਤੇ ਨੇ ਇਹ ਨਿਸ਼ਕਰਸ਼ ਪੇਸ਼ ਕੀਤਾ ਸੀ ਕਿ ਆਦਮ ਦਾ ਜਨਮ ੫੧੯੮ ਈ. ਪੂਰਵ ਵਿਚ ਹੋਇਆ। ਕੈਪਲਰ ਨੇ ਕਿਹਾ ਕਿ ਬ੍ਰਹਿਮੰਡ ਦੀ ਉਤਪਤੀ ੩੮੭੭ ਈਸਵੀ ਪੂਰਵ ਵਿਚ ਹੋਈ। ਆਇਰਿਸ਼ ਬਿਸ਼ਪ ਜੇਮਜ਼ ਉਸ਼ਰ ਨੇ ਬ੍ਰਹਿਮੰਡ ਦੀ ਉਤਪਤੀ ੪੦੦੪ ਈ. ਪੂਰਵ ਮਿਥੀ। ਹੋਰ ਤਾਂ ਹੋਰ ਤੁਸੀਂ ਇਹ ਜਾਣ ਕੇ ਕੀ ਹੈਰਾਨ ਨਹੀਂ ਹੋਵੋਗੇ ਕਿ ਨਿਊਟਨ ਜਿਹੇ ਮਹਾਨ ਵਿਗਿਆਨੀ ਨੇ 'ਕਰੋਨਾਲੋਜੀ ਆਫ ਐਨਸ਼ੀਐਂਟ ਕਿੰਗਡਗਜ਼ ਅਮੈਂਡਿਡ' ਵਿਚ ਇਹ ਮਿਤੀ ੩੯੯੮ ਈ. ਪੂਰਵ ਮਿਥੀ। ਗੁਰਬਾਣੀ ਇਸ ਕਿਸਮ ਦੇ ਨਿਸ਼ਚੇਵਾਦ ਨੂੰ ਰੱਦ ਕਰਦੀ ਹੋਈ ਕਹਿੰਦੀ ਹੈ:

*ਥਿਤ ਵਾਰ ਨਾ ਜੋਗੀ ਜਾਣੈ ਰੁਤ ਮਾਹ ਨਾ ਕੋਈ॥*
*ਜਾ ਕਰਤਾ ਸਿਰਠੀ ਕੋ ਸਾਜੈ ਆਪੇ ਜਾਣੈ ਸੋਈ॥*

ਗੁਰਬਾਣੀ ਇਕ ਅਸੀਮ ਅਨੰਤ ਬ੍ਰਹਿਮੰਡ ਦਾ ਤਸੱਵਰ ਪੇਸ਼ ਕਰਦੀ ਹੈ ਜਿਸ ਵਿਚ *'ਕਈ ਕੋਟਿ ਆਕਾਸ ਬ੍ਰਹਿਮੰਡ– ਕਈ ਕੋਟਿ ਖਾਣੀ ਅਰ ਖੰਡ'* ਹਨ। ਇਕ ਸੁੰਨ ਤੋਂ ਸਾਰੇ ਪਸਾਰੇ ਦਾ ਜਨਮ। ਉਸ ਦੇ ਹੁਕਮ ਵਿਚ ਬੱਝਾ ਇਕ-ਸੁਰ ਬ੍ਰਹਿਮੰਡ *'ਜੋ ਬ੍ਰਹਿਮੰਡੇ ਸੋਈ ਪਿੰਡੇ।'* ਇਸ ਦੇ ਸੂਖਮ ਤੇ ਕਵਾਂਟਮ ਜਗਤ ਦੀ ਅਨਿਸ਼ਚਿਤਤਾ ਤੇ ਅਨੇਕਤਾ ਇਕ ਅਜਿਹੀ ਸੁੰਨ ਵਿਚ ਜਾ ਮੁੱਕਦੀ ਹੈ ਜਿੱਥੇ ਭੌਤਿਕ ਵਿਗਿਆਨ ਦਾ ਹਰ ਨੇਮ ਖ਼ਤਮ ਹੋ ਜਾਂਦਾ ਹੈ। *'ਬੈਠਾ ਵੇਖੈ ਵਖ ਇਕੇਲਾ'* ਦੀ ਸਿੰਗੂਲੈਰਿਟੀ ਨੂੰ ਕੋਈ ਭੇਦ ਨਹੀਂ ਸਕਦਾ। ਆਧੁਨਿਕਤਮ ਵਿਗਿਆਨ ਵੀ ਸਾਰੇ ਪਸਾਰੇ ਦਾ ਬੀਜ ਨਿਰਾਕਾਰ ਸੁੰਨ ਮੰਨਣ ਲਈ ਮਜਬੂਰ ਹੈ। ਲੈਮੈਤਰੇ ਨੇ ੧੯੩੦ ਵਿਚ ਬਿੱਗ ਬੈਂਗ ਸਿਧਾਂਤ ਦੀ ਕਲਪਨਾ ਕੀਤੀ ਪਰ ਉਸ ਬੀਜ ਅੰਡ ਦੇ ਆਕਾਰ ਤੇ ਉਸ ਦੇ ਅੱਗੇ-ਪਿੱਛੇ ਬਾਰੇ ਨਿਰੰਤਰ ਵਿਵਾਦ ਰਹੇ। ਇਸ ਦੇ ਅੱਗੇ-ਪਿੱਛੇ, ਅੰਦਰ-ਬਾਹਰ, ਆਸ-ਪਾਸ, ਦੇਸ਼-ਕਾਲ ਕੁਝ ਹੁੰਦਾ ਤਾਂ ਬਿੱਗ ਬੈਂਗ ਦੀ ਲੋੜ ਹੀ ਕੀ ਸੀ? ਹੁਣ ਤਾਂ ਬ੍ਰਹਿਮੰਡ ਦੇ ਪੰਦਰਾਂ ਬਿਲੀਅਨ ਸਾਲ ਪਹਿਲਾਂ ਬਿੱਗ ਬੈਂਗ ਨਾਲ ਉਪਜਣ ਨੂੰ ਵੀ ਸਾਡੇ ਚਿੰਤਨ ਤੇ ਦ੍ਰਿਸ਼ਟੀ ਦੇ ਸਫ਼ਰ ਦੀ ਭੌਤਿਕ/ਵਿਗਿਆਨਕ ਸੀਮਾ ਕਹਿ ਕੇ ਗੱਲ ਮੁਕਾਉਣੀ ਪੈ ਰਹੀ ਹੈ। ਅਨੰਤ ਘਣਤਾ ਅਨੰਤ ਵਕ੍ਰਤਾ, ਅਨੰਤ ਸਮਾਂ ਸੁੰਨ ਵਿਚ ਸੀ। ਦੇਸ਼ ਹੀ ਨਹੀਂ ਕਾਲ ਦੀ ਵੀ ਕੋਈ ਹੋਂਦ ਨਹੀਂ ਸੀ।

ਗੁਰਬਾਣੀ ਉਪਰੋਕਤ ਸਥਿਤੀ ਨੂੰ *'ਨਾ ਦਿਨ ਰੈਣ ਨਾ ਚੰਨ ਨਾ ਸੂਰਜ ਸੁੰਨ ਸਮਾਧ ਲਗਾਇਦਾ'* ਕਹਿ ਕੇ ਬਿਆਨਦੀ ਹੈ। *'ਕੀਆ ਦਿਨਸ ਸਭ ਰਾਤੀ'* ਕਹਿ ਕੇ ਦੇਸ਼ ਦੇ ਨਾਲ-ਨਾਲ ਕਾਲ ਦੀ ਸਿਰਜਿਤ ਹੋਂਦ ਨੂੰ ਸਪੱਸ਼ਟ ਕਰਦੀ ਹੈ। 'ਆਦਿ ਸਚ ਤੇ ਜੁਗਾਦਿ ਸਚ' ਦੇ ਦੋ ਸੰਕੇਤ ਕਾਲ ਦੇ ਬ੍ਰਹਿਮੰਡੀ ਇਤਿਹਾਸ ਵਿਚ ਪ੍ਰਵੇਸ਼ ਤੇ ਉਸ ਤੋਂ ਪੂਰਵਲੀ ਹੋਂਦ ਬਾਰੇ ਇਕ ਨਵਾਂ ਹੀ ਸੰਕਲਪ ਪੇਸ਼ ਕਰਦੇ ਹਨ। ਜੁਗਾਦਿ ਇਤਿਹਾਸਕ ਕਾਲ ਹੈ। ਮਨੁੱਖ ਦੀ ਸਮਝ ਦਾ, ਪਛਾਣ ਦਾ, ਅਹਿਸਾਸ ਦਾ, ਕਲਪਨਾ ਦਾ ਕਾਲ। ਆਦਿ ਕਾਲ ਉਹੀ ਮੂਲ ਬਿੰਦੂ ਹੈ ਜਦੋਂ ਸਮਾਂ ਵੀ ਨਹੀਂ ਸੀ। ਸੀਮਾ ਤਾਂ ਸਾਡੇ ਵੇਖਣ ਦੀ ਹੈ, ਬ੍ਰਹਿਮੰਡੀ ਪਸਾਰ ਦੀ ਨਹੀਂ। ਗੁਰਬਾਣੀ ਅਨੁਸਾਰ ਕਰਤਾਰ ਦੀਆਂ ਘਾੜਤਾਂ, ਭੂਮੀਆਂ, ਚੰਦਾਂ, ਸੂਰਜਾਂ, ਖੰਡਾਂ, ਮੰਡਲਾਂ, ਵਰਭੰਡਾਂ, ਆਕਾਸ਼ਾਂ, ਪਾਤਾਲਾਂ, ਦੇਸ਼ਾਂ, ਰੂਪਾਂ, ਰੰਗਾਂ– ਕਿਸੇ ਦਾ ਕੋਈ ਹੱਦ-ਬੰਨਾ ਨਹੀਂ।

– *ਖੰਡ ਪਤਾਲ ਅਸੰਖ ਮੈਂ ਗਣਤ ਨਾ ਹੋਈ॥*
– *ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥*
– *ਅਨਿਕ ਅਕਾਸ ਅਨਿਕ ਪਾਤਾਲ॥*
– *ਕਈ ਕੋਟ ਸਸੀਅਰ ਸੂਰ ਨਖਤਰ॥*

ਇਸ ਅਸੀਮ ਬ੍ਰਹਿਮੰਡ ਵਿਚ ਸਾਡੇ ਧਰਤ-ਚੱਕਰ ਵਾਲੇ ਜੀਵਨ ਦਾ ਉਦਗਮ

ਗੁਰਬਾਣੀ ਇਸ ਪ੍ਰਕਾਰ ਸਮਝਾਉਂਦੀ ਹੈ:

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥*
*ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ॥*

ਗੁਰਬਾਣੀ *'ਜਾ ਕਰਤਾ ਸਿਰਠੀ ਕੋ ਸਾਜੈ ਆਪੇ ਜਾਣੈ ਸੋਈ'* ਕਹਿ ਕੇ ਕੇਵਲ ਇਹ ਨਹੀਂ ਦੱਸਦੀ ਕਿ ਇਹ ਸ੍ਰਿਸ਼ਟੀ ਜਿਸ ਨੇ ਸਾਜੀ ਹੈ, ਉਹੀ ਇਸ ਦੇ ਮੂਲ ਬਾਰੇ ਜਾਣਦਾ ਹੈ ਸਗੋਂ ਇਹ ਕਹਿੰਦੀ ਹੈ ਕਿ ਜੋ ਕਰਤਾ ਇਸ ਨੂੰ ਸਾਜਦਾ ਹੈ, ਉਹ ਜਾਣਦਾ ਹੈ। ਭਾਵ ਇਹ ਮਹਾਂਵਾਕ ਇਸ ਬ੍ਰਹਿਮੰਡ ਦੇ ਬਾਰ-ਬਾਰ ਸਾਜੇ ਜਾਣ ਦੀ ਸੰਭਾਵਨਾ ਵੱਲ ਵੀ ਨਾਲ ਹੀ ਸੰਕੇਤ ਕਰ ਰਿਹਾ ਹੈ। *'ਕਈ ਬਾਰ ਪਸਰਿਓ ਪਾਸਾਰ'* ਜਹੇ ਮਹਾਂਵਾਕ ਵੀ ਇਹੀ ਦੱਸਦੇ ਹਨ। ਇਸ ਬ੍ਰਹਿਮੰਡੀ ਪਸਾਰੇ ਦੇ ਵਾਪਸ ਸੁੰਨ ਵਿਚ ਸਮਾਉਣ ਦਾ ਜ਼ਿਕਰ ਗੁਰਬਾਣੀ ਇਉਂ ਕਰਦੀ ਹੈ:

- *ਖੇਲੁ ਸੰਕੋਚੈ ਤਉ ਨਾਨਕ ਏਕੈ॥* *(ਪੰਨਾ ੨੯੨)*
- *ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥* *(ਪੰਨਾ ੧੧)*

ਗੁਰਬਾਣੀ ਅਨੁਸਾਰ ਕਰਤਾ ਪੁਰਖ ਦੇਸ਼-ਕਾਲ ਤੋਂ ਅਤੀਤ ਹੈ। ਸਾਰਾ ਪਦਾਰਥ ਉਸ ਵਿੱਚੋਂ ਨਿਕਲਿਆ ਹੈ ਜੋ ਨਿਰ-ਆਕਾਰ ਹੈ। ਆਈਨਸਟਾਈਨ ਦਾ ਸਾਪੇਖਤਾ ਸਿਧਾਂਤ ਉਕਤ ਅੰਤਰ-ਦ੍ਰਿਸ਼ਟੀ ਦਾ ਅਹਿਸਾਸ ਆਪਣੇ ਹੀ ਤਰੀਕੇ ਨਾਲ ਜਗਾਉਂਦਾ ਹੈ। ਇਸ ਸਿਧਾਂਤ ਅਨੁਸਾਰ ਇਹ ਰੌਸ਼ਨੀ ਦੇ ਵੇਗ ਉੱਤੇ ਤੁਰ ਰਹੀ ਵਸਤੂ ਵਾਸਤੇ ਸਮਾਂ ਰੁਕ ਜਾਂਦਾ ਹੈ, ਭਾਰ ਅਨੰਤ ਹੋ ਜਾਂਦਾ ਹੈ ਅਤੇ ਅਕਾਰ ਸਮਾਪਤ ਹੋ ਜਾਂਦਾ ਹੈ। ਅਨੰਤ ਭਾਰ ਵਾਲੀ ਸੁੰਨ ਵਰਗੀ ਕਲਪਨਾ ਹੈ। ਇਹ ਰੋਜ਼ਰ ਪੈਨਰੋਜ਼ ਨੇ ਬਲੈਕ ਹੋਲਜ਼ ਵਿਚ ਇਹੋ-ਜਿਹੀ ਸੁੰਨ ਦੀ ਹੀ ਕਲਪਨਾ ਕੀਤੀ ਹੈ ਜਿਸ ਨੂੰ ਕੁਦਰਤ ਢੱਕ ਕੇ ਰੱਖਦੀ ਹੈ। ਨਾ ਸਿਰਫ ਪਦਾਰਥ, ਸਗੋਂ ਦੇਸ਼-ਕਾਲ ਇਸ ਸੁੰਨ ਵਿਚ ਆ ਕੇ ਗਰਕ ਹੋ ਜਾਂਦਾ ਹੈ। ਅਸੀਂ ਹਾਂ ਕਿ ਮੁੜ ਸੁੰਨ ਨੂੰ ਦੇਸ਼ ਤੇ ਕਾਲ ਵਿਚ ਕਲਪਿਤ ਕਰਨ ਲਈ ਮਜਬੂਰ ਹਾਂ। ਪੈਨਰੋਜ਼ ਨੇ ਕਾਸਮਿਕ ਸੈਂਸਰਸ਼ਿਪ ਦਾ ਸੰਕਲਪ ਪੇਸ਼ ਕੀਤਾ ਤੇ ਕਿਹਾ ਕਿ ਕੁਦਰਤ ਨੰਗ-ਮੁਨੰਗੀ ਸੁੰਨ ਨੂੰ ਪਸੰਦ ਨਹੀਂ ਕਰਦੀ। ਸਟੀਫ਼ਨ ਹਾਕਿੰਗ ਨੇ ਇਸ ਤੋਂ ਅਗਾਂਹ ਤੁਰਦੇ ਹੋਏ ਕਿਹਾ ਕਿ ਜੇ ਵਿਆਪਕ ਸਾਪੇਖਤਾ ਸਿਧਾਂਤ ਠੀਕ ਹੈ ਤਾਂ ਸਮੇਂ ਦੇ ਅਰੰਭ ਵਿਚ ਜ਼ਰੂਰ ਇਕ ਮਹਾਂ ਸੁੰਨ ਹੋਵੇਗੀ।

ਸੁੰਨ ਵਿੱਚੋਂ ਪਦਾਰਥਕ ਪਸਾਰੇ ਦੀ ਅਸੰਭਵ ਪ੍ਰਤੀਤ ਹੁੰਦੀ ਗੱਲ ਦੀ ਵਿਆਖਿਆ ਸਟੀਫਨ ਹਾਕਿੰਗ ਨੇ ਕਵਾਂਟਮ ਅਨਿਸ਼ਚਿਤਤਾ, ਵੈਕਯੂਮ ਫਲੱਕਚੂਏਸ਼ਨਜ਼ ਤੇ ਮੈਟਰ/ਐਂਟੀਮੈਟਰ ਦੀ ਖੇਡ ਨਾਲ ਕੀਤੀ ਹੈ। ਇਹ ਵਿਆਖਿਆ ਅਸੀਮ, ਅਨੰਤ, ਅਬੁੱਝ ਨੂੰ ਸੀਮਾਵਾਂ ਵਿਚ ਬੰਨ੍ਹ ਕੇ ਸਮਝਣ/ਬੁੱਝਣ ਦਾ ਯਤਨ ਹੀ ਹੈ।

ਗੁਰਬਾਣੀ ਨੂੰ ਕੇਵਲ ਧਰਤੀ/ਸੂਰਜ ਦੇ ਗਤੀਸ਼ੀਲ ਹੋਣ ਤੋਂ ਅਗਾਂਹ ਸੋਚਣ ਲਈ ਮਜਬੂਰ ਕਰਦੀ ਹੈ ਤੇ ਦੱਸਦੀ ਹੈ :

*ਭੈ ਵਿਚਿ ਸੂਰਜ ਭੈ ਵਿਚਿ ਚੰਦ॥ ਕੋਹ ਕਰੋੜੀ ਚਲਤ ਨਾ ਅੰਤ॥ (ਪੰਨਾ ???)*

ਇਸ ਅੰਤਰ-ਦ੍ਰਿਸ਼ਟੀ ਅਨੁਸਾਰ ਸਭ ਚੰਨ-ਤਾਰੇ ਤੇ ਗਲੈਕਸੀਆਂ ਹੀ ਨਿਰੰਤਰ ਗਤੀ ਵਿਚ ਹਨ। ਗੁਰਬਾਣੀ ਸਹਿਜੇ ਹੀ ਇਹ ਸੰਕੇਤ ਕਰਦੀ ਹੈ ਕਿ ਚੰਦ ਦੀ ਆਪਣੀ ਰੌਸ਼ਨੀ ਨਹੀਂ। ਇਹ ਤਾਂ ਸੂਰਜ ਦੀ ਰੌਸ਼ਨੀ ਨਾਲ ਚਮਕਦਾ ਦਿੱਸਦਾ ਹੈ। *'ਸਸਿ ਘਰ ਸੂਰ ਸਮਾਇੰਦਾ'* ਤੇ *'ਸਸੀਅਰ ਕੈ ਘਰਿ ਸੂਰੁ ਸਮਾਵੈ'* ਜਿਹੀਆਂ ਪੰਕਤੀਆਂ ਇਸ ਦਾ ਪ੍ਰਮਾਣ ਹਨ।

ਖੰਡਾਂ-ਬ੍ਰਹਿਮੰਡਾਂ ਦੇ ਇਸ ਅਸੀਮ/ਅਨੰਤ ਪਸਾਰੇ ਦੀ ਉਤਪਤੀ ਤੇ ਵਿਨਾਸ਼ ਬਾਰੇ *'ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥'* ਜੈਸੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਮਹਾਂਵਾਕ ਅਜੋਕੇ ਭੌਤਿਕ ਵਿਗਿਆਨ ਦੀ ਸਿਖਰ ਸਮਝੇ ਜਾਂਦੇ ਸਟੀਫ਼ਨ ਹਾਕਿੰਗ, ਮਾਰਟਿਨ ਰੀਸ, ਐਲਨ ਗੂਥ ਤੇ ਐਡਵਰਡ ਫਾਹਰੀ ਜਹੇ ਵਿਗਿਆਨੀਆਂ ਦੁਆਰਾ ਪੇਸ਼ ਧਾਰਨਾਵਾਂ ਦੀ ਵਿਸਮਾਦੀ ਘੋਸ਼ਣਾ ਅੱਜ ਤੋਂ ਸਾਢੇ ਤਿੰਨ ਸਦੀਆਂ ਪਹਿਲਾਂ ਕਰਦੇ ਦਿੱਸਦੇ ਹਨ। ਗੁਰਬਾਣੀ ਦੀਆਂ ਵਿਗਿਆਨਕ ਅੰਤਰ-ਦ੍ਰਿਸ਼ਟੀਆਂ ਵਿਚ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਇੰਨਾ ਕੁਝ ਕਹਿ ਕੇ ਵੀ ਅੰਤਿਮ ਸਤਿ ਨੂੰ ਜਾਣਨ ਦੀ ਮਨੁੱਖੀ ਸੀਮਾ ਅੰਕਿਤ ਕਰ ਦਿੰਦੀ ਹੈ। ਸਾਡੇ ਸਾਹਮਣੇ ਹੀ ਤਾਂ ਭੌਤਿਕ ਵਿਗਿਆਨ ਦਾ ਹਰ ਨੇਮ ਕਿਸੇ ਨਾ ਕਿਸੇ ਬਿੰਦੂ ਉੱਤੇ ਜਾ ਕੇ ਸਮਾਪਤ ਹੋ ਜਾਂਦਾ ਹੈ। ਸਾਰੇ ਭੌਤਿਕ ਸਿਧਾਂਤ ਅੰਤ ਇੱਕੋ ਸਿਧਾਂਤ ਵਿੱਚੋਂ ਨਿਕਲੇ ਹਨ। ਵਿਗਿਆਨ ਨੇ ਜਿਹੜੇ ਚਾਰ ਮੂਲ ਪ੍ਰਕਾਰ ਦੇ ਬਲ ਲੱਭੇ ਹਨ, ਉਹ ਵੀ ਸਾਰੇ ਇੱਕੋ ਮੂਲ ਬਲ ਵਿੱਚੋਂ ਨਿੱਸਰੇ ਹਨ। ਗਰੈਂਡ ਯੂਨੀਫ਼ਾਈਡ ਥੀਊਰੀ ਇਨ੍ਹਾਂ ਬਲਾਂ ਨੂੰ ਸੰਗਠਿਤ ਕਰ ਕੇ ਅਨੰਤ ਰਹੱਸ ਦੇ ਇਕ ਸਿਰੇ ਨੂੰ ਹੱਥ ਲਾਉਣ ਦੀ ਸੋਚ ਰਹੀ ਹੈ।

ਵਿਗਿਆਨਕ ਨੇਮ, ਗੁਰਬਾਣੀ ਦਾ ਹੁਕਮ, ਪਦਾਰਥਕ ਪੱਧਰ ਉੱਤੇ ਵਿਗਿਆਨਕ ਵਰਤਾਰਿਆਂ ਦੀ ਹੈਰਾਨੀਜਨਕ ਵੰਨ-ਸੁਵੰਨਤਾ, ਬਾਣੀਕਾਰਾਂ ਦਾ ਵਿਸਮਾਦ ਭਰਪੂਰ ਰਹੱਸਵਾਦ, ਸਥੂਲ ਜਗਤ ਦੀਆਂ ਸੀਮਾਵਾਂ ਤੇ ਨਿਸ਼ਚਿਤਤਾ, ਸੂਖਮ ਜਗਤ ਦੀ ਅਨੰਤਤਾ ਤੇ ਅਨਿਸ਼ਚਿਤਤਾ, ਭੌਤਿਕ ਤੇ ਪਰਾਭੌਤਿਕ ਵਿਚ ਜਿਸ ਗਹਿਰੇ ਸੰਬੰਧ ਵੱਲ ਸੰਕੇਤ ਕਰਦੇ ਹਨ, ਉਸ ਨੂੰ ਸਮਝਣ ਲਈ ਲਤੀਫ਼ ਅਕਲ ਦੀ ਜ਼ਰੂਰਤ ਹੈ। ਆਈਨਸਟਾਈਨ ਜਿਹੇ ਬੰਦੇ ਇਸੇ ਲਤੀਫ਼ ਅਕਲ ਦੇ ਮਾਲਕ ਹੁੰਦੇ ਹਨ। ਉਹ ਮੰਨਦਾ ਹੈ ਕਿ ਕਾਦਰ ਆਪਣੇ ਆਪ ਨੂੰ ਭੌਤਿਕ ਜਗਤ ਵਿਚ ਪ੍ਰਗਟਾਉਂਦਾ ਹੈ। ਗੁਰਬਾਣੀ ਦਾ ਸਰਗੁਣ ਤੇ ਨਿਰਗੁਣ ਦਾ ਸੰਕਲਪ ਵੀ ਇਹੀ ਦੱਸਦਾ ਹੈ। ਆਈਨਸਟਾਈਨ ਆਖਦਾ ਹੈ ਕਿ ਕੁਦਰਤ ਤੇ ਬ੍ਰਹਿਮੰਡ ਦੇ ਭੇਦਾਂ ਨੂੰ ਸਮਝਣ ਦਾ ਯਤਨ ਕਰੋ। ਤੁਸੀਂ ਇਸ ਪ੍ਰਕਿਰਿਆ ਨੂੰ ਸਿਰੇ ਤਕ ਲੈ ਜਾਓ। ਤੁਸੀਂ ਵੇਖੋਗੇ ਕਿ ਅਖੀਰ ਕਿਤੇ ਕੁਝ ਅਜਿਹੀ ਸੂਖ਼ਮ ਜਿਹੀ ਸ਼ੈਅ ਬਚ ਗਈ ਹੈ ਜੋ ਵਿਆਖਿਆ ਤੇ ਸਮਝ ਤੋਂ ਬਾਹਰ ਹੈ। ਇਸ ਦੀ ਜ਼ਿੰਮੇਵਾਰ ਸ਼ਕਤੀ ਅਕਾਲ ਪੁਰਖ ਹੈ। ਮਨੁੱਖ ਉਸ

ਦੇ ਹੁਕਮ ਵਿਚ ਹੀ ਕਾਰਜਸ਼ੀਲ ਹੈ। ਕੁਦਰਤ ਆਪਣੇ ਰਹੱਸ ਕਿਸੇ ਵਲ-ਛਲ ਕਾਰਨ ਨਹੀਂ, ਆਪਣੀ ਉੱਚਤਾ-ਉਦਾਰਤਾ ਕਾਰਨ ਹੀ ਕਿਤੇ ਦੱਸਦੀ ਹੈ, ਕਿਤੇ ਲੁਕਾਉਂਦੀ ਹੈ। ਫਰੈਡਰਿਕ ਡਿਊਰਨਮਾਟ ਕਹਿੰਦਾ ਹੈ ਕਿ ਆਈਨਸਟਾਈਨ ਰੱਬ ਬਾਰੇ ਇੰਨੀ ਜ਼ਿਆਦਾ ਗੱਲ ਕਰਦਾ ਸੀ ਕਿ ਮੈਨੂੰ ਲੱਗਦਾ ਸੀ ਕਿ ਉਹ ਧਰਮ ਸ਼ਾਸਤਰੀ ਹੈ, ਵਿਗਿਆਨੀ ਨਹੀਂ। ਕਾਰਲ ਪਾਪਰ ਕਹਿੰਦਾ ਹੈ: 'ਆਈਨਸਟਾਈਨ ਤਾਂ ਗੱਲ ਹੀ ਧਾਰਮਿਕ ਮੁਹਾਵਰੇ ਵਿਚ ਕਰਦਾ ਸੀ। ਮੈਨੂੰ ਤਾਂ ਉਸ ਦੀਆਂ ਕਈ ਗੱਲਾਂ ਸਮਝ ਹੀ ਨਹੀਂ ਸਨ ਆਉਂਦੀਆਂ। ਇਹੀ ਹਾਲ ਬੋਹਰ ਦਾ ਸੀ ਜੋ ਉਸ ਉੱਤੇ ਖਿਝ ਜਾਂਦਾ ਸੀ। ਚੇਤੇ ਰਹੇ ਇਹ ਬੋਹਰ ਕਵਾਂਟਮ ਸਿਧਾਂਤ ਵਾਲਾ ਨੋਬਲ ਪੁਰਸਕਾਰ ਵਿਜੇਤਾ 'ਨੀਲਜ਼ ਬੋਹਰ' ਹੀ ਸੀ।

ਆਈਨਸਟਾਈਨ, ਹਾਕਿੰਗ ਤੇ ਪੈਨਰੋਜ਼ ਵਿਗਿਆਨ ਦਾ ਸਿਖਰ ਮੰਨੇ ਜਾਂਦੇ ਉਪਰੋਕਤ ਵਿਗਿਆਨੀਆਂ ਦੀਆਂ ਅੰਤਰ-ਦ੍ਰਿਸ਼ਟੀਆਂ ਦੇ ਸਨਮੁਖ ਸਾਨੂੰ ਗੁਰਬਾਣੀ ਤੇ ਵਿਗਿਆਨ ਦੇ ਅੰਤਰ-ਸੰਬੰਧਾਂ ਨੂੰ ਨਵੇਂ ਸਿਰਿਓਂ ਸਮਝਣਾ-ਵਿਚਾਰਨਾ ਚਾਹੀਦਾ ਹੈ। ਇਹ ਠੀਕ ਹੈ ਕਿ ਗੁਰਬਾਣੀ ਭੌਤਿਕਤਾ ਦੀ ਨਹੀਂ ਅਧਿਭੌਤਿਕਤਾ ਦੀ ਗੱਲ ਕਰ ਰਹੀ ਹੈ, ਫਿਜ਼ਿਕਸ ਦੀ ਨਹੀਂ ਮੈਟਾ ਫਿਜ਼ਿਕਸ ਦੀ ਗੱਲ ਕਰ ਰਹੀ ਹੈ ਪਰੰਤੂ ਗੁਰਬਾਣੀ ਫਿਜ਼ਿਕਸ ਤੇ ਮੈਟਾਫਿਜ਼ਿਕਸ ਵਿਚ ਨਿਖੇਧਕਾਰੀ ਨਿਖੇੜ ਨਹੀਂ ਕਰਦੀ। ਇਹ ਭੌਤਿਕਤਾ ਵਿਚ ਜੀਅ ਕੇ, ਭੌਤਿਕ ਸੰਸਾਰ ਤੇ ਸਮਾਜ ਪ੍ਰਤੀ ਜ਼ਿੰਮੇਵਾਰ ਦ੍ਰਿਸ਼ਟੀਕੋਣ ਅਪਣਾ ਕੇ ਪਰਾਭੌਤਿਕਤਾ ਨੂੰ ਮੁਖਾਤਿਬ ਹੁੰਦੀ ਹੈ। ਭੌਤਿਕ ਜਗਤ ਦਾ ਵਿਸਮਾਦ ਪੂਰੇ ਸਮਰਪਣ ਤੇ ਉਮਲਦੇ-ਉਛਲਦੇ ਪ੍ਰੇਮ ਦੇ ਆਧਾਰ ਉੱਤੇ ਪਰਾਭੌਤਿਕ ਨਾਲ ਨਾਤਾ ਸਥਾਪਤ ਕਰਦਾ ਹੈ। ਭੌਤਿਕਤਾ ਨੂੰ ਨਿਖੇਧ ਕੇ ਸਮਾਜ ਤੇ ਸੰਸਾਰ ਤੋਂ ਕਿਨਾਰਾਕਸ਼ੀ ਤੇ ਪਲਾਇਨ ਗੁਰਬਾਣੀ ਨੂੰ ਪ੍ਰਵਾਨ ਨਹੀਂ। ਇਸ ਦੇ ਬਾਵਜੂਦ ਕੋਰੇ ਤਰਕ ਤੇ ਗਿਆਨ ਦੀਆਂ ਸੀਮਾਵਾਂ ਨੂੰ ਗੁਰਬਾਣੀ ਪਛਾਣਦੀ ਹੈ। ਇਹੀ ਆਧੁਨਿਕਤਾ ਤੋਂ ਪਾਰ ਉੱਤਰ-ਆਧੁਨਿਕਤਾ ਦੀ ਅੰਤਰ-ਦ੍ਰਿਸ਼ਟੀ ਹੈ।

■

***ਸ੍ਰੀ ਗੁਰੂ ਗ੍ਰੰਥ ਸਾਹਿਬ-ਸਿਧਾਂਤਕ ਵਿਚਾਰਧਾਰਾ*** *(ਸਫ਼ਾ ੧੧ ਦਾ ਬਾਕੀ ਹਿੱਸਾ)*

ਜੀਵਨ ਵਿਕਾਸ ਲਈ ਸਾਰਥਕ ਸਨ ਜਾਂ ਨਿਰਾਰਥਕ? ਗੁਣਾਂ-ਔਗੁਣਾਂ ਦਾ ਸਵਿਸਤ੍ਰਿਤ ਨਿਰਣਾ ਕੀ ਹੈ, ਜਿਸ ਨੇ ਸਾਡੇ ਸਦਾਚਾਰ ਦਾ ਅਧਾਰ ਬਣਨਾ ਹੈ। ਇਹ ਜਾਇਜ਼ਾ ਤਾਂ ਹੀ ਲਿਆ ਜਾ ਸਕਦਾ ਹੈ ਜੇਕਰ ਵਿਸ਼ੇ ਅਨੁਸਾਰ ਗੁਰਬਾਣੀ ਦੇ ਵਿਸ਼ੇਸ਼ ਬਚਨਾਂ ਨੂੰ ਇਕ ਥਾਂ ਇਕੱਠਿਆਂ ਵਾਚਿਆ ਜਾਵੇ, ਇਸ ਨਾਲ ਹੀ ਹਰ ਵਿਚਾਰ ਤੇ ਹਰ ਲੇਖ ਪ੍ਰਤੱਖ ਮੂਰਤੀਮਾਨ ਹੋ ਸਕਦਾ ਹੈ।

ਸੋ, ਲੋੜ ਹੈ ਸਿੱਖ ਦਰਸ਼ਨ ਦੀ ਸਥਾਪਨਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮੁੱਚੇ ਰੂਪ ਵਿਚ ਵਿਚਾਰਿਆ ਜਾਵੇ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ਲਸਫ਼ਾ

*-ਡਾ. ਕੁਲਦੀਪ ਸਿੰਘ*

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਉੱਚਤਮ ਅਵਸਥਾ ਦੀ ਪ੍ਰਾਪਤੀ ਲਈ ਪਥ-ਦਰਸ਼ਨ ਹੈ। ਇਸ ਰਾਹੀਂ ਵਿਅਕਤੀ ਸਾਧਨਾ ਮਾਰਗ ਉੱਤੇ ਚੱਲਦਿਆਂ ਹੋਇਆਂ ਪਰਮ-ਅਨੰਦ ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈ। ਸੰਸਾਰਿਕ ਜੀਵਨ ਵਿਚ ਹੁੰਦਿਆਂ ਆਤਮਿਕ ਮੰਡਲਾਂ ਦਾ ਰਸ ਮਾਣਨ ਲਈ ਇਕ ਵਿਸ਼ੇਸ਼ ਸਾਧਨ ਹੈ।

ਗੁਰਬਾਣੀ ਪ੍ਰੇਮਾ-ਭਗਤੀ ਦੀ ਭਾਵਨਾ ਵਿੱਚੋਂ ਉਪਜੀ ਹੈ। ਪ੍ਰੇਮਾ-ਭਗਤੀ ਵੀ ਇਸ ਵਿਚ ਸੁਰ ਉੱਚੀ ਹੋਣ ਕਰਕੇ ਬਾਹਰਮੁਖੀ ਰੂਪ ਵਿਚ ਇਹ ਰੱਬੀ-ਪਿਆਰ ਵਿਚ ਗੁੰਦੀ ਬਾਣੀ ਹੀ ਪ੍ਰਤੀਤ ਹੁੰਦੀ ਹੈ, ਅੰਤਰਮੁਖੀ ਰੂਪ ਵਿਚ ਇਸ ਦੀ ਇਕ-ਇਕ ਪੰਗਤੀ ਗਿਆਨ ਦਾ ਅਥਾਹ ਸਾਗਰ ਸਮੋਈ ਹੋਈ ਹੈ। ਇਸ ਦੁਆਰਾ ਜਿੱਥੇ ਵਿਅਕਤੀ ਨੂੰ ਸਿਮਰਨ ਦੀ ਪ੍ਰਾਪਤੀ ਹੁੰਦੀ ਹੈ, ਉਥੇ ਉਸ ਨੂੰ ਜੀਵਨ-ਮਾਰਗ ਅਤੇ ਪਰਮ-ਅਨੰਦ ਦੀ ਵੀ ਪ੍ਰਾਪਤੀ ਹੁੰਦੀ ਹੈ।

ਭਾਰਤੀ ਅਧਿਆਤਮਕਤਾ ਦੇ ਮੁੱਢਲੇ ਗ੍ਰੰਥ ਵੇਦ ਕਿਸੇ ਦਾਰਸ਼ਨਿਕਤਾ ਨੂੰ ਮੁੱਖ ਰੱਖ ਕੇ ਨਹੀਂ ਲਿਖੇ ਗਏ ਅਤੇ ਨਾ ਹੀ ਉਨ੍ਹਾਂ ਵਿਚ ਅਧਿਆਤਮਕਤਾ ਅਤੇ ਦਾਰਸ਼ਨਿਕਤਾ ਉੱਤੇ ਵਿਸ਼ੇਸ਼ ਚਰਚਾ ਹੈ। ਸ਼ਾਸਤਰਾਂ ਵਿਚ ਹੀ ਦਾਰਸ਼ਨਿਕਤਾ ਤੇ ਚਰਚਾ ਕੀਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਦਾ ਬਾਹਰਮੁਖੀ ਸਰੂਪ ਪ੍ਰੇਮਾ-ਭਗਤੀ ਦਾ ਹੈ, ਸਾਸ਼ਤਰ ਦਾ ਨਹੀਂ। ਇਸ ਵਿਚ ਪ੍ਰਭੂ-ਭਗਤੀ ਅਤੇ ਨਾਮ-ਮਹਿਮਾ ਹੈ। ਨਾਮ 'ਤੇ ਵਿਸ਼ੇਸ਼ ਰੂਪ ਵਿਚ ਬਲ ਦਿੱਤਾ ਗਿਆ ਹੈ। ਕਿਸੇ ਖਾਸ ਸਿਧਾਂਤ ਨੂੰ ਮੁੱਖ ਰੱਖ ਕੇ ਚਰਚਾ ਨਹੀਂ ਕੀਤੀ ਗਈ, ਇਸੇ ਕਰਕੇ ਇਸ ਵਿਚ ਸਿਰਲੇਖ ਨਹੀਂ ਦਿੱਤੇ ਗਏ। ਕੇਵਲ ਨਿਬੰਧ ਪ੍ਰਬੰਧਾਂ ਦੇ ਹੀ ਸਿਰਲੇਖ ਆਉਂਦੇ ਹਨ, ਜਿਵੇਂ ਜਪੁ, ਪਟੀ, ਸਿਧ ਗੋਸਟਿ ਅਤੇ ਕੁਝ ਵਿਸ਼ੇ-ਵਸਤੂ ਅਨੁਸਾਰ ਸੁਖਮਨੀ, ਅਨੰਦ ਅਤੇ ਦਖਣੀ ਓਅੰਕਾਰ। ਇਨ੍ਹਾਂ ਬਾਣੀਆਂ ਵਿੱਚੋਂ ਅਸੀਂ ਗੁਰਮਤਿ ਦਾ ਦ੍ਰਿਸ਼ਟੀਕੋਣ ਨਿਖੇੜ ਸਕਦੇ ਹਾਂ। ਪਰੰਤੂ, ਮੁੱਖ ਉਦੇਸ਼ ਨਾਮ ਸਿਮਰਨ ਦਾ ਹੀ ਹੈ ਅਤੇ ਪ੍ਰੇਮਾ-ਭਗਤੀ ਦਾ ਵਲਵਲਾ ਆਪਮੁਹਾਰੇ ਹੀ ਵਹਿ ਤੁਰਿਆ ਹੈ। ਸਾਰਾ ਬਲ ਪ੍ਰਭੂ-ਮਿਲਾਪ ਦੀ ਤੜਪ ਉੱਤੇ ਦਿੱਤਾ ਗਿਆ ਹੈ।

ਉਕਤ ਚਰਚਾ ਤੋਂ ਮੇਰਾ ਇਹ ਭਾਵ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਫ਼ਲਸਫ਼ੇ ਜਾਂ ਸ਼ਾਸਤਰ ਦਾ ਨਿਰਮਾਣ ਨਹੀਂ ਹੋਇਆ ਸਗੋਂ ਇਸ ਵਿਚ ਮੁੱਖ ਰੂਪ

** ਸਾਬਕਾ ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਵਿਚ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹਨ ਕਿ ਪ੍ਰਭੂ ਨੂੰ ਪ੍ਰੇਮ ਕਿਉਂ ਕੀਤਾ ਜਾਵੇ? ਉਸ ਪ੍ਰੇਮ ਦੀ ਸੱਤਾ ਕੀ ਹੈ? ਉਸ ਦੀ ਸਮਰੱਥਾ ਕੀ ਹੈ? ਮਨੁੱਖ ਨਾਲ ਉਸ ਦਾ ਕੀ ਸੰਬੰਧ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਆਪਣੇ ਆਪ ਦਾਰਸ਼ਨਿਕ ਸਿਧਾਂਤਾਂ ਦੇ ਰੂਪ ਧਾਰਨ ਕਰ ਲੈਂਦੇ ਹਨ। ਦਰਸ਼ਨ ਆਪਣੇ ਆਪ ਉਗਮਦਾ ਹੈ। ਪ੍ਰੇਮਾ-ਭਗਤੀ ਵਿੱਚੋਂ ਗਿਆਨ, ਉਸ ਦੀ ਸਿਰਜਨਾ ਸ਼ਕਤੀ, ਦਾਇਰਾ, ਸਮਰੱਥਾ ਆਪੇ ਨਾਲ ਸੰਬੰਧ ਦੀ ਅਵਸਥਾ ਆਪੇ ਹੀ ਪੈਦਾ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰੇਮ ਤੇ ਗਿਆਨ ਆਪਸ ਵਿਚ ਓਤ-ਪੋਤ ਹਨ। ਇਹ ਭਗਤੀ ਕਾਵਿ ਅਤੇ ਦਾਰਸ਼ਨਿਕਤਾ ਦੀ ਪਰੰਪਰਾ ਵਿਚ ਇਕ ਕੜੀ ਹੈ। ਇਸ ਵਿਚ ਭਾਰਤੀ ਦਰਸ਼ਨ ਦੇ ਅਦ੍ਵੈਤ ਤੱਤ ਮੌਜੂਦ ਹਨ। ਇਸ ਦੇ ਨਾਲ ਹੀ ਧਰਮ, ਸ਼ਬਦ, ਮਨਮੁਖ, ਗੁਰਮੁਖ, ਸ੍ਰਿਸ਼ਟੀ, ਮਾਇਆ, ਵਿਦਿਆ, ਮਨ, ਇਸਤਰੀ, ਸਮਾਜ ਉਸਾਰੀ ਆਦਿ ਵਿਸ਼ੇ ਵੀ ਭਲੀ-ਭਾਂਤ ਨਿਖੇੜੇ ਜਾ ਸਕਦੇ ਹਨ। ਇਨ੍ਹਾਂ ਵਿਸ਼ਿਆਂ ਉੱਤੇ ਭਾਰਤੀ ਦਰਸ਼ਨ ਅਤੇ ਗੁਰਮਤਿ ਦਰਸ਼ਨ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

੧੨ਵੀਂ ਸਦੀ ਤੋਂ ਲੈ ਕੇ ੧੭ਵੀਂ ਸਦੀ ਤੀਕ ਪ੍ਰਤੀਨਿਧ ਭਾਰਤੀ ਭਗਤ ਸਾਹਿਬਾਨ ਅਤੇ ਗੁਰੂ ਸਾਹਿਬਾਨ ਦੀ ਪਾਵਨ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹੈ। ਇਸ ਦੀ ਸੰਪਾਦਨਾ ਭਾਵੇਂ ਪੰਜਾਬ ਦੀ ਧਰਤੀ ’ਤੇ ਹੋਈ, ਪਰੰਤੂ ਇਸ ਵਿਚ ਉੱਤਰ ਪ੍ਰਦੇਸ਼, ਬੰਗਾਲ, ਮਹਾਂਰਾਸ਼ਟਰ, ਰਾਜਸਥਾਨ, ਸਿੰਧ ਆਦਿ ਪ੍ਰਾਂਤਾਂ ਦੇ ਭਗਤ ਸਾਹਿਬਾਨ ਦੀ ਬਾਣੀ ਸੰਕਲਿਤ ਹੈ। ਇਨ੍ਹਾਂ ਭਗਤ ਸਾਹਿਬਾਨ ਦੇ ਅਨੁਭਵ ਅਤੇ ਰਸ-ਰੰਗ ਵੱਖ ਜ਼ਰੂਰ ਹਨ ਪਰ ਇਨ੍ਹਾਂ ਵਿਚ ਸਮੇਂ ਅਤੇ ਸਥਾਨ ਦਾ ਅੰਤਰ ਹੋਣ ’ਤੇ ਵੀ ਇਨ੍ਹਾਂ ਸਾਰੇ ਭਗਤ ਸਾਹਿਬਾਨ ਵਿਚ ਕੌਮੀ ਦਰਸ਼ਨ ਅਤੇ ਸਾਹਿਤ ਦਾ ਵਿਰਸਾ ਸਾਂਝਾ ਹੈ।

ਉਸ ਸਮੇਂ ਭਗਤੀ ਲਹਿਰ ਦੀ ਹਰ ਪ੍ਰਾਂਤ ਵਿਚ ਸਾਖ ਖਿੜੀ ਅਤੇ ਇੱਕੋ ਜਿਹੀ ਅਧਿਆਤਮਕ ਸ਼ਬਦਾਵਲੀ ਆਪਣੇ ਹਾਵ-ਭਾਵ ਪ੍ਰਗਟਾਉਣ ਲਈ ਵਰਤੀ ਗਈ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਸ਼ਬਦਾਂ ਦਾ ਅਦਾਨ-ਪ੍ਰਦਾਨ ਵੇਖਦੇ ਹਾਂ ਕੌਮੀ ਦਰਸ਼ਨ ਅਤੇ ਸਾਹਿਤ ਦਾ ਵਿਰਸਾ ਸਾਂਝਾ ਹੈ। ਇਸ ਕਰਕੇ ਭਗਤ ਸਾਹਿਬਾਨ ਨੇ ਆਸਤਕ ਸਿਧਾਂਤਕ ਪ੍ਰਗਟਾਵਾ ਕੀਤਾ। ਉਨ੍ਹਾਂ ਦੇ ਗਿਆਨ ਦੇ ਸੋਮੇ ਸਾਂਝੇ ਹਨ। ਕਿਉਂਕਿ ਭਗਤੀ ਲਹਿਰ ਆਪਣੇ ਆਪ ਵਿਚ ਇਕ ਸੰਪੂਰਨ ਲਹਿਰ ਸੀ ਇਸ ਵਾਸਤੇ ਇਹ ਲਹਿਰ ਬ੍ਰਾਹਮਣਵਾਦ ਦੇ ਵਿਰੁੱਧ ਸੀ। ਭਾਵੇਂ ਉਨ੍ਹਾਂ ਦੇ ਪ੍ਰਗਟਾਅ ਢੰਗ ਵਿਚ ਕਿਤੇ-ਕਿਤੇ ਅੰਤਰ ਹੈ ਪਰੰਤੂ ਰਚਨਾ ਸਾਂਝੀ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਂਝੇ ਦਾਰਸ਼ਨਿਕ ਸਿਧਾਂਤ ਉਪਲਬਧ ਹਨ। ਗੁਰੂ ਸਾਹਿਬ ਨੇ ਕਿਸੇ ਦੇ ਮਤ ਨੂੰ ਨਿੰਦਿਆ ਨਹੀਂ ਪਰ ਕਿਤੇ-ਕਿਤੇ ਗੁਰਮਤਿ ਕਸਵੱਟੀ ਦੇ ਅਨੁਰੂਪ

ਟਿੱਪਣੀ ਜ਼ਰੂਰ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨੂੰ ਆਪਾਂ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ:

(ੳ) ਅਧਿਆਤਮਕਤਾ - ਜਿਸ ਵਿਚ ਨਿਰਣਾ ਹੈ ਕਿ ਸਾਰੇ ਜੀਵ, ਜਗਤ, ਬ੍ਰਹਿਮੰਡ ਪਸਾਰੇ ਪਿੱਛੇ ਤੱਤ-ਸਾਰ ਵਿਸ਼ੇਸ਼ ਵਸਤੂ ਕੀ ਹੈ? ਇਸ ਦੀ ਨਿਰੋਲ ਸ਼ਾਸਤਰ ਅਨੁਸਾਰ ਚਰਚਾ ਕੀਤੀ ਗਈ ਹੈ। ਵਿਸ਼ੇਸ਼ ਰੂਪ ਵਿਚ ਸਿੱਧਾਂ ਨਾਲ ਹੋਈ ਚਰਚਾ 'ਸਿਧ ਗੋਸਟਿ' ਨਾਮੀ ਬਾਣੀ ਵਿਚ ਹੋਈ ਹੈ।

(ਅ) ਜੀਵ ਆਵਾਗਵਣ ਦੀ ਕੈਦ ਵਿੱਚੋਂ ਕਿਵੇਂ ਨਿਕਲ ਕੇ ਬ੍ਰਹਮ ਜੋ ਸਾਰੇ ਪਸਾਰੇ ਵਿਚ ਤੱਤ-ਰੂਪ ਵਿਚ ਹੈ ਨਾਲ ਕਿਵੇਂ ਇਕਮਿਕ ਹੋ ਸਕਦਾ ਹੈ? ਇਹ ਮੁਕਤੀ ਪ੍ਰਾਪਤੀ ਦਾ ਧਰਮ ਸ਼ਾਸਤਰ ਹੈ। ਇਸ ਵਿਚ ਨਾਮ ਭਗਤੀ, ਗੁਰੂ ਭਗਤੀ, ਮਨ ਦੇ ਸੰਜਮ ਲਈ ਚਰਚਾ ਕੀਤੀ ਗਈ ਹੈ।

(ੲ) ਇਸ ਵਿਚ ਸਦਾਚਾਰਕ ਤੇ ਸਮਾਜਿਕ ਜੀਵਨ ਬਾਰੇ ਚਰਚਾ ਹੈ ਜੋ ਇਹ ਨਿਰੂਪਣ ਕਰਦਾ ਹੈ ਕਿ ਮਾਨਵੀ ਧਰਮ ਮਨੁੱਖ ਦੇ ਤੌਰ 'ਤੇ ਕੀ ਹੈ? ਵਿਅਕਤੀ ਦਾ ਦੂਸਰੇ ਵਿਅਕਤੀ ਪ੍ਰਤੀ ਕੀ ਸੰਬੰਧ ਹੈ, ਜੀਵਾਂ ਅਤੇ ਕੁਦਰਤ ਪ੍ਰਤੀ ਮਨੁੱਖ ਦਾ ਕੀ ਵਿਹਾਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਦੇ ਮੁੱਖ ਭਾਗ ਭਾਰਤੀ ਦਰਸ਼ਨ ਦੇ ਤੱਤ ਨੂੰ ਲੈ ਕੇ ਹੀ ਅੱਗੇ ਚਲੇ ਹਨ ਅਤੇ ਉਸ ਉੱਤੇ ਆਪਣਾ ਮੱਤ ਦਿੱਤਾ ਹੈ। ਵੱਡੇ ਤੋਂ ਵੱਡੇ ਵਿਚਾਰ ਨੂੰ ਸੰਖੇਪ ਰੂਪ ਵਿਚ ਦਿੱਤਾ ਹੈ। ਇਸ ਲਈ ਅਸੀਂ ਬ੍ਰਹਮ, ਆਤਮਾ, ਜਗਤ (ਮਾਇਆ) ਨਾਮ, ਗੁਰੂ, ਮਨ, ਸਦਾਚਾਰਕ, ਸਮਾਜਿਕ ਅਤੇ ਧਰਮ ਬਾਰੇ ਵਿਸ਼ਿਆਂ ਉੱਤੇ ਪੂਰਨ ਗਿਆਨ ਪ੍ਰਾਪਤ ਕਰ ਸਕਦੇ ਹਾਂ।

ਭਾਰਤੀ ਸ਼ਾਸਤਰ ਦਾ ਮੁੱਖ ਨਿਖੇੜ ਅਸੀਂ ਸੰਖੇਪ ਰੂਪ ਵਿਚ ਇਸ ਪ੍ਰਕਾਰ ਕਰ ਸਕਦੇ ਹਾਂ- ਭਾਰਤੀ ਸ਼ਾਸਤਰ ਦਾ ਮੁੱਖ ਬਲ ਪਹਿਲੇ ਭਾਗ ਉੱਤੇ ਹੀ ਹੈ, ਭਾਵ ਉਹ ਬ੍ਰਹਮ ਸੱਤਾ ਉੱਤੇ ਚਰਚਾ ਕਰਦੇ ਹਨ ਅਤੇ ਫਿਰ ਉਸ ਦਾ ਸੰਬੰਧ ਜੀਵਾਤਮਾ ਅਤੇ ਜਗਤ ਨਾਲ ਕੀ ਹੈ, ਉੱਤੇ ਵਿਚਾਰ ਕਰਦੇ ਹਨ। ਪਰੰਤੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਲ ਤਿੰਨਾਂ ਉੱਤੇ ਹੀ ਹੈ। ਤਿੰਨਾਂ ਭਾਗਾਂ ਨੂੰ ਹੀ ਵਿਸ਼ੇਸ਼ ਸਮਝ ਕੇ ਚਰਚਾ ਕੀਤੀ ਗਈ ਹੈ ਅਤੇ ਤਿੰਨੇ ਵਿਚਾਰ ਆਪਸ ਵਿਚ ਓਤ-ਪੋਤ ਹਨ।

ਭਾਰਤੀ ਸ਼ਾਸਤਰਾਂ ਨੇ ਪ੍ਰਮਾਣ ਉੱਤੇ ਜ਼ੋਰ ਦਿੱਤਾ ਹੈ। ਭਾਵ ਸ਼ਾਸਤਰ-ਕਰਤਾ ਦੀ ਉਸ ਗਿਆਨ ਬਾਰੇ ਕੀ ਪਹੁੰਚ ਹੈ ਅਤੇ ਉਸ ਨੇ ਜਿਸ ਸਥਿਤੀ ਅਤੇ ਮਾਧਿਅਮ ਰਾਹੀਂ ਇਸ ਗਿਆਨ ਨੂੰ ਪ੍ਰਾਪਤ ਕੀਤਾ। ਬਹੁਤੇ ਸ਼ਾਸਤਰਕਾਰਾਂ ਨੇ 'ਬੇਦ' ਨੂੰ ਹੀ ਗਿਆਨ ਦਾ ਆਧਾਰ ਦੱਸਿਆ ਹੈ। ਫਿਰ ਵੀ ਉਨ੍ਹਾਂ ਗਿਆਨ ਦੀ ਪ੍ਰਾਪਤੀ ਅਤੇ ਸਾਧਨਾਂ ਦੀ ਚਰਚਾ ਕੀਤੀ ਹੈ। ਇਹ ਪ੍ਰਮਾਣ ਪ੍ਰਤੱਖ, ਅਨੁਮਾਨ ਅਤੇ ਅਨੁਭਵ ਦੇ

ਆਧਾਰ 'ਤੇ ਹੀ ਹੁੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਪ੍ਰਮਾਣ ਵਰਤੇ ਗਏ ਹਨ, ਪਰੰਤੂ ਇਨ੍ਹਾਂ ਦੀ ਸ਼ਾਸਤਰਕ ਰੂਪ ਵਿਚ ਚਰਚਾ ਨਹੀਂ ਅਤੇ ਨਾ ਹੀ ਇਸ ਪ੍ਰਕਾਰ ਦੀ ਕੋਈ ਸ਼ਬਦਾਵਲੀ ਹੀ ਵਰਤੀ ਗਈ ਹੈ। ਬ੍ਰਹਮ-ਗਿਆਨ ਬਾਰੇ ਸੰਕੇਤ ਹੈ ਕਿ ਇਹ ਬੜਾ ਅਲਪ ਹੈ ਅਤੇ ਉਸ ਬਾਰੇ ਕਦੀ ਵੀ ਪੂਰਨ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਹ ਸਦਾ ਅਮੁੱਲ, ਅਨੰਤ, ਅਗਮ, ਅਗੋਚਰ, ਅਸਾਧ ਰਹਿੰਦਾ ਹੈ। ਵਿਅਕਤੀ ਇਕ ਕਣੀ ਸਮਾਨ ਹੈ। ਜੇ ਉਹ ਅਥਾਹ ਸਾਗਰ ਵਿਚ ਮਿਲ ਵੀ ਜਾਵੇ ਤਾਂ ਵੀ ਸਾਗਰ ਦੀ ਵਿਸ਼ਾਲਤਾ ਨੂੰ ਨਹੀਂ ਮਾਪ ਸਕਦੀ। ਵਿਸਮਾਦ ਬਣਿਆ ਹੀ ਰਹਿੰਦਾ ਹੈ। ਇਹ 'ਨੇਤੀ' ਸਿਧਾਂਤ ਭਾਰਤੀ ਸ਼ਾਸਤਰਾਂ ਵਿਚ ਪ੍ਰਮਾਣ ਹੈ।

ਗੁਰਮਤਿ ਅਨੁਸਾਰ, ਬ੍ਰਹਮ ਇਕ ਅਤੇ ਕੇਵਲ ਇਕ ਹੈ। ਉਹ ਅਮਰ, ਅਜੋਨੀ ਹੈ। ਜਾਤਿ, ਜਨਮਹੀਨ, ਅਗੰਮ, ਅਗੋਚਰ ਅਤੇ ਰੂਪ ਰਹਿਤ ਹੈ। ਉਹ ਅਦੁੱਤੀ ਹੈ, ਉਸ ਜਿਹਾ ਹੋਰ ਕੋਈ ਨਹੀਂ। ਉਹ ਸਭ ਥਾਈਂ ਵਿਆਪਕ ਰਿਹਾ ਹੈ। ਉਹ ਬ੍ਰਹਮ ਆਪ ਸੱਚਾ ਹੈ ਅਤੇ ਉਹਦਾ ਨਾਮ ਸੱਚਾ ਹੈ। ਉਹ ਚੇਤੰਨ ਹਸਤੀ ਹੈ ਅਤੇ ਸ੍ਰਿਸ਼ਟੀ ਦਾ ਕਰਤਾ ਹੈ ਹਰ ਇਕ ਸ਼ਕਤੀ ਦਾ ਰਚਨਹਾਰ ਉਹ ਆਪ ਹੀ ਹੈ।

ਬ੍ਰਹਮ ਅਤੇ ਉਸ ਦੇ ਪਸਾਰੇ ਬਾਰੇ ਗਿਆਨ-ਇੰਦਰੀਆਂ, ਬੁੱਧੀ ਅਤੇ ਆਤਮਿਕ ਸ਼ਕਤੀ ਨਾਲ ਪ੍ਰਾਪਤ ਹੋ ਸਕਦਾ ਹੈ। ਭਾਰਤੀਆਂ ਨੇ ਤੀਜੇ ਸਾਧਨ ਨੂੰ ਵਿਸ਼ੇਸ਼ਤਾ ਦਿੱਤੀ ਹੈ। ਇਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਜਾਂ ਬਾਣੀ ਦਾ ਸਾਧਨ ਮੰਨਿਆ ਹੈ। ਇਹ 'ਗੁਰੂ ਦੀ ਬਾਣੀ' ਅਤੇ 'ਹੁਕਮਾਉ' ਦਾ ਸਿਧਾਂਤ ਹੈ। ਪ੍ਰੇਮਾ-ਭਗਤੀ, ਸਿਮਰਨ ਅਤੇ ਸੰਜਮ ਦੇ ਜੀਵਨ ਦੁਆਰਾ ਵਿਅਕਤੀ ਨੂੰ ਸ਼ਬਦ-ਸਿਧੀ ਜਾਂ ਅਨੁਭਵ-ਸ਼ਕਤੀ ਪ੍ਰਾਪਤ ਹੋ ਸਕਦੀ ਹੈ। ਉਸ ਵਿਅਕਤੀ ਨੂੰ 'ਅਖੜੀਆਂ ਬਿਅੰਨਿ' ਮਿਲ ਜਾਂਦੀਆਂ ਹਨ, ਜਿਸ ਨਾਲ ਪਾਤਸ਼ਾਹ ਜ਼ਾਹਰਾ ਦਿੱਸ ਪੈਂਦਾ ਹੈ। ਉਹ 'ਦਰਗਾਹ' 'ਸੋਦਰੁ' ਉੱਤੇ ਪੁੱਜ ਜਾਂਦਾ ਹੈ। ਇਸ ਪ੍ਰਾਪਤੀ ਨੂੰ ਭਗਤ ਸਾਹਿਬਾਨ ਕਾਫ਼ੀ ਸਾਕਾਰ ਕਰ ਦੇਂਦੇ ਹਨ।

ਪਰ ਇਹ ਸ਼ਕਤੀ ਉਨ੍ਹਾਂ ਮਨੁੱਖਾਂ ਨੂੰ ਪ੍ਰਾਪਤ ਨਹੀਂ ਹੈ ਜਿਨ੍ਹਾਂ ਦਾ ਅਨੁਭਵ ਅਤੇ ਸੋਚ ਸੀਮਤ ਹੈ। ਦਰਅਸਲ ਅਸੀਮ ਹੀ ਅਸੀਮਤਾ ਦੀਆਂ ਹੱਦਾਂ ਤਕ ਪੁੱਜ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਅਨੁਭਵ ਪ੍ਰਮਾਣ ਵਿਸ਼ੇਸ਼ ਪ੍ਰਮਾਣ ਹੈ। ਇਹ ਉਨ੍ਹਾਂ ਦੇ ਅਨੁਭਵ ਵਿੱਚੋਂ ਉਪਜਿਆ ਹੈ। ਨਿਰਗੁਣ ਅਤੇ ਸਰਗੁਣ ਦੋਨਾਂ ਦਾ ਸੁਮੇਲ ਹੈ। ਸ਼ਬਦ ਸਿਧੀ ਉਸ ਸਮੇਂ ਪ੍ਰਾਪਤ ਹੁੰਦੀ ਹੈ :

*ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥*
*ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ (ਪੰਨਾ ੮)*

ਇਹ ਘਾਲਣਾ ਘਾਲ ਕੇ ਹੀ 'ਘੜੀਐ ਸਬਦੁ ਸਚੀ ਟਕਸਾਲੀ' ਦੀ ਪ੍ਰਾਪਤੀ

ਹੋ ਸਕਦੀ ਹੈ। ਅਜਿਹੀ ਅਵਸਥਾ ਦੀ ਘਾੜਤ ਸਖ਼ਤ ਮਿਹਨਤ ਮੰਗਦੀ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਦਾਰਸ਼ਨਿਕ ਸਿਧਾਂਤ ਆਤਮਿਕ ਆਧਾਰ ਦਾ ਮੁੱਖ ਆਧਾਰ ਅਨੁਭਵ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਚ ਨੂੰ ਬ੍ਰਹਮ ਅਤੇ ਬ੍ਰਹਮ ਨੂੰ ਸੱਚ ਮੰਨਿਆ ਗਿਆ ਹੈ। ਜਪੁਜੀ ਸਾਹਿਬ ਦੇ ਅਰੰਭ ਵਿਚ ਹੀ ਜਿੱਥੇ ਪਰਮਾਤਮਾ ਨੂੰ ਇਕ ਅਤੇ ਅਨੇਕ ਵਿਚ ਰਮਿਆ ਹੋਇਆ ਦੱਸਿਆ ਹੈ ਅਤੇ ਸਰਬ-ਵਿਆਪਕ ਅਤੇ ਅਪਰੰਪਰ ਕਰਤਾ ਪੁਰਖ ਅਤੇ ਸੈਭੰ, ਅਸੀਮ, ਚੇਤੰਨ ਅਤੇ ਸਰਬੱਗ, ਅੰਤਰਜਾਮੀ ਮੰਨਿਆ ਹੈ, ਉਹ ਤਿੰਨਾਂ ਕਾਲਾਂ ਵਿਚ ਹੀ ਸੱਚਾ ਹੈ। ਪਰਮਸਤਿ ਸਵੈ-ਸਿਧ ਹੈ। ਉਸ ਦੀ ਹੋਂਦ ਨੂੰ ਸਿੱਧ ਕਰਨ ਲਈ ਕਿਸੇ ਪ੍ਰਮਾਣ ਦੀ ਲੋੜ ਨਹੀਂ। ਉਹ ਆਪ ਪ੍ਰਤੱਖ ਹੈ ਅਤੇ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਹਰ ਰਚਨਾ ਵਿਚ ਪ੍ਰਭੂ ਦੀ ਜੋਤ ਵਿਆਪਕ ਹੈ। ਉਹ ਸਦਾ ਸਥਿਰ ਅਤੇ ਘਟ-ਘਟ ਦੀ ਬੁੱਝਣ ਵਾਲਾ ਹੈ। ਉਹ ਸਰਬ-ਵਿਆਪਕ ਹੈ, ਪਰ ਉਸ ਦੀ ਸਰਬ-ਵਿਆਪਕਤਾ ਹੀ ਅੰਤਮ ਨਹੀਂ। ਉਹ ਦਿੱਸਦੇ ਸੰਸਾਰ ਤੋਂ ਨਿਆਰਾ, ਅਪਰੰਪਰ ਵੀ ਹੈ। ਇਸ ਭਾਵ ਵਿਚ ਕਿ ਕੁਦਰਤ, ਰਚਨਾ ਕਾਦਰ ਜਾਂ ਕਰਤੇ 'ਤੇ ਨਿਰਭਰ ਹੈ, ਪਰ ਕਰਤਾ ਕੁਦਰਤ ਜਾਂ ਰਚਨਾ 'ਤੇ ਨਿਰਭਰ ਨਹੀਂ। ਇਸ ਤਰ੍ਹਾਂ ਪਰਮਾਤਮਾ ਸਰਬਉੱਚ ਇਕਾਈ ਹੈ। ਅਨੇਕਤਾ ਵਿਚ ਏਕਤਾ ਹੈ।

ਬ੍ਰਹਮ (ਸੱਚ) ਸਦਾ ਇੱਕੋ ਸਰੂਪ ਵਿਚ ਅਤੇ ਇਕਸਾਰ ਰਹਿੰਦਾ ਹੈ। ਉਸ ਦੀ ਇਕਸਾਰਤਾ ਕਦੇ ਭੰਗ ਨਹੀਂ ਹੁੰਦੀ। ਜਾਤ, ਵਰਨ, ਦੇਸ਼, ਕਾਲ, ਸੂਖਮ ਹਰ ਰੂਪ ਵਿਚ ਇਕਸਾਰ ਤੇ ਸਰਬ-ਵਿਆਪਕ ਰਹਿੰਦਾ ਹੈ। ਉਹ ਪਸਾਰੇ ਦਾ ਰੂਪ ਧਾਰਨ ਕਰ ਸਕਦਾ ਹੈ। ਇਹ ਉਸ ਦਾ 'ਉਦਕਰਖ' ਰੂਪ ਹੈ। ਇਹ ਹੈ ਬ੍ਰਹਮ ਦਾ '੧ੴ' ਰੂਪ। ਸੱਚ ਨੂੰ ਬ੍ਰਹਮ ਮੰਨਿਆ ਜਾਂਦਾ ਹੈ। ਇਹ ਉਸ ਦਾ ਪਹਿਲਾ ਲੱਛਣ ਹੈ।

ਸਚੁ ਬ੍ਰਹਮ ਹਰ ਰੂਪ ਵਿਚ ਪ੍ਰਤੱਖ ਤੇ ਪ੍ਰਗਟ ਹੁੰਦਾ ਹੈ। ਇਹ ਨਾਮ ਰੂਪ ਧਾਰਨ ਕਰਦਾ ਹੈ ਅਤੇ ਹਰ ਰੂਪ ਵਿਚ ਪ੍ਰਤੱਖ ਹੁੰਦਾ ਹੈ। ਨਿਆਂ, ਪਵਿੱਤਰਤਾ, ਕੋਮਲਤਾ, ਪਿਆਰ, ਧਰਮ, ਦਇਆ, ਸਤ, ਸੰਤੋਖ, ਸੁਚ, ਕਿਰਤ, ਮਿੱਠਤ, ਨਿਮਰਤਾ, ਵੰਡ ਛਕਣਾ ਇਹ ਸਭ ਸੱਚੇ ਬ੍ਰਹਮ ਦਾ ਹੀ ਰੂਪ ਹਨ। ਇਹ ਕਰਮ ਸਤਿ ਨਾਮੁ ਹੈ।

ਸਤਿ 'ਸੱਤ੍ਰਜ' ਸ਼ਬਦ ਸੰਸਕ੍ਰਿਤ ਦੀ 'ਅਸ੍' ਅਰਥਾਤ 'ਹੋਣਾ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਸਦਾ ਵਿਦਮਾਨ ਰਹਿਣ ਵਾਲਾ ਹੈ। ਨਾਮ ਸ਼ਬਦ 'ਮਨ੍' ਜਾਂ 'ਨਮ੍' ਧਾਤੂ ਤੋਂ ਬਣਿਆ ਹੈ। 'ਮਨ੍' ਦਾ ਅਰਥ ਹੈ ਯਾਦ ਰੱਖਣਾ ਅਤੇ 'ਨਮ੍' ਦਾ ਅਰਥ ਹੈ ਝੁਕਣਾ ਜਾਂ ਸੰਬੋਧਿਤ ਕਰਨਾ। ਭਾਈ ਕਾਨ੍ਹ ਸਿੰਘ ਜੀ ਨਾਭਾ

ਅਨੁਸਾਰ —

"ਸਤਿ ਨਾਮੁ ਦਾ ਅਰਥ ਤਿੰਨ ਸਾਲ ਵਿਚ ਇਕਰਸ ਹੋਣ ਵਾਲਾ ਪ੍ਰਸਿੱਧ ਪਾਰਬ੍ਰਹਮ, ਜੇ ਪ੍ਰਭੂ ਦਾ ਨਾਮ ਸਦਾ ਰਹਿਣ ਵਾਲਾ ਹੈ ਤਾਂ ਗੁਰਸਿੱਖ ਉਸ ਦਾ ਉਪਾਸ਼ਕ ਤਦ ਹੈ ਜੇ ਉਹ ਮਨ, ਬਚਨ ਤੇ ਕਰਮ ਵਿਚ ਸਦਾ ਸੱਚਾ ਰਹਿੰਦਾ ਹੈ।"

ਉਹ ਕਰਤਾਰੀ ਸ਼ਕਤੀ ਹੈ। ਪੁਰਖ ਹੈ ਅਰਥਾਤ ਚੇਤੰਨ ਸ਼ਕਤੀ ਹੈ। ਹਰ ਥਾਂ ਵਿਆਪਕ ਹੈ। ਬ੍ਰਹਮ ਨੂੰ ਇਕ ਤੇ ਸੱਚ ਪਹਿਲਾਂ ਹੀ ਕਿਹਾ ਗਿਆ ਹੈ। ਗੁਰਬਾਣੀ ਨੇ ਉਸ ਨੂੰ ਕਰਤਾ ਪੁਰਖ ਕਿਹਾ ਹੈ। 'ਕਰਤਾ' ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਹੈ 'ਕਰਨ ਵਾਲਾ' ਬ੍ਰਹਮ ਕਰਤਾ ਹੈ ਤੇ ਆਪਣੀ ਕ੍ਰਿਤ ਵਿਚ ਵਿਆਪਕ ਹੈ। ਬ੍ਰਹਮ ਨੂੰ ਕਰਤਾ ਕਹਿ ਕੇ ਅਵਤਾਰਵਾਦ ਦਾ ਖੰਡਨ ਵੀ ਕੀਤਾ ਹੈ। ਪਰਮਾਤਮਾ ਨੂੰ ਕਰਤਾ ਪੁਰਖ ਮੰਨ ਕੇ ਉਸ ਦੀ ਉਪਾਸ਼ਨਾ ਕਰਨ ਵਾਲਾ ਆਪ ਵੀ ਕਰਤਾ ਹੈ ਅਤੇ ਉਸਾਰੂ ਬਿਰਤੀ ਦਾ ਮਾਲਕ ਬਣ ਸਕਦਾ ਹੈ।

ਉਹ ਨਿਰਭਉ ਤੇ ਨਿਰਵੈਰ ਹੈ। ਅਸਲੀਅਤ ਅਤੇ ਪਰਮਸਤਿ ਹੈ। ਉਹ ਅਜੂਨੀ ਤੇ ਸੈਭੰ ਹੈ। ਅਜੂਨੀ ਸੰਸਕ੍ਰਿਤ ਦੇ 'ਅਯੋਨਿ' ਸ਼ਬਦ ਦਾ ਤਦਭਵ ਰੂਪ ਹੈ ਜਿਸ ਦਾ ਭਾਵ ਜਨਮ-ਮਰਨ ਦੇ ਚੱਕਰ ਤੋਂ ਰਹਿਤ ਹੈ। ਉਹ ਸ੍ਵੈ-ਸਿੱਧ ਹੈ। ਉਸ ਦੀ ਹੋਂਦ ਨੂੰ ਸਿੱਧ ਕਰਨ ਲਈ ਕਿਸੇ ਪ੍ਰਮਾਣ ਦੀ ਲੋੜ ਨਹੀਂ, ਉਹ ਕੇਵਲ ਗੁਰੂ ਦੁਆਰਾ ਹੀ ਲਖਿਆ ਜਾ ਸਕਦਾ ਹੈ।

ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਨੇ ਆਪਣੇ ਜੀਵਨ-ਅਨੁਭਵ ਅਨੁਸਾਰ ਬ੍ਰਹਮ ਦੇ ਰੂਪ ਨੂੰ ਜਾਣਿਆ ਅਤੇ ਗਾਵਿਆ ਹੈ। ਉਸ ਦੇ ਬ੍ਰਹਮ ਪ੍ਰਤੀ ਰੂਪ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਅੰਕਿਤ ਕੀਤਾ ਹੈ:

*ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ॥* *(ਪੰਨਾ ੭੩੬)*

ਤੱਤ ਰੂਪ ਕੇਵਲ ਇਕ ਹੈ। ਬਾਹਰਮੁਖੀ ਰੂਪ ਉਹ ਕਈ ਧਾਰਨ ਕਰਦਾ ਹੈ। ਗੁਰਮਤਿ ਅਨੁਸਾਰ ਬ੍ਰਹਮ ਨਿਰਗੁਣ ਵੀ ਹੈ ਅਤੇ ਸਰਗੁਣ ਵੀ। ਕਾਰਨ ਰੂਪ ਵੀ ਹੈ ਅਤੇ ਕਰਮ ਰੂਪ ਵੀ। ਜੋ ਇਸ ਤੱਤ ਦਾ ਗਿਆਤਾ ਹੈ ਓਹੀ ਅਸਲ ਅਰਥਾਂ ਵਿਚ ਪੰਡਤ ਜਾਂ ਗਿਆਨੀ ਹੈ। ਗੁਰਮਤਿ ਨਾ ਬ੍ਰਹਮ ਅਵਤਾਰ ਅਤੇ ਅਵਤਾਰੀ ਰੂਪ ਵਿਚ ਸਗੁਣ ਨਹੀਂ।

ਮਨੁੱਖੀ ਆਤਮਾ ਹੁਕਮ ਅਨੁਸਾਰ ਬ੍ਰਹਮ ਤੋਂ ਵਿੱਛੜੀ ਹੋਈ ਹੈ। ਆਤਮਾ ਪਰਮਾਤਮਾ ਦਾ ਪ੍ਰਕਾਸ਼ ਹੈ। ਗੁਰਬਾਣੀ ਅਨੁਸਾਰ ਮਨ ਜੋਤਿ ਸਰੂਪ ਹੈ। ਜਿਸ ਪ੍ਰਕਾਰ ਚੰਗਿਆੜੀ ਅਗਨੀ ਤੋਂ ਉਪਜ ਕੇ ਅਗਨੀ ਵਿਚ ਹੀ ਸਮਾ ਜਾਂਦੀ ਹੈ ਅਤੇ ਲਹਿਰ ਪਾਣੀ ਵਿੱਚੋਂ ਉਗਮ ਕੇ ਉਸ ਵਿਚ ਹੀ ਸਮਾ ਜਾਂਦੀ ਹੈ, ਇਸ ਪ੍ਰਕਾਰ ਆਤਮਾ ਪਰਮਾਤਮਾ ਤੋਂ ਵੱਖ ਹੋ ਕੇ ਓੜਕ ਉਸੇ ਵਿਚ ਹੀ ਸਮਾ ਜਾਂਦੀ ਹੈ। ਸ੍ਰੀ ਗੁਰੂ

ਨਾਨਕ ਦੇਵ ਜੀ ਅਨੁਸਾਰ:

*– ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ॥*

*(ਪੰਨਾ ੧੦੨੬)*

*– ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥*

*(ਪੰਨਾ ੧੧੫੩)*

ਆਤਮਾ ਦਾ ਸਰੂਪ ਗੁਰਬਾਣੀ ਵਿਚ ਹੇਠ ਲਿਖੇ ਅਨੁਸਾਰ ਸਪੱਸ਼ਟ ਕੀਤਾ ਹੈ:

*ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥*
*ਨਾ ਇਹੁ ਬੂਢਾ ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥*
*ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥*

*(ਪੰਨਾ ੮੬੮)*

ਆਤਮਾ ਦਾ ਸਰੀਰ (ਕਾਇਆ) ਨਾਲ ਹਉਮੈ ਵਸਿ ਸੰਜੋਗ ਬਣ ਜਾਂਦਾ ਹੈ ਅਤੇ ਹਉਮੈ ਹੀ ਹੁਕਮ ਅਸੀਮ ਹੈ। ਸੰਸਾਰ ਦੀ ਸਾਰੀ ਖੇਡ ਉਸ ਦੇ ਹੁਕਮ ਅਨੁਸਾਰ ਹੀ ਵਰਤ ਰਹੀ ਹੈ। ਹਉਮੈ ਦਾ ਨਾਮ ਵੀ ਉਸ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ। ਹੁਕਮ-ਰਜ਼ਾ ਦਾ ਰਾਜ਼ ਬਹੁਤ ਡੂੰਘਾ ਹੈ, ਜਿਹੜਾ ਆਤਮਾ ਦੀ ਅਤਿ ਵਿਕਸਿਤ ਅਵਸਥਾ ਨਾਲ ਸੰਬੰਧਿਤ ਹੈ। ਉਸ ਦੇ ਹੁਕਮ ਵਿਚ ਹੀ ਰਹਿ ਕੇ ਉਸ ਨੂੰ ਪਾਇਆ ਜਾ ਸਕਦਾ ਹੈ :

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥ (ਪੰਨਾ ੫੫੮)*

ਆਤਮਾ ਜੋਤਿ ਸਰੂਪ ਵਿਚ ਬ੍ਰਹਮ ਰੂਪ ਰਹਿੰਦੀ ਹੈ। ਪਰ, ਇਸ ਘਰ ਨੂੰ ਵਿੱਛੜ ਕੇ ਆਵਾਗਵਨ ਦਾ ਚੱਕਰ ਕੱਟਦੀ ਰਹਿੰਦੀ ਹੈ:

*ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥*

*(ਪੰਨਾ ੧੭੬)*

ਆਤਮਾ ਬ੍ਰਹਮ ਰੂਪ ਹੀ ਹੈ। ਮਨ, ਬੁਧਿ, ਚਿਤ, ਹਿਰਦਾ ਸਭ ਪ੍ਰਕਿਰਤੀ ਦੇ ਰੂਪ ਹਨ। ਇਨ੍ਹਾਂ ਦੁਆਰਾ ਹੀ ਪ੍ਰਕਿਰਤੀ ਦਾ ਪ੍ਰਕਾਸ਼ ਮਨੁੱਖ ਨੂੰ ਸਹਾਈ ਹੁੰਦਾ ਹੈ।

ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਨੇ ਆਤਮਾ ਨੂੰ ਠੋਸ ਚਿੰਨ੍ਹਾਂ ਵਿਚ ਪ੍ਰਗਟ ਕੀਤਾ ਹੈ। ਆਤਮਾ ਅੰਤਰਗਤਿ ਤੀਰਥ ਹੈ ਅਤੇ ਜੋਤਿ ਸਚੀ ਮਨ ਮਾਹਿ ਹੈ। ਆਤਮਾ ਨੂੰ ਹੰਸ ਦੀ ਉਪਾਧੀ ਵੀ ਦਿੱਤੀ ਗਈ ਹੈ। ਇਸ ਕਾਇਆ ਵਿਚ ਹੰਸ-ਰੂਪੀ ਆਤਮਾ ਹੈ :

*ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ॥*
*ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ॥*

*ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ॥ (ਪੰਨਾ ੭੫੪)*

ਗੁਰਬਾਣੀ ਅਨੁਸਾਰ ਆਤਮਾ ਨੂੰ ਚਾਰ ਅਵਸਥਾਂ (ੳ) ਜਾਗ੍ਰਿਤ, (ਅ) ਸੁਪਨ, (ੲ) ਸੁਖੋਪਤਿ, (ਸ) ਤੁਰੀਆ ਵਿੱਚੋਂ ਲੰਘਣਾ ਪੈਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਕਿਰਤੀ ਨੂੰ ਤ੍ਰੈਗੁਣ ਤੇ ਪੰਜ ਤੱਤਾਂ ਦੀ ਉਤਪਤੀ ਕਿਹਾ ਹੈ। ਇਹ ਤ੍ਰੈਗੁਣ ਪਰਮਾਤਮਾ ਦੀ ਹੀ ਰਚਨਾ ਹੈ ਅਤੇ ਉਸ ਦੇ ਹੁਕਮ ਅਨੁਸਾਰ ਹੀ ਇਹ ਵਿਅਕਤੀ ਵਿਚ ਉਪਜਦੇ ਹਨ ਅਤੇ ਪਰਲੋ ਨਾਲ ਹੀ ਉਸ ਵਿਚ ਜਾ ਕੇ ਵਿਲੀਨ ਹੁੰਦੇ ਹਨ। ਪ੍ਰਕਿਰਤੀ ਬ੍ਰਹਮ ਸਰੂਪ ਹੈ। ਇਹ ਬਾਣੀ ਕਿਵੇਂ? ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਵਿਸਮਾਦੀ ਖੇਡ ਹੈ। ਇਹ ਪਸਾਰਾ ਹੁਕਮ ਨਾਲ ਹੀ ਹੋਂਦ ਵਿਚ ਆਇਆ ਹੈ।

ਸਾਂਖ ਅਤੇ ਯੋਗ ਸ਼ਾਸਤਰਾਂ ਵਿਚ ਦਵੈਤਵਾਦ ਨੂੰ ਪ੍ਰਧਾਨਤਾ ਪ੍ਰਾਪਤ ਹੈ। ਇਹ ਪੁਰਸ਼ ਅਤੇ ਪ੍ਰਕਿਰਤੀ ਦੋਹਾਂ ਨੂੰ ਹੀ ਅਨਾਦਿ ਮੰਨਦੇ ਹਨ। ਇਨ੍ਹਾਂ ਅਨੁਸਾਰ ਜਦੋਂ ਤਕ ਪ੍ਰਕਿਰਤੀ ਦੇ ਤਿੰਨ ਗੁਣ ਰਜੋ, ਸਤੋ, ਤਮੋ ਇਸ ਪਾਸ ਮਿਸ਼ਰਤ ਵਿਚ ਰਹਿੰਦੇ ਹਨ ਓਦੋਂ ਤਕ ਕਿਸੇ ਪ੍ਰਕਾਰ ਦੀ ਰਚਨਾ ਨਹੀਂ ਹੁੰਦੀ, ਜਦੋਂ ਇਹ ਸੰਤੁਲਨ ਨਹੀਂ ਰਹਿੰਦਾ ਉਸ ਵੇਲੇ ਰਚਨਾ ਹੋਂਦ ਵਿਚ ਆਉਂਦੀ ਹੈ ਅਤੇ ਜਿੰਨਾ ਚਿਰ ਇਨ੍ਹਾਂ ਦੇ ਮਿਸ਼ਰਨ ਵਿਚ ਸੰਤੁਲਤਾ ਨਹੀਂ ਆਉਂਦੀ ਉਤਨਾ ਚਿਰ ਰਚਨਾ ਹੁੰਦੀ ਹੀ ਰਹਿੰਦੀ ਹੈ। ਗੁਰਮਤਿ ਇਨ੍ਹਾਂ ਵਿਚਾਰਾਂ ਨੂੰ ਨਹੀਂ ਮੰਨਦੀ। ਉਹ ਪਰਮਾਤਮਾ ਨੂੰ ਹੀ ਇਸ ਸ੍ਰਿਸ਼ਟੀ ਦਾ ਕਰਤਾ ਮੰਨਦੀ ਹੈ। ਹੋਰ ਕੋਈ ਸ਼ਕਤੀ ਨਹੀਂ:

*ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ (ਪੰਨਾ ੩)*

ਪੰਜ ਤੱਤ ਬ੍ਰਹਮ ਵਿੱਚੋਂ ਹੀ ਉਪਜਦੇ ਹਨ:

*ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ॥*
*ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ॥ (ਪੰਨਾ ੧੮)*

ਸ੍ਰਿਸ਼ਟੀ ਦਾ ਕਾਰਨ ਉਹ ਆਪ ਬ੍ਰਹਮ ਹੈ। ਦ੍ਵੈਤ ਕਿਤੇ ਨਹੀਂ। ਇਹ ਸਭ ਉਸ ਦਾ ਹੀ ਖੇਲ ਹੈ:

*ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ॥(ਪੰਨਾ ੨੦੯)*

ਗੁਰਮਤਿ ਅਨੁਸਾਰ ਜਗਤ ਦੀ ਉਤਪਤੀ ਦਾ ਕਾਰਨ ਹਉਮੈ ਹੈ। ਹੁਕਮ ਦੁਆਰਾ ਹਉਮੈ ਸਾਜੀ ਗਈ ਜਿਸ ਤੋਂ ਇਸ ਸੰਸਾਰ ਦੀ ਖੇਡ ਤੁਰ ਪਈ:

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥ (ਪੰਨਾ ੯੪੬)*

ਮਨ, ਬੁਧਿ, ਚਿਤ ਆਦਿ ਸਭ ਇਸੇ ਪ੍ਰਕਿਰਤੀ ਦੇ ਹੀ ਵੱਖ-ਵੱਖ ਰੂਪ ਹਨ। ਸਾਰੀ ਸ੍ਰਿਸ਼ਟੀ ਵਿਚ ਚੇਤੰਨਤਾ ਆਤਮਾ ਦੀ ਹੈ।

■

# ੴ ਗੁਰਬਾਣੀ ਦਾ ਮੂਲ ਆਧਾਰ

*-ਗਿਆਨੀ ਬਲਵੰਤ ਸਿੰਘ ਕੋਠਾਗੁਰੂ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਮ੍ਰਿਤ ਨਾਲ ਭਰਿਆ ਮਿੱਠਾ ਸਾਗਰ ਹੈ। ਜਿਹੜੇ ਇਸ ਸਾਗਰ ਵਿੱਚੋਂ ਅੰਮ੍ਰਿਤ ਛਕਦੇ ਹਨ ਉਹ ਸਦੈਵ ਅਮਰ ਹੋ ਜਾਂਦੇ ਹਨ ਅਤੇ ਮਹਾਂਕਾਲ ਦੇ ਭੈਅ ਤੋਂ ਰਹਿਤ ਹੋ ਜਾਂਦੇ ਹਨ। ਇਸ ਸਾਗਰ ਵਿਚ ਹੀਰੇ, ਰਤਨ, ਅਮੋਲ ਲਾਲ ਭਰੇ ਪਏ ਹਨ। ਜਿਨ੍ਹਾਂ ਦੇ ਹਿਰਦੇ ਗੁਰਬਾਣੀ ਨਾਲ ਨਿਰਮਲ ਹੋ ਜਾਂਦੇ ਹਨ ਉਨ੍ਹਾਂ ਦੀ ਮੱਤ ਵਿਚ ਹੀਰੇ, ਰਤਨ, ਮਾਣਕ ਪ੍ਰਗਟ ਹੁੰਦੇ ਹਨ। ਗੁਰਬਾਣੀ ਅਸੰਖ ਪਦਾਰਥਾਂ ਨਾਲ ਭਰਪੂਰ ਹੈ। ਗੁਰਬਾਣੀ ਸੇਵਾ, ਸਿਮਰਨ, ਉਪਕਾਰ, ਗਿਆਨ, ਸ਼ਰਧਾ, ਭਗਤੀ, ਸਮਦ੍ਰਿਸ਼ਟੀ, ਬ੍ਰਹਮ ਗਿਆਨ, ਪਾਰਬ੍ਰਹਮ, ਪੂਰਨ-ਬ੍ਰਹਮ ਦਾ ਪੂਰਨ ਗਿਆਨ ਹੈ ਜੋ ਯਥਾਰਥ ਰੂਪ ਵਿਚ ਵਰਣਨ ਕੀਤਾ ਹੈ। ਗੁਰਬਾਣੀ ਪ੍ਰਕਾਸ਼ ਦਾ ਸੋਮਾ ਹੈ ਜਿਸ ਨਾਲ ਸਾਰੇ ਜਗਤ ਵਿਚ ਚਾਨਣ ਹੋ ਰਿਹਾ ਹੈ। ਜੋ-ਜੋ ਵਡਭਾਗੇ ਅੰਮ੍ਰਿਤ ਬਾਣੀ ਨੂੰ ਆਪਣੇ ਅੰਤਹਕਰਣ ਵਿਚ ਸਿੰਚਦੇ ਹਨ ਉਨ੍ਹਾਂ ਦਾ ਮਲ, ਵਿਕਸ਼ੇਪ, ਆਵਰਣ ਖ਼ਤਮ ਹੋ ਜਾਂਦਾ ਹੈ। ਸੰਕਲਪ-ਵਿਕਲਪ ਮਿਟ ਜਾਂਦੇ ਹਨ ਅਤੇ 'ਸਤਯ, ਚਿਤਯ, ਆਨੰਦ' ਹੋ ਜਾਂਦੇ ਹਨ। ਗੁਰਬਾਣੀ ਵਿਚ ਇਸੇ ਨੂੰ 'ਸਤਿ ਸੁਹਾਣੁ ਸਦਾ ਮਨਿ ਚਾਉ' ਕਿਹਾ ਹੈ। ਅਨਾਦੀ ਕਾਲ ਤੋਂ ਜਿਹਬਾ ਵੈਖਰੀ ਬਾਣੀ ਦੁਆਰਾ ਕਿਰਤਮ ਨਾਮ ਦਾ ਸਿਮਰਨ ਕਰਦੀ ਰਹੀ ਹੈ। 'ਪਰਾ' ਬਾਣੀ ਤੋਂ ਵੀ 'ਪੂਰਬਲਾ' (ਪਹਿਲਾ) 'ਸਤਿ ਨਾਮੁ' (ਸ਼ਬਦ) ਗੁਰਬਾਣੀ 'ਚੋਂ ਪ੍ਰਾਪਤ ਹੋਇਆ ਹੈ ਜਿਸ ਦੇ ਜਾਪ ਨਾਲ ਚਾਰ ਵਰਣਾਂ ਦੇ ਤਿੰਨ ਤਾਪ (ਅਧਿਆਤਮਕ, ਅਧਿਵੈਦ, ਅਧਿਭੂਤ), ਪੰਚ ਕਲੇਸ਼ (ਅਵਿਦਯਾ, ਅਸਮਿਤਾ-ਸਾਕਸ਼ੀ, ਰਾਗ, ਦ੍ਵੈਸ਼, ਅਨਿਨਿਵੇਸ਼) ਮਿਟ ਗਏ, ਅਗਿਆਨ ਖ਼ਤਮ ਹੋ ਗਿਆ, ਗਿਆਨ ਦਾ ਪ੍ਰਕਾਸ਼ ਹੋ ਗਿਆ। ਮਨ ਸੁਖ ਸਹਿਜ ਅਵਸਥਾ ਵਿਚ ਇਕਾਗਰ ਹੋ ਗਿਆ। ਮਾਨਵਤਾ ਨੂੰ ਸਦ-ਮਾਰਗ ਮਿਲ ਗਿਆ। ਸੱਜਾ, ਖੱਬਾ ਤਿਆਗ ਕੇ ਗੁਰਮੁਖ ਗਾਡੀ ਰਾਹ ਪੈ ਗਏ। 'ਸਤਿਨਾਮੁ ਪ੍ਰਭ ਕਾ ਸੁਖਦਾਈ' (ਪੰਨਾ ੨੮੪) ਜਿਨ੍ਹਾਂ ਦੇ ਹਿਰਦੇ ਵਿਚ ਵੱਸ ਗਿਆ ਉਹ 'ਇਹ ਲੋਕ ਸੁਖੀਏ ਪਰਲੋਕ ਸੁਹੇਲੇ' (ਪੰਨਾ ੨੯੩) ਬਣ ਗਏ।

ਇਹ ਯਾਦ ਰੱਖਣਯੋਗ ਹੈ ਕਿ ਗੁਰਬਾਣੀ ਵਿਚ ਮਿਥਿਹਾਸਕ ਕਥਾ-ਕਹਾਣੀਆਂ ਨਹੀਂ ਹਨ। ਨਾ ਹੀ ਗੁਰਬਾਣੀ ਵਿਚ ਅਵਤਾਰਾਂ ਦੇ ਚਰਿੱਤਰ ਲਿਖੇ ਹਨ। ਨਾ ਹੀ ਭਗਤਾਂ ਦੀਆਂ ਸਾਖੀਆਂ ਹਨ। ਨਾ ਹੀ ਰਾਜਿਆਂ ਦੇ ਜ਼ਰ, ਜ਼ੋਰੂ, ਜ਼ਮੀਨ ਲਈ ਯੁੱਧ ਲਿਖੇ ਹਨ। ਨਾ ਹੀ ਨਯਾਯ, ਯੋਗ, ਕਰਮਕਾਂਡ, ਵੇਦਾਂਤ ਦਾ ਵਾਦ-ਵਿਵਾਦ ਭਰਿਆ

** ਪਿੰਡ ਤੇ ਡਾਕ: ਕੋਠਾਗੁਰੂ (ਬਠਿੰਡਾ)-੧੫੧੨੦੬.*

ਜਲ-ਮੰਥਨ ਕੀਤਾ ਹੈ। ਨਾ ਸਰਗੁਣ, ਨਿਰਗੁਣ ਦਾ ਖੰਡਨ ਕੀਤਾ ਹੈ। ਗੁਰਬਾਣੀ ਵਿਚ ਨਿਰਾਸ਼ਾਵਾਦ/ਮਿਥਿਆ ਸਿਧਾਂਤ ਨੂੰ ਕੋਈ ਥਾਉਂ ਨਹੀਂ ਹੈ। ਗੁਰਬਾਣੀ ਉੱਦਮ ਕਰਨ ਦਾ, 'ਅਗਾਹ ਕੂ ਤ੍ਰਾਘਿ' (ਅੱਗੇ ਵਧਣ ਦਾ) ਉਪਦੇਸ਼ ਦਿੰਦੀ ਹੈ। ਗੁਰਬਾਣੀ ਨੇ ਭ੍ਰਾਂਤੀ ਨੂੰ ਗਿਆਨ ਦੀ ਬਢਨੀ (ਬੁਹਾਰੀ) ਨਾਲ ਹੂੰਝ ਕੇ ਸਾਫ਼ ਕਰ ਦਿੱਤਾ ਹੈ।

ਗੁਰਬਾਣੀ ਵਿਚ ਬ੍ਰਹਮ ਵਿਚਾਰ, ਨਿਰਾਕਾਰ ਪਾਰਬ੍ਰਹਮ ਦਾ ਸਤਿ ਸਰੂਪ ਵਰਣਨ ਕੀਤਾ ਹੈ। ਗੁਰਬਾਣੀ ਨੇ ਪਰਮੇਸ਼੍ਵਰ ਬਾਰੇ ਪਹਿਲੀ ਵਾਰ ਸਪੱਸ਼ਟ ਨਿਰਣੈ ਪੂਰਵਕ ਕਥਨ ਕੀਤਾ ਹੈ ਕਿ ਨਿਰਾਕਾਰ, ਸ੍ਵਯੰਭ, ਸ੍ਵੈਪ੍ਰਕਾਸ਼, ਕੇਵਲ ਇੱਕ ਹੈ। ਨਿਰਭੈ ਨਿਰਵੈਰ ਹੈ, ਕਾਲ ਤੋਂ ਰਹਿਤ ਅਕਾਲ ਹੈ। ਅਗੰਮ, ਅਗੋਚਰ ਹੈ, ਸਰਵਗਯ, ਸਮਰੱਥ ਹੈ। ਨਿਰਾਕਾਰ ਦਾ ਸ਼ੁੱਧ ਗਿਆਨ, ਯਥਾਰਥ ਸਰੂਪ ਗੁਰਬਾਣੀ ਦੁਆਰਾ ਹੀ ਪ੍ਰਗਟ ਹੋਇਆ ਹੈ। ਇਸੇ ਵਾਸਤੇ ਗੁਰਬਾਣੀ ਨੂੰ 'ਧੁਰ ਕੀ ਬਾਣੀ', 'ਪ੍ਰਭ ਕੀ ਬਾਣੀ', 'ਗੋਬਿੰਦ ਕੀ ਬਾਣੀ', 'ਖਸਮ ਕੀ ਬਾਣੀ', 'ਸਤਿਗੁਰ ਕੀ ਬਾਣੀ', 'ਬ੍ਰਹਮ ਬਾਣੀ', 'ਅੰਮ੍ਰਿਤ ਬਾਣੀ', 'ਸਚੀ ਬਾਣੀ' ਕਿਹਾ ਗਿਆ ਹੈ। ਇਸ ਸੱਚੀ ਬਾਣੀ, ਬਾਣੀਆਂ ਵਿੱਚੋਂ ਸ਼ਿਰੋਮਣੀ ਬਾਣੀ ਨੂੰ ਸਵਾਸ-ਸਵਾਸ ਸਿਮਰਨ ਕਰਨ ਦੀ ਆਗਿਆ ਹੈ :

- *ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ (ਪੰਨਾ ੬੨੮)*
- *ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ॥ (ਪੰਨਾ ੧੩੪੦)*
- *ਜਪਿ ਮਨ ਮੇਰੇ ਗੋਵਿੰਦ ਕੀ ਬਾਣੀ॥ ਸਾਧੂ ਜਨ ਰਾਮੁ ਰਸਨ ਵਖਾਣੀ॥ (ਪੰਨਾ ੧੯੨)*
- *ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (ਪੰਨਾ ੭੨੨)*
- *ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
  *ਹਰਿ ਕਰਤਾ ਆਪਿ ਮੁਹਹੁ ਕਢਾਏ॥ (ਪੰਨਾ ੩੦੮)*
- *ਬੋਲੇ ਸਾਹਿਬ ਕੈ ਭਾਣੈ॥ ਦਾਸੁ ਬਾਣੀ ਬ੍ਰਹਮੁ ਵਖਾਣੈ॥ (ਪੰਨਾ ੬੨੯)*
- *ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥*
  *ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀਂ ਕਰਮਿ ਧਿਆਈ॥ (ਪੰਨਾ ੧੨੪੩)*
- *ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥*
  *ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥ (ਪੰਨਾ ੯੨੦)*

ਸਤਿਗੁਰੂ ਜੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਸੀਂ ਆਪਣੇ ਵੱਲੋਂ ਕੁਝ ਵੀ ਨਹੀਂ ਬੋਲ ਰਹੇ, ਇਹ ਵਾਹਿਗੁਰੂ ਦਾ ਆਪਣਾ ਕਥਨ ਹੈ। ਅਸੀਂ ਉਸ ਹੁਕਮ ਵਿਚ ਉਸ ਦੇ ਕਥਨ ਦਾ ਨਿਰੂਪਣ ਕਰ ਰਹੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ

(ਸਾਰੇ ਗੁਰੂ ਸਾਹਿਬਾਨ) ਦੇ ਸ੍ਰੀ ਮੁਖਵਾਕ ਤੋਂ ਕਰਤਾ ਅਕਾਲ ਪੁਰਖ ਦਾ ਹੁਕਮ ਗੁਰਬਾਣੀ ਦੁਆਰਾ ਪ੍ਰਗਟ ਹੁੰਦਾ ਰਿਹਾ ਹੈ। ਇਸੇ ਵਾਸਤੇ ਗੁਰਬਾਣੀ ਵਿਚ ਬ੍ਰਹਮ-ਗਿਆਨ ਭਰਿਆ ਹੋਇਆ ਹੈ। ਗੁਰਬਾਣੀ ਸ੍ਵਯੰ ਸਤਿਗੁਰੂ ਦਾ ਪ੍ਰਤੱਖ ਸਰੂਪ ਹੈ ਜੋ ਸਾਰੇ ਵਿਸ਼ਵ ਨੂੰ ਅੰਮ੍ਰਿਤ ਵੰਡ ਕੇ ਅਮਰ ਕਰ ਰਹੀ ਹੈ :

*- ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥*

*(ਪੰਨਾ ੭੬੩)*

*- ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥* *(ਪੰਨਾ ੫੬੬)*

ਇਸ ਅੰਮ੍ਰਿਤ-ਸਾਗਰ ਦੀ ਰਤਨਾਂ ਨਾਲ ਭਰੇ ਰਤਨਾਕਰ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਪ੍ਰਾਪਤੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕਿਰਪਾ ਨਾਲ ਹੋਈ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੇਵਲ ਗੁਰੂ ਸਾਹਿਬਾਨ ਦੀ ਬਾਣੀ ਦਾ ਹੀ ਸੰਗ੍ਰਹਿ ਨਹੀਂ ਕੀਤਾ ਬਲਕਿ ਬਾਰ੍ਹਵੀਂ ਸ਼ਤਾਬਦੀ ਤੋਂ ਆਪਣੇ ਸਮੇਂ ਤਕ ਦੇ ਸਤਿਪੁਰਖਾਂ ਦੀ ਸੱਚੀ ਬਾਣੀ ਨੂੰ ਵੀ ਬੀੜ ਵਿਚ ਸਥਾਨ ਦਿੱਤਾ ਹੈ। ਇਤਿਹਾਸ ਤੋਂ ਗਿਆਤ ਹੁੰਦਾ ਹੈ ਕਿ ਵੇਦ, ਗੀਤਾ, ਤ੍ਰਿਪਿਟਕ ਤੌਰ 'ਤੇ ਜੰਬੂਰ, ਅੰਜੀਲ (ਬਾਈਬਲ), ਕੁਰਾਨ, ਜਿੰਦਅਵਸਥਾ, ਪੂਰਬ ਅਤੇ ਪੱਛਮ ਦੇ ਅਧਿਆਤਮ ਗ੍ਰੰਥ ਰਚਣ ਵਾਲੇ ਰਿਸ਼ੀ, ਮੁਨੀ, ਸੰਤ, ਅਵਤਾਰ, ਪੈਗ਼ੰਬਰ, ਰਹਿਬਰ ਇਨ੍ਹਾਂ ਗ੍ਰੰਥਾਂ ਨੂੰ ਆਪਣੀ ਨਿਗਰਾਨੀ ਹੇਠ ਕਲਮਬਧ ਰੂਪ ਨਹੀਂ ਦੇ ਸਕੇ, ਬਹੁਤ ਚਿਰ/ਕਾਲ ਇਹ ਗ੍ਰੰਥ ਮੌਖਿਕ ਚੱਲਦੇ ਰਹੇ। ਵਿਸ਼ਵ-ਇਤਿਹਾਸ ਵਿਚ ਇਹ ਪਹਿਲਾ ਕਾਰਨਾਮਾ ਸੀ ਕਿ 'ਧੁਰ ਕੀ ਬਾਣੀ' ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਖ-ਰੇਖ ਹੇਠ 'ਰਾਮਸਰ' (ਅੰਮ੍ਰਿਤਸਰ) ਦੇ ਸਥਾਨ 'ਤੇ ਸੰਨ ੧੬੦੪ ਈ. ਨੂੰ ਭਾਈ ਗੁਰਦਾਸ ਜੀ ਦੁਆਰਾ ਇਕ-ਇਕ ਲਗ-ਮਾਤ੍ਰ ਤਕ ਸੋਧ ਕੇ ਬੀੜ ਵਿਚ ਸ਼ਾਮਲ ਕੀਤੀ ਹੈ।

ਗੁਰਬਾਣੀ ਦਾ ਸੰਗ੍ਰਹਿ ਆਪਣੇ ਆਪ ਵਿਚ ਵਿਲੱਖਣ ਕਾਰਨਾਮਾ ਹੈ ਜੋ ਧਾਰਮਿਕ ਇਤਿਹਾਸ ਵਿਚ ਕ੍ਰਾਂਤੀ ਹੈ। ਗੁਰੂ ਪੰਚਮ ਪਾਤਸ਼ਾਹ ਨੇ ਕਿਰਿਆਤਮਿਕ ਰੂਪ ਵਿਚ ਆਪਣੀ ਸਮ-ਦ੍ਰਿਸ਼ਟੀ ਨਾਲ ਹਿੰਦੂਆਂ, ਬ੍ਰਾਹਮਣਾਂ, ਸ਼ੂਦਰਾਂ, ਅਛੂਤਾਂ ਅਤੇ ਮੁਸਲਮਾਨਾਂ ਨੂੰ ਇੱਕ ਸੂਤਰ ਵਿਚ ਬੰਨ੍ਹ ਦਿੱਤਾ ਹੈ। ਕਿਸੇ ਸਤਿਪੁਰਸ਼ ਦਾ 'ਸਤਿ' ਕਿਸੇ ਵੀ ਸ਼੍ਰੇਣੀ ਵਿਚ, ਕਿਸੇ ਵੀ ਭਾਸ਼ਾ ਵਿਚ ਜਾਂ ਕਿਸੇ ਵੀ ਪ੍ਰਾਂਤ ਵਿਚ ਵੀ ਪ੍ਰਾਪਤ ਹੋਇਆ, ਉਹ ਗੁਰਬਾਣੀ ਦੇ ਸੰਗ੍ਰਹਿ ਵਿਚ ਸ਼ਾਮਲ ਕਰ ਕੇ ਅਮਰ ਦਿੱਤਾ ਹੈ। ਈਸ਼ਵਰੀਯ ਗਿਆਨ ਦੀ ਇੱਕ-ਇੱਕ ਪੰਕਤੀ ਵੀ ਪ੍ਰਾਪਤ ਕਰ ਕੇ ਦਰਜ ਕੀਤੀ ਹੈ ਜਿਵੇਂ ਭਗਤ ਸੂਰਦਾਸ ਜੀ ਦੀ ਕੇਵਲ ਇਕ ਪੰਕਤੀ ਨੂੰ ਗੁਰਬਾਣੀ ਵਿਚ ਭਾਗ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ:

*ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ॥*
*ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥*

*ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥* (ਪੰਨਾ ੬੭)

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਮਗਰੋਂ ਦੂਸਰੇ ਗੁਰੂ ਸਾਹਿਬਾਨ ਵੀ ਗੁਰਬਾਣੀ ਦੇ ਸ਼ੁੱਧ ਪਾਠ ਕਰਨ ਦਾ ਉਪਦੇਸ਼ ਦਿੰਦੇ ਸਨ। ਅਰਥ ਦੱਸਦੇ ਸਨ, ਗੁਰਬਾਣੀ ਦੀ ਸੰਭਾਲ/ਸਤਿਕਾਰ ਦੇ ਸਰਬ ਯਤਨ ਕਰਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਚਰਿੱਤਰ ਵਿਚ ਅਜਿਹੇ ਪ੍ਰਮਾਣ ਮਿਲਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ ੧੭੦੭ ਈ. ਨੂੰ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬੀੜ ਵਿਚ ਸ਼ਾਮਲ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਨਤਾ ਦਿੱਤੀ। ਨਾਲ ਹੀ ਆਦਿ ਤੋਂ ਅੰਤ ਤਕ ਅਰਥ ਕਰ ਕੇ ਗੁਰਬਾਣੀ ਦੇ ਪਦ-ਪਦਾਰਥਾਂ ਤੋਂ ਜਾਣੂ ਕੀਤਾ। ਇਹ ਮਾਣ ਕੇਵਲ ਸਿੱਖੀ ਨੂੰ ਪ੍ਰਾਪਤ ਹੈ ਕਿ 'ਧੁਰ ਕੀ ਬਾਣੀ' ਨੂੰ 'ਧੁਰੋਂ ਆਏ ਸਤਿਗੁਰੂ' ਨੇ ਆਪ ਸੰਗ੍ਰਹਿ ਕਰ ਕੇ ਪ੍ਰਕਾਸ਼ਤ ਕੀਤਾ ਹੈ। ਦਸਮ ਗੁਰੂ ਜੀ ਨੇ 'ਧੁਰ ਕੀ ਬਾਣੀ' ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਪਾਵਨ ਨਾਮ ਦੇ ਕੇ ਦਸ ਗੁਰੂ ਸਾਹਿਬਾਨ ਦੀ ਧੁਰ ਕੀ ਜੋਤਿ, ਧੁਰ ਕੀ ਬਾਣੀ ਵਿਚ ਅਭੇਦ ਕਰ ਦਿੱਤੀ। ਗੁਰਬਾਣੀ ਦਾ ਇਹ ਮਹਾਂਵਾਕ ਕਿਰਿਆਤਮਿਕ ਰੂਪ ਧਾਰਨ ਕਰ ਗਿਆ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥* (ਪੰਨਾ ੯੮੨)

ਗੁਰਬਾਣੀ ਦਾ ਆਧਾਰ ੴ ਹੈ। ਹੁਣ ਅਸੀਂ ਗੁਰਬਾਣੀ ਦੇ ਆਧਾਰ ੴ ਦੇ ਅਰਥ ਅਤੇ ਸ਼ਬਦ-ਜੋੜਾਂ 'ਤੇ ਵਿਚਾਰ ਕਰਦੇ ਹਾਂ। ਗੁਰਬਾਣੀ ਵਿਚ ੴ ਪਾਠ ਹੈ, ਜਿਸ ਦਾ ਅਰਥ ਹੈ ਪਾਰਬ੍ਰਹਮ/ਪਰਮਸ਼ੇਵਰ ਇੱਕ ਹੈ। ਇਹ ਪਾਰਬ੍ਰਹਮ ਦਾ ਲਖਾਇਕ ਹੈ, ਈਸ਼ਵਰ ਦੇ ਸਰੂਪ ਦਾ ਸੰਕੇਤ ਹੈ। ਇਸ ਦਾ ਸ਼ੁੱਧ ਉਚਾਰਨ ੧-ਇਕ, ਓ-ਓਅੰ, ੑ-ਕਾਰ ਭਾਵ ਇਕ ਓਅੰਕਾਰ ਹੈ।

ਪੰਜਾਬ ਤੋਂ ਬਾਹਰ ਗੁਰਬਾਣੀ ਤੋਂ ਅਗਿਆਤ ਸੰਸਕ੍ਰਿਤ ਦੇ ਪੰਡਿਤ ਵੀ ਅਤੇ ਪੰਜਾਬ ਦੇ ਸਾਧੂ-ਸੰਤ ਵੀ ਗੁਰਬਾਣੀ ਦਾ ਪਾਠ ਕਰਨ ਸਮੇਂ ੴ ਦਾ ਉਚਾਰਨ 'ਓਮ' ਕਰਦੇ ਹਨ ਜੋ ਗੁਰਬਾਣੀ ਦੀ ਸ਼ੈਲੀ, ਮਰਯਾਦਾ ਦੇ ਬਿਪਰੀਤ ਹੈ, ਅਸ਼ੁੱਧ ਹੈ। ਵੇਦਾਂ/ਸ਼ਾਸਤਰਾਂ ਦੇ ਪੰਡਿਤ ਕਈ ਤਰ੍ਹਾਂ ਦੀ ਕਲਪਨਾ ਕਲਪ ਕੇ ਲਿਖਦੇ, ਪੜ੍ਹਦੇ, ਬੋਲਦੇ ਹਨ। ਜਿਵੇਂ ਸਨਾਤਨੀ ਪੰਡਿਤਾਂ, ਬ੍ਰਾਹਮਣਾਂ, ਸੰਤਾਂ, ਸਾਧੂਆਂ ਨੇ ਪ੍ਰਸਿੱਧ ਕਲਪਨਾ ਕਲਪੀ ਹੈ ਕਿ 'ਓਮ' ਨੂੰ ਉਚਾਰਨ ਕਰਨ ਦਾ ਕੇਵਲ ਉੱਚ ਵਰਗ ਬ੍ਰਾਹਮਣ ਆਦਿਕ ਨੂੰ ਅਧਿਕਾਰ ਹੈ। ਨੀਚ ਜਾਤੀ ਦੇ ਲੋਕ ਇਸ ਦੇ ਪੜ੍ਹਨ-ਬੋਲਣ, ਉਚਾਰਨ ਦੇ ਅਧਿਕਾਰੀ ਨਹੀਂ ਹਨ। ਗੁਰੂ ਜੀ ਨੇ 'ਓਮ' ਤੋਂ ਪਹਿਲਾਂ 'ਏਕਾ' ਲਾ ਕੇ ਸਭ ਨੂੰ ਇਸ ਦੇ ਉਚਾਰਨ ਦਾ ਅਧਿਕਾਰ ਦੇ ਦਿੱਤਾ ਹੈ। ਓਪਰੀ ਦ੍ਰਿਸ਼ਟੀ ਨਾਲ ਕਈਆਂ ਨੂੰ ਇਹ ਗੱਲ ਬੜੀ ਸੁਹਣੀ ਲੱਗ ਸਕਦੀ ਹੈ ਜਦੋਂ ਕਿ ਗੁਰਬਾਣੀ ਦੇ ਸਿਧਾਂਤ, ਇਤਿਹਾਸ

ਅਨੁਸਾਰ ਇਹ ਸਾਰਾ ਕਥਨ ਨਿਰਾਰਥਕ ਹੈ। ਓਮ ਅਤੇ ੴ (੧ ਓਅੰਕਾਰ) ਨੂੰ ਸਪੱਸ਼ਟ ਕਰਨ ਵਾਸਤੇ ਪਹਿਲਾਂ ਅਸੀਂ 'ਓਮ' 'ਤੇ ਵਿਚਾਰ ਕਰਦੇ ਹਾਂ।

ਸੰਸਕ੍ਰਿਤ ਗ੍ਰੰਥਾਂ ਵਿਚ ॐ, ओ३म, ओम (ਓ ੩ ਮ, ਓਮ) ਤਿੰਨ ਸ਼ਬਦ ਜੋੜਾਂ ਵਿਚ ਲਿਖਿਆ ਜਾਂਦਾ ਹੈ ਅਤੇ ਤਿੰਨੇ ਰੂਪ ਸ਼ੁੱਧ ਮੰਨੇ ਜਾਂਦੇ ਹਨ। ਪਹਿਲਾ ਰੂਪ ਮੰਤਰ ਕਾਲ (ਵੇਦਾਂ, ਉਪਨਿਸ਼ਦਾਂ) ਵਿਚ ਲਿਖਿਆ ਜਾਂਦਾ ਸੀ। ਪਹਿਲਾ ਰੂਪ ਵਿਯੰਜਕ ਸੰਕੇਤਿਕ ਆਕਾਰ ਵਿਸ਼ੇਸ਼ ਹੈ। ਦੂਸਰਾ ਨਿਯਮਬੱਧ ਅੱਖਰ ਰੂਪ ਹੈ। ਓਮ ਦਾ ਅਰਥ ਪ੍ਰਣਵ, ਉਦਗੀਥ, ਅਖਰ, ਏਕ ਅਖਰ, ਰਖਿਆ ਕਰਨਾ, ਫੈਲਣਾ, ਬਚਾਉਣਾ, ਤ੍ਰਿਪਤ ਹੋਣਾ ਕੀਤਾ ਜਾਂਦਾ ਹੈ। ਓਮ ਤਿੰਨ ਅੱਖਰਾਂ ਅ, ਓ, ਮ ਦਾ ਸਮੂਹ ਮੰਨਿਆ ਜਾਂਦਾ ਹੈ। ਵੈਦਿਕ ਕਾਲ ਵਿਚ ਓਮ ਵਿਖੇ ਤਿੰਨ ਪ੍ਰਾਕ੍ਰਿਤਕ ਸ਼ਕਤੀਆਂ ਸੂਰਯ, ਅਗਨੀ ਅਤੇ ਵਾਯੂ (ਪਵਨ) ਦਾ ਨਿਵਾਸ ਮੰਨਿਆ ਗਿਆ। ਪੌਰਾਣਿਕ ਕਾਲ ਸਮੇਂ ਓਮ ਵਿਚ ਬ੍ਰਹਮਾ, ਵਿਸ਼ਨੂੰ, ਸ਼ਿਵ ਦੀ ਕਲਪਨਾ ਕੀਤੀ ਗਈ। ਛੰਦੋਗ, ਕਠ, ਪ੍ਰਸ਼ਨ, ਮਾਡੂਕਯ, ਉਪਨਿਸ਼ਦ ਅਤੇ ਗੌੜ-ਪਾਦੀਯ ਕਾਰਿਕਾ ਵਿਚ ਓਮ ਨੂੰ ਓਅੰਕਾਰ ਲਿਖਿਆ ਮਿਲਦਾ ਹੈ। ਮਾਡੂਕਯ ਉਪਨਿਸ਼ਦ ਵਿਚ 'ਓਮ' ਦੇ ਅਨੇਕ ਤਰ੍ਹਾਂ ਦੇ ਅਰਥ ਅਤੇ ਇਸ ਦੀ ਅਨੇਕ ਤਰ੍ਹਾਂ ਦੀ ਵਿਆਖਿਆ ਮਿਲਦੀ ਹੈ। ਛੰਦ ਦੀ ਚਾਲ ਨੂੰ ਮੁੱਖ ਰੱਖ ਕੇ 'ਓਮ' ਜਾਂ 'ਓਅੰਕਾਰ' ਵਾਲੇ ਮੰਤਰਾਂ ਦੇ ਸ਼ਬਦ-ਜੋੜਾਂ ਵਿਚ ਅਕਹਿ ਅੰਤਰ ਹੈ। ਗੀਤਾ ਪ੍ਰੈੱਸ ਤੋਂ ਪ੍ਰਕਾਸ਼ਿਤ ਸੰਮਤ ੨੦੧੦ ਬਿ. ਦੇ ਛੇਵੇਂ ਸੰਸਕਰਣ ਦੇ ਮਾਡੂਕਯ ਉਪਨਿਸ਼ਦ ਦਾ ਪਹਿਲਾ ਮੰਤਰ ਇਸ ਦਾ ਪ੍ਰਮਾਣ ਹੈ ਜਿਸ ਵਿਚ ਤਿੰਨ ਵਾਰ 'ਓਅੰਕਾਰ' ਪਾਠ ਆਇਆ ਹੈ ਅਤੇ ਤਿੰਨੋ ਵਾਰ ਹੀ ਸ਼ਬਦ-ਜੋੜਾਂ ਵਿਚ ਭਿੰਨਤਾ ਹੈ:-

*ਓਮਿਤਯੇਤਦਖਸ਼ਰਮਿਦੰ ਸਰਵ ਤਸਯੋਪਵਿਆਖਿਯਾਨੰ ਭੂਤੰ ਭਵਦਮਵਿਸ਼ਯਦਿਤਿ ਸਰਵਮੋਂਕਾਰ ਏਵ। ਯਚਯਾਨਯਤ ਤ੍ਰਿਕਾਲਾਤੀਤੰ ਤਦਪਉਂਕਾਰ ਏਵ॥੧॥*

*ओमित्येतदक्षरमिदँ सर्वं तस्योपव्याख्यानं भूतं भवद्भविष्यदिति सर्वमोङ्कार एव। यचान्यत् त्रिकालातीतं तदप्योङ्कार एव॥१॥*

ਇਸ ਮੰਤਰ ਵਿਚ 'ਓਮਿ', 'ਮੋਂਕਾਰ', 'ਪਯੋਂਕਾਰ' ਤਿੰਨ ਰੂਪ ਦਿੱਤੇ ਹਨ। ਮਾਡੂਕਯ ਉਪਨਿਸ਼ਦ ਦੇ ਟੀਕਾਕਾਰ ਹਰਿਕ੍ਰਿਸ਼ਨਦਾਸ ਗੋਇੰਦਕਾ ਜੀ ਨੇ ਵਿਆਖਿਆ ਕਰਦੇ ਹੋਏ 'ਓਮ' ਨੂੰ ॐ ਇਤਿ, 'ਮੋਂਕਾਰ' ਨੂੰ ਸਰਵੋਂਉਂਕਾਰ, 'ਪਯੋਂਕਾਰ' ਨੂੰ ਅਪਿਓਂਕਾਰ, ਸੰਧੀ ਵਿਛੇਦ ਕਰਕੇ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਇਸ ਦੇ ਬਿਪਰੀਤ ਗੁਰਬਾਣੀ ਦਾ ਆਧਾਰ ੴ ਇੱਕੋ ਰੂਪ ਵਿਚ ਅਚੱਲ/ਸਥਿਰ ਰਹਿੰਦਾ ਹੈ। ਵੈਦਿਕ ਮੰਤਰਾਂ ਦੇ ਓਮ/ਓਅੰਕਾਰ ਅਤੇ ਗੁਰਬਾਣੀ ਦੇ ੴ ਦੇ ਸਰੂਪ ਅਤੇ ਅਰਥਾਂ ਵਿਚ ਵੈਦਿਕ ਓਮ/ਓਅੰਕਾਰ ਅਤੇ ਗੁਰਬਾਣੀ ਦੇ ੴ ਨੂੰ ਇੱਕ ਨਹੀਂ ਮੰਨਿਆ ਜਾ ਸਕਦਾ। ਅਰਥ ਅਤੇ ਸਿਧਾਂਤ ਹੀ ਅਭਿੰਨਤਾ ਦਾ

ਕਾਰਨ ਹੁੰਦਾ ਹੈ। ਯਾਦ ਰਹੇ ਸਤਿਗੁਰੂ ਜੀ ਨੇ 'ਓਮ' ਸ਼ਬਦ ਦਾ ਗੁਰਬਾਣੀ ਵਿਚ ਕਿਤੇ ਵੀ ਜ਼ਿਕਰ ਨਹੀਂ ਕੀਤਾ। ੴ ਦੀ ਵਿਆਖਿਆ ਇਸ ਤਰ੍ਹਾਂ ਹੈ:

੧-(ਇਕ), ੳ-ਓਅੰ, ੑ-(ਕਾਰ), ੴ ਦਾ ਏਕਾਂਗ '੧' ਇਕ ਅਖੰਡ ਨਿਰਾਕਾਰ ਪਰਮੇਸ਼ਵਰ ਆਪਣੀ ਸ੍ਰਿਸ਼ਟੀ ਸ਼ਕਤੀ ਨਿਰਮਾਣ ਦੇ ਨਾਲ ਵੀ ਪ੍ਰਕਿਰਤੀ (ਕੁਦਰਤ) ਵਿਚ ਨਿਵਾਸ ਰੱਖਦਾ ਹੋਇਆ ਵੀ ਇਕ ਹੈ। ਸ੍ਰਿਸ਼ਟੀ/ਪ੍ਰਕਿਰਤੀ ਪਹਿਲਾਂ ਵੀ ਜਿਸ ਤਰ੍ਹਾਂ ਇੱਕ ਸੀ, ਹੁਣ ਵੀ ਇੱਕ ਹੈ। ਉਸ ਇੱਕ ਵਿਚ ਅਨੇਕਤਾ ਸਤਿ ਪ੍ਰਤੀਤ ਹੁੰਦੀ ਹੈ ਜੋ ਅਨੇਕ ਤਰ੍ਹਾਂ ਦੇ ਕਾਰਜਾਂ ਨੂੰ ਸਿੱਧ ਕਰਦੀ ਹੋਈ ਪ੍ਰਤੀਤ ਹੋ ਰਹੀ ਹੈ। ਅਨੇਕਤਾ ਦਾ ਕੋਈ ਪ੍ਰਭਾਵ ਨਹੀਂ, ਸਾਰੀ ਮਹਿਮਾ 'ਇੱਕ' ਦੀ ਹੈ। ਇਹ 'ਇੱਕ' ਆਪਣੀ ਸਤਾ ਨਾ ਅਨੇਕਤਾ ਨੂੰ ਸਤਿ ਵਸਤੂ ਦੇ ਵਿਚ ਵਿਖਾਉਂਦਾ ਹੋਇਆ ਆਪ ਇਸ ਅਨੇਕਤਾ ਦੇ ਪਰਦੇ ਵਿਚ ਛਿਪ ਕੇ ਇਸ ਅਨੇਕਤਾ ਨੂੰ ਚਲਾ ਰਿਹਾ ਹੈ। ਅਨੇਕਤਾ ਦੀ ਆਪਣੀ ਕੋਈ ਸੱਤਾ ਨਹੀਂ। 'ਇੱਕ' ਦੀ ਸੱਤਾ ਨਾਲ ਹੀ 'ਸਤਿ' ਹੈ। ਜੇਕਰ 'ਇੱਕ' ਅਨੇਕਤਾ ਤੋਂ ਵੱਖ ਹੋ ਜਾਏ ਤਾਂ ਅਨੇਕਤਾ ਦਾ ਕੋਈ ਅਰਥ ਹੀ ਨਹੀਂ ਰਹੇਗਾ। ਇੱਕ ਦੇ ਕਾਰਨ ਹੀ ਅਨੇਕਤਾ ਦੀ ਹੋਂਦ ਹੈ।

ਬਸ! ਸਪੱਸ਼ਟ ਕੇਵਲ ਇੱਕ ਈਸ਼ਵਰ ਹੈ। ਅਨੇਕਤਾ ਉਸ ਦੀ ਸ੍ਰਿਸ਼ਟੀ, ਨਿਰਮਾਣ ਸ਼ਕਤੀ ਮਾਇਆ ਦਾ ਵਿਸਥਾਰ ਹੈ। ਇੱਕ ਸਤਿ ਦੇ ਸਹਾਰੇ ਸਭ ਦ੍ਰਿਸ਼ਟੀਗੋਚਰ ਹੋ ਰਿਹਾ ਹੈ।

ਗੁਰਮੰਤਰ (ਮੂਲ-ਮੰਤਰ) ਵਿਚ '੧' (ਇਕ) ਅੰਕ ਨੂੰ ਰੱਖਿਆ ਹੈ। ਸੰਖਯਾ ਦਾ ਇੱਕ ਅੰਕ, ਦੋ, ਸੌ, ਹਜ਼ਾਰ, ਲੱਖ, ਕਰੋੜ ਆਦਿਕ ਅਨੇਕ ਰੂਪ ਧਾਰਦਾ ਹੋਇਆ ਵੀ ਆਪ ਕੇਵਲ ੧ (ਇਕ) ਰਹਿੰਦਾ ਹੈ। ਇੱਕ ਤੋਂ ਬਿਨਾਂ ਅਗਲੀ ਸੰਖਯਾ (ਗਿਣਤੀ) ਦੀ ਕੋਈ ਸਤਾ ਨਹੀਂ ਹੈ। ਇੱਕ ਦੀ ਸੱਤਾ ਨਾਲ ਸਾਰੇ ਅੰਕ ਸਤਿ ਹਨ ਅਤੇ ਅਨੇਕ ਤਰ੍ਹਾਂ ਦਾ ਵਿਵਹਾਰ ਸਿੱਧ ਕਰ ਰਹੇ ਹਨ। ਜੇਕਰ ਸੰਖਯਾ ਦੇ ਅਨੇਕ ਅੰਕਾਂ ਵਿੱਚੋਂ ਇੱਕ ਅੰਕ ਵੱਖ ਹੋ ਜਾਏ ਤਾਂ ਸਾਰੇ ਅਸਤਿ ਹੋ ਜਾਣਗੇ। ਇੱਕ ਦੀ ਸਤਾ ਸਾਰਿਆਂ ਦੀ ਸਤਾ ਹੈ। ਇੱਕ ਹੀ ਸਭ ਦਾ ਸਹਾਰਾ/ਆਸਰਾ ਹੈ। ਵਾਸਤਵ ਵਿਚ ਇੱਕ ਹੀ ਸਤਿ ਹੈ, ਅਨੇਕ ਸਤਿ ਨਹੀਂ। ਅਨੇਕ ਇੱਕ ਦਾ ਵਿਸਤਾਰ ਹੈ। ਇੱਕ ਤੋਂ ਬਿਨਾਂ ਕੁਝ ਵੀ ਨਹੀਂ, ਇਸ ਤਰ੍ਹਾਂ ਇੱਕ ਈਸ਼ਵਰ ਸਤਿ ਹੈ। ਇੱਕ ਈਸ਼ਵਰ ਬਿਨਾਂ ਜੜ੍ਹ, ਚੇਤਨ, ਕੋਈ ਸਤਿ ਨਹੀਂ ਹੈ। ਇੱਕ ਈਸ਼ਵਰ ਦੀ ਸਭ ਮਹਿਮਾ ਹੈ। ਬਸ! ਗੁਰਮੰਤਰ (ਮੂਲ-ਮੰਤਰ) ਦੇ ਅਰੰਭ ਵਿਚ ਅੱਖਰਾਂ ਦੀ ਬਜਾਏ '੧' (ਏਕਾਂਗ) ਹਿੰਦਸਿਆਂ ਵਿਚ ਰੱਖਣ ਦਾ ਇਹ ਰਹੱਸ ਹੈ। ਏਕਾਂਗ ਰੱਖ ਕੇ ਸਤਿਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ੴ ਇੱਕ ਪਰਮੇਸ਼ਵਰ ਦਾ ਲਖਾਇਕ ਹੈ। ਗੁਰਬਾਣੀ ਵਿਚ ਏਕਾਂਗ ਦੁਆਰਾ ਇਕ ਪਾਰਬ੍ਰਹਮ ਦਾ ਸਰੂਪ ਪ੍ਰਗਟ ਕੀਤਾ ਹੈ:

*– ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥* *(ਪੰਨਾ ੩੫੦)*

*ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ॥*

*– ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ॥* *(ਪੰਨਾ ੩੯੮)*

*– ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*

*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥* *(ਪੰਨਾ ੧੨੯੧)*

ਏਕਾਂਗ ਤੋਂ ਬਾਅਦ 'ਕਾਰ' ਹੈ ਜਿਸ 'ਤੇ ਵਿਚਾਰ ਕਰਨੀ ਬਣਦੀ ਹੈ। 'ਕਾਰ' ਦਾ ਅਰਥ ਹੈ 'ਇਕ-ਰਸ'। ਵਿਕਸ਼ੇਪ, ਚੰਚਲਤਾ ਤੋਂ ਰਹਿਤ, ਅਡੋਲ, ਅਚਲ, ਸਥਿਰ ਹੈ। ਜਿਸ ਤਰ੍ਹਾਂ ਵੈਦਿਕ ਅਤੇ ਲੌਕਿਕ ਸੰਸਕ੍ਰਿਤ ਸਾਹਿਤ ਵਿਚ ਆਕਾਰ ਤੋਂ ਪੈਦਾ ਹੋਈ ਬਿੰਦੀ ਨੂੰ *ਗਕੜੱਁ* ਗਵਙ ਅਤ ਅਨਸਵਰ ਗਕਾਰ ਅਤੇ ਪਕਾਰ ਤੋਂ ਪਹਿਲੇ ਅਰਧ-ਵਿਸਰਗ ਵਰਗੇ ˘ ˘ ਇਸ ਚਿੰਨ੍ਹ ਨੂੰ ਜਿਹਬਾ ਮੂਲੀਯ ਅਤੇ ਉਪਧਮਾਨੀਯ ਕਹਿੰਦੇ ਹਨ, ਇਸੇ ਤਰ੍ਹਾਂ ਮੂਲ-ਮੰਤਰ ਦੇ 'ਓਅੰ' ਦੇ ਉੱਪਰ 'ਕਾਰ' ਪ੍ਰਤਯਯ (ਪਿਛੇਤਰ) ਲਾਉਣ ਨਾਲ ਉਚਾਰਨ ੧ਓਅੰਕਾਰ ਯੁਗਤਿ ਸੰਗਤ ਹੈ।

## ਸੰਸਕ੍ਰਿਤ ਵਿਆਕਰਣ ਦੇ ਸੂਤਰ

*ਉਚ੍ਚੈਸ੍ਤਰਾਵਸ਼ਟਕਾਰ:*- ਦੇ ਨਿਰਦੇਸ਼ ਨਾਲ ਓਮ ਦੇ 'ਕਾਰ' ਪ੍ਰਤਯਯ ਨਾਲ ਓਅੰਕਾਰ (ਸ਼ਬਦ) ਸ਼ੁੱਧ ਮੰਨਿਆ ਜਾਂਦਾ ਹੈ।

*ਵਰ੍ਣਾਤ੍ਕਾਰ* :- ਵਾਰਤਕ ਦੇ ਅਨੁਸਾਰ ਅਕਾਰ, ਉਕਾਰ, ਕਕਾਰ, ਪਕਾਰ, ਮਕਾਰ (ਵਾਰਤਕ ਦੇ ) ਪ੍ਰਮਾਣ ਹਨ। ਸਾਡੇ ਇਸ ਸਿਧਾਂਤ ਦਾ ਸਮਰਥਨ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਸਰਬ ਸ਼ਾਸਤਰ ਨਿਸ਼ਣਾਤ ਸ੍ਵਾਮੀ ਹਰਿਪ੍ਰਸਾਦ ਵੈਦਿਕ ਮੁਨੀ ਨੇ ਵਿਆਖਿਆ ਪੂਰਬਕ ਕੀਤਾ ਹੈ ਜੋ ਇਸ ਤਰ੍ਹਾਂ ਹੈ:-

"ਜੈਸੇ ਯਜੁਰਵੇਦ ਮੇਂ ਮਕਾਰ ਹਕਾਰ ਆਦਿ ਵਰਣੋਂ (ਅਖਸ਼ਰੋਂ) ਕੇ ਪਰੇ ਹੋਨੇ ਪਰ ਅਨੁਸਵਰ (ਬਿੰਦੀ) ਕੋ ਗਵਙ ਉਚਾਰਨ ਕਰਨੇ ਕੇ ਲਿਯੇ ਉਸਕਾ ਵਯੰਜਕ ਇਸ ਪ੍ਰਕਾਰ ਕਾ ਏਕ ਸਾਂਕੇਤਕ ਆਕਾਰ ਵਿਸ਼ੇਸ਼ ਨਿਯਤ ਕੀਆ ਗਯਾ ਹੈ ਔਰ ਵਹ (ਆਕਾਰ ਵਿਸ਼ੇਸ਼) ਯਜੁਰਵੇਦ ਕੋ ਪਢਨੇ ਸਮਜ ਵਸਤੁਤ: ਗਵਙ ਨ ਹੋਨੇ ਪਰ ਭੀ ਨਿਯਮ ਸੇ ਗਵਙ ਹੀ ਪਢਾ ਜਾਤਾ ਹੈ, ਵੈਸੇ ਹੀ ਸ੍ਰੀ ਗੁਰੂ ਗ੍ਰੰਥ ਮੇਂ ਭੀ ਗਵਙ ਕੀ ਨਾਂਈ ਓਅੰਕਾਰ ਉਚਾਰਨ ਕਰਨੇ ਕੇ ਲਿਯੇ ਉਸਕਾ ਵਯੰਜਕ ਮਾਤ੍ਰ 'ਏਕ ਓ' ਇਸ ਪ੍ਰਕਾਰ ਕਾ ਸਾਂਕੇਤਿਕ ਆਕਾਰ ਵਿਸ਼ੇਸ਼ ਨਿਯਤ ਕਰ ਦਿਯਾ ਗਯਾ ਹੈ। ਇਸ ਲਿਯੇ ਸਦਾ ਸ੍ਰੀ ਗੁਰੂ ਗ੍ਰੰਥ ਕੋ ਪਢਤੇ ਸਮਯ ਉਸ (ਆਕਾਰ ਵਿਸ਼ੇਸ਼) ਕੋ ਭੀ ਗਵਙ ਕੀ ਨਾਂਈ 'ਓਅੰਕਾਰ' ਹੀ ਪਢਨਾ ਚਾਹੀਯੇ। ਸੰਸਕ੍ਰਿਤ ਭਾਸ਼ਾ ਕੇ ਗ੍ਰੰਥੋਂ ਸੰਸਕਾਰੋਂ ਸੇ ਉਤਪਨ ਹੁਈ ਅਨੇਕ ਵਿਧ ਮਾਨਸ ਕਲਪਨਾਓਂ ਕੇ ਆਧਾਰ ਪਰ 'ਓਮ' ਨ ਪਢਨਾ ਚਾਹੀਯੇ। ਔਰ ਜੋ ਸ੍ਰੀ ਗੁਰੂ ਗ੍ਰੰਥ ਮੇਂ ਕਹੀ ਸਾਂਕੇਤਕ ਆਕਾਰ ਵਿਸ਼ੇਸ਼ ਮੇਂ, ਔਰ ਕਹੀਂ ਅਖਸ਼ਰੋਂ ਮੇਂ ਓਅੰਕਾਰ ਲਿਖਾ ਗਯਾ ਹੈ ਉਸਕਾ ਸਫੁਟ ਤਾਤਪ੍ਰਯ ਯਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਮੇਂ ਕਹੀ ਭੀ 'ਓਮ' ਉਚਾਰਨ ਅਭੀਸ਼ਟ ਨਹੀਂ ਕਰਨਾ ਕਿੰਤੂ ਸਰਵਤ੍ਰ

ਓਅੰਕਾਰ ਉਚਾਰਨ ਕਰਨਾ ਹੀ ਅਭੀਸ਼ਟ ਹੈ ਔਰ ਉਸੀਕਾ ਵਯੰਜਕ ਮਾਤ੍ਰ ਯਹ ਸਾਂਕੇਤਿਕ ਆਕਾਰ ਵਿਸ਼ੇਸ਼ ਹੈ। ਜੋ ਲੋਗ ਇਸ ਸਾਂਕੇਤਿਕ ਆਕਾਰ ਵਿਸ਼ੇਸ਼ ਕੋ ਅਖਸ਼ਰ ਰੂਪ ਸਮਝ ਕਰ ਅਨੁਸਵਰ ਜਾਂ ਬਿੰਦੀ (ਂ) ਕੋ ਨ ਦੇਖ ਪਢਨ ਸੇ 'ਓ' ਉਚਾਰਨ ਕਰਤੇ ਹੈਂ, ਅਥਵਾ ਆਕਾਰ ਵਿਸ਼ੇਸ਼ ਕੇ ਅੰਤਿਮ ਭਾਗ ਕੋ ਬਿੰਦੀ ਯਾ ਮਕਾਰ ਮਾਨਕਰ 'ਓਅੰ' ਯਾ 'ਓਮ' ਉਚਾਰਨ ਕਰਤੇ ਹੈਂ, ਵੋ ਭੂਲਤੇ ਹੈਂ, ਉਨਹੇਂ ਐਸਾ ਨ ਕਰਨਾ ਚਾਹੀਯੇ ਔਰ ਸਦਾ ਓਅੰਕਾਰ ਹੀ ਉਚਾਰਨ ਕਰਨਾ ਚਾਹੀਯੇ, ਬਸ! ਯਹੀ ਗੁਰਮਤ ਹੈ ਔਰ ਸਾਂਪ੍ਰਦਾਇਕ ਸਿਧਾਂਤ ਹੈ।"

ਜਿਵੇਂ ਅਸੀਂ ਉੱਪਰ ਲਿਖਿਆ ਹੈ ਕਿ ਪੁਰਾਣਿਕ ਮਤ ਅਨੁਸਾਰ ਓਮ ਦੇ ਤਿੰਨ ਅੱਖਰਾਂ ਅ, ਓ, ਮ, ਵਿਚ ਕ੍ਰਮਵਾਰ ਬ੍ਰਹਮਾ, ਵਿਸ਼ਨੂੰ, ਸ਼ਿਵ ਦਾ ਨਿਵਾਸ ਮੰਨਿਆ ਹੈ। ਗੁਰਬਾਣੀ ਵਿਚ ਸਰਬ-ਬ੍ਰਹਿਮੰਡ ਦਾ ਸਿਰਜਨਹਾਰ ਓਅੰਕਾਰ (ਅਕਾਲ ਪੁਰਖ) ਨੂੰ ਮੰਨਿਆ ਹੈ। ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ, ਸ਼ਿਵ, ਓਅੰਕਾਰ ਦੇ ਲਖਾਇਕ ਨਹੀਂ ਹਨ। ਓਅੰਕਾਰ ਤਾਂ ਬ੍ਰਹਮਾ, ਵਿਸ਼ਨੂੰ, ਸ਼ਿਵ ਦਾ ਸਿਰਜਨਹਾਰ (ਪੈਦਾ ਕਰਨ ਵਾਲਾ) ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ:

*ਓਅੰਕਾਰ ਆਦ॥ ਕਥਨੀ ਅਨਾਦ॥* *(ਜਾਪੁ ਸਾਹਿਬ)*

ਸਿੱਖ ਪੰਥ ਦੇ ਮਾਣਮੱਤੇ ਵਿਦਵਾਨ, ਸਤਿਗੁਰਾਂ ਦੇ ਸਰਬ-ਮਰਮ ਨੂੰ ਜਾਣਨ ਵਾਲੇ, ਗੁਰਮਤਿ/ਗੁਰਬਾਣੀ ਦੇ ਵਿਆਖਿਆਕਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ, ਇੱਕ-ਇੱਕ ਲਗਮਾਤ੍ਰ ਬਿੰਦੀ, ਟਿੱਪੀ ਦੇ ਜਾਣੂ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਏਕਾਂਗ (੧) ਦੀ ਅਤੇ ੴ-ਕਾਰ ਦੀ ਵਿਆਖਿਆ ਕਰ ਕੇ ਸਭ ਤਰ੍ਹਾਂ ਦੀ ਭ੍ਰਾਂਤੀ ਦੀ ਨਿਵਿਰਤੀ ਕਰ ਦਿੱਤੀ ਹੈ:

- *ਏਕਾ ਏਕੰਕਾਰ ਲਿਖਿ ਦੇਖਾਲਿਆ।*
  *ਊੜਾ ਓਅੰਕਾਰ ਪਾਸ ਬਹਾਲਿਆ।* *(ਵਾਰ ੩:੧੫)*
- *ਏਕੰਕਾਰ ਏਕਾਂਗ ਲਿਖਿ ਊੜਾ ਓਅੰਕਾਰ ਲਖਾਇਆ।* *(ਵਾਰ ੩੯:੧)*

■

## ਗੁ: ਸ੍ਰੀ ਭੱਠਾ ਸਾਹਿਬ (ਰੋਪੜ) ਵਿਖੇ ਅੰਮ੍ਰਿਤ-ਸੰਚਾਰ

ਸ. ਸੁਖਦੇਵ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਪਾਤਸ਼ਾਹੀ ੧੦ਵੀਂ (ਰੋਪੜ) ਦੀ ਪ੍ਰੱਜੀ ਰਿਪੋਰਟ ਅਨੁਸਾਰ ਮਿਤੀ ੧੪-੧੨-੨੦੦੭ ਨੂੰ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਇਸ ਅਵਸਰ 'ਤੇ ਵਿਚ ੨੮ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

# ਸਿੱਖ-ਦਰਸ਼ਨ ਵਿਚ ਸ੍ਰਿਸ਼ਟੀ

*-ਸ. ਗੁਰਮੇਲ ਸਿੰਘ**

ਪਰਮਸਤਿ ਤੋਂ ਬਾਅਦ, ਮਨੁੱਖੀ ਚੇਤਨਾ ਦਾ ਦੂਸਰਾ ਅਹਿਮ ਅਤੇ ਸਭ ਤੋਂ ਵੱਡਾ ਸਵਾਲ 'ਸ੍ਰਿਸ਼ਟੀ' ਸਬੰਧੀ ਹੈ। ਇਹ ਆਕਾਰ ਕੀ ਹੈ? ਇਹ ਬੇਅੰਤ ਪਸਾਰਾ ਕਿਵੇਂ ਬਣ ਗਿਆ? ਇਸ ਦਾ ਵਿਸਤਾਰ ਕਿੰਨਾ ਕੁ ਹੈ? ਇਸ ਦਾ ਸਰੂਪ, ਕਾਰਨ, ਅੰਤ ਅਥਵਾ ਉਦੇਸ਼ ਬਾਰੇ ਅਨੇਕਾਂ ਸਵਾਲ ਮਨੁੱਖੀ ਜ਼ਿਹਨ ਵਿਚ ਉੱਠਦੇ ਰਹਿੰਦੇ ਹਨ। ਆਦਿ ਮਾਨਵ, ਜਦੋਂ ਬੌਧਿਕ ਵਿਕਾਸ ਦੀ ਮੁੱਢਲੀ ਅਵਸਥਾ ਵਿਚ ਸੀ, ਤਦੋਂ ਤੋਂ ਹੀ ਉਸ ਨੇ ਇਸ ਭੌਤਿਕ ਪਸਾਰੇ ਨੂੰ ਅਸਚਰਜਮਈ ਦ੍ਰਿਸ਼ਟੀ ਨਾਲ ਨਿਹਾਰਨਾ ਸ਼ੁਰੂ ਕਰ ਦਿੱਤਾ ਸੀ। ਆਦਿ ਮਾਨਵ ਸ੍ਰਿਸ਼ਟੀ ਦੀ ਵਿਰਾਟਤਾ, ਅਸਚਰਜਮਈ ਵੰਨ-ਸੁਵੰਨਤਾ ਵੇਖ-ਵੇਖ ਹੈਰਾਨ ਹੁੰਦਾ ਅਤੇ ਅਨੇਕਾਂ ਕਾਲਪਨਿਕ ਕਿਆਸਾਰਾਈਆਂ ਨਾਲ ਭਰ ਜਾਂਦਾ ਸੀ। ਇਸ ਗੱਲ ਦੇ ਪ੍ਰਮਾਣ ਸਾਨੂੰ ਇਤਿਹਾਸ ਦੇ 'ਬਹੁਦੇਵਵਾਦ ਕਾਲ' (Polytheism age) ਜਾਂ ਪ੍ਰਕਿਰਤੀ ਪੂਜਾ ਦੇ ਵਿਚਾਰ-ਪ੍ਰਬੰਧਾਂ ਵਿੱਚੋਂ ਮਿਲ ਜਾਂਦੇ ਹਨ। ਅਜਿਹੇ ਵਿਚਾਰ-ਪ੍ਰਬੰਧਾਂ ਅਨੁਸਾਰ 'ਆਦਿ ਮਾਨਵ' ਪ੍ਰਕਿਰਤੀ ਦੀ ਹਰ ਕਿਰਿਆ ਵਿਚ ਕਿਸੇ ਦੈਵੀ ਸ਼ਕਤੀ (divine power) ਦੀ ਹੋਂਦ ਮੰਨਦਾ ਸੀ। ਮਾਨਾ (Mana), ਭੂਤਵਾਦ (animism), ਸਜੀਵਤਾਵਾਦ (animatism) ਜਾਂ ਟੋਟਿਮਵਾਦ (totemism) ਆਦਿ ਅਜਿਹੇ ਵਿਸ਼ਵਾਸ-ਪ੍ਰਬੰਧ ਹਾਲੇ ਵੀ ਪੁਰਾਤਨ ਕਬੀਲਿਆਂ ਵਿਚ ਤੁਰੇ ਆ ਰਹੇ ਹਨ, ਜਿਹੜੇ ਆਪਣੇ ਹੀ ਤਰੀਕੇ ਨਾਲ ਸ੍ਰਿਸ਼ਟੀ ਦੀਆਂ ਕਿਰਿਆਵਾਂ ਦੀ ਵਿਆਖਿਆ ਕਰਦੇ ਹਨ। ਜਿਵੇਂ-ਜਿਵੇਂ ਮਨੁੱਖ ਦੀ ਚੇਤਨਾ ਦਾ ਵਿਕਾਸ ਹੁੰਦਾ ਗਿਆ, ਜਗਤ ਪ੍ਰਤੀ ਉਸ ਦੇ ਦ੍ਰਿਸ਼ਟੀਕੋਣ ਬਦਲਦੇ ਗਏ। ਸਮੇਂ ਨਾਲ ਉਹ ਇਸ ਦੀ ਖੋਜ ਵਿਚ ਹੋਰ ਵੀ ਦਿਲਚਸਪੀ ਲੈਣ ਲੱਗ ਪਿਆ। ਆਧੁਨਿਕ ਸਮੇਂ ਗਿਆਨ-ਵਿਗਿਆਨ ਦੀ ਬੇਪਨਾਹ ਤਰੱਕੀ ਨੇ ਬ੍ਰਹਿਮੰਡ ਬਾਰੇ ਅਚੰਭੇਜਨਕ ਪੜਤਾਲਾਂ ਕੀਤੀਆਂ ਹਨ।

ਸ੍ਰਿਸ਼ਟੀ ਸਬੰਧੀ ਆਦਿ ਮਾਨਵ ਦੇ ਅਵਿਕਸਤ ਗਿਆਨ ਸਦਕਾ, ਉਸ ਦਾ ਚਿੰਤਨ-ਆਧਾਰ, ਨਿਰੋਲ ਵਿਸ਼ਵਾਸ ਸੀ, ਜਿਸ ਦਾ ਸਰੂਪ ਅੰਧ-ਵਿਸ਼ਵਾਸ ਦੇ ਨੇੜੇ ਸੀ। ਉਹ ਕੁਦਰਤ ਦੀ ਹਰ ਘਟਨਾ, ਕਿਰਿਆ ਨੂੰ ਦੇਖ ਕੇ ਵਿਸਮਾਦ ਵਿਚ ਆਉਂਦਾ ਸੀ। 'ਆਦਿ ਮਾਨਵ' ਦੀ ਹਰ ਵਿਚਾਰ ਪ੍ਰਣਾਲੀ ਇਸ ਵਿਸ਼ਵਾਸ/ਵਿਸਮਾਦ ਵਿੱਚੋਂ ਹੀ ਨਿਕਲੀ ਹੈ। ਮੱਧ-ਕਾਲ ਤਕ ਮਨੁੱਖ ਦੇ ਧਾਰਮਿਕ ਵਿਸ਼ਵਾਸਾਂ ਨੂੰ ਤਾਰਕਿਕ

** ਮਾਰਫਤ ਅਕੈਡਮੀ ਆਫ ਸਿੱਖ ਰਿਲੀਜ਼ਨ ਐਂਡ ਕਲਚਰ, # ੧, ਢਿੱਲੋਂ ਮਾਰਗ, ਪਟਿਆਲਾ-੧੪੭੦੦੧*

ਆਧਾਰ ਉੱਤੇ ਮਾਪਿਆ ਜਾਣਾ ਸ਼ੁਰੂ ਹੋਇਆ, ਜਿਸ ਵਿਚ ਧਰਮ ਦੇ ਅਕਾਦਮਿਕ ਅਧਿਐਨ ਦਾ ਆਧਾਰ ਤਿਆਰ ਹੋਇਆ। ਵਰਤਮਾਨ ਕਾਲ ਵਿਚ ਧਰਮ ਦੇ ਅਕਾਦਮਿਕ ਅਧਿਐਨ ਆਪਣੇ ਦਾਰਸ਼ਨਿਕ ਸਰੂਪ ਵਿਚ ਕਈ ਪੜਾਵਾਂ ਤੋਂ ਲੰਘ ਚੁਕਾ ਹੈ ਅਤੇ ਵੱਖੋ-ਵੱਖ ਧਰਮ-ਦਰਸ਼ਨਾਚਾਰੀਆਂ ਨੇ ਆਪਣੇ-ਆਪਣੇ ਵਿਸ਼ਵਾਸ-ਪ੍ਰਬੰਧਾਂ ਵਿਚ ਰਹਿ ਕੇ ਇਸ ਸਥੂਲ ਪਸਾਰੇ ਨੂੰ ਅਨੇਕਾਂ ਤਰੀਕਿਆਂ ਨਾਲ ਵਿਚਾਰਿਆ ਤੇ ਵਿਆਖਿਆਇਆ ਹੈ। ਗੁਰਮਤਿ ਦੇ ਵਿਦਵਾਨਾਂ ਨੇ ਗੁਰਬਾਣੀ ਨੂੰ ਆਧਾਰ ਬਣਾ ਕੇ, ਗੁਰਮਤਿ ਵਿਚਾਰ-ਪ੍ਰਬੰਧ ਵਿਚ ਰਹਿ ਕੇ 'ਵਿਸ਼ਵ ਦਾ ਸਿੱਖ ਸਿਧਾਂਤ' ਉਸਾਰਨ ਦੀ ਕੋਸ਼ਿਸ਼ ਕੀਤੀ ਹੈ।

**ਵਿਸ਼ਵ ਦਾ ਸਿੱਖ ਸਿਧਾਂਤ (Sikh Cosmology)**

ਫ਼ਲਸਫ਼ੇ ਦਾ ਜਿਹੜਾ ਭਾਗ 'ਵਿਸ਼ਵ ਰਚਨਾ' ਬਾਰੇ ਅਧਿਐਨ ਕਰਦਾ ਹੈ, ਉਸ ਨੂੰ ਵਿਸ਼ਵ-ਵਿਗਿਆਨ (cosmology) ਕਿਹਾ ਜਾਂਦਾ ਹੈ। ਗੁਰਬਾਣੀ ਵਿੱਚੋਂ ਜਦੋਂ ਵਿਸ਼ਵ ਸਬੰਧੀ ਵਿਚਾਰਾਂ ਦਾ ਵਿਧੀਬੱਧ, ਤਾਰਕਿਕ ਵਿਉਂਤ ਨਾਲ ਅਧਿਐਨ ਕੀਤਾ ਜਾਂਦਾ ਹੈ ਤਾਂ ਇਸ ਤਾਰਕਿਕ ਵਿਸ਼ਲੇਸ਼ਣ ਨੂੰ 'ਵਿਸ਼ਵ ਸਿੱਖ ਸਿਧਾਂਤ' (Sikh cosmolgoy) ਦਾ ਨਾਂ ਦਿੱਤਾ ਜਾ ਸਕਦਾ ਹੈ।

ਇਥੇ ਇਹ ਗੱਲ ਵੀ ਚੇਤੇ ਰੱਖਣੀ ਜ਼ਰੂਰੀ ਹੈ ਕਿ ਗੁਰਬਾਣੀ ਮੂਲ ਰੂਪ ਵਿਚ ਦਰਸ਼ਨ ਨਹੀਂ ਅਤੇ ਨਾ ਹੀ ਇਹ ਮਨੁੱਖੀ ਤਰਕ-ਵਿਤਰਕ ਨਾਲ ਕੱਢੇ ਗਏ ਨਤੀਜਿਆਂ ਦਾ ਸੰਗ੍ਰਹਿ ਹੈ, ਬਲਕਿ ਇਹ ਤਾਂ ਮਹਾਂ ਮਾਨਵਾਂ ਦੀ ਪਰਮਸਤਿ ਨਾਲ ਮਿਲਾਪ ਦੀ ਰਹੱਸਵਾਦੀ ਸਥਿਤੀ ਵਿੱਚੋਂ ਨਿਕਲੀ ਹੋਈ ਧੁਰ ਦੀ ਅਗੰਮੀ ਬਾਣੀ ਹੈ, ਪਰ ਇਸ ਦੇ ਵਿਚਾਰ-ਪ੍ਰਬੰਧ (ideology) ਵਿਚ ਅਨੇਕਾਂ ਅਜਿਹੇ ਸਵਾਲਾਂ/ਮਸਲਿਆਂ ਨੂੰ ਸੁਲਝਾਇਆ/ਵਿਆਖਿਆਇਆ ਗਿਆ ਹੈ, ਜਿਨ੍ਹਾਂ ਨੂੰ ਆਧੁਨਿਕ ਅਕਾਦਮਿਕ ਜਗਤ ਦਰਸ਼ਨ (philosophy), ਵਿਗਿਆਨ ਆਦਿ ਸਿਰਲੇਖਾਂ ਹੇਠ ਵਿਚਾਰਦਾ ਹੈ।

ਗੁਰਮਤਿ ਦੇ ਸੋਮੇ ਗੁਰਬਾਣੀ ਨੇ ਵਿਸ਼ਵ ਸਬੰਧੀ ਵਿਚਾਰਾਂ ਦੇ ਪ੍ਰਗਟਾਵੇ ਲਈ ਪਰੰਪਰਾ ਵਿਚ ਪ੍ਰਾਪਤ ਸ਼ਬਦਾਵਲੀ ਰਾਹੀਂ, ਆਪਣਾ ਨਿਵੇਕਲਾ ਸਿਧਾਂਤ ਪੇਸ਼ ਕੀਤਾ ਹੈ। ਗੁਰਬਾਣੀ ਨੇ ਆਪਣੇ ਸ੍ਰਿਸ਼ਟੀ ਸਬੰਧੀ, ਸਿਧਾਂਤਕ ਚੌਖਟੇ ਦੀ ਉਸਾਰੀ, ਭਾਰਤੀ ਅਧਿਆਤਮਕ ਪਰੰਪਰਾ ਅਤੇ ਲੋਕ-ਮਾਨਸ ਨਾਲ ਜੁੜੇ ਵਿਸ਼ਵਾਸਾਂ ਦੇ ਆਧਾਰ ਉੱਤੇ ਕੀਤੀ ਹੈ, ਪਰ ਜਿੱਥੇ ਇਸ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਹਨ, ਉਥੇ ਨਿਰੋਲ ਮਿਥਿਹਾਸ ਅਤੇ ਵਹਿਮਪ੍ਰਸਤੀ ਦੇ ਭੁਲੇਖਿਆਂ ਨੂੰ ਸਖ਼ਤੀ ਨਾਲ ਰੱਦ ਵੀ ਕੀਤਾ ਹੈ।

**ਘੇਰਾ (Scope)**

ਭਾਵੇਂ ਵਿਸ਼ਵ-ਵਿਗਿਆਨ (cosmology) ਦੇ ਅਧਿਐਨ ਘੇਰੇ ਨੂੰ ਪਰਿਭਾਸ਼ਤ

ਕਰਨਾ ਔਖਾ ਹੈ ਪਰ ਮੋਟੇ ਤੌਰ ਉੱਤੇ ਇਹ ਵਿਸ਼ਵ ਦੀ ਉਤਪਤੀ, ਇਸ ਦਾ ਸਰੂਪ, ਰਚਨਾ-ਵਿਧੀ, ਇਸ ਦੇ ਕਾਰਨ, ਸੀਮਾ ਆਦਿ ਦਾ ਅਧਿਐਨ ਕਰਦਾ ਹੈ।

ਹਥਲੇ ਕਾਰਜ ਵਿਚ ਸ੍ਰਿਸ਼ਟੀ ਦੇ ਸਿੱਖ ਦ੍ਰਿਸ਼ਟੀਕੋਣ ਨੂੰ ਦਰਸਾਉਣ ਲਈ, ਇਸ ਦਾ ਅਧਿਐਨ ਨਿਰੋਲ ਫ਼ਲਸਫ਼ੇ ਦੀ ਥਾਂ ਧਰਮ-ਮੀਮਾਂਸਾ (theology) ਦ੍ਰਿਸ਼ਟੀ ਤੋਂ ਕੀਤਾ ਗਿਆ ਹੈ, ਕਿਉਂਕਿ ਕਿਸੇ ਧਰਮ ਦੀ ਧਰਮ-ਵਿੱਦਿਆ ਹੀ ਉਸ ਦੀ ਫ਼ਿਲਾਸਫ਼ੀ ਹੁੰਦੀ ਹੈ। ਇਸ ਵਿਚ ਦੋ ਸਵਾਲ ਪ੍ਰਮੁੱਖ ਹਨ:

(ੳ) ਸ੍ਰਿਸ਼ਟੀ ਕੀ ਹੈ?

(ਅ) ਸ੍ਰਿਸ਼ਟੀ ਦਾ ਸਰੂਪ

## (ੳ) ਸ੍ਰਿਸ਼ਟੀ ਕੀ ਹੈ?

ਜੋ ਸਿਰਜੀ ਗਈ ਹੈ, ਜੋ ਰਚੀ ਗਈ ਹੈ, ਸਮੁੱਚਾ ਭੌਤਿਕ ਪਸਾਰ, ਇਸ ਦੀਆਂ ਨਾਨਾ-ਪ੍ਰਕਾਰੀ ਕਿਰਿਆਵਾਂ, ਵਸਤੂਆਂ ਆਦਿ ਸਭ ਸ੍ਰਿਸ਼ਟੀ ਹੈ। ਗੁਰਬਾਣੀ ਅਨੁਸਾਰ ਅਕਾਲ ਦੀ 'ਕਾਲਗਤ ਸਥਿਤੀ', ਅਫ਼ੁਰ ਦਾ 'ਸਫੁਰ ਫੁਰਨਾ', ਨਿਰਗੁਣ ਦਾ 'ਸਰਗੁਣ ਸਰੂਪ'... ਸ੍ਰਿਸ਼ਟੀ ਹੈ। ਗੁਰਬਾਣੀ ਵਿਚ ਇਸ ਪ੍ਰਥਾਇ ਸੰਸਾਰ, ਭਵਸਾਗਰ, ਭਉ ਜਲ, ਭਉ ਨਿਧਿ, ਦੁਨੀਆਂ, ਜਗਤ, ਆਕਾਰ, ਸਰਗੁਣ, ਮਾਇਆ, ਸ੍ਰਿਸਟਿ, ਸਿਰਠੀ, ਪਸਾਰਾ, ਬ੍ਰਹਿਮੰਡ, ਬਣਤ, ਘਾੜਤ, ਪਸਾਉ, ਰਚਨਾ, ਜਗ, ਪਰਪੰਚ, ਲੀਲਾ, ਖੇਡ, ਬਾਜੀ, ਰੂਪ, ਵੇਸ ਆਦਿ ਕਈ ਸ਼ਬਦ ਵਰਤੇ ਗਏ ਹਨ। ਆਸਾ ਕੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਪ੍ਰਥਾਇ ਸੰਸਾਰ 'ਕੁਦਰਤਿ' ਸ਼ਬਦ ਵਰਤ ਕੇ 'ਸ੍ਰਿਸ਼ਟੀ ਕੀ ਹੈ' ਦੀ ਸਮੁੱਚੀ ਵਿਆਖਿਆ ਕਰ ਦਿੰਦੇ ਹਨ:

*ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥...*
*ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥* *(ਪੰਨਾ ੪੬੪)*

## (ਅ) ਸ੍ਰਿਸ਼ਟੀ ਦਾ ਸਰੂਪ

ਕੀ ਇਹ ਰਚਨਾ ਅਨਾਦੀ ਹੈ ਜਾਂ ਨਾਦੀ ਹੈ (ਭਾਵ ਰਚੀ ਗਈ ਹੈ)? ਇਸ ਦਾ ਆਕਾਰ ਕਿੰਨਾ ਕੁ ਹੈ? ਭਾਵ ਸੀਮਿਤ ਹੈ ਜਾਂ ਅਸੀਮਿਤ? ਜੇਕਰ ਇਹ ਰਚਨਾ ਅਨਾਦੀ ਨਹੀਂ ਤਾਂ ਰਚਨਾ ਤੋਂ ਪੂਰਵ ਕੀ ਸੀ? ਅਤੇ ਇਸ ਦਾ ਰਚਨਾਕਾਰ ਕਿਹੜਾ ਹੈ? ਰਚਨਾ ਨੂੰ ਪਰਮਸੱਤਾ ਦੁਆਰਾ ਬਣਾਇਆ ਕਿਉਂ ਗਿਆ? ਦੂਜੇ ਸ਼ਬਦਾਂ ਵਿਚ ਇਸ ਰਚਨਾ ਦਾ ਮਨੋਰਥ ਕੀ ਹੈ? ਜੇਕਰ ਇਹ ਰਚਨਾ ਸਾਜੀ ਗਈ ਹੈ ਤਾਂ ਉਹ ਕਿਹੜੀ ਵਿਧੀ ਸੀ, ਜਿਸ ਦੁਆਰਾ ਇਹ ਐਨੀ ਵਿਭਿੰਨਤਾ ਅਤੇ ਇਤਨਾ ਵੱਡਾ ਆਕਾਰ ਹੋਂਦ ਵਿਚ ਆ ਗਿਆ? ਕੀ ਇਹ ਸਤਿ ਹੈ ਜਾਂ ਸਿਰਫ਼ ਸੁਪਨਾ ਹੈ? ਭਾਵ ਇਸ ਦੀ ਕੋਈ ਯਥਾਰਥ ਹੋਂਦ ਵੀ ਹੈ? ਜਾਂ ਸਿਰਫ਼ ਹਨੇਰੇ (ਅਗਿਆਨ) ਵਿਚ ਪਈ ਰੱਸੀ, ਸੱਪ ਭਾਸਦੀ ਹੈ, ਪਰ ਅਸਲ ਹੈ ਨਹੀਂ? ਇਹ ਅਤੇ ਅਜਿਹੇ ਹੋਰ ਕਈ ਸਵਾਲ ਹਨ, ਜਿਹੜੇ ਸ੍ਰਿਸ਼ਟੀ ਦੇ ਸਰੂਪ ਨਾਲ ਸੰਬੰਧਿਤ ਹਨ। ਭਾਰਤੀ ਪਰੰਪਰਾ

ਵਿਚ ਸ੍ਰਿਸ਼ਟੀ ਦੇ ਸਰੂਪ ਸਬੰਧੀ ਵਰਣਨ ਵਿਚ ਮਾਇਆ ਤੇ ਯੁਗ ਸ਼ਬਦ ਦੀ ਵੀ ਆਮ ਵਰਤੋਂ ਹੋਈ ਹੈ, ਸੋ 'ਮਾਇਆ' ਤੇ 'ਯੁਗ' ਸੰਕਲਪ ਵੀ ਸ੍ਰਿਸ਼ਟੀ ਦੇ ਸਰੂਪ ਨਾਲ ਹੀ ਸਬੰਧਿਤ ਹੋ ਜਾਂਦੇ ਹਨ। ਇਸ ਤਰ੍ਹਾਂ ਸ੍ਰਿਸ਼ਟੀ ਦੇ ਸਰੂਪ-ਅਧਿਐਨ ਵਿਚ:

-ਇਸ ਦੇ ਨਾਦੀ/ਅਨਾਦੀ ਹੋਣ
-ਪੂਰਵ ਸਮਾਂ
-ਰਚਨਾ ਕਾਲ
-ਮਨੋਰਥ
-ਰਚਨਾ ਵਿਧੀ
-ਸੀਮਾ
-ਇਸ ਦੀਆਂ ਅਨੰਤ ਪ੍ਰਕਾਰੀ ਕਿਰਿਆਵਾਂ
-ਇਸ ਦੀ ਸਤਤਾ, ਅਸਤਤਾ (ਹੋਂਦ, ਅਣਹੋਂਦ)
-ਮਾਇਆ
-ਯੁਗ ਆਦਿ ਸ਼ਾਮਲ ਹਨ।

ਭਾਰਤੀ ਦਾਰਸ਼ਨਿਕ ਪਰੰਪਰਾ ਦੀਆਂ ਕੁਝ ਅਵੈਦਿਕ ਪ੍ਰਣਾਲੀਆਂ, ਜਿਵੇਂ ਬੁੱਧ, ਜੈਨ, ਚਾਰਵਾਕ ਆਦਿ, ਇਸ ਵਿਸ਼ਵ ਨੂੰ ਅਨਾਦੀ ਮੰਨਦੀਆਂ ਹਨ। ਇਨ੍ਹਾਂ ਪ੍ਰਣਾਲੀਆਂ ਅਨੁਸਾਰ ਵਿਸ਼ਵ ਇਕ ਬੇਅੰਤ ਦ੍ਰਵ ਹੈ, ਜਿਹੜਾ ਨਿਰੰਤਰ ਲਗਾਤਾਰਤਾ ਵਿਚ ਹੈ, ਇਹ ਨਿਰੰਤਰ ਬਦਲਦਾ ਤੇ ਅੱਗੇ ਤੁਰਿਆ ਜਾ ਰਿਹਾ ਹੈ। ਜਗਤ ਦੀ ਹਰੇਕ ਵਸਤੂ ਜੋ 'ਇਕ ਪਲ' ਵਿਚ ਹੈ, ਉਹ 'ਦੂਸਰੇ ਪਲ' ਵਿਚ ਉਹ ਨਹੀਂ ਰਹਿੰਦੀ, ਬਦਲ ਜਾਂਦੀ ਹੈ। ਇਸ ਵਿਚਾਰ ਨੂੰ ਸਮਝਾਉਣ ਲਈ 'ਵਗਦੇ ਪਾਣੀ' ਜਾਂ ਦੀਵੇ ਦੀ 'ਬਲ ਰਹੀ ਲਾਟ' ਦੀ ਉਦਾਹਰਣ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਵਿਸ਼ਵ ਇਕ ਵਗਦੇ ਦਰਿਆ ਜਾਂ ਬਲ ਰਹੇ ਦੀਵੇ ਦੀ ਲਾਟ ਵਾਂਗ ਹੈ, ਜੋ ਆਦਿ/ਅੰਤ-ਰਹਿਤ ਹਮੇਸ਼ਾਂ ਤੋਂ ਲਗਾਤਾਰ ਬਦਲਾਓ ਵਿਚ ਹੈ। ਇਹ ਸਭ ਕਿਰਿਆ ਆਪਣੇ ਆਪ ਹੋਈ ਜਾ ਰਹੀ ਹੈ, ਇਸ ਤਰ੍ਹਾਂ ਇਹ ਸ੍ਵੈ-ਆਧਾਰਿਤ ਹੈ। ਗੁਰਮਤਿ ਅਨੁਸਾਰ ਇਹ ਸੰਸਾਰ ਬਦਲਾਓ ਜਾਂ ਪਰਿਵਰਤਨਸ਼ੀਲ ਤਾਂ ਹੈ, ਪਰ ਅਨਾਦਿ-ਅਨੰਤ ਨਹੀਂ; ਇਹ ਰਚਨਾ ਆਧਾਰਤ ਸਤਾ ਹੈ, ਸੈਭੰ ਇਸ ਨੂੰ ਬਣਾਉਣ ਵਾਲਾ ਪਰਮਸਤਿ ਹੈ। ਇਹ ਕਿਸੇ ਕਾਰਨ ਦਾ ਕਾਰਜ ਹੈ, ਸ੍ਵੈ-ਕਾਰਨ ਨਹੀਂ। ਦੂਸਰੇ ਸ਼ਬਦਾਂ ਵਿਚ ਇਹ ਰਚਨਾ ਹੈ, ਜਿਹੜੀ ਰਚੀ ਗਈ ਹੈ, ਇਹ ਉਪਜੀ ਨਹੀਂ, ਬਲਕਿ ਉਪਜਾਈ ਗਈ ਹੈ:

*- ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥ (ਪੰਨਾ ੧੦੩੬)*
*- ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥ (ਪੰਨਾ ੨੯੨)*

ਕੇਵਲ ਇਨ੍ਹਾਂ ਹੀ ਨਹੀਂ ਸਗੋਂ ਅਜਿਹੇ ਪਾਸਾਰ ਤਾਂ ਉਹ ਕਈ ਵਾਰ ਪਸਾਰ ਕੇ ਸਮੇਟ ਵੀ ਚੁਕਿਆ ਹੈ। ਵਿਸ਼ਵ ਰਚਨਾ, ਪਰਮਸੱਤਾ ਦੀ ਉਦਕਰਖ/ਆਕਰਖ

ਸ਼ਕਤੀ ਹੈ, ਜਦੋਂ ਚਾਹੇ ਆਕਰਖ ਸ਼ਕਤੀ ਰਾਹੀਂ ਸਭ ਕੁਝ ਨੂੰ ਆਪੇ ਵਿਚ ਸਮੇਟ ਲਵੇ ਜਾਂ ਉਦਕਰਖ ਸ਼ਕਤੀ ਰਾਹੀਂ ਪਸਾਰ ਲਵੇ।

ਮਨੁੱਖੀ ਪੱਧਰ ਉੱਤੇ, ਇਹ ਵਿਸ਼ਾਲ ਬ੍ਰਹਿਮੰਡ ਸਮੇਂ ਦੀਆਂ ਬੇਅੰਤ ਲੰਬਾਈਆਂ ਜਿੰਨੀ ਅਉਧ ਰੱਖਦਾ ਹੈ, ਪਰ ਨਿਰੰਕਾਰ ਪੱਧਰ ਉੱਤੇ ਇਸ ਦੀ ਉਮਰ ਇਕ ਖਿਨ ਤੋਂ ਵੀ ਵਧੇਰੇ ਨਹੀਂ। ਗੁਰਬਾਣੀ ਵਿਚ ਇਸ ਵਿਚਾਰ ਨੂੰ ਪਾਣੀ ਦੇ ਬੁਦਬੁਦੇ (ਬੁਲਬੁਲੇ), ਬਾਰੂ ਕੀ ਭੀਤ ਆਦਿ ਦੇ ਦ੍ਰਿਸ਼ਟਾਂਤ ਵਰਤ ਕੇ ਸਮਝਾਇਆ ਗਿਆ ਹੈ।

ਜਿਵੇਂ ਇਕ ਮਨੁੱਖ ਦੀ ਕੁੱਲ ਉਮਰ ਦੇ ਮੁਕਾਬਲੇ ਉੱਤੇ ਪਾਣੀ ਦੇ ਬੁਲਬੁਲੇ ਦੀ ਅਉਧ ਇਕ ਛਿਨ, ਪਲ ਤੋਂ ਵਧੇਰੇ ਨਹੀਂ, ਇਸ ਦੀ ਇਕ 'ਪਲਕ' ਝਪਕਣ ਜਿੰਨੀ ਅਉਧ ਹੈ, ਇਸੇ ਤਰ੍ਹਾਂ ਇਹ ਬੇਅੰਤ ਸਮੇਂ ਦਾ ਆਕਾਰ, ਨਿਰੰਕਾਰ ਦੇ ਪੱਧਰ ਉੱਤੇ ਇਕ ਛਿਨ, ਪਲ, ਖਿਨ ਜਾਂ ਪਾਣੀ ਦੇ ਬੁਲਬੁਲੇ ਜਿੰਨੀ ਅਉਧ ਤੋਂ ਵੱਧ ਨਹੀਂ।

ਪਰਮਸੱਤਾ ਅਜਿਹੇ ਆਕਾਰ ਤਾਂ ਖਿਨ-ਪਲ ਵਿਚ ਹੀ ਢਾਹ ਉਸਾਰ ਦਿੰਦਾ ਹੈ। ਇੰਵ ਵੇਖਿਆਂ ਸਪੱਸ਼ਟ ਹੈ ਕਿ ਗੁਰਮਤਿ ਅਨੁਸਾਰ ਰਚਨਾ ਅਨਾਦੀ ਨਹੀਂ, ਇਹ 'ਕੁਝ ਛਿਨ' ਲਈ ਬਣਾਈ ਗਈ ਹੈ ਅਤੇ ਇਹ ਬਿਨਸਨਹਾਰ ਤੇ ਆਧਾਰਤਿ ਸਤਾ ਹੈ। ਆਦਿ-ਅੰਤ ਰਹਿਤ ਤਾਂ 'ਏਕੋ' ਪਾਰਬ੍ਰਹਮ ਹੀ ਹੈ, ਬਾਕੀ ਸਭ ਸਮੇਂ ਦੇ ਬੰਧਨ ਵਿਚ ਹਨ:

*ਨਿਰੰਕਾਰਿ ਆਕਾਰੁ ਉਪਾਇਆ॥* *(ਪੰਨਾ ੧੦੬੬)*

ਹੁਣ ਸਵਾਲ ਇਹ ਪੈਦਾ ਹੋ ਜਾਂਦਾ ਹੈ ਕਿ ਜੇ ਸ੍ਰਿਸ਼ਟੀ ਬਣਾਈ ਗਈ ਹੈ, ਇਸ ਦਾ ਆਦਿ ਹੈ ਅਤੇ ਇਸ ਨੇ ਖ਼ਤਮ ਹੋ ਜਾਣਾ ਹੈ, ਭਾਵ ਇਸ ਦਾ ਅੰਤ ਵੀ ਹੈ ਤਾਂ ਜਦੋਂ ਭੌਤਿਕ ਆਕਾਰ ਹੋਂਦ ਵਿਚ ਨਹੀਂ ਸੀ ਤਾਂ ਕੀ ਸੀ? ਜਾਂ ਜਦੋਂ ਇਹ ਭੌਤਿਕ ਪਸਾਰਾ ਆਪਣੀ ਅਉਧ ਵਿਹਾਅ ਗਿਆ ਤਾਂ ਕੀ ਹੋਵੇਗਾ? ਇਸ ਗੱਲ ਦਾ ਸੰਬੰਧ ਰਚਨਾ ਤੋਂ ਪੂਰਵ ਦੀ ਸਥਿਤੀ ਨਾਲ ਹੈ। ਰਚਨਾ ਤੋਂ ਪਹਿਲਾਂ ਦਾ ਸਮਾਂ ਮੁਕੰਮਲ ਮਹਾਂਚੁੱਪ, 'ਸੁੰਨ', 'ਧੁੰਧੂਕਾਰ' ਦੀ ਸਥਿਤੀ ਹੈ। ਇਸ ਸਮੇਂ ਪਰਮਸਤਿ ਆਪਣੇ 'ਨਿਜਰੂਪ', 'ਨਿਰਗੁਣ ਸਰੂਪ' ਵਿਚ ਬੈਠਾ 'ਅਡੋਲ', 'ਤਾੜੀ' ਦੀ ਅਵਸਥਾ ਵਿਚ ਲੀਨ ਸੀ।

ਮੁੱਢ ਵਿਚ ਰਚਨਾ ਜਾਂ ਇਸ ਦੇ ਬੇਅੰਤ ਆਕਾਰ ਧਰਤੀਆਂ, ਚੰਦ, ਸੂਰਜ, ਖੰਡ-ਮੰਡਲ, ਜੀਅ-ਜੰਤ ਆਦਿ ਹੋਂਦ ਵਿਚ ਨਹੀਂ ਸਨ। ਉਸ 'ਸਮੇਂ' ਉਸ ਨੇ ਇਹ ਪਸਾਰਾ ਆਪਣੇ ਵਿਚ ਹੀ ਸਮੇਟਿਆ ਹੋਇਆ ਸੀ। 'ਸਿਧ ਗੋਸਟਿ' ਬਾਣੀ ਵਿਚ ਸਿੱਧਾਂ ਦੇ ਇਕ ਪ੍ਰਸ਼ਨ ਦੇ ਜਵਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸਮੇਂ ਨੂੰ 'ਬਿਸਮਾਦ' ਦਾ ਨਾਂ ਦਿੰਦੇ ਹਨ। ਉਨ੍ਹਾਂ ਦਾ ਭਾਵ ਇਹ ਹੈ ਕਿ ਇਸ ਸਮੇਂ ਦੀ ਸਥਿਤੀ ਅਕਥ ਹੈ, ਇਸ ਬਾਰੇ ਜਾਣ ਕੇ ਸਿਰਫ਼ ਵਿਸਮਾਦਤ ਹੀ ਹੋ ਜਾਈਦਾ ਹੈ,

ਕਿਹਾ ਕੁਝ ਨਹੀਂ ਜਾ ਸਕਦਾ:

*ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ॥ ...*
*ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥*
*(ਪੰਨਾ ੯੪੦)*

ਗੁਰਬਾਣੀ ਅਨੁਸਾਰ ਰਚਨਾ ਬਣਾਉਣ ਤੋਂ ਪੂਰਵ ਦੇ ਸਮੇਂ ਬਾਰੇ ਮਨੁੱਖ ਆਪਣੀ ਬੌਧਿਕ ਸੀਮਾ ਕਰਕੇ ਕੁਝ ਨਹੀਂ ਜਾਣ ਸਕਦਾ। ਇਸ ਅਕਥਨੀ ਹਨ੍ਹੇਰੇ ਦੀ ਦਸ਼ਾ ਨੂੰ ਸਿਰਫ਼ ਇਸ ਰਚਨਾ ਦਾ ਕਰਤਾ ਹੀ 'ਆਪੇ ਆਪਿ' ਜਾਣਦਾ ਹੈ। ਇਸ ਸਭ ਉਸ ਦੀ ਮੌਜ ਹੈ। ਆਕਾਰ ਖ਼ਤਮ ਕਰ ਕੇ ਫਿਰ ਉਹ ਆਪਣੇ ਨਿਜ-ਸਰੂਪ ਵਿਚ ਹੀ ਟਿਕ ਜਾਂਦਾ ਹੈ:

*ਤਿਸੁ ਭਾਵੈ ਤਾ ਕਰੇ ਬਿਸਥਾਰੁ॥*
*ਤਿਸੁ ਭਾਵੈ ਤਾ ਏਕੰਕਾਰੁ॥*
*ਅਨਿਕ ਕਲਾ ਲਖੀ ਨਹ ਜਾਇ॥* *(ਪੰਨਾ ੨੯੪)*

ਧਰਮ ਚਿੰਤਨ ਦਾ ਬੜਾ ਮਹੱਤਵਪੂਰਨ ਪ੍ਰਸ਼ਨ 'ਕਾਰਨ' ਦੇ 'ਕਾਰਜ' ਵਿਚ ਆਉਣ ਦੇ 'ਸਮੇਂ' ਬਾਬਤ ਹੈ। ਇਹ ਪਸਾਰਾ ਕਿਸ ਥਿਤਿ, ਵਾਰ, ਸੰਨ-ਸੰਮਤ ਨੂੰ ਰਚਿਆ ਗਿਆ? ਰਚਨਾ ਦੇ ਸਾਜੇ ਜਾਣ ਦੇ ਸਮੇਂ ਬਾਬਤ ਜੋਤਸ਼ੀਆਂ, ਫ਼ਿਲਾਸਫ਼ਰਾਂ ਤੇ ਸਾਇੰਸਦਾਨਾਂ ਨੇ ਕਾਫ਼ੀ ਅਨੁਮਾਨ ਲਾਏ ਹਨ। ਭਾਰਤੀ ਪੁਰਾਣ-ਸਾਹਿਤ ਵਿਚ ਅਜਿਹੇ ਅਨੁਮਾਨਾਂ ਦੀ ਬਹੁਤਾਤ ਹੈ। ਗੁਰਬਾਣੀ ਅਨੁਸਾਰ ਇਸ ਜਗਤ ਪਰਪੰਚ ਦਾ 'ਖੇਲ' ਕਦੋਂ ਖੇਡਣਾ ਸ਼ੁਰੂ ਹੋਇਆ ਇਸ ਬਾਰੇ ਸਿਰਫ਼ 'ਖਿਡਾਰੀ' ਹੀ ਜਾਣਦਾ ਹੈ। ਕਰਤਾ ਹੀ 'ਕਿਰਤ' ਸਾਜਣ ਦੀ ਘੜੀ ਜਾਣਦਾ ਹੈ। ਜਪੁ ਜੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਕਿ ਜੇ ਰਚਨਾ ਦੀ 'ਥਿਤਿ', ਬਾਬਤ ਕਾਜ਼ੀ ਜਾਣਦਾ ਹੁੰਦਾ ਤਾਂ ਉਹ ਜ਼ਰੂਰ ਪਾਵਨ ਕੁਰਾਨ ਸ਼ਰੀਫ਼ ਵਿਚ ਇਸ ਦਾ ਹਵਾਲਾ ਦੇ ਦਿੰਦਾ ਅਤੇ ਜੇਕਰ 'ਰਚਨਾ ਕਾਲ' ਬਾਰੇ ਪੰਡਤ ਜਾਣਦਾ ਹੁੰਦਾ ਤਾਂ ਉਹ ਜ਼ਰੂਰ ਇਕ 'ਵਿਸ਼ਵ ਪੁਰਾਣ' ਲਿਖ ਜਾਂਦਾ:

*ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥*
*ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥*
*ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥*
*ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥*
*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥* *(ਪੰਨਾ ੪)*

ਜੇਕਰ ਮਨੁੱਖ ਦੀ ਸੀਮਿਤ ਚੇਤਨ ਬੁੱਧੀ ਉਸ ਸਮੇਂ ਬਾਬਤ ਨਹੀਂ ਜਾਣ ਸਕਦੀ, ਜਿਸ ਸਮੇਂ ਇਹ ਅਚਰਜ ਲੀਲ੍ਹਾ ਦੀ 'ਰਾਸ' ਪਾਈ ਗਈ ਸੀ ਤਾਂ

ਯਕੀਨਨ ਮਨੁੱਖ ਦੀ ਬੁੱਧੀ ਜਾਂ ਇਸ ਦੁਆਰਾ ਪੈਦਾ ਕੀਤੇ ਮਕਾਨਕੀ ਸਾਧਨ ਇਸ ਰਚਨਾ ਦੀ ਰਚਣ ਕਿਰਿਆ ਦੀਆਂ 'ਵਿਧੀਆਂ' ਵੀ ਨਹੀਂ ਜਾਣ ਸਕਦੇ। ਦਸਮ ਗੁਰੂ ਪਾਤਸ਼ਾਹ ਜੀ ਬੇਨਤੀ ਚੌਪਈ ਵਿਚ ਇਹੀ ਸਵਾਲ ਉਠਾਉਂਦੇ ਹਨ ਕਿ ਐਨੀ ਵੱਡੀ ਵਿਸ਼ਵ ਰਚਨਾ ਕਿਸ 'ਬਿਧਿ' ਨਾਲ ਕਿਵੇਂ ਹੋਂਦ ਵਿਚ ਆ ਗਈ? ਇਸ ਬਾਰੇ 'ਤੁਮਰਾ ਲਖਾ' ਜਾਣਿਆ ਨਹੀਂ ਜਾ ਸਕਦਾ।

ਵਿਸ਼ਵ ਰਚਨਾ ਦੀ ਕਹਾਣੀ ਲੱਖਾਂ ਵਰ੍ਹਿਆਂ ਵਿਚ ਨਹੀਂ, ਬਲਕਿ ਕਰੋੜਾਂ, ਅਰਬਾਂ, ਬੇਅੰਤ ਯੁੱਗਾਂ ਵਿਚ ਫੈਲੀ ਹੋਈ ਹੈ। ਇਹ ਮਹਾਨ ਤਾਰਾ-ਮੰਡਲ, ਸੂਰਜ-ਮੰਡਲ, ਧਰਤੀ-ਮੰਡਲ, ਹੋਰ ਮੰਡਲ ਸਭ ਕਿਵੇਂ ਹੋਂਦ ਵਿਚ ਆ ਗਏ? ਸ੍ਰਿਸ਼ਟੀ ਰਚਨਾ ਦੀ ਵਿਧੀ ਬਾਰੇ ਕਈ ਪ੍ਰਕਾਰ ਦੇ ਖਿਆਲ, ਵਿਚਾਰ ਅਤੇ ਸਿਧਾਂਤ ਹਨ। ਚਾਰਲਸ ਡਾਰਵਿਨ ਨੇ 'Origin of Species' ਅਤੇ 'Descent of Man' ਵਰਗੀਆਂ ਲਿਖਤਾਂ ਰਾਹੀਂ 'ਵਿਕਾਸਵਾਦ' ਦਾ ਸਿਧਾਂਤ ਦਿੱਤਾ। ਇਸ ਵਿਕਾਸਵਾਦ ਦੇ ਸਿਧਾਂਤ ਅਨੁਸਾਰ ਪਹਿਲਾਂ ਸਾਰੇ ਮੰਡਲ ਗੈਸਾਂ ਦੇ ਗੋਲੇ ਜਿਹੇ ਸਨ, ਜਿਨ੍ਹਾਂ ਨੂੰ 'ਨੈਬੂਲਾ' ਕਹਿੰਦੇ ਹਨ। ਇਨ੍ਹਾਂ ਗੈਸ ਗੋਲਿਆਂ ਤੋਂ ਹੌਲੀ-ਹੌਲੀ ਗ੍ਰਹਿ ਬਣੇ, ਜਿਨ੍ਹਾਂ ਵਿਚ ਇਕ ਧਰਤੀ ਵੀ ਸੀ। ਫਿਰ ਧਰਤੀ ਠੰਡੀ ਹੋ ਕੇ ਜੀਵਨ-ਵਿਕਾਸ ਦੀ ਪ੍ਰਕਿਰਿਆ ਸੂਖਮ ਸੈਲਾਂ ਆਦਿ ਤੋਂ ਸ਼ੁਰੂ ਹੋਈ। ਇਸ ਸਿਧਾਂਤ ਅਨੁਸਾਰ ਹਾਲੇ ਵੀ ਇਹ 'ਵਿਕਾਸ' ਦੀ ਪ੍ਰਕਿਰਿਆ ਜਾਰੀ ਹੈ ਅਤੇ ਇਹ ਲੱਖਾਂ ਵਰ੍ਹਿਆਂ ਸਦੀਆਂ ਦੀ ਪ੍ਰਕਿਰਿਆ ਹੈ। ਪਰੰਤੂ ਇਹ ਵਿਗਿਆਨਕ ਸਿਧਾਂਤ ਬਹੁਤ ਕੁਝ ਅਣਕਿਹਾ ਛੱਡ ਜਾਂਦਾ ਹੈ। ਚੇਤਨਤਾ ਕਿੱਥੋਂ ਆ ਗਈ? ਜਾਂ ਗੈਸ-ਗੋਲੇ ਕਿੱਥੋਂ, ਕਿਵੇਂ ਆਏ? ਅਜਿਹੇ ਹਾਲਾਤ ਹੀ ਕਿਉਂ ਬਣੇ?

ਧਰਮ ਚਿੰਤਨ ਦੇ ਖੇਤਰ ਵਿਚ ਲੱਗਭਗ ਸਭ ਮਤਾਂ ਨੇ ਇਸ ਗੁਹਜ ਕਿਰਿਆ ਬਾਬਤ ਵਿਚਾਰ ਦਿੱਤੇ ਹਨ। ਸਾਮੀ ਧਰਮ ਪਰੰਪਰਾ ਦੇ ਯਹੂਦੀ ਮਤਿ ਦੀ ਤੁਰੈਤ ਪੁਸਤਕ ਵਿਚ ਸ੍ਰਿਸ਼ਟੀ ਰਚਨਾ ਨੂੰ ਸੱਤ ਦਿਨਾਂ ਵਿਚ ਹੋਈ ਮੰਨਿਆ ਗਿਆ ਹੈ। ਇਸਲਾਮ ਅਨੁਸਾਰ ਅਲਾਹ ਦੇ 'ਕੁਨ' ਸ਼ਬਦ (ਜਿਸ ਦਾ ਭਾਵ ਹੈ - ਹੋ ਜਾ) ਕਹਿਣ ਨਾਲ ਇਹ ਸਭ ਪਸਾਰਾ ਹੋਂਦ ਵਿਚ ਆ ਗਿਆ। ਭਾਰਤੀ ਪਰੰਪਰਾ ਵਿਚ ਵੇਦਾਂ ਤੋਂ ਲੈ ਕੇ ਸ਼ੰਕਰਾਚਾਰੀਆ ਦੇ ਅਦਵੈਤਵਾਦ ਤਕ ਸ੍ਰਿਸ਼ਟੀ ਉਤਪਤੀ ਦੀਆਂ ਵਿਧੀਆਂ ਬਾਰੇ ਕਈ-ਪ੍ਰਕਾਰੀ ਵਿਆਖਿਆ ਮਿਲਦੀ ਹੈ। 'ਵੇਦਾਂ ਵਿਚ ਸ੍ਰਿਸ਼ਟੀ ਰਚਨਾ ਸਬੰਧੀ ਹੋਏ ਉਲੇਖ ਵਿਚ ਇਕਸਾਰਤਾ ਨਹੀਂ ਹੈ। ਕਦੇ ਅਗਨਿ ਤੋਂ, ਕਦੇ ਸੋਮ ਤੋਂ, ਕਦੇ ਇੰਦਰ, ਵਿਸ਼ਵਕਰਮਾ ਜਾਂ ਵਰੁਣ ਦੁਆਰਾ ਸ੍ਰਿਸ਼ਟੀ ਦੀ ਉਤਪਤੀ ਮੰਨੀ ਗਈ ਹੈ।' ਉਪਨਿਸ਼ਦਾਂ ਵਿੱਚੋਂ ਪ੍ਰਸ਼ਨ ਉਪਨਿਸ਼ਦ ਅਤੇ ਕਠ ਉਪਨਿਸ਼ਦ ਵਿਚ ਇਸ ਸਬੰਧੀ ਚੰਗਾ ਉਲੇਖ ਮਿਲਦਾ ਹੈ। ਕਠ ਉਪਨਿਸ਼ਦ ਵਿਚ ਦੱਸਿਆ ਹੈ ਕਿ ਜਿਵੇਂ ਅਗਨੀ ਇਕ ਹੁੰਦੇ ਹੋਏ ਵੀ ਅਗਨੀਕਣਾਂ ਵਿਚ ਅਨੇਕ ਰੂਪ ਵਾਲੀ ਹੋ ਜਾਂਦੀ ਹੈ,

ਤਿਵੇਂ ਪਰਮਾਤਮਾ ਇੱਕ ਹੁੰਦਾ ਹੋਇਆ ਵੀ ਅਸੰਖਾਂ ਰੂਪਾਂ ਵਾਲਾ ਹੋ ਜਾਂਦਾ ਹੈ।

ਦਾਰਸ਼ਨਿਕਾਂ ਦੁਆਰਾ ਸ੍ਰਿਸ਼ਟੀ ਰਚਨਾ ਬਾਬਤ ਉਸਾਰੇ ਗਏ ਸਿਧਾਂਤ; ਜਿਵੇਂ ਵਿਸ਼ਵ ਦਾ ਚੱਕਰਧਾਰੀ-ਸਿਧਾਂਤ, ਰੇਖਾਗਤ-ਸਿਧਾਂਤ, ਕੁੰਡਲਧਾਰੀ-ਸਿਧਾਂਤ ਆਦਿ ਰਚਨਾ-ਪ੍ਰਕਿਰਿਆ ਦੇ ਇਸ ਮਸਲੇ ਨੂੰ ਹੱਲ ਨਹੀਂ ਕਰ ਸਕੇ। ਅਸਲ ਵਿਚ ਇਹ ਇਕ ਰਹੱਸਮਈ ਕਿਰਿਆ ਹੈ।

ਗੁਰਬਾਣੀ ਵਿਚ 'ਰਚਨਾ' ਰਚੇ ਜਾਣ ਦੇ ਸਿਧਾਂਤ ਸਬੰਧੀ ਬਹੁਤ ਸਾਰੇ ਪ੍ਰਮਾਣ ਉਪਲਬਧ ਹਨ, ਜਿਨ੍ਹਾਂ ਤੋਂ ਸ੍ਰਿਸ਼ਟੀ ਰਚਨਾ ਦੀਆਂ ਵਿਧੀਆਂ ਦਾ ਗਿਆਨ ਹੁੰਦਾ ਹੈ। ਇਸ ਸਬੰਧੀ ਗੁਰਬਾਣੀ ਵਿਚ ਕਵਾਉ, ਸ਼ਬਦ, ਹੁਕਮ, ਨਾਮ, ਕਲਾ, ਓਅੰਕਾਰ, ਸਹਿਜ, ਭਾਣਾ, ਪੰਚਤਤ (ਪੰਜਤਤ) ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ:

- *ਕੀਤਾ ਪਸਾਉ ਏਕੋ ਕਵਾਉ॥* *(ਪੰਨਾ ੩)*
- *ਏਕ ਕਵਾਵੈ ਤੇ ਸਭਿ ਹੋਆ॥* *(ਪੰਨਾ ੧੦੦੩)*
- *ਉਤਪਤਿ ਪਰਲਉ ਸਬਦੇ ਹੋਵੈ॥* *(ਪੰਨਾ ੧੧੭)*
- *ਕਲਾ ਉਪਾਇ ਧਰੀ ਜਿਨਿ ਧਰਣਾ॥* *(ਪੰਨਾ ੧੦੭੧)*
- *ਸੁੰਨ ਕਲਾ ਅਪਰੰਪਰਿ ਧਾਰੀ॥* *(ਪੰਨਾ ੧੦੩੭)*
- *ਓਅੰਕਾਰਿ ਸਭ ਸ੍ਰਿਸਟਿ ਉਪਾਈ॥* *(ਪੰਨਾ ੧੦੬੧)*
- *ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ॥* *(ਪੰਨਾ ੯੩੦)*
- *ਹੁਕਮੀ ਹੋਵਨਿ ਆਕਾਰ॥* *(ਪੰਨਾ ੧)*
- *ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ...* *(ਪੰਨਾ ੭੩੬)*

ਗੁਰਮਤਿ ਦਾ 'ਹੁਕਮੀ' ਆਪਣੇ 'ਹੁਕਮ' ਤੋਂ ਅਲੱਗ ਨਹੀਂ ਹੈ ਅਤੇ ਨਾ ਹੀ 'ਕਲਾ' ਕਲਾਕਾਰ ਤੋਂ ਵੱਖਰੀ ਹੈ। 'ਸੁੰਨ' ਨੇ ਹੀ ਆਪਣੀ 'ਕਲਾ' ਆਪ 'ਧਾਰੀ' ਹੈ, ਜਿਹੜੀ ਅਤਿ 'ਅਪਰੰਪਰਿ' ਹੈ। ਉਸ ਦਾ 'ਸਬਦ', 'ਕਵਾਉ' ਜਾਂ 'ਹੁਕਮਿ', ਉਸੇ ਦਾ 'ਭਾਣਾ' ਜਾਂ 'ਇੱਛਾ' ਹੈ। 'ਪੰਚ ਤਤ', 'ਮੂਲ ਤੱਤ' ਤੋਂ ਵੱਖਰੇ ਨਹੀਂ, ਉਹ ਆਪ ਹੀ ਪੰਜ ਤੱਤ ਬਣ ਕੇ, ਜੋਤਿ ਰੂਪ ਹੋ ਕੇ ਇਨ੍ਹਾਂ ਪੰਜਾਂ ਤੱਤਾਂ ਵਿਚ 'ਨਿਵਾਜਿਆ' ਹੋਇਆ ਹੈ। ਇਹ ਸਭ ਕਿਰਿਆ ਸੁਭਾਵਿਕ (ਸਹਜਿ) ਹੀ ਵਰਤਦੀ ਹੈ:

- *ਪੰਚ ਤਤ ਰਚਿ ਜੋਤਿ ਨਿਵਾਜਿਆ॥* *(ਪੰਨਾ ੧੩੩੭)*
- *ਪੰਚ ਤਤੁ ਸੁੰਨਹੁ ਪਰਗਾਸਾ॥* *(ਪੰਨਾ ੧੦੩੮)*

ਗੁਰਬਾਣੀ ਅਨੁਸਾਰ ਅਸਲ ਵਿਚ ਇਹ ਪਸਾਰਾ ਕਿਵੇਂ ਹੋਇਆ, ਇਸ ਦਾ ਭੇਤ ਮਨੁੱਖ ਜਾਣ ਹੀ ਨਹੀਂ ਸਕਦਾ। ਉਸ ਨੇ ਆਪ ਹੀ ਸਭ ਕੁਝ ਸਾਜਿਆ ਹੈ ਤੇ ਮਾਨਵ-ਸੋਝੀ ਤੋਂ ਇਸ ਭੇਦ ਨੂੰ ਗੁਪਤ ਰੱਖਿਆ ਗਿਆ ਹੈ:

*– ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ॥* (ਪੰਨਾ ੯੫੫)

*– ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ॥* (ਪੰਨਾ ੫੫੧)

ਸ੍ਰਿਸ਼ਟੀ ਪ੍ਰਕਿਰਿਆ, ਸ੍ਰਿਸ਼ਟੀ ਦੇ ਵਿਕਾਸ-ਕ੍ਰਮ ਅਤੇ ਸ੍ਰਿਸ਼ਟੀ ਰਚਨਾ ਦੇ ਆਦਿ ਕਾਰਨ ਸਬੰਧੀ 'ਰਿਗਵੇਦ' ਵਿਚ ਤਾਂ ਇਹ ਸਵਾਲ ਵੀ ਉਠਾਇਆ ਗਿਆ ਹੈ ਕਿ ਅਜਿਹਾ ਕਿਸ ਨੇ ਕੀਤਾ ਅਤੇ ਕਿਵੇਂ ਹੋਇਆ? "ਇਸ ਸ੍ਰਿਸ਼ਟੀ ਨੂੰ ਕਿਸ ਪ੍ਰਕਾਰ ਰਚਿਆ ਗਿਆ? ਇਸ ਨੂੰ ਕਿਸ ਨੇ ਰਚਿਆ? ਇਸ ਦਾ ਜੋ ਸਵਾਮੀ ਹੈ ਉਹ ਤਾਂ ਆਪਣੇ ਨਿਵਾਸ ਸਥਾਨ ਉੱਤੇ ਹੋਵੇਗਾ, ਉਹੀ ਇਸ ਬਾਰੇ ਜਾਣਦਾ ਹੈ ਅਤੇ ਇਹ ਵੀ ਸੰਭਵ ਹੈ ਕਿ ਉਹ ਵੀ ਇਹ ਸਭ ਨਾ ਜਾਣਦਾ ਹੋਵੇ?" ਪਰੰਤੂ ਗੁਰਬਾਣੀ ਵਿਚ ਬਿੱਲਕੁਲ ਸਪੱਸ਼ਟ ਦਰਸਾਇਆ ਗਿਆ ਹੈ ਕਿ ਇਸ ਸਭ 'ਸਾਚੇ' ਤੋਂ ਹੀ ਹੋਇਆ ਹੈ, ਪਰ ਮਨੁੱਖ ਲਈ ਇਹ ਜਾਣਨਾ ਕਠਿਨ ਹੈ ਕਿ ਅਜਿਹਾ ਕਿਵੇਂ ਹੋਇਆ?

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥* (ਪੰਨਾ ੧੯)

ਪਰਮਸੱਤਾ ਇਹ ਰਚਨਾ ਆਪਣੀ 'ਮੌਜ' ਵਿਚ ਕਰਦੀ ਹੈ। ਇਸ ਨੂੰ ਬਣਾਉਣ ਦਾ ਢੰਗ ਜਿੱਥੇ ਗੁਪਤ ਹੈ, ਉਥੇ ਇਸ ਰਚਨਾ ਦਾ ਉਦੇਸ਼ ਵੀ ਲੁਪਤ ਹੈ। ਸਾਮੀ ਪਰੰਪਰਾਵਾਂ ਵਿਚ ਸ੍ਰਿਸ਼ਟੀ ਰਚਨਾ ਦੇ ਉਦੇਸ਼ (ਮਨੋਰਥ) ਬਾਬਤ ਕੋਈ ਬਹੁਤੀ ਚਰਚਾ ਨਹੀਂ ਹੋਈ। ਗੁਰਬਾਣੀ ਅਨੁਸਾਰ ਪਰਮਸਤਿ ਦੀ ਇਹ ਇੱਛਾ ਸੀ ਕਿ ਉਹ 'ਸ੍ਵੈ-ਰੂਪ' ਨੂੰ ਪ੍ਰਗਟ ਕਰੇ। ਉਸ ਨੇ ਜੀਵਾਂ ਦੇ ਉਥਾਨ ਹਿਤ (ਤਾਂ ਕਿ ਉਨ੍ਹਾਂ ਨੂੰ ਪੈਦਾ ਕਰ ਕੇ ਆਪੇ ਨਾਲ ਮਿਲਾ ਲਵੇ) ਅਜਿਹੇ ਪਰਪੰਚ ਦੀ ਮਹਾਂ ਖੇਡ ਖੇਡਣੀ ਸ਼ੁਰੂ ਕੀਤੀ। ਉਹ ਆਪ ਇਸ ਸ੍ਰਿਸ਼ਟੀ-ਰੂਪੀ ਮਹਾਨ-ਵੇਸ ਨੂੰ ਧਾਰਨ ਕਰ ਕੇ ਵਿਗਸ ਰਿਹਾ ਹੈ।

ਨਿਰੰਕਾਰ ਦੀ ਇੱਛਾ ਹੋਈ ਕਿ ਉਹ ਕੋਈ 'ਸੰਤ' (ਪੂਰਨ ਮਨੁੱਖ, ਆਦਰਸ਼ ਮਾਨਵ) ਸ਼ਖ਼ਸੀਅਤ ਨੂੰ ਪ੍ਰਗਟ ਕਰੇ। ਅਜਿਹੀ ਭਾਵਨਾ ਕਰਕੇ ਹੀ ਉਸ ਨੇ ਤ੍ਰਿਭਵਣਾਂ ਨੂੰ ਧਾਰ ਲਿਆ:

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ॥* (ਪੰਨਾ ੨੨੪)

ਹਰੀ ਦੇ ਅਨੰਤ ਮਨ ਵਿਚ ਸਿਮਰਨ ਦੀ ਚਾਹ ਪੈਦਾ ਹੋਈ, ਇਸੇ ਮਨੋਰਥ ਤਹਿਤ ਉਸ ਨੇ 'ਸਗਲ ਆਕਾਰ' ਸਿਰਜ ਦਿੱਤੇ। ਇਹ ਸਭ ਆਕਾਰ ਉਸੇ ਨੂੰ ਹੀ ਧਿਆ ਰਹੇ ਹਨ, ਕਿਉਂਕਿ 'ਸਗਲ ਆਕਾਰ' ਦਾ ਕਾਰਨ ਅਥਵਾ ਉਦੇਸ਼ ਹੀ 'ਸਿਮਰਨ' ਹੈ:

*ਹਰਿ ਸਿਮਰਨਿ ਧਾਰੀ ਸਭ ਧਰਨਾ॥*
*ਸਿਮਰਿ ਸਿਮਰਿ ਹਰਿ ਕਾਰਨ ਕਰਨਾ॥*
*ਹਰਿ ਸਿਮਰਨਿ ਕੀਓ ਸਗਲ ਅਕਾਰਾ॥* (ਪੰਨਾ ੨੬੩)

ਨਿਰਗੁਣ ਬ੍ਰਹਮ ਨੇ ਆਪਣਾ ਸ੍ਵੈ-ਰੂਪ ਵੇਖਣ ਲਈ ਸ੍ਰਿਸ਼ਟੀ ਦਾ ਸਰਗੁਣ ਸਰੀਰ ਧਾਰਿਆ ਹੈ। ਉਸ ਨੇ ਆਪਣਾ ਨਾਨਾ-ਪ੍ਰਕਾਰੀ ਵੇਸ ਬਣਾ ਲਏ ਹਨ:

- *ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ॥* *(ਪੰਨਾ ੪੩੩)*
- *ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ॥* *(ਪੰਨਾ ੪੩੪)*

'ਕਰਤਾ' ਸਾਰੇ 'ਕਾਰਜ' ਆਪਣੀ 'ਇੱਛਾ' ਨਾਲ ਹੀ ਕਰਦਾ ਹੈ। ਉਸ ਨੂੰ ਇਸ ਸਬੰਧੀ ਕਿਸੇ ਨਾਲ 'ਮਤਾ-ਮਸੂਰਤਿ' ਕਰਨ ਦੀ ਜ਼ਰਰੂਤ ਨਹੀਂ ਪੈਂਦੀ:

*ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ॥*
*ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥* *(ਪੰਨਾ ੫੩)*

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਪਰਮਸਤਿ ਨੇ ਆਪਣੀ ਰਚਨਾ, 'ਖੇਡ', 'ਲੀਲ੍ਹਾ' ਵੇਖਣ-ਵਿਖਾਉਣ ਖ਼ਾਤਰ ਪਾਈ ਹੈ, ਪਰ ਇਸ ਖੇਡੀ ਜਾ ਰਹੀ ਮਹਾਨ ਖੇਡ ਦੀ ਪ੍ਰਕਿਰਤੀ ਕੀ ਹੈ? ਕੀ ਇਹ 'ਸਤਿ' ਹੈ ਜਾਂ ਕੋਈ 'ਸੁਪਨਾ'? ਇਸ ਦੀ ਯਥਾਰਥ ਰੂਪ ਵਿਚ ਕੋਈ ਹੋਂਦ ਵੀ ਹੈ ਜਾਂ 'ਹਨ੍ਹੇਰੇ' (ਅਗਿਆਨ) ਵਿਚ ਪਈ ਰੱਸੀ, 'ਸੱਪ' ਭਾਸ ਰਹੀ ਹੈ? ਇਸ ਅਨੰਤ ਰੂਪ ਵਿਚ ਖੇਡੀ ਜਾ ਰਹੀ ਬੇਅੰਤ ਖੇਡ ਦਾ ਪਸਾਰਾ ਕਿੰਨਾ ਕੁ ਹੈ? ਕੀ ਇਸ ਦੀ ਕੋਈ ਸੀਮਾ ਹੈ? ਜਾਂ ਦੂਜੇ ਸ਼ਬਦਾਂ ਵਿਚ ਕਰਤਾਰ ਦੇ ਆਪਣੇ ਧਾਰੇ ਅਨਿਕ ਪ੍ਰਕਾਰ ਰੰਗਾਂ, ਵੇਸਾਂ ਦੇ ਚਲਿਤਾਂ ਦਾ ਕੋਈ ਆਦਿ-ਅੰਤ ਹੈ? ਅਜਿਹੇ ਸਵਾਲ ਰਚਨਾ ਦੀ ਪ੍ਰਕਿਰਤੀ, ਹੋਂਦ ਅਤੇ ਵਿਸਤਾਰ ਨਾਲ ਸਬੰਧਿਤ ਹਨ।

ਭਾਰਤੀ ਪਰੰਪਰਾ ਵਿਚ ਸ਼ੰਕਰ ਦਾ ਅਦ੍ਵੈਤਵਾਦ 'ਬ੍ਰਹਮ ਸਤਯੰ ਜਗਤ ਮਿਥਿਯੰ' ਦਾ ਨਾਹਰਾ ਲਾਉਂਦਾ ਹੈ। ਸ਼ੰਕਰਾਚਾਰੀਆ ਇਸ ਜੱਗ ਨੂੰ ਛਲ, ਮਿਥਿਆ, ਧੋਖਾ ਆਦਿ ਕਹਿੰਦਾ ਹੈ। ਗੋਚਰ ਜਗਤ ਦੀਆਂ ਸਚਾਈਆਂ ਦਾ ਪਰਮਸਤਿ ਨਾਲ ਸੰਬੰਧ ਦਰਸਾਉਣ ਲਈ ਭਾਰਤੀ ਦਰਸ਼ਨਧਾਰਾ ਮਾਇਆ ਦੇ ਸਿਧਾਂਤ ਦਾ ਸਹਾਰਾ ਲੈਂਦੀ ਹੈ, ਕਿਉਂਕਿ ਇਹ ਧਾਰਾ ਬ੍ਰਹਮ ਤੇ ਜਗਤ ਨੂੰ ਦੋ ਅੱਡਰੀਆਂ ਹਸਤੀਆਂ ਦੇ ਰੂਪ ਵਿਚ ਕਲਪਦੀ ਹੈ। ਇਸ ਅਨੁਸਾਰ ਜਗਤ ਅਤੇ ਇਸ ਦੀਆਂ ਕਿਰਿਆਵਾਂ ਤਾਂ ਸਿਰਫ਼ ਧੋਖਾ, ਝੂਠ, ਭੁਲਾਵਾ, ਭਰਮ ਹਨ, ਇਹ ਸਭ ਮਾਇਆ ਹਨ। ਇਹ ਬ੍ਰਹਮ ਦੀ ਸ਼ਕਤੀ ਨਾਲ ਪਾਇਆ 'ਜਾਲ' ਹੈ, ਪਰ ਗੁਰਮਤਿ ਵਿਚ ਜਗਤ ਨੂੰ ਮਾਇਆ ਨਹੀਂ ਕਿਹਾ ਗਿਆ। ਗੁਰਮਤਿ ਦਾ 'ਮਾਇਆ' ਸੰਕਲਪ, ਸ਼ੰਕਰ ਦੇ 'ਅਦ੍ਵੈਤਵਾਦੀ' ਮਾਇਆ ਸੰਕਲਪ ਨਾਲੋਂ ਬਿੱਲਕੁਲ ਵੱਖਰਾ ਹੈ।

ਇਹ ਜਗਤ ਪਰਪੰਚ ਇਕ ਵੱਡੇ ਕੋਠੇ ਦੀ ਨਿਆਈਂ ਹੈ, ਜਿਸ ਵਿਚ ਸੱਚਾ ਆਪ ਰਹਿੰਦਾ ਹੈ। ਐਨਾ ਹੀ ਨਹੀਂ ਬਲਕਿ ਇਸ ਜਗਤ ਦੀਆਂ ਸਭ ਨਾਨਾ-ਪ੍ਰਕਾਰੀ 'ਕੋਠੜੀਆਂ' ਉਸ ਸੱਚੇ ਦੇ ਰਹਿਣ ਲਈ ਘਰ ਹਨ। ਇਸ ਜਗਤ ਪਰਪੰਚ ਦੀਆਂ ਕੋਠੜੀਆਂ ਦੇ ਰੂਪ (ਜੀਵ, ਆਕਾਰ, ਕਿਰਿਆਵਾਂ) ਵਿਚ ਤਾਂ ਉਸ 'ਮਾਲੀ' ਨੇ

ਭਾਂਤ-ਸੁਭਾਂਤੀ, ਰੰਗਾਂ-ਰੰਗਾਂ ਦੀ 'ਵਾੜੀ' ਲਾਈ ਹੋਈ ਹੈ:

- *ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥ (ਪੰਨਾ ੪੬੩)*
- *ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ॥ (ਪੰਨਾ ੧੧੮)*
- *ਤੂੰ ਪੇਡੁ ਸਾਖ ਤੇਰੀ ਫੂਲੀ॥ ਤੂੰ ਸੂਖਮੁ ਹੋਆ ਅਸਥੂਲੀ॥ (ਪੰਨਾ ੧੦੨)*
- *ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ॥ (ਪੰਨਾ ੮੩੪)*
- *ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ॥ (ਪੰਨਾ ੪੮)*

ਜਗਤ ਪਸਾਰੇ ਦੀ ਹੋਂਦ ਤਾਂ ਪ੍ਰਤੱਖ ਹੈ, ਜ਼ਾਹਰ ਹੈ, ਪਰ ਇਹ ਵਿਵਹਾਰ ਕਾਲ (ਸਮੇਂ) ਦੀ ਸੀਮਾ ਵਿਚ ਹੀ ਸਤਿ ਹੈ। ਜਿਨ੍ਹਾਂ ਅਰਥਾਂ ਵਿਚ ਅਕਾਲ ਪੁਰਖ 'ਸਤਿ' ਹੈ, ਉਸ ਦੀ ਪੈਦਾ ਕੀਤੀ ਸ੍ਰਿਸ਼ਟੀ ਨਹੀਂ। ਇਸ ਦੀ 'ਸਤਤਾ' 'ਸਮੇਂ ਤੇ ਸਥਾਨ' ਦੇ ਬੰਧਨ ਵਿਚ ਹੈ। ਸਮੇਂ-ਸਥਾਨ (ਪੁਲਾੜ/ਕਾਲ) ਵਿਚ ਬੱਧੀ ਚੀਜ਼ ਹਮੇਸ਼ਾਂ ਨਾਮ/ਰੂਪ ਵਿਚ ਹੀ ਹੁੰਦੀ ਹੈ ਅਤੇ ਜੋ ਪਦਾਰਥ, ਵਸਤੂ ਜਾਂ ਹੋਂਦ ਪੁਲਾੜ/ਕਾਲ, ਨਾਮ/ਰੂਪ ਵਿਚ ਹੋਵੇਗੀ, ਉਸ ਦਾ ਅੰਤ ਜ਼ਰੂਰੀ ਹੈ। ਇਸ ਕਰਕੇ ਜਗਤ ਚਲਾਇਮਾਨ ਹੈ, ਇਹ 'ਹੋਂਦ' ਤਾਂ ਰੱਖਦਾ ਹੈ, ਪਰ ਸਦੀਵਕਾਲੀ ਨਹੀਂ। ਦੂਸਰੇ ਪਾਸੇ ਪਰਮਸੱਤਾ ਪੁਲਾੜ/ਕਾਲ, ਨਾਮ/ਰੂਪ ਤੋਂ ਉੱਪਰ ਦੀ ਹਸਤੀ ਹੈ, ਉਹ ਸਦੀਵ ਸਤਿ ਹੈ।

ਗੁਰਬਾਣੀ ਵਿਚ ਜਗਤ ਦੀ ਪਰਿਵਰਤਨਸ਼ੀਲਤਾ, ਅਸਥਿਰਤਾ ਜਾਂ ਅਸੱਤਤਾ ਦਰਸਾਉਣ ਲਈ ਇਸ ਨੂੰ ਪਾਣੀ ਦਾ ਬੁਦਬੁਦਾ, ਜਾਦੂਗਰ ਦਾ ਤਮਾਸ਼ਾ, ਮਿਥਿਆ, 'ਸੁਪਨਾ ਰੈਨਿ ਕਾ', 'ਧੂਏ ਕਾ ਧਵਲਹਰੁ', 'ਬਾਲੂ ਕੀ ਭੀਤਿ', ਮ੍ਰਿਗ ਤ੍ਰਿਸਨਾ, ਕੂੜ ਆਦਿ ਹੋਰ ਅਨੇਕਾਂ ਸ਼ਬਦਾਂ/ਸਮਾਸਾਂ ਦਾ ਪ੍ਰਯੋਗ ਕੀਤਾ ਗਿਆ ਹੈ:

- *ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥*
  *ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥ (ਪੰਨਾ ੧੪੨੭)*
- *ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥ (ਪੰਨਾ ੨੧੯)*
- *ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥ (ਪੰਨਾ ੮੦੮)*
- *ਇਹੁ ਜਗੁ ਧੂਏ ਕਾ ਪਹਾਰ॥*
  *ਤੈ ਸਾਚਾ ਮਾਨਿਆ ਕਿਹ ਬਿਚਾਰਿ॥ (ਪੰਨਾ ੧੧੮੬)*
- *ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥ (ਪੰਨਾ ੨੧੯)*
- *ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥ (ਪੰਨਾ ੪੬੮)*

ਹਰ ਪਲ ਪਰਿਣਾਮ (ਗਤੀਸ਼ੀਲਤਾ) ਨੂੰ ਪ੍ਰਾਪਤ ਹੋਣ ਵਾਲਾ ਜਗਤ ਭਾਵੇਂ 'ਪਾਣੀ ਦਾ ਬੁਦਬੁਦਾ' ਹੈ, ਪਰ ਖਿਨ-ਮਾਤਰ, ਥੋੜ੍ਹੇ ਚਿਰ ਲਈ ਰਹਿਣ ਵਾਲੇ ਪਾਣੀ ਦੇ 'ਬੁਦਬੁਦੇ' ਦੀ ਹੋਂਦ ਤਾਂ ਯਕੀਨੀ ਹੈ ਕਿ ਇਹ ਪਾਣੀ ਵਿੱਚੋਂ ਹੀ ਪੈਦਾ ਹੋਇਆ,

ਪਾਣੀ ਹੀ ਹੈ। ਤਰੰਗ ਦੀ ਅਉਧ ਭਾਵੇਂ ਛਿਣ-ਮਾਤਰ ਹੀ ਹੈ, ਪਰ ਇਸ ਦੀ ਅਸਤਿਤਵਤਾ (ਹੋਂਦ) ਤੋਂ ਕੋਈ ਵੀ ਮੁਨਕਰ ਨਹੀਂ। ਤਰੰਗ, ਜਲ ਵਿੱਚੋਂ ਪੈਦਾ ਹੋਈ ਜਲ ਦਾ ਰੂਪ, ਜਲ ਹੀ ਹੈ। ਜੇਕਰ ਕੋਈ ਵਿਅਕਤੀ 'ਪਾਣੀ' ਨੂੰ ਛੱਡ ਕੇ, ਇਸ 'ਤਰੰਗ' ਨੂੰ ਸਭ ਕੁਝ ਸਮਝ ਬੈਠੇ ਤਾਂ ਉਸ ਦੇ ਹੱਥ ਵਿਚ ਕੁਝ ਵੀ ਆਉਣ ਵਾਲਾ ਨਹੀਂ, ਕਿਉਂਕਿ ਇਹ ਤਾਂ ਬਾਜੀਗਰ ਨੇ ਖਿਨ-ਪਲ ਲਈ ਬਾਜੀ ਪਾਈ ਹੈ। ਅਸਲ ਵਿਚ 'ਪਾਣੀ' ਬਣ ਕੇ ਹੀ ਪਾਣੀ ਵਿਚ ਸਮਾਇਆ ਜਾ ਸਕਦਾ ਅਥਵਾ ਸੋਮੇ ਵਿਚ ਰਲ਼ਿਆ ਜਾ ਸਕਦਾ ਹੈ, ਕਿਉਂਕਿ ਤਰੰਗ ਦੀ ਸੱਤਤਾ ਪਾਣੀ ਉੱਤੇ ਨਿਰਭਰ ਹੈ। ਇਸ ਤਰ੍ਹਾਂ ਜਗਤ ਦੀ ਸਤਾ ਪਰਮਸੱਤਾ ਉੱਤੇ ਨਿਰਭਰ ਹੈ। ਇਹ ਚਲਾਇਮਾਨ ਤਰੰਗਾਂ ਤਾਂ ਹਜ਼ਾਰਾਂ ਵਾਰ, ਬੇਅੰਤ ਵਾਰ ਪਾਣੀ ਵਿੱਚੋਂ ਉੱਠਦੀਆਂ ਤੇ ਫਿਰ ਉਸੇ ਵਿਚ ਸਮਾ ਜਾਂਦੀਆਂ ਹਨ। ਇਸੇ ਕਰਕੇ ਹੀ ਗੁਰਬਾਣੀ ਨੇ ਉਪਜਦੇ-ਬਿਨਸਦੇ ਤਰੰਗ ਸਰੂਪ 'ਜਗਤ' ਨੂੰ 'ਧੂਏ ਕਾ ਧਵਲਹਰ' ਕਿਹਾ ਹੈ।

ਜਗਤ ਅਤੇ ਇਸ ਦੀ ਹਰ ਚੀਜ਼ ਤੇ ਕਿਰਿਆ ਟਿਕਾਓਹੀਣ ਸਥਿਤੀ ਵਿਚ ਹੈ। ਇਥੇ 'ਜੋ ਉਪਜਿਓ' ਸੋ ਬਿਨਸ ਜਾਣਾ ਹੈ, ਫਿਰ ਅਜਿਹੇ ਚਲਾਇਮਾਨ ਪਦਾਰਥਾਂ ਨਾਲ ਕਿਉਂ ਪ੍ਰੀਤ ਲਾਈ ਜਾਵੇ? ਪਰ ਕਿਉਂਕਿ ਜਗਤ ਸੱਚੇ ਕੀ ਸਾਚੀ ਕਿਰਤ ਹੈ, ਇਸ ਕਰਕੇ ਇਸ ਨੂੰ ਤਿਆਗਣਾ ਵੀ ਗੁਰਮਤਿ ਪ੍ਰਵਾਨ ਨਹੀਂ ਕਰਦੀ। ਜਗਤ ਦੀ ਹਰ ਸ਼ੈਅ ਵਿਚ ਦੈਵੀ ਵਿਆਪਕਤਾ ਨੂੰ ਅਨੁਭਵ ਕਰਨਾ ਹੀ ਇਸ ਦੀ ਸੱਤਤਾ ਦਾ ਲਖਾਇਕ ਹੈ, ਇਸ ਨੂੰ ਸ੍ਵੈ-ਆਧਾਰਤ ਮੰਨ (ਜਿਵੇਂ ਪਾਣੀ ਬਿਨਾਂ ਤਰੰਗ ਦੀ ਹੋਂਦ) ਜਾਂ ਅੰਤਿਮ ਸਰੋਕਾਰ ਸਮਝ ਕੇ, ਇਸ ਜਗਤ ਵਿਚ ਵਰਤਦੇ ਤ੍ਰੈਗੁਣ ਵਰਤਾਰੇ ਵਿਚ ਖੱਚਿਤ ਰਹਿਣਾ, ਇਹ 'ਕੂੜੀ ਚਾਲਿ' ਹੈ, ਇਹ 'ਦੁਰਮਤਿ ਦਰਸ਼ਨ', ਮਨਮੁਖਤਾਈ ਤੇ 'ਦੂਜਾ ਭਾਉ' ਹੈ:

*ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ॥* *(ਪੰਨਾ ੭੦੩)*

ਡਾ. ਵਜ਼ੀਰ ਸਿੰਘ ਨੇ ਉਪਰੋਕਤ ਵਿਚਾਰ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਸਮਝਾਇਆ ਹੈ ਕਿ ਬਾਣੀ ਦੀ ਭਾਵਨਾ ਦਾ ਸਾਰ ਇਹ ਹੈ ਕਿ ਜਗਤ ਹਕੀਕੀ ਤਦ ਹੈ, ਜੇਕਰ ਇਸ ਦੇ ਹਰ ਭਾਗ ਤੇ ਕੋਨੇ ਵਿਚ ਦੈਵੀ ਵਿਆਪਕਤਾ ਨੂੰ ਪ੍ਰਵਾਨ ਕੀਤਾ ਜਾਵੇ; ਉਹੀ ਜਗਤ ਕੂੜ ਤੇ ਅਸਤਿ ਹੈ, ਜੇਕਰ ਕੁਦਰਤਿ ਦੇ ਖੰਡਾਂ-ਮੰਡਲਾਂ ਵਿਚ ਅਸੀਂ ਕਾਦਰ ਨੂੰ ਵਸਿਆ-ਰਸਿਆ ਅਨੁਭਵ ਨਾ ਕਰੀਏ:

*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥* *(ਪੰਨਾ ੪੬੮)*

ਭਾਰਤੀ ਦਰਸ਼ਨਧਾਰਾ ਨੇ ਇਸ ਵਿਸ਼ਵ ਦੀ ਵਿਉਂਤ ਨੂੰ ਚਾਰ ਯੁੱਗਾਂ ਵਿਚ ਤਕਸੀਮ ਕੀਤਾ ਹੈ। ਇਹ ਯੁੱਗ ਕ੍ਰਮਵਾਰ ਸਤਿਯੁਗ, ਤ੍ਰੇਤਾ, ਦੁਆਪਰ ਤੇ ਕਲਿਯੁਗ (ਵਰਤਮਾਨ ਚਲ ਰਿਹਾ) ਹਨ। ਆਮ ਤੌਰ ਉੱਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ਼ੁਰੂ ਵਿਚ (ਜਦੋਂ ਸ੍ਰਿਸ਼ਟੀ ਸਾਜੀ ਗਈ) ਸਤਿਯੁਗ ਸ਼ੁਰੂ ਹੋਇਆ, ਫਿਰ ਤ੍ਰੇਤਾ,

ਫਿਰ ਦੁਆਪਰ ਤੇ ਫਿਰ ਕਲਿਯੁਗ। ਕਲਿਯੁਗ ਤੋਂ ਬਾਅਦ ਫਿਰ ਸਤਿਯੁਗ, ਤ੍ਰੇਤਾ... ਇਸ ਤਰ੍ਹਾਂ ਇਹ ਚੱਕਰ ਚੱਲਦਾ ਜਾਵੇਗਾ। ਭਾਰਤੀ ਚਿੰਤਕਾਂ ਨੇ ਇਸ ਗੱਲ ਨੂੰ 'ਸ੍ਰਿਸ਼ਟੀ ਵਿਕਾਸ-ਕ੍ਰਮ' ਨਾਲ ਜੋੜਨ ਦੀ ਕੋਸ਼ਿਸ਼ ਵੀ ਕੀਤੀ ਹੈ।

ਪੱਛਮੀ ਚਿੰਤਨਧਾਰਾ ਦੁਆਰਾ ਪ੍ਰਚੱਲਤ 'ਵਿਸ਼ਵ-ਉਤਪਤੀ ਦਾ ਚੱਕਰਾਧਾਰੀ ਸਿਧਾਂਤ' ਨਾਲ ਵੀ ਇਸ ਨੂੰ ਜੋੜਿਆ ਗਿਆ ਹੈ। ਪਰੰਤੂ ਪੁਰਾਣ ਸਾਹਿਤ, ਰਾਮਾਇਣ, ਮਹਾਂਭਾਰਤ ਅਤੇ ਮਨੂ-ਸਿਮਰਤੀ ਆਦਿ ਲਿਖਤਾਂ ਵਿਚ 'ਯੁੱਗਾਂ' ਦਾ ਸਪੱਸ਼ਟ ਵਰਣਨ ਹੋਇਆ ਹੈ।

ਗੁਰਬਾਣੀ ਅਨੁਸਾਰ 'ਕਰਤੇ ਦੀ ਰਚਨਾ' ਦਾ ਕਿਸੇ ਪੱਖ ਤੋਂ ਵੀ ਅੰਤ ਨਹੀਂ ਪਾਇਆ ਜਾ ਸਕਦਾ। ਸ੍ਰਿਸ਼ਟੀ ਨੂੰ 'ਯੁੱਗਾਂ' ਵਿਚ ਤਕਸੀਮ ਕਰਨਾ, ਇਸ ਨੂੰ 'ਸੀਮਾਬੱਧ' ਕਰਨਾ ਹੈ। ਗੁਰਮਤਿ ਅਨੁਸਾਰ ਯੁਗ ਮਨ ਦੀਆਂ ਵਿਸ਼ੇਸ਼ ਹਾਲਤਾਂ (ਅਵਸਥਾਵਾਂ) ਹਨ। ਮਨੁੱਖ ਦੀ ਸ਼ੁਭ/ਅਸ਼ੁਭ ਕਰਨੀ ਤੇ ਸੋਚਣੀ ਹੀ ਉਸ ਨੂੰ ਸਤਿਯੁਗੀ/ਕਲਿਯੁਗੀ ਬਣਾਉਂਦੀ ਹੈ। 'ਕਲਿਯੁਗ' ਕਿਸੇ ਵਿਸ਼ੇਸ਼ ਸਮੇਂ, ਸਥਾਨ ਜਾਂ ਕਿਸੇ 'ਚਕ੍ਰ-ਚਿਹਨ' ਵਾਲੀ ਸ਼ਖ਼ਸੀਅਤ ਦਾ ਨਾਂ ਨਹੀਂ, ਬਲਕਿ ਇਹ ਮਤਵਾਲਾ ਮਨ ਹੀ ਕਲਿਯੁਗ ਹੈ, ਜਿਹੜਾ ਝੂਠੀ ਮਾਇਆ ਵਿਚ ਫਸ ਕੇ ਪਦਾਰਥਾਂ, ਸੁਆਦਾਂ ਵਿਚ ਖੱਚਿਤ ਹੈ। 'ਕਲਿਯੁਗ' ਦੇ ਸਬੰਧ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਕਟਾਕਸ਼ ਭਰਿਆ ਸ਼ਬਦ ਹੈ:

*ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥*
*ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥੧॥*
*ਜੀਵਨ ਤਲਬ ਨਿਵਾਰਿ॥*
*ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ॥੧॥ ਰਹਾਉ॥*
*ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ॥*
*ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ॥੨॥*

*(ਪੰਨਾ ੯੦੨)*

'ਜੁਗ', 'ਜੀਅ' ਵਿਚ ਖੇਡਦਾ ਹੈ। 'ਜੁਗ' ਮਨ ਵਿਚ ਹੈ (ਮਨ ਦੀ ਅਵਸਥਾ, ਬਿਰਤੀ, ਸੋਚਣੀ ਹੈ), ਫਿਰ ਥਾਂ-ਸਮੇਂ ਦਾ ਕੀ ਅਰਥ ਹੋਇਆ, ਥਾਵ ਕੈਸੇ? ਕਲਿ ਇਕ 'ਲਖਣ', ਨਿਸ਼ਾਨੀ, ਇਕ 'ਵੀਚਾਰਿ' (ਵਿਚਾਰਧਾਰਾ, ਗਲਤ ਸੋਚਣੀ) ਹੈ। ਭਾਰਤੀ ਵਿਚਾਰਧਾਰਾ ਵਾਲੇ ਕਲਿਯੁਗ ਬਾਰੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਕਿਸੇ ਦੇਸ਼ ਜਾਂ ਤੀਰਥਾਂ ਆਦਿ ਉੱਤੇ ਆਇਆ ਸੁਣਿਆ ਵੀ ਨਹੀਂ, ਕਿਤੇ ਉਸ ਦਾ ਥਾਂ-ਟਿਕਾਣਾ (ਮਹਲ) ਉਸਾਰਿਆ ਵੀ ਨਹੀਂ ਦੇਖਿਆ। ਹੋਰ ਤਾਂ ਹੋਰ ਦਿਨ-ਰਾਤ, ਚੰਦ, ਸੂਰਜ-ਤਾਰੇ ਆਦਿਕ ਵੀ ਉਹੀ ਹੁਣ ਚੜ੍ਹਦੇ ਹਨ, ਜਿਹੜੇ ਸੁਣਿਆ ਸੀ ਪਹਿਲਾਂ (ਸਤਿਯੁਗ, ਤ੍ਰੇਤਾ ਆਦਿਕ ਵਿਚ) ਚੜ੍ਹਦੇ ਰਹੇ ਸਨ।

ਦਿਨ ਹੁਣ ਵੀ ਉਵੇਂ ਹੀ ਗਰਮੀਆਂ ਵਿਚ 'ਤਪਤ' ਦੇ ਨੇ, ਪਉਣ ਦੇ ਝੁਲਣ ਵਿਚ ਵੀ ਕੋਈ ਫ਼ਰਕ ਨਹੀਂ ਪਿਆ, ਫਿਰ ਕਿਵੇਂ ਕਹਿ ਦੇਈਏ ਕਲਿਯੁਗ ਆ ਗਿਆ?... ਅਸਲ ਕਲਿਯੁਗ ਤਾਂ ਧੱਕੇਸ਼ਾਹੀ ਹੈ। ਕਲਿਯੁਗ ਦੇ ਲੱਛਣ ਤਾਂ ਇਹ ਹਨ ਕਿ ਚੰਗੇ ਕੰਮ ਕਰਨ ਵਾਲਾ ਖੁਆਰ ਹੋਵੇ, ਮਿਹਨਤ ਮਜ਼ਦੂਰੀ ਕਰ ਕੇ ਖਾਣ ਵਾਲਾ ਭੁੱਖਾ ਰਹੇ, ਰੱਬ ਦੇ ਪਿਆਰਿਆਂ ਦੀ ਬਦਨਾਮੀ ਹੋਵੇ। ਇਸ ਤਰ੍ਹਾਂ ਗੁਰਮਤਿ ਅਨੁਸਾਰ ਸੋਈ ਜਗਤ ਵਿਚ ਭਲਾ ਹੈ ਜਿਹੜਾ 'ਨਾਉ' ਨੂੰ ਵਿਸਾਰੇ ਨਾ ਅਤੇ ਉਹੀ 'ਭੈੜਾ' ਹੈ, ਜਿਹੜਾ 'ਨਾਉ' ਵਿਸਾਰ ਦੇਵੇ। 'ਨਾਉ' ਵਿਸਾਰਨ ਵਾਲਾ ਹੀ ਦੁਹੇਲਾ, ਸਾਕਤ, ਮਨਮੁਖਿ ਜਾਂ 'ਕਲਿਯੁਗੀ' ਹੈ ਅਤੇ ਨਾਉਂ ਜਪਣ ਵਾਲਾ ਹੀ ਸੁਹੇਲਾ, ਗੁਰਮੁਖਿ ਜਾਂ 'ਸਤਿਯੁਗੀ' ਹੈ:

– *ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ॥* *(ਪੰਨਾ ੯੬੪)*

– *ਸੋਈ ਦਿਵਸੁ ਭਲਾ ਮੇਰੇ ਭਾਈ॥ ਹਰਿ ਗੁਨ ਗਾਇ ਪਰਮ ਗਤਿ ਪਾਈ॥*

*(ਪੰਨਾ ੩੯੫)*

ਸੋ ਸਪੱਸ਼ਟ ਹੈ ਕਿ ਜਗਤ ਨੂੰ ਵੰਡਿਆ ਨਹੀਂ ਜਾ ਸਕਦਾ। ਪੁਰਾਣ ਗ੍ਰੰਥ ਜਦੋਂ ਸ੍ਰਿਸ਼ਟੀ ਦੇ ਸਰੂਪ ਦਾ ਕਥਨ ਕਰਦੇ ਹਨ ਤਾਂ ਸਮੁੱਚੇ ਬ੍ਰਹਿਮੰਡ ਨੂੰ ਚੌਦਾਂ ਲੋਕਾਂ ਵਿਚ ਵੰਡਦੇ ਹਨ। ਇਸਲਾਮ ਵਿਚ ਅਠਾਰਾਂ ਹਜ਼ਾਰ ਤਬਕਾਂ ਦੀ ਗੱਲ ਕੀਤੀ ਜਾਂਦੀ ਹੈ।

ਗੁਰਬਾਣੀ ਵਿਚ ਸ੍ਰਿਸ਼ਟੀ ਸਰੂਪ ਦੇ ਵਿਸ਼ਲੇਸ਼ਣ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਗੁਰਮਤਿ ਅਨੁਸਾਰ ਜੇ ਕਰਤਾ ਅਸੀਮ ਹੈ ਤਾਂ ਉਸ ਦੀ ਕਿਰਤ ਵੀ ਅਸੀਮ ਹੈ। ਇਸ ਨੂੰ ਚਾਰ ਯੁੱਗਾਂ ਜਾਂ ਅਠਾਰਾਂ ਹਜ਼ਾਰ ਤਬਕਾਂ ਆਦਿ ਵਿਚ ਵੰਡਿਆ ਨਹੀਂ ਜਾ ਸਕਦਾ। ਅਸਲ ਵਿਚ ਸ਼ੁਰੂ ਤੋਂ ਹੀ ਮਨੁੱਖੀ ਚੇਤਨਾ ਵਿਚ ਇਹ ਸਵਾਲ ਉੱਠਦਾ ਰਿਹਾ ਹੈ ਕਿ ਕੀ ਇਸ ਅਸੀਮ ਪਸਾਰੇ ਨੂੰ ਤੋਲਿਆ, ਮਿਣਿਆ ਜਾਂ ਸੰਪੂਰਨ ਤੌਰ ਉੱਤੇ ਜਾਣਿਆ ਜਾ ਸਕਦਾ ਹੈ? ਕੀ ਇਸ ਪਸਾਰੇ ਦੀ ਕੋਈ ਸੀਮਾ ਹੈ? ਜੇਕਰ ਇਸ ਦੀ ਕੋਈ ਨਿਸ਼ਚਿਤ ਸੀਮਾ ਹੈ ਤਾਂ ਸੀਮਾ ਤੋਂ ਅੱਗੇ ਕੀ ਹੋਵੇਗਾ? ਪ੍ਰਾਚੀਨ ਕਾਲ ਦੀ ਮਾਨਵ-ਚੇਤਨਾ ਧਰਤੀ ਜਾਂ ਇਸ ਦੇ ਆਲੇ-ਦੁਆਲੇ ਤਕ ਹੀ ਸੀਮਤ ਸੀ, ਉਸ ਸਮੇਂ ਮਨੁੱਖ ਦੀ ਧਾਰਨਾ ਸੀ ਕਿ ਧਰਤੀ ਚਪਟੀ ਹੈ ਅਤੇ ਇਸ ਦੇ ਕਿਨਾਰੇ ਹਨ, ਇਸੇ ਕਰਕੇ ਸਮੁੰਦਰਾਂ ਦੇ ਤੈਰਾਕ, ਮਛੇਰੇ, ਜਲ ਬੇੜੇ, ਕਿਸ਼ਤੀਆਂ ਆਦਿ ਧਰਤੀ ਦੇ ਨਾਲ-ਨਾਲ ਰਹਿੰਦੇ ਸਨ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸਮੁੰਦਰ ਵਿਚ ਦੂਰ ਚਲੇ ਗਏ ਤਾਂ ਕਿਨਾਰਿਆਂ ਤੋਂ ਹੇਠਾਂ ਪਾਤਾਲ ਵਿਚ ਡਿੱਗ ਜਾਣਗੇ। ਇਸ ਤਰ੍ਹਾਂ ਸੁਰਗ-ਲੋਕ, ਦੇਵ-ਲੋਕ, ਨਰਕ-ਲੋਕ ਆਦਿ ਲੋਕਾਂ, ਪੁਰੀਆਂ ਆਦਿ ਕਲਪਿਤ ਕਿਆਸਾਰਾਈਆਂ ਨਾਲ ਪੁਰਾਤਨ ਸਾਹਿਤ ਭਰੇ ਪਏ ਹਨ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਧਾਰਮਿਕ ਪਰੰਪਰਾਵਾਂ ਨੇ ਵੀ ਵਿਸ਼ਵ-ਵਿਰਾਟਤਾ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣਾਂ ਤੋਂ ਦਰਸਾਇਆ ਹੈ। ਵਿਗਿਆਨ ਵੀ ਆਪਣੀਆਂ ਵਿਕਸਿਤ ਪ੍ਰਣਾਲੀਆਂ

ਰਾਹੀਂ ਬ੍ਰਹਿਮੰਡ ਦੀ ਖੋਜ ਕਰ ਰਿਹਾ ਹੈ, ਪਰ ਇਸ ਸਭ ਕੁਝ ਦੇ ਬਾਵਜੂਦ, ਇਹ ਸਭ ਕੋਸ਼ਿਸ਼ਾਂ ਵਿਸ਼ਵ-ਵਿਸ਼ਾਲਤਾ ਅੱਗੇ ਐਨੀਆਂ ਤੁੱਛ-ਮਾਤਰ ਹਨ ਕਿ ਜਿਉਂ-ਜਿਉਂ ਮਨੁੱਖ ਇਸ ਦੀ 'ਥਾਹ' ਪਾਉਣ ਦੀ ਕੋਸ਼ਿਸ਼ ਵਿਚ ਹੋਰ ਅਗੇਰੇ ਜਾ ਰਿਹਾ ਹੈ, ਇਹ ਵਿਰਾਟਤਾ ਕਈ ਗੁਣਾ ਹੋਰ ਵਧੇਰੇ ਵਿਸ਼ਾਲ ਨਜ਼ਰ ਆ ਜਾਂਦੀ ਹੈ। ਵਿਗਿਆਨ ਦੇ ਮੁਹਾਵਰੇ ਵਿਚ ਬੇਸ਼ੁਮਾਰ ਅਣੂ-ਪਰਮਾਣੂਆਂ ਦੇ ਸੰਜੋਗ ਨਾਲ ਬਣਿਆ ਇਹ ਭੌਤਿਕ ਪਸਾਰਾ ਇਤਨਾ ਵਿਸ਼ਾਲ ਅਤੇ ਬੇਅੰਤ ਹੈ ਕਿ ਅਸੀਂ ਇਸ ਬਾਰੇ ਕਲਪਨਾ ਕਰਨ ਤੋਂ ਵੀ ਅਸਮਰੱਥ ਹਾਂ।

ਗੁਰਬਾਣੀ ਵਿਚ ਇਸ ਭੌਤਿਕ ਪਸਾਰੇ ਨੂੰ 'ਏਕਤਾ' ਅਤੇ 'ਅਸੀਮਤਾ' ਦੇ ਸਰੂਪ ਵਜੋਂ ਵੇਖਿਆ ਗਿਆ ਹੈ। ਵਿਸ਼ਵ ਅਤੇ ਇਸ ਦੀ ਬਹੁਭਾਂਤੀ ਕਿਰਿਆ ਦੀ ਅਸੀਮਤਾ ਦਰਸਾਉਣ ਲਈ ਗੁਰਬਾਣੀ ਵਿਚ ਅਸੰਖ, ਲਖ, ਸਹਸ, ਅਣਗਿਣਤ, ਕੇਤੇ, ਕਈ,ਕੋਟਿ, ਬੇਅੰਤ, ਅਨੰਤ, ਨਾ ਪਾਰਾਵਾਰ, ਅਮੁਲ ਆਦਿ ਕਈ ਸ਼ਬਦ ਵਰਤੇ ਗਏ ਹਨ।

ਕਰਤੇ ਦੀ ਕਿਰਤ ਵਿਚ ਜੰਤਾਂ, ਵਣਿ, ਤ੍ਰਿਣਿ, ਰੰਗਾ, ਨਸਲਾਂ, ਨਾਵਾਂ-ਥਾਵਾਂ ਦਾ ਕੋਈ ਪਾਰਾਵਾਰ ਨਹੀਂ। ਜਪੁ ਜੀ ਸਾਹਿਬ ਦੀ ੩੫ਵੀਂ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਬੇਅੰਤ ਪਸਾਰੇ ਅਤੇ ਇਸ ਦੇ ਅਣਗਿਣਤ ਲੋਆਂ, ਕਿਰਿਆਵਾਂ, ਜੀਆਂ, ਆਕਾਰਾਂ ਨੂੰ 'ਕੇਤੇ' ਸ਼ਬਦ ਵਰਤ ਕੇ ਇਵੇਂ ਦਰਸਾਇਆ ਹੈ:

*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ...*
*ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥* (ਪੰਨਾ ੭)

ਇਸ ਅਸਗਾਹ ਸ੍ਰਿਸ਼ਟੀ ਸਾਗਰ ਵਿਚ ਕਿੰਨੇ ਕੁ ਖੰਡ-ਮੰਡਲ ਪਾਤਾਲ ਹਨ, ਇਹ ਗਿਣਤੀਆਂ-ਮਿਣਤੀਆਂ ਦੇ ਲਖ਼ਾਇਕ ਨਹੀਂ:

- *ਖੰਡ ਪਤਾਲ ਅਸੰਖ ਮੈ ਗਣਤ ਨ ਹੋਈ॥* (ਪੰਨਾ ੧੨੮੩)
- *ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥* (ਪੰਨਾ ੫)
- *ਕਈ ਕੋਟਿ ਅਕਾਸ ਬ੍ਰਹਮੰਡ॥* (ਪੰਨਾ ੨੭੬)

ਜਿਵੇਂ ਪਰਮਸਤਿ ਦੀ 'ਸੱਤਤਾ' ਅਤੇ 'ਜਗਤ ਸੱਤਤਾ' ਦੇ ਅਰਥਾਂ ਵਿਚ ਭਿੰਨਤਾ ਹੈ, ਇਸੇ ਤਰ੍ਹਾਂ ਪਰਮਸਤਿ ਦੀ ਅਸੀਮਤਾ ਦੇ ਮੁਕਾਬਲਤਨ ਜਗਤ ਦੀ ਅਸੀਮਤਾ ਦੇ ਅਰਥਾਂ ਵਿਚ ਭਿੰਨਤਾ ਹੈ। ਰਚਨਾ ਮਨੁੱਖੀ ਪੱਧਰ ਉੱਤੇ ਬਹੁਤ ਜ਼ਿਆਦਾ ਵਿਸ਼ਾਲ ਹੈ, ਪਰ ਨਿਰੰਕਾਰ ਪੱਧਰ ਉੱਤੇ ਇਹ ਸ਼ਾਇਦ ਇੱਕ ਕਿਣਕੇ ਤੋਂ ਵੀ ਜ਼ਿਆਦਾ ਨਾ ਹੋਵੇ, ਜਿਵੇਂ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਨਿਰੰਕਾਰ ਦੇ ਇੱਕ-ਇੱਕ ਰੋਮ ਵਿਚ ਕ੍ਰੋੜਾਂ-ਕ੍ਰੋੜਾਂ ਬ੍ਰਹਿਮੰਡ ਵਾਸਾ ਕਰਦੇ ਹਨ:

*ਸਾਸਿ ਗਿਰਾਸਿ ਸਮਾਲਦਾ ਕਰ ਬ੍ਰਹਮੰਡ ਕਰੋੜਿ ਸੁਮਾਰਾ।*
*ਰੋਮ ਰੋਮ ਵਿਚਿ ਰਖਿਓਨੁ ਓਅੰਕਾਰ ਅਕਾਰੁ ਵਿਥਾਰਾ।* (ਵਾਰ ੮:੨)

ਨਿਰੰਕਾਰ ਇਕ ਅਸਗਾਹ 'ਦਰੀਆਉ' ਹੈ, ਜਿਸ 'ਵਿਚ' ਇਹ ਪਾਣੀ-ਰੂਪੀ ਆਕਾਰ ਦਾ ਪ੍ਰਵਾਹ ਵਹਿ ਰਿਹਾ ਹੈ:

*ਤੂੰ ਦਰੀਆਉ ਸਭ ਤੁਝ ਹੀ ਮਾਹਿ॥* *(ਪੰਨਾ ੧੧)*

ਬੇਅੰਤ 'ਦਰੀਆਉ' ਵਿਚ ਵਹਿ ਰਿਹਾ ਅਨਿਕ-ਪ੍ਰਕਾਰੀ ਪਾਣੀ, ਮਾਇਆ ਨਹੀਂ, ਇਹ ਯਥਾਰਥ ਹੋਂਦ ਹੈ, ਸਤਿ ਹੈ, ਸੱਚਾ ਹੈ, ਪਰ ਇਹ ਲਗਾਤਾਰ ਵਹਿ ਰਿਹਾ ਹੈ, ਤੁਰੀ ਜਾ ਰਿਹਾ ਹੈ। ਇਸ ਪਾਣੀ ਰੂਪੀ ਸ੍ਰਿਸ਼ਟੀ ਦੇ ਅਣਗਿਣਤ ਚਲਿਤ, ਰੂਪ ਰੰਗ, ਨਾਵ-ਥਾਵ ਹਨ। ਇਸ ਮਹਾਨ ਪਸਾਰੇ ਵਿਚ ਨਾਨਾ-ਪ੍ਰਕਾਰੀ ਜੀਆਂ-ਜੰਤਾਂ, ਉਨ੍ਹਾਂ ਦੀਆਂ ਬੋਲੀਆਂ, ਸੁਭਾਅ, ਨਾਦ ਹਨ। 'ਕਿਰਤ' ਦਾ ਹੋਂਦ ਕਾਰਨ ਕਿਉਂਕਿ 'ਸਿਮਰਨ' ਹੈ, ਇਸ ਕਰਕੇ ਇਹ ਸਭ ਕੁਝ ਉਸੇ ਨੂੰ ਗਾ ਰਹੇ ਹਨ। ਇਸ 'ਚਲਣ' ਦੇ ਬੇਅੰਤ ਪ੍ਰਕਾਰੀ ਰੰਗ-ਰੂਪ, ਨਾਵ-ਥਾਵ, ਨਾਦ-ਸਾਜ ਮਨੁੱਖ ਨੂੰ ਵਿਸਮਾਦਿਤ ਕਰ ਦਿੰਦੇ ਹਨ, ਜਿਸ ਨੂੰ ਫ਼ਲਸਫ਼ੇ ਵਿਚ 'ਕੁਦਰਤ-ਰਹੱਸਵਾਦ' ਜਾਂ ਸਾਹਿਤ ਵਿਚ ਸੁਹਜਵਾਦ ਕਹਿੰਦੇ ਹਨ। ਮਾਨਵ ਇਸ ਕਿਰਿਆ ਨੂੰ ਮਾਣ ਕੇ ਅਨੰਦ ਅਨੁਭਵ ਕਰਦਾ ਹੈ ਅਤੇ ਉਸ ਦੀ ਆਤਮਿਕ ਉੱਨਤੀ ਵਿਚ 'ਸੁਹਜ' ਇਕ ਸਾਧਨ ਬਣ ਜਾਂਦਾ ਹੈ। ਇਸ ਚੱਲ ਰਹੇ ਅਤੁੱਟ ਪ੍ਰਵਾਹ ਦੀ ਗਣਤ ਵੀ ਓਹੀ ਗਿਣਦਾ ਹੈ ਜਿਸ ਨੇ ਇਸ ਸਭ ਨੂੰ 'ਸਿਰੇ ਸਿਰਿ ਧੰਦੇ' ਲਾਇਆ ਹੋਇਆ ਹੈ। ਇਸ ਵੱਡੇ 'ਗਗਨ ਥਾਲ' ਵਿਚ ਚੰਦਾਂ-ਸੂਰਜਾਂ-ਤਾਰਿਆਂ ਦੇ ਅਣਗਿਣਤ ਦੀਵੇ ਉਸੇ ਦੀ 'ਆਰਤੀ' ਉਤਾਰ ਰਹੇ ਹਨ। ਸਾਰੀ ਬਨਸਪਤੀ ਦੀ ਸੁਗੰਧਿ ਇਕ ਮਹਾਨ 'ਧੂਪ' ਹੈ।

ਸਮੁੱਚੀ ਰਚਨਾ ਦਾ ਕਣ-ਕਣ ਉਸ ਨੂੰ ਅਨਿਕ-ਪ੍ਰਕਾਰੀ ਢੰਗਾਂ ਨਾਲ ਗਾ ਰਿਹਾ ਹੈ। ਕਾਇਨਾਤ ਦੀ ਹਰ ਹਰਕਤ, ਹਰ ਕਿਰਿਆ ਉਸ ਦਾ ਰਾਗ ਅਲਾਪਦੀ ਹੈ। ਸਭ ਵਣਿ, ਪੰਖੇਰੂ ਉਸੇ ਨੂੰ ਸਿਮਰਦੇ ਹਨ:

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*

*(ਪੰਨਾ ੧੨੬੫)*

ਜੋਗੀ, ਸੰਨਿਆਸੀ, ਜਪੀ-ਤਪੀ, ਵਣਿ-ਤ੍ਰਿਣਿ, ਦੀਪ-ਲੋਅ, ਸਾਗਰ, ਖੰਡ, ਮੰਡਲ, ਬ੍ਰਹਮੇ-ਬਿਸਨ-ਮਹੇਸ਼, ਪਉਣ-ਪਾਣੀ-ਅਗਨਿ, ਨਾਦ-ਵੇਦ-ਪੁਰਾਣ, ਜੀਅ-ਜੰਤ, ਪਹਾੜ-ਰੁੱਖ, ਰਾਤ-ਦਿਨ-ਰੁੱਤਾਂ, ਸੂਰਜ-ਚੰਦ-ਆਕਾਸ਼, ਰੂਪ-ਰੰਗ 'ਸਭ' ਉਸ ਨੂੰ ਗਾ ਰਹੇ ਹਨ, ਪਰ ਹਰ ਇਕ ਦੇ ਗਾਉਣ ਦਾ ਢੰਗ, ਉਸ ਦੀ 'ਸਿਮਰਨ ਵਿਧੀ' ਵੱਖੋ-ਵੱਖ ਹੈ। ਹਰ ਇਕ ਆਕਾਰ ਨੇ ਆਪਣੀ 'ਧਾਤੁ' ਦੇ ਆਧਾਰ 'ਤੇ ਆਪਣਾ 'ਨਾਉ' ਧਾਰਿਆ ਹੈ, ਇਸੇ ਕਰਕੇ ਕਿਸੇ ਵੀ ਆਕਾਰਮਈ ਜੀਵ-ਜੰਤ ਜਾਂ ਪਦਾਰਥ ਦੀ ਰੂਪ-ਰੰਗਤਾ ਆਪਸ ਵਿਚ ਨਹੀਂ ਮਿਲਦੀ, ਉਨ੍ਹਾਂ ਦਾ ਕਾਰ-ਵਿਹਾਰ, ਬੋਲ-ਚਾਲ ਅਤੇ ਸਿਮਰਨ ਤਰੀਕਾ ਸਭ ਆਪਣੇ ਢੰਗ ਦਾ ਹੈ।

'ਪਉਣ', ਸਾਡੀ ਮਨੁੱਖੀ ਸ਼ਬਦਾਵਲੀ ਵਿਚ 'ਵਗ' ਰਹੀ ਹੈ, 'ਪਾਣੀ' ਸਾਡੇ

ਅਨੁਸਾਰ 'ਵਹਿ' ਜਾਂ 'ਚੱਲ' ਰਿਹਾ ਹੈ, ਅਗਨਿ 'ਜਲ' ਰਹੀ ਹੈ... ਪਰ ਗੁਰਬਾਣੀ ਦੀ ਵਿਚਾਰਧਾਰਾ ਵਿਚ ਇਹ ਸਭ ਉਸੇ ਪ੍ਰਭੂ ਦੀ ਕੀਰਤੀ ਨੂੰ 'ਗਾ' ਰਹੇ ਹਨ। ਮਨੁੱਖ ਦੇ ਗਾਉਣ ਢੰਗ ਨਾਲੋਂ, ਇਨ੍ਹਾਂ ਦੇ ਗਾਉਣ ਦਾ 'ਤਰੀਕਾ' ਹੋਰ ਹੈ। ਪਉਣ ਦਾ 'ਵਗਣਾ' ਹੀ ਉਸ ਦਾ 'ਸਿਮਰਨ' ਹੈ, ਅਗਨਿ ਦਾ 'ਜਲਣਾ' ਹੀ ਉਸ ਦਾ 'ਗਾਉਣਾ' ਹੈ। ਅਕਾਸ਼ੀ ਨਛੱਤਰਾਂ ਦੀ 'ਭੈ' ਵਿਚ 'ਪ੍ਰਕਰਮਾ' ਹੀ ਉਨ੍ਹਾਂ ਦੀ ਪ੍ਰਭੂ 'ਅਰਾਧਣਾ' ਹੈ। ਇਸ ਤਰ੍ਹਾਂ ਹਰ ਕਿਰਿਆ ਹੀ 'ਸਿਮਰਨ' ਕਰ ਰਹੀ ਹੈ:

*ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ...*
*ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥...*
*ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥* *(ਪੰਨਾ ੬)*

ਧਰਤੀ ਦੇ ਵਸਨੀਕ ਇਨਸਾਨ ਵੀ ਉਸੇ ਨੂੰ ਆਪਣੇ-ਆਪਣੇ ਤਰੀਕਿਆਂ ਨਾਲ ਅਰਾਧ ਰਹੇ ਹਨ। ਰਚਨਾ ਦੇ ਅਨਿਕ-ਪ੍ਰਕਾਰੀ ਕੌਤਕਾਂ, ਅਸਚਰਜਮਈ ਖੇਡਾਂ ਨੂੰ ਦੇਖ ਕੇ ਆਪਣੇ-ਆਪਣੇ ਤਰੀਕੇ ਨਾਲ ਧਿਆਉਂਦੇ (ਗਾਉਂਦੇ ਹਨ) ਹਨ:

*ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥ ...*
*ਗਾਵੈ ਕੋ ਵੇਖੈ ਹਾਦਰਾ ਹਦੂਰਿ॥* *(ਪੰਨਾ ੧)*

ਮਾਰੂ ਸੋਲਹਿਆਂ ਵਿਚ ਇਸ ਵਿਸ਼ਾਲ ਪੱਧਰ ਉੱਤੇ ਹੋ ਰਹੇ 'ਸਿਮਰਨ-ਕਾਰਜ' ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਿਸਤਰਿਤ ਰੂਪ ਵਿਚ ਦਰਸਾਇਆ ਹੈ:

*ਸਿਮਰੈ ਧਰਤੀ ਅਰੁ ਆਕਾਸਾ॥ ...*
*ਅਲਖੁ ਨ ਲਖੀਐ ਇਕੁ ਖਿਨਾ॥* *(ਪੰਨਾ ੧੦੭੮-੭੯)*

ਇਸ ਬੇਅੰਤ ਚਲਿਤਾਂ ਦੇ ਅਨਦ-ਬਿਨੋਦੀ ਵੱਜ ਰਹੇ ਨਾਦ ਨਾਲ ਇਕਸੁਰ ਹੋ ਕੇ ਇਨ੍ਹਾਂ ਵਿੱਚੋਂ ਵਾਹਿਗੁਰੂ ਦਾ ਨਾਦ ਸੁਣਨਾ ਉੱਤਮ ਮਨੁੱਖੀ ਕਰਮ ਹੈ, ਇਨ੍ਹਾਂ ਨੂੰ ਧੋਖਾ ਜਾਂ ਮਾਇਆ ਕਹਿ ਕੇ ਭਾਂਜਵਾਦੀ ਬਣਨਾ ਨਹੀਂ। ਇਹ ਜਗਤ ਕਰਮ-ਭੂਮੀ ਹੈ, ਰਣਭੂਮੀ ਹੈ, ਮਾਇਆ ਜਾਂ ਛਲਾਵਾ ਨਹੀਂ।

ਗੁਰਮਤਿ 'ਵਿਸ਼ਵ-ਦ੍ਰਿਸ਼ਟੀਕੋਣ' ਦੀ ਸਭ ਤੋਂ ਵੱਡੀ ਵਿਸ਼ੇਸ਼ਤਾ 'ਕਰਤੇ' ਤੇ 'ਕਿਰਤ' ਦੀ ਇਕਰੂਪਤਾ ਵਿਚ ਹੈ। 'ਸ੍ਰਿਸ਼ਟੀ' ਅਤੇ ਇਸ ਨੂੰ ਬਣਾਉਣ ਵਾਲਾ ਦੋ ਨਹੀਂ, ਇਕ ਹੀ ਹਨ। 'ਰਚਨਾ' ਤੇ 'ਰਚਨਾਕਾਰ' ਨੂੰ ਦੋ ਅੱਡਰੀਆਂ ਸ਼ਖ਼ਸੀਅਤਾਂ ਦੇ ਰੂਪ ਵਿਚ ਵੇਖਣਾ ਦ੍ਵੈਤਵਾਦ ਹੈ, ਇਹੀ ਬਿਪਰ ਪਰੰਪਰਾ ਹੈ ਕਿ ਉਹ ਸ੍ਰਿਸ਼ਟੀ ਤੋਂ ਵੱਖਰਾ 'ਬ੍ਰਹਮ' ਪੁਰਸ਼ ਰੂਪ ਵਿਚ ਕਲਪਦੀ ਹੈ। ਗੁਰਮਤਿ ਅਨੁਸਾਰ ਵਾਹਿਗੁਰੂ ਨੇ ਆਪਣੇ ਆਪ ਨੂੰ ਹੀ ਸ੍ਰਿਸ਼ਟੀ ਦੇ ਸਥੂਲ ਰੂਪ ਵਿਚ ਪ੍ਰਗਟ ਕੀਤਾ ਹੈ, ਉਹ ਆਪ ਹੀ ਸਭ ਕੁਝ ਹੈ:

*ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ॥* *(ਪੰਨਾ ੫੧)*

■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਵਾਗਵਨ ਤੇ ਮੁਕਤੀ ਦਾ ਸਿਧਾਂਤ

*-ਸ. ਵਰਿਆਮ ਸਿੰਘ**

ਗੁਰਬਾਣੀ ਵਿਚ ਜੀਵ ਦੀ ਉਤਪਤੀ ਪਰਮਾਤਮਾ ਦੇ ਹੁਕਮ ਦੁਆਰਾ ਮੰਨੀ ਗਈ ਹੈ। ਹੁਕਮ ਦੁਆਰਾ ਹੀ ਉਹ ਇਸ ਸੰਸਾਰ ਵਿਚ ਆਉਂਦਾ ਹੈ ਅਤੇ ਹੁਕਮ ਅਨੁਸਾਰ ਹੀ ਜਾਂਦਾ ਹੈ। ਅੱਗੋਂ-ਪਿੱਛੋਂ ਹਰ ਪਾਸਿਓਂ ਉਹ ਹੁਕਮ ਵਿਚ ਸਮਾਇਆ ਹੋਇਆ ਹੈ:

*ਹੁਕਮੇ ਆਵੈ ਹੁਕਮੇ ਜਾਇ॥ ਆਗੈ ਪਾਛੈ ਹੁਕਮਿ ਸਮਾਇ॥ (ਪੰਨਾ ੧੫੧)*

ਗਉੜੀ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੰਬੰਧੀ ਕੁਝ ਜ਼ਰੂਰੀ ਪ੍ਰਸ਼ਨ ਕੀਤੇ ਹਨ। ਜੰਮਣ-ਮਰਨ ਵਾਲਾ ਇਹ ਜੀਵ ਕਿੱਥੋਂ ਆਉਂਦਾ ਹੈ ਅਤੇ ਕਿਸ ਵਿਚ ਸਮਾ ਜਾਂਦਾ ਹੈ। ਇਹ ਕਿਵੇਂ ਸੰਸਾਰਕ ਬੰਧਨਾਂ ਵਿਚ ਬੰਨ੍ਹਿਆ ਜਾਂਦਾ ਹੈ ਅਤੇ ਇਹ ਉਨ੍ਹਾਂ ਤੋਂ ਮੁਕਤੀ ਪ੍ਰਾਪਤ ਕਿਵੇਂ ਕਰਦਾ ਹੈ ਅਤੇ ਅੰਤ ਵਿਚ ਇਹ ਕਿਸ ਤਰ੍ਹਾਂ ਉਸ ਪਰਮਾਤਮਾ ਵਿਚ ਸਮਾ ਜਾਂਦਾ ਹੈ?

*ਜਾਤੋ ਜਾਇ ਕਹਾ ਤੇ ਆਵੈ॥ ਕਹ ਉਪਜੈ ਕਹ ਜਾਇ ਸਮਾਵੈ॥*
*ਕਿਉ ਬਾਧਿਓ ਕਿਉ ਮੁਕਤੀ ਪਾਵੈ॥ ਕਿਉ ਅਬਿਨਾਸੀ ਸਹਜਿ ਸਮਾਵੈ॥*
*(ਪੰਨਾ ੧੫੨)*

ਇਨ੍ਹਾਂ ਸੁਆਲਾਂ ਦਾ ਜੁਆਬ ਗੁਰੂ ਜੀ ਆਪ ਹੀ ਅੱਗੇ ਦਿੰਦੇ ਹਨ ਕਿ ਜੀਵ ਸਹਿਜ ਹੀ ਆਉਂਦਾ ਹੈ ਅਤੇ ਸਹਿਜ ਹੀ ਜਾਂਦਾ ਹੈ। ਇਹ ਮਨ ਦੇ ਇਨ੍ਹਾਂ ਸੰਕਲਪਾਂ-ਵਿਕਲਪਾਂ ਤੋਂ ਉਤਪੰਨ ਹੁੰਦਾ ਹੈ; ਅੰਤ ਵਿਚ ਆਤਮ-ਸਰੂਪ ਦਾ ਗਿਆਨ ਹੋ ਜਾਣ ਤੇ ਮਨ ਵਿਚ ਹੀ ਸਮਾ ਜਾਂਦਾ ਹੈ। ਗੁਰੂ ਦੇ ਉਪਦੇਸ਼ ਦੁਆਰਾ ਜੀਵ ਮੁਕਤ ਹੋ ਜਾਂਦਾ ਹੈ ਅਤੇ ਸ਼ਬਦ ਦੇ ਵਿਚਾਰ ਦੁਆਰਾ ਉਹ ਫਿਰ ਬੰਧਨ ਵਿਚ ਨਹੀਂ ਪੈਂਦਾ:

*ਸਹਜੇ ਆਵੈ ਸਹਜੇ ਜਾਇ॥ ਮਨ ਤੇ ਉਪਜੈ ਮਨ ਮਾਹਿ ਸਮਾਇ॥*
*ਗੁਰਮੁਖਿ ਮੁਕਤੋ ਬੰਧੁ ਨ ਪਾਇ॥ ਸਬਦੁ ਬੀਚਾਰਿ ਛੁਟੈ ਹਰਿ ਨਾਇ॥ (ਪੰਨਾ ੧੫੨)*

ਜੀਵ ਦੇ ਦੋ ਮੁੱਖ ਪਹਿਲੂ, ਆਤਮਾ ਅਤੇ ਸਰੀਰ ਮੰਨੇ ਗਏ ਹਨ। ਗੁਰਬਾਣੀ ਵਿਚ ਆਤਮਾ ਨੂੰ ਪਰਮਾਤਮਾ ਦੀ ਅੰਸ਼ ਮੰਨਿਆ ਗਿਆ ਹੈ:

*- ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥*
*(ਪੰਨਾ ੧੧੫੩)*
*- ਕਹੁ ਕਬੀਰ ਇਹੁ ਰਾਮ ਕੀ ਅੰਸੁ॥ (ਪੰਨਾ ੮੭੧)*

**ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ। ਮੋ: ੯੮੧੪੮-੯੮੩੬੫*

*- ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥*
*ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥* *(ਪੰਨਾ ੪੨੧)*

ਗੁਰਬਾਣੀ ਅਨੁਸਾਰ ਇਸ ਸੁਨਹਿਰੀ ਦੇਹ ਵਿਚ ਨਿਰਮਲ ਹੰਸ ਅਰਥਾਤ ਪਵਿੱਤਰ ਆਤਮਾ ਦਾ ਨਿਵਾਸ ਹੈ, ਜਿਸ ਵਿਚ ਪਰਮਾਤਮਾ ਦਾ ਅੰਸ਼ ਵਿਦਮਾਨ ਹੈ:

*ਕੰਚਨ ਕਾਇਆ ਨਿਰਮਲ ਹੰਸੁ॥*
*ਜਿਸੁ ਮਹਿ ਨਾਮੁ ਨਿਰੰਜਨ ਅੰਸੁ॥* *(ਪੰਨਾ ੧੨੫੬)*

ਬਾਵਜੂਦ ਅਭੇਦਤਾ ਦੇ ਵਰਤੇ ਗਏ ਅਲੰਕਾਰਾਂ ਤੇ ਦ੍ਰਿਸ਼ਟਾਂਤਾਂ ਦੇ ਗੁਰਬਾਣੀ ਵਿਚ ਆਤਮਾ ਅਤੇ ਪਰਮਾਤਮਾ ਵਿਚ ਮਾਮੂਲੀ ਫ਼ਰਕ ਵੀ ਦੱਸਿਆ ਗਿਆ ਹੈ ਜਿਵੇਂ ਜਲ ਅਤੇ ਜਲ ਤਰੰਗ ਇਕ ਵੀ ਹਨ ਅਤੇ ਵੱਖੋ-ਵੱਖ ਵੀ, ਇਸੇ ਤਰ੍ਹਾਂ ਹੀ ਆਤਮਾ ਅਤੇ ਪਰਮਾਤਮਾ ਹੈ। ਸਾਗਰ ਵਿਚ ਲਹਿਰ, ਦਰਿਆ ਅਤੇ ਚਸ਼ਮਾ ਜਿਵੇਂ ਇਕ ਵੀ ਹਨ ਤੇ ਵੱਖ-ਵੱਖ ਵੀ, ਇਸੇ ਤਰ੍ਹਾਂ ਹੀ ਜੀਵ-ਆਤਮਾ ਅਤੇ ਅਕਾਲ ਪੁਰਖ ਕਹੇ ਜਾ ਸਕਦੇ ਹਨ। ਸ੍ਰੀ ਗੁਰੂ ਨਾਨਕ ਸ਼ਬਦ ਰਤਨਾਕਰ ਅਨੁਸਾਰ ਆਤਮਾ ਪਰਮਾਤਮਾ ਦੀ ਅੰਸ਼ ਹੈ। ਇਸ ਲਈ ਇਹ ਸਤ, ਚਿਤ, ਅਨੰਦ ਸਰੂਪ ਹੈ, ਇਹ ਅਜਰ ਅਤੇ ਅਮਰ ਨਿਤ ਹੈ। ਇਹ ਆਤਮਾ ਕਦੀ ਨਹੀਂ ਮਰਦੀ। ਇਸ ਨੂੰ ਅੱਗ ਸਾੜ ਨਹੀਂ ਸਕਦੀ। ਪਾਣੀ ਅਤੇ ਬਰਫ਼ ਇਸ ਨੂੰ ਗਾਲ ਨਹੀਂ ਸਕਦੀ। ਨਾ ਇਹ ਜੰਮਦੀ ਹੈ, ਨਾ ਇਹ ਮਰਦੀ ਹੈ। ਗੁਰਬਾਣੀ ਅਨੁਸਾਰ :

*ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥*
*ਨਾ ਇਹੁ ਬੂਢਾ ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥*
*ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥*
*(ਪੰਨਾ ੮੬੮)*

ਇਸ ਨੂੰ ਮਰਨ-ਰਹਿਤ ਕਿਹਾ ਗਿਆ ਹੈ:

*ਮਰਣਹਾਰੁ ਇਹੁ ਜੀਅਰਾ ਨਾਹੀ॥* *(ਪੰਨਾ ੧੮੮)*

ਜੀਵ ਦਾ ਦੂਸਰਾ ਮੁੱਖ ਪਹਿਲੂ ਸਰੀਰ ਹੈ ਜੋ ਪੰਜ ਤੱਤਾਂ ਦਾ ਬਣਿਆ ਹੋਇਆ ਹੈ:

*- ਪੰਚ ਤਤੁ ਮਿਲਿ ਕਾਇਆ ਕੀਨੀ॥* *(ਪੰਨਾ ੧੦੩੦)*
*- ਪੰਚ ਤਤੁ ਮਿਲਿ ਇਹੁ ਤਨੁ ਕੀਆ॥* *(ਪੰਨਾ ੧੦੩੯)*

ਸੋ ਗੁਰਬਾਣੀ ਅਨੁਸਾਰ ਸਰੀਰ ਪੰਜਾਂ ਤੱਤਾਂ ਦਾ ਪੁਤਲਾ ਹੈ। ਅੱਗ, ਪਾਣੀ, ਧਰਤੀ, ਹਵਾ ਅਤੇ ਅਕਾਸ਼ ਨਾਲ ਸਰੀਰ ਦਾ ਸਥੂਲ ਢਾਂਚਾ ਬਣਿਆ ਹੋਇਆ ਹੈ। ਜੀਵਨ ਸਮੇਂ ਇਸ ਸਰੀਰ ਵਿਚ ਜੀਵ-ਆਤਮਾ ਨਿਵਾਸ ਕਰਦੀ ਹੈ:

*ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥*
*(ਪੰਨਾ ੩੦੯)*

ਕਾਇਆ ਦਾ ਸਰੀਰ ਇਕ ਨਗਰ ਦੀ ਤਰ੍ਹਾਂ ਹੈ ਜਿਸ ਵਿਚ ਸੁਆਮੀ ਆਪ ਵੱਸ ਰਿਹਾ ਹੈ:

*ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ॥*
*(ਪੰਨਾ ੨੨੦)*

ਪਰੰਤੂ ਜਿੱਥੇ ਆਤਮਾ ਸਦੀਵੀ ਹੈ, ਅਮਰ ਹੈ, ਉਥੇ ਇਹ ਸਰੀਰ ਨਾਸ਼ਮਾਨ ਹੈ। ਇਹ ਇਕ ਅਜਿਹੇ ਕਾਗਜ਼ ਦੀ ਤਰ੍ਹਾਂ ਹੈ ਜਿਸ ਉੱਪਰ ਪਾਣੀ ਦੀ ਬੂੰਦ ਪੈਣ 'ਤੇ ਉਹ ਗਲ ਕੇ ਢੇਰੀ ਹੋ ਜਾਂਦਾ ਹੈ:

*ਦੇਹੀ ਕਾਚੀ ਕਾਗਦ ਮਿਕਦਾਰਾ॥*
*ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ॥* *(ਪੰਨਾ ੧੦੪੮)*

ਮਰਨ ਉਪਰੰਤ ਇਹ ਪੰਜੇ ਤੱਤ ਜਗਤ-ਵਿਆਪੀ ਤੱਤਾਂ ਵਿਚ ਫੇਰ ਸਮਾ ਜਾਂਦੇ ਹਨ:

*ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ॥* *(ਪੰਨਾ ੬੩)*

ਭਗਤ ਰਵਿਦਾਸ ਜੀ ਅਨੁਸਾਰ ਇਹ ਸਰੀਰ ਤਾਂ ਘਾਹ ਦੀ ਛੱਪਰੀ ਵਾਂਗਰਾਂ ਹੈ, ਘਾਹ ਸੜ ਗਿਆ ਤੇ ਮਿੱਟੀ ਹੋ ਗਿਆ:

*ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥*
*ਜਲਿ ਗਇਓ ਘਾਸੁ ਰਲਿ ਗਇਓ ਮਾਟੀ॥* *(ਪੰਨਾ ੭੯੪)*

ਸ੍ਰੀ ਗੁਰੂ ਤੇਗ ਬਹਾਦਰ ਜੀ ਸਰੀਰ ਦੀ ਨਾਸ਼ਮਾਨਤਾ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹਨ :

*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥* *(ਪੰਨਾ ੭੨੬)*

ਇਸ ਤਰ੍ਹਾਂ ਤਾਂ ਇਹ ਸਿੱਧ ਹੁੰਦਾ ਹੈ ਕਿ ਜੀਵ ਦੇ ਦੋ ਮੁੱਖ ਪਹਿਲੂ ਆਤਮਾ ਅਤੇ ਸਰੀਰ ਹਨ ਅਤੇ ਜਿੱਥੇ ਆਤਮਾ ਅਮਰ ਹੈ, ਉਥੇ ਸਰੀਰ ਨਾਸ਼ਮਾਨ ਹੈ।

ਹਿੰਦੂ ਮਤ ਦੇ ਪ੍ਰਾਚੀਨ ਵਿਦਵਾਨਾਂ ਨੇ ਜੀਵਾਂ ਦੀਆਂ ਜੂਨਾਂ ੮੪ ਲੱਖ ਮੰਨੀਆਂ ਹਨ ਅਰਥਾਤ ੮੪ ਲੱਖ ਪ੍ਰਕਾਰ ਦੇ ਜੀਵ ਹਨ। ਇਨ੍ਹਾਂ ਵਿੱਚੋਂ ਨੌਂ ਲੱਖ ਜਲ ਵਾਸੀ, ਦਸ ਲੱਖ ਪੌਣ ਵਿਚ ਉੱਡਣ ਵਾਲੇ ਪੰਛੀ ਆਦਿ, ਵੀਹ ਲੱਖ ਸਥਿਤ ਰਹਿਣ ਵਾਲੇ ਬ੍ਰਿਛ ਆਦਿ, ਗਿਆਰਾਂ ਲੱਖ ਪੇਟ ਦੇ ਬਲ ਚੱਲਣ ਵਾਲੇ, ਤੀਹ ਲੱਖ ਚੌਪਾਏ ਅਤੇ ਚਾਰ ਲੱਖ ਕਿਸਮ ਦੇ ਮਨੁੱਖ ਜਾਤ ਦੇ ਜੀਵ ਹਨ ਜਿਨ੍ਹਾਂ ਵਿਚ ਬਾਂਦਰ, ਬਨਮਾਨਸ ਆਦਿ ਸਭ ਆ ਜਾਂਦੇ ਹਨ।

ਗੁਰਬਾਣੀ ਵਿਚ ਇਨ੍ਹਾਂ ਜੂਨਾਂ ਦੀ ਇਸ ਤਰ੍ਹਾਂ ਦੀ ਵੰਡ ਦੇ ਵੇਰਵੇ ਜਾਂ ਵਿਸਥਾਰ ਉਪਲਬਧ ਨਹੀਂ ਹੁੰਦੇ ਪਰੰਤੂ ਇਨ੍ਹਾਂ ਦੀ ਕੁੱਲ ਗਿਣਤੀ ਚੌਰਾਸੀ ਲੱਖ ਦਾ ਜ਼ਿਕਰ ਆਇਆ ਹੈ:

*ਲਖ ਚਉਰਾਸੀਹ ਜੋਨਿ ਸਬਾਈ॥* *(ਪੰਨਾ ੧੦੨੫)*

ਭਾਈ ਗੁਰਦਾਸ ਜੀ ਇਸ ਪ੍ਰਥਾਏ ਇੰਵ ਜ਼ਿਕਰ ਕਰਦੇ ਹਨ:

*ਚਉਰਾਸੀਹ ਲਖ ਜੋਨਿ ਵਿਚਿ ਜਲੁ ਥਲੁ ਮਹੀਅਲੁ ਤ੍ਰਿਭਵਣ ਸਾਰਾ।*
*ਇਕਸੁ ਇਕਸੁ ਜੋਨਿ ਵਿਚਿ ਜੀਅ ਜੰਤ ਅਗਣਤ ਅਪਾਰਾ।* (ਵਾਰ ੮:੨)

ਸ੍ਰਿਸ਼ਟੀ ਦੇ ਕੁੱਲ ਜੀਵਾਂ ਤੋਂ ਮਨੁੱਖ ਅਧਿਕ ਸਮਝਦਾਰ ਅਤੇ ਮਹੱਤਵਪੂਰਨ ਹੈ।

ਭਾਈ ਜੋਧ ਸਿੰਘ ਅਨੁਸਾਰ ਜਿੰਦ ਅਤੇ ਚੇਤਨਤਾ ਤਾਂ ਸ੍ਰਿਸ਼ਟੀ ਵਿਚ ਘੱਟ-ਵੱਧ ਕਈ ਰੂਪਾਂ ਵਿਚ ਦਿੱਸਦੀਆਂ ਹਨ, ਪਰ ਮਨੁੱਖੀ ਖੋਜ ਦਾ ਸਿੱਟਾ ਇਹ ਹੈ ਕਿ ਜਿੰਨੀ ਪੂਰਨਤਾ ਨੂੰ ਇਹ ਮਨੁੱਖ ਦੇਹੀ ਵਿਚ ਪੁੱਜੀਆਂ ਹਨ ਓਨੀ ਪੂਰਨਤਾ ਕਿਸੇ ਹੋਰ ਦੇਹੀ ਵਿਚ ਨਹੀਂ। ਮਨੁੱਖ ਨੂੰ ਇਸ ਧਰਤੀ ਦਾ ਸਰਦਾਰ ਕਿਹਾ ਗਿਆ ਹੈ:

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥* (ਪੰਨਾ ੩੭੪)

ਦੇਵੀ-ਦੇਵਤੇ ਵੀ ਇਸ ਦੇਹੀ ਨੂੰ ਸਿਮਰਦੇ ਅਰਥਾਤ ਇਹਨੂੰ ਹਾਸਲ ਕਰਨ ਲਈ ਤਰਸਦੇ ਹਨ:

*ਇਸ ਦੇਹੀ ਕਉ ਸਿਮਰਹਿ ਦੇਵ॥* (ਪੰਨਾ ੧੧੫੯)

ਗੁਰਬਾਣੀ ਅਨੁਸਾਰ :

*ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥* (ਪੰਨਾ ੭੫੧)

ਸਿਰੀਰਾਗੁ ਦੇ ਪਹਿਰਿਆਂ ਦੇ ਅੰਤਰਗਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਜੀਵਨ-ਅਵਧੀ ਨੂੰ ਵੱਖੋ-ਵੱਖ ਛੇ ਹਿੱਸਿਆਂ ਵਿਚ ਵੰਡਿਆ ਹੈ। ਇਨ੍ਹਾਂ ਵਿੱਚੋਂ ਚਾਰ ਹਿੰਦੂ ਧਰਮ ਵਾਲੇ ਪ੍ਰਸਿੱਧ ਆਸ਼ਰਮ ਹੀ ਹਨ। ਪਰ, ਬਾਕੀ ਦੀਆਂ ਦੋ ਅਵਸਥਾਵਾਂ ਗਰਭ ਅਤੇ ਮਰਨ ਗੁਰੂ ਜੀ ਦੀ ਨਵੀਂ ਕਲਪਨਾ ਹੈ। ਗਰਭ ਅਵਸਥਾ ਤੋਂ ਨਿਵਿਰਤ ਹੋ ਕੇ ਬਾਲ ਅਵਸਥਾ, ਜਵਾਨ ਅਵਸਥਾ, ਅਧਖੜ ਅਵਸਥਾ, ਬ੍ਰਿਧ ਅਵਸਥਾ ਤੋਂ ਮਨੁੱਖ ਮਰਨ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਅੰਤ ਵਿਚ ਪੱਕੇ ਹੋਏ ਖੇਤ ਨੂੰ ਕੱਟਣ ਵਾਲਾ ਯਮਰਾਜ ਆ ਪਹੁੰਚਦਾ ਹੈ ਅਤੇ ਬਿਨਾਂ ਕਿਸੇ ਨੂੰ ਪਤਾ ਲੱਗੇ ਮਨੁੱਖ ਨੂੰ ਪਕੜ ਕੇ ਲੈ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਮਾਝ ਰਾਗ ਵਿਚ ਮਨੁੱਖ ਦਾ ਜੀਵਨ ਦਸ ਅਵਸਥਾਵਾਂ ਵਿਚ ਵੰਡਦੇ ਹਨ, ਜਿਸ ਅਨੁਸਾਰ ਦਸਵੀਂ ਅਵਸਥਾ ਵਿਚ ਪਹੁੰਚ ਕੇ ਉਹ ਸੜ ਕੇ ਸੁਆਹ ਹੋ ਜਾਂਦਾ ਹੈ। ਇਹ ਚਿਤਰਨ ਆਯੂ ਦੇ ਕਿਸੇ ਨਿਸ਼ਚਿਤ ਕਰਮ ਅਨੁਸਾਰ ਨਹੀਂ ਹੁੰਦੇ ਕੇਵਲ ਭਾਵਨਾਤਮਕ ਢੰਗ ਨਾਲ ਮਨੁੱਖ ਦੀ ਸੰਸਾਰਕ ਯਾਤਰਾ ਸਬੰਧੀ ਇਨ੍ਹਾਂ ਅਵਸਥਾਵਾਂ ਦਾ ਚਿਤਰਨ ਹੈ ਅਤੇ ਇਸ ਦਾ ਅੰਤਮ ਉਦੇਸ਼ ਪੱਕਾ ਕਰਨਾ ਹੈ ਕਿ ਮੌਤ ਅਟੱਲ ਹੈ। ਗੁਰਬਾਣੀ ਇਸ ਬਾਰੇ ਮਨੁੱਖ ਨੂੰ ਸੁਚੇਤ ਕਰਦੀ ਹੈ :

*ਭਾਈ ਰੇ ਇਉ ਸਿਰਿ ਜਾਣਹੁ ਕਾਲੁ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥* (ਪੰਨਾ ੫੫)

ਸ੍ਰੀ ਗੁਰੂ ਨਾਨਕ ਦੇਵ ਜੀ ਗੁਰਬਾਣੀ ਵਿਚ ਫ਼ਰਮਾਉਂਦੇ ਹਨ ਕਿ ਇਹ ਮਰਨਾ

ਸਭਨਾਂ ਲਈ ਅਟੱਲ ਹੈ:

*ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥* (ਪੰਨਾ ੫੯੫)

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ :

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥* (ਪੰਨਾ ੧੪੨੯)

ਜੋ ਵੀ ਉਪਜਦਾ ਹੈ ਕਾਲ ਦੁਆਰਾ ਉਸ ਦਾ ਸੰਘਾਰ ਕੀਤਾ ਜਾਂਦਾ ਹੈ:

*ਜੋ ਉਪਜੈ ਸੋ ਕਾਲਿ ਸੰਘਾਰਿਆ॥* (ਪੰਨਾ ੨੨੭)

ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਮਨੁੱਖ ਸ਼ੁਰੂ ਤੋਂ ਹੀ ਮਰਨ ਲਿਖਾ ਕੇ ਇਸ ਮੰਡਲ ਵਿਚ ਆਉਂਦਾ ਹੈ:

*ਮਰਣੁ ਲਿਖਾਇ ਮੰਡਲ ਮਹਿ ਆਏ॥ ਕਿਉ ਰਹੀਐ ਚਲਣਾ ਪਰਥਾਏ॥*

(ਪੰਨਾ ੧੦੨੨)

ਮੌਤ ਕਦੋਂ ਕਿਸ 'ਤੇ ਵਾਪਰੇਗੀ, ਇਸ ਬਾਰੇ ਕੋਈ ਨਹੀਂ ਜਾਣਦਾ, ਇਹ ਕਾਲ ਦਾ ਅਟੱਲ ਨਿਯਮ ਹੈ ਅਤੇ ਇਹ ਕਿਸੇ ਨੂੰ ਪੁੱਛ ਕੇ ਉਸ 'ਤੇ ਵਾਰ ਨਹੀਂ ਕਰਦਾ:

*ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ॥*
*ਇਕਨ੍ਹੀ ਲਦਿਆ ਇਕਿ ਲਦਿ ਚਲੇ ਇਕਨ੍ਹੀ ਬਧੇ ਭਾਰ॥* (ਪੰਨਾ ੧੨੪੪)

ਸੋ ਮੌਤ ਅਟੱਲ ਹੈ। ਪਰ ਇਹ ਮੌਤ ਕੀ ਹੈ। ਜੀਵ-ਆਤਮਾ ਦੀ ਇਸ ਪੰਜ ਭੂਤਕ ਸਰੀਰ ਨੂੰ ਤਿਆਗ ਦੇਣ ਦੀ ਅਵਸਥਾ ਆਮ ਸ਼ਬਦਾਂ ਵਿਚ ਮੌਤ ਕਹਿਲਾਉਂਦੀ ਹੈ। ਇਹ ਸਰੀਰ, ਮਿੱਟੀ, ਪਾਣੀ, ਅਗਨੀ, ਹਵਾ ਦਾ ਮੇਲ ਹੈ ਤੇ ਇਸ ਵਿਚ ਬੁੱਧੀ ਦਾ ਪ੍ਰਕਾਸ਼ ਹੈ। ਇਹ ਇਕ ਅਜਿਹੀ ਮਸ਼ੀਨ ਹੈ ਜੋ ਪ੍ਰਾਣਾਂ ਦੇ ਆਸਰੇ ਚੱਲਦੀ ਹੈ ਤੇ ਅਕਾਲ ਪੁਰਖ ਦੀ ਜੋਤ ਦਾ ਜ਼ਹੂਰ ਹੈ। ਮੌਤ ਸਮੇਂ ਮਰਦਾ ਕੀ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ॥*
*ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥* (ਪੰਨਾ ੧੫੨)

ਪ੍ਰੋ. ਸ਼ੇਰ ਸਿੰਘ ਅਨੁਸਾਰ ਇਹ ਸਰੀਰ ਤਾਂ ਪਉਣ, ਪਾਣੀ, ਅਗਨੀ ਆਦਿ ਦਾ ਮੇਲ ਹੈ ਤੇ ਸੁਰਤ-ਬਾਦ ਅਹੰਕਾਰ (ਮਾਨਸਿਕ ਪੱਖ) ਸਰੀਰ ਤੋਂ ਆਤਮਾ ਦੇ ਪ੍ਰਸਪਰ ਸੰਬੰਧ ਤੋਂ ਪੈਦਾ ਹੁੰਦਾ ਹੈ ਤੇ ਸਰੀਰ ਦੇ ਨਾਲ ਹੀ ਨਾਸ਼ ਹੋ ਜਾਂਦਾ ਹੈ। ਪਰੰਤੂ ਆਤਮਾ, ਬ੍ਰਹਮ ਜੋਤਿ ਜੰਮਦੀ-ਮਰਦੀ ਨਹੀਂ ਤੇ ਇਹੋ ਹੀ ਮਨੁੱਖ ਵਿਚ ਅਸਲ ਤੱਤ ਹੈ।

ਇਹ ਜੀਵ-ਆਤਮਾ ਜੋ ਰਾਮ ਦੀ ਅੰਸ਼ ਹੋਣ ਕਰਕੇ 'ਅਮਰ' ਤੇ ਅਬਿਨਾਸ਼ੀ ਹੈ, ਜੋ ਸਰੀਰ ਨਾਲ ਖ਼ਤਮ ਨਹੀਂ ਹੋਈ, ਉਸ ਨਾਲ ਮੌਤ ਉਪਰੰਤ ਕੀ ਵਾਪਰਦਾ ਹੈ? ਹੁਣ ਅਸੀਂ ਇਸ ਉੱਪਰ ਵਿਚਾਰ ਕਰਾਂਗੇ।

ਗੁਰਬਾਣੀ ਅਨੁਸਾਰ ਇਸ ਦੀਆਂ ਦੋ ਗਤੀਆਂ ਜਾਂ ਅਵਸਥਾਵਾਂ ਸਾਡੇ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਪਹਿਲੀ ਹੈ, ਜਦ ਜੀਵ-ਆਤਮਾ ਆਪਣੇ ਸ਼ੁੱਧ ਆਪੇ

ਦੀ ਪਹਿਚਾਣ ਕਰ ਜਾਂਦੀ ਹੈ ਤਾਂ ਉਹ ਇਸ ਜੰਮਣ-ਮਰਨ ਦੀ ਕਿਰਿਆ ਤੋਂ ਛੁਟਕਾਰਾ ਪਾ ਜਾਂਦੀ ਹੈ ਅਤੇ ਆਪਣੇ ਮੂਲ ਸੋਮੇ ਵਿਚ ਸਮਾ ਜਾਂਦੀ ਹੈ।

ਪਰੰਤੂ ਜੋ ਜੀਵ-ਆਤਮਾ ਇਸ ਪਰਮ ਆਤਮਾ ਇਸ ਪਰਮ ਆਦਰਸ਼ ਨੂੰ ਪ੍ਰਾਪਤ ਨਹੀਂ ਕਰ ਸਕਦੀ ਉਸ ਨੂੰ ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ, ਹੋਰ ਜੂਨਾਂ ਵਿਚ ਜਨਮ ਲੈਣਾ ਪੈਂਦਾ ਹੈ ਜਿਸ ਨੂੰ ਆਵਾਗਵਨ ਜਾਂ ਆਵਾਗਮਨ ਕਹਿੰਦੇ ਹਨ। ਇਸ ਆਵਾਗਵਨ ਦਾ ਕਾਰਨ 'ਹਉਮੈ' ਕਿਹਾ ਜਾਂਦਾ ਹੈ।

ਡਾ. ਤਾਰਨ ਸਿੰਘ ਅਨੁਸਾਰ 'ਹਉਮੈ ਇਕ ਅਜਿਹਾ ਪਰਦਾ ਹੈ ਜੋ ਵਿਅਕਤੀ ਦੀ ਆਤਮਾ ਪਾਸੋਂ ਸ਼੍ਰੋਮਣੀ ਹਕੀਕਤ ਦੀ ਦ੍ਰਿਸ਼ਟੀ ਜਾਂ ਅਨੁਭਵ ਨੂੰ ਪਰੇਡੇ ਰੱਖਦਾ ਹੈ। ਹਉਮੈ ਭਾਵ ਆਤਮਾ ਨੂੰ ਕਰਮਾਂ ਨਾਲ ਜੋੜ ਦਿੰਦਾ ਹੈ, ਕਰਮ ਹਉਮੈ ਨਾਲ ਹੋਣ ਕਰਕੇ ਝੂਠੇ ਜਾਂ ਅਪੂਰਨ ਹੁੰਦੇ ਹਨ ਅਤੇ ਇਸ ਤਰ੍ਹਾਂ ਜੰਮਣ ਅਤੇ ਮਰਨ ਦਾ ਚੱਕਰ ਚੱਲ ਪੈਂਦਾ ਹੈ, ਜਿਸ ਨੂੰ ਆਵਾਗਵਨ ਕਹਿੰਦੇ ਹਨ।'

ਜੀਵ-ਆਤਮਾ ਅਸਲੋਂ ਤਾਂ ਪੂਰਨ ਪਰਮਾਤਮਾ ਦੀ ਕਿਰਨ ਹੈ, ਪਰੰਤੂ ਜਦ ਇਹ ਮਾਨਸਿਕ ਅਤੇ ਸਰੀਰਿਕ ਹਨੇਰੇ ਵਿਚ ਕੈਦ ਹੁੰਦੀ ਹੈ ਤਾਂ ਆਪਣੇ ਸੋਮੇ ਨੂੰ ਤੇ ਆਪਣੇ ਸੁਭਾਅ ਨੂੰ ਭੁੱਲ ਜਾਂਦੀ ਹੈ। ਗਿ. ਸਰਦੂਲ ਸਿੰਘ ਕਵੀਸ਼ਰ ਅਨੁਸਾਰ—

"ਇਹ ਭੁੱਲ ਚੁਕੀ ਜੀਵ-ਆਤਮਾ ਮਨ ਕਹਿਲਾਉਂਦੀ ਹੈ, ਜੋ ਦ੍ਰਿਸ਼ਟਮਾਨ ਸੰਸਾਰ ਵਿਚ ਕਰਮ ਕਰਨ ਵਾਲੀ ਆਤਮਾ ਹੈ।"

'ਓਅੰਕਾਰ' ਬਾਣੀ ਵਿਚ ਗੁਰੂ ਜੀ ਨੇ ਮਨ ਰੂਪੀ ਪੰਛੀ ਨੂੰ ਸਰੀਰ ਰੂਪੀ ਬ੍ਰਿਛ ਉੱਤੇ ਨਿਵਾਸ ਕਰਦਾ ਦੱਸਿਆ ਹੈ। ਉਸ ਬ੍ਰਿਛ ਉੱਤੇ ਇਕ ਹੋਰ ਪੰਛੀ ਹੈ ਜੋ ਇਸ ਤੋਂ ਸ੍ਰੇਸ਼ਟ ਹੈ (ਪਰਮਾਤਮਾ)। ਜਦ ਮਨ ਤੱਤ ਨੂੰ ਚੁਗਦਾ ਹੈ ਭਾਵ ਪਰਮਾਤਮਾ ਦਾ ਸੇਵਨ ਕਰਦਾ ਹੈ ਤਾਂ ਉਹ ਸੰਸਾਰਕ ਬੰਧਨਾਂ ਵਿਚ ਨਹੀਂ ਫਸਦਾ। ਪਰ ਜੇ ਉਹ ਪੰਛੀ ਪਰਮਾਤਮਾ ਤੋਂ ਵੱਖ ਹੋ ਕੇ ਉੱਡਦਾ ਹੈ, ਜਾਂ ਸਰੀਰ ਰੂਪੀ ਚੋਗਾ ਚੁਗਦਾ ਹੈ, ਤਾਂ ਉਹ ਪਾਪਾਂ ਦੇ ਭਾਰ ਨਾਲ ਦੱਬ ਜਾਂਦਾ ਹੈ। ਡਾਕਟਰ ਰਤਨ ਸਿੰਘ (ਜੱਗੀ) ਅਨੁਸਾਰ-

"ਇਸ ਪ੍ਰਕਰਣ ਵਿਚ ਮਨ ਤੋਂ ਭਾਵ ਜੀਵ-ਆਤਮਾ ਲਿਆ ਜਾ ਸਕਦਾ ਹੈ।"

ਗੁਰਬਾਣੀ ਵਿਚ ਮਨ ਦੇ ਦੋ ਰੂਪ ਮੰਨੇ ਗਏ ਹਨ-

(੧) ਪ੍ਰਕਾਸ਼ਮਈ ਮਨ—

ਇਹ ਉਹ ਮਨ ਹੈ ਜੋ ਜੋਤਿ ਸਰੂਪ ਪਰਮਾਤਮਾ ਦੀ ਜੋਤ ਰੂਪ ਪ੍ਰਕਾਸ਼ਮਾਨ ਹੈ। ਇਹ ਮਾਇਆ ਤੋਂ ਮੁਕਤ ਸ਼ੁੱਧ ਰੂਪ ਹੈ। ਅਜਿਹੇ ਮਨ ਅੰਦਰ ਨਾਮ ਰੂਪੀ ਰਤਨ, ਹੀਰੇ, ਮਾਣਕ, ਲਾਲ ਆਦਿ ਹਨ:

*ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ॥* *(ਪੰਨਾ ੨੨)*

(੨) ਅੰਧਕਾਰਮਈ ਮਨ—

ਇਹ ਮਨ ਦਾ ਦੂਜਾ, ਪਰ ਕੋਝਾ ਰੂਪ ਹੈ। ਮਾਇਆ ਦੇ ਪ੍ਰਭਾਵ ਕਾਰਨ ਜਦ ਮਨ ਅਸਲੀ ਤੱਤ ਨੂੰ ਭੁੱਲ ਕੇ ਸੰਸਾਰਿਕ ਪ੍ਰਵਿਰਤੀਆਂ ਵਿਚ ਲੀਨ ਹੋ ਜਾਂਦਾ ਹੈ ਤਾਂ

ਅਗਿਆਨ ਕਰਕੇ ਉਸ ਦਾ ਰੂਪ ਅਸ਼ੁੱਧ ਹੋ ਜਾਂਦਾ ਹੈ। ਗੁਰਬਾਣੀ ਵਿਚ ਇਸ ਅੰਧਕਾਰਮਈ ਮਨ ਦੀ ਤੁਲਨਾ ਭ੍ਰਿਸ਼ਟ ਤੇ ਮਸਤ ਹਾਥੀ ਨਾਲ ਕੀਤੀ ਗਈ ਹੈ, ਜੋ ਮਾਇਆ ਦੇ ਮੋਹ ਵੱਸ ਅਤੇ ਕਾਲ ਦਾ ਦਬਾਇਆ ਜੰਗਲ ਵਿਚ ਹੈਰਾਨ ਹੋਇਆ ਇਧਰ-ਉਧਰ ਫਿਰ ਰਿਹਾ ਹੈ:

*ਮਨੁ ਮੈਗਲੁ ਸਾਕਤੁ ਦੇਵਾਨਾ॥*
*ਬਨ ਖੰਡਿ ਮਾਇਆ ਮੋਹਿ ਹੈਰਾਨਾ॥*
*ਇਤ ਉਤ ਜਾਹਿ ਕਾਲ ਕੇ ਚਾਪੇ॥* *(ਪੰਨਾ ੪੧੫)*

ਬਸੰਤੁ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਅੰਧਕਾਰਮਈ ਮਨ ਦਾ ਵਿਸ਼ਲੇਸ਼ਣ ਵਿਸਥਾਰ ਸਹਿਤ ਕਰਦਿਆਂ ਫ਼ਰਮਾਉਂਦੇ ਹਨ ਕਿ ਮਾਇਆਵੀ ਵਿਸ਼ਿਆਂ ਵਿਚ ਭੁੱਲਿਆ ਮਨ ਸੰਸਾਰ ਵਿਚ ਆਉਂਦਾ-ਜਾਂਦਾ ਰਹਿੰਦਾ ਹੈ। ਮਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜਾਂ ਦੂਤਾਂ ਦੇ ਵੱਸ ਵਿਚ ਹੁੰਦਾ ਹੈ।

"ਭਾਰਤੀ ਚਿੰਤਨ ਵਿਚ ਆਤਮਾ ਤੋਂ ਬਿਨਾਂ ਮਨੁੱਖ ਦਾ ਦੋ ਪ੍ਰਕਾਰ ਦਾ ਸਰੀਰ ਮੰਨਿਆ ਗਿਆ ਹੈ। ਇਕ ਸਥੂਲ ਸਰੀਰ ਜਿਸ ਦਾ ਨਿਰਮਾਣ ਪੰਜਾਂ ਤੱਤਾਂ ਦੁਆਰਾ ਹੋਇਆ ਹੈ ਜਾਂ ਤਿੰਨਾਂ ਗੁਣਾਂ ਸਤ, ਤਮ, ਰਜ ਦੇ ਸੰਯੋਗ ਦਾ ਨਤੀਜਾ ਹੈ। ਦੂਸਰਾ ਸੂਖਮ ਸਰੀਰ ਜਿਸ ਨੂੰ ਸਮੁੱਚੇ ਰੂਪ ਵਿਚ ਜੀਵ ਵੀ ਆਖਿਆ ਗਿਆ ਹੈ।"

ਭਾਰਤੀ ਚਿੰਤਨ ਵਿਚ ਸਥੂਲ ਸਰੀਰ ਦੇ ਨਾਲ ਇਕ ਸੂਖਮ ਸਰੀਰ ਦੀ ਕਲਪਨਾ ਵੀ ਕੀਤੀ ਗਈ ਹੈ ਜੋ ਸਥੂਲ ਸਰੀਰ ਵਾਂਗ ਨਾਸ਼ਮਾਨ ਨਹੀਂ, ਸਗੋਂ ਬਾਰ-ਬਾਰ ਜਨਮ ਲੈਂਦਾ ਹੈ। ਇਕ ਜਨਮ ਦੇ ਕਰਮ ਫਲ ਭੋਗਣ ਲਈ ਦੂਸਰਾ ਜਨਮ ਲੈਣਾ ਪੈਂਦਾ ਹੈ ਅਤੇ ਇਹ ਸਿਲਸਿਲਾ ਜਾਰੀ ਰਹਿੰਦਾ ਹੈ ਜਦ ਤਕ ਜੀਵ ਨੂੰ ਮੁਕਤੀ ਪ੍ਰਾਪਤ ਨਾ ਹੋ ਜਾਵੇ। ਗੁਰਬਾਣੀ ਵਿਚ ਸੂਖ਼ਮ ਸਰੀਰ ਦੇ ਪ੍ਰਤੀਕ ਹਉਮੈ, ਮਨ ਆਦਿ ਹਨ। ਹਉਮੈ ਦਾ ਆਖਰੀ ਅਰਥ 'ਮੈਂ ਮੈਂ' ਦਾ ਹੈ। ਹਉਮੈ ਨੂੰ ਜਗਤ ਦੀ ਉਤਪਤੀ ਦਾ ਕਾਰਨ ਮੰਨਿਆ ਹੈ:

*ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥* *(ਪੰਨਾ ੯੪੬)*

ਜਨਮ ਤੋਂ ਲੈ ਕੇ ਮਰਨ ਤਕ ਮਨੁੱਖ ਇਸੇ ਹਉਮੈ ਵਿਚ ਗ੍ਰਸਿਆ ਰਹਿੰਦਾ ਹੈ:

*ਹਉ ਵਿਚਿ ਆਇਆ ਹਉ ਵਿਚਿ ਗਇਆ॥*
*ਹਉ ਵਿਚਿ ਜੰਮਿਆ ਹਉ ਵਿਚਿ ਮੁਆ॥* *(ਪੰਨਾ ੪੬੬)*

ਇਸੇ ਕਾਰਨ ਕਰਕੇ ਹੀ ਮਨੁੱਖ ਸਚਿਆਰ ਤੋਂ ਕੂੜਿਆਰ ਬਣਦਾ ਹੈ ਅਤੇ ਇਸ ਦੇ ਪ੍ਰਭਾਵ ਅਧੀਨ ਪੁੰਨ ਪਾਪ ਕਮਾਉਂਦਾ ਹੈ:

*ਹਉ ਵਿਚਿ ਸਚਿਆਰੁ ਕੂੜਿਆਰੁ॥*
*ਹਉ ਵਿਚਿ ਪਾਪ ਪੁੰਨ ਵੀਚਾਰੁ॥* *(ਪੰਨਾ ੪੬੬)*

ਇਹ ਉਸ ਕਰਕੇ ਹੀ ਜੀਵ ਬੰਧਨ ਵਿਚ ਹੈ ਤੇ ਉਸ ਨੂੰ ਜਨਮ-ਮਰਨ ਦੇ ਗੇੜ ਵਿਚ ਪੈਣਾ ਪੈਂਦਾ ਹੈ:

*ਹਉਮੈ ਬੰਧਨ ਬੰਧਿ ਭਵਾਵੈ॥* *(ਪੰਨਾ ੨੨੭)*

ਇਸ ਹਉਮੈ ਦੇ ਬੰਧਨ ਕਰਕੇ ਹੀ ਜੀਵ-ਆਤਮਾ ਵੱਖ-ਵੱਖ ਜੂਨੀਆਂ ਵਿਚ ਪੈਂਦੀ ਹੈ, ਜਿਸ ਨੂੰ ਆਵਾਗਵਨ ਕਹਿੰਦੇ ਹਨ:

*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥* *(ਪੰਨਾ ੪੬੬)*

ਸ਼ੁਭ-ਅਸ਼ੁਭ ਕਰਮ ਅਨੁਸਾਰ ਜੀਵ ਦਾ ਉਚ-ਨੀਚ ਜੂਨਾਂ ਵਿਚ ਇਕ ਸਰੀਰ ਛੱਡ ਕੇ ਦੂਜੇ ਵਿਚ ਪ੍ਰਵੇਸ਼ ਹੋਣਾ, ਆਵਾਗਵਨ ਸੱਦੀਦਾ ਹੈ।

ਵਿਕਾਸ ਸਿਧਾਂਤ ਅਨੁਸਾਰ ਮਨੁੱਖੀ ਸਰੀਰ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਜਿੰਦ ਕਈ ਸਰੀਰਾਂ ਵਿੱਚੋਂ ਲੰਘੀ। ਨਿਰਜੀਵ ਮਾਦੇ ਵਿੱਚੋਂ ਪਹਿਲਾਂ ਜੀਵ ਬਨਸਪਤੀ ਦੇ ਰੂਪ ਵਿਚ ਪੈਦਾ ਹੋਏ, ਫਿਰ ਜਾਨਵਰਾਂ ਦੇ ਰੂਪ ਵਿੱਚੋਂ ਵਿਕਾਸ ਕਰਦਾ, ਬਾਂਦਰ ਆਦਿ ਦੇ ਸਰੀਰ ਤੋਂ ਤਰੱਕੀ ਕਰਦਾ ਮਨੁੱਖ ਦਾ ਸਰੀਰ ਬਣਿਆ। ਇਹ ਇਸ ਵਿਕਾਸ ਨੂੰ ਸਰੀਰਿਕ ਮੰਨਦੇ ਹਨ ਅਤੇ ਇਨ੍ਹਾਂ ਅਨੁਸਾਰ ਜਦ ਸਰੀਰ ਦਾ ਵਿਕਾਸ ਹੁੰਦਾ ਹੈ, ਸੂਝ ਜਾਂ ਚੇਤਨਤਾ ਵਿਚ ਵੀ ਤਰੱਕੀ ਹੁੰਦੀ ਜਾਂਦੀ ਹੈ ਅਤੇ ਅੰਤ ਮਨੁੱਖੀ ਦੇਹ ਵਿਚ ਵਿਚਾਰ ਅਤੇ ਨਿਰਣਾ ਸ਼ਕਤੀ ਵੀ ਆ ਜਾਂਦੀ ਹੈ।

ਆਵਾਗਵਨ ਦੇ ਸਿਧਾਂਤ ਅਤੇ ਵਿਕਾਸ ਦੇ ਸਿਧਾਂਤ ਵਿਚ ਭੇਦ ਇਹ ਹੈ ਕਿ ਪਿਛਲਾ ਸਿਧਾਂਤ ਤਾਂ ਸਿਰਫ਼ ਸਰੀਰ ਤਕ ਹੀ ਸੀਮਿਤ ਰਹਿੰਦਾ ਹੈ ਅਤੇ ਮੰਨਦਾ ਹੈ ਕਿ ਸਰੀਰਿਕ ਉੱਨਤੀ ਅਨੁਸਾਰ ਅੰਦਰਲੀ ਸੂਝ ਵਧਦੀ ਜਾਂਦੀ ਹੈ। ਪਰ ਆਵਾਗਵਨ ਦਾ ਸਿਧਾਂਤ ਇਹ ਦੱਸਦਾ ਹੈ ਕਿ ਜੀਵ-ਆਤਮਾ ਦੀ ਆਪਣੀ ਅਵਸਥਾ ਅਨੁਸਾਰ ਉਸ ਨੂੰ ਚੰਗੇਰਾ ਸਰੀਰ ਮਿਲਦਾ ਹੈ।

ਗੁਰੂ ਸਾਹਿਬ ਨੇ ਦਰਸਾਇਆ ਹੈ ਕਿ ਜੀਵ-ਆਤਮਾ ਨੇ ਹੇਠਲੇ ਦਰਜਿਆਂ (ਜੂਨੀਆਂ) ਦਾ ਜੀਵਨ ਬਤੀਤ ਕਰ ਕੇ ਬਹੁਤ ਸਮੇਂ ਪਿੱਛੋਂ ਇਸ 'ਮਾਨਸ ਦੇਹ' ਦਾ ਜਾਮਾ ਲਿਆ ਹੈ ਅਤੇ ਇਹ ਵੀ ਦੱਸਿਆ ਹੈ ਕਿ ਇਹ ਮਨੁੱਖਾ ਜਨਮ ਇਸ ਆਵਾਗਵਨ ਦੇ ਚੱਕਰ ਨੂੰ ਕੱਟਣ ਦਾ ਸਭ ਤੋਂ ਵਧੀਆ ਸਮਾਂ ਹੈ:

*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *(ਪੰਨਾ ੧੭੬)*

ਇਹ ਦੇਹ ਚੁਰਾਸੀ ਦਾ ਚੱਕਰ ਪੂਰਾ ਕਰ ਕੇ ਮਿਲੀ ਹੈ। ਕੀੜੇ-ਪਤੰਗੇ, ਹਾਥੀ, ਮੱਛ, ਕੁਰੰਗ, ਪੰਛੀ, ਸੱਪ, ਘੋੜੇ, ਦਰਖ਼ਤ, ਪਹਾੜ ਆਦਿ ਚੁਰਾਸੀ ਲੱਖ ਜੂਨੀਆਂ ਵਿਚ ਇਹ ਜੀਵ ਭੌਂਦਾ ਰਿਹਾ ਹੈ। ਗੁਰਮਤਿ ਵਿਚ ਇਸ ਸਿਧਾਂਤ ਨੂੰ ਬੜੀ ਦ੍ਰਿੜ੍ਹਤਾ ਨਾਲ ਪੇਸ਼ ਕੀਤਾ ਗਿਆ ਹੈ। ਪਰੰਤੂ, ਜਿੱਥੇ ਜੀਵ-ਆਤਮਾ ਦੇ ਕੀਟ-ਪਤੰਗਿਆਂ ਤੋਂ ਮਨੁੱਖਾ ਦੇਹ ਵਿਚ ਆਉਣ ਬਾਰੇ ਦੱਸਿਆ ਗਿਆ ਹੈ, ਉਥੇ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਜੀਵ-ਆਤਮਾ ਹੇਠਲੀਆਂ ਜੂਨਾਂ ਵਿਚ ਵੀ ਪੈ ਸਕਦੀ ਹੈ। ਇਹ ਭੁੱਲਿਆ ਹੋਇਆ ਮਨਮੁਖੀ ਜੀਵ 'ਰਾਜ, ਮਿਲਕ, ਸਿਕਦਾਰੀਆਂ' ਦੇ ਰੂਪ ਭੋਗਣ ਵਿਚ ਖੱਚਤ ਰਹਿਣ ਵਾਲਾ, ਜੋ ਪਾਰਬ੍ਰਹਮ ਨੂੰ ਚਿਤ ਨਹੀਂ ਲਿਆਉਂਦਾ,

ਗੁਰੂ ਜੀ ਫ਼ਰਮਾਉਂਦੇ ਹਨ ਕਿ ਸੱਪ ਦੀ ਜੂਨੀ ਵਿਚ ਪੈਂਦਾ ਹੈ:

*ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ॥*
*ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ॥*
*ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ॥*
*ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ॥* *(ਪੰਨਾ ੭੦)*

ਭਗਤ ਤ੍ਰਿਲੋਚਨ ਜੀ ਇਸੇ ਵਿਚਾਰ ਦੀ ਹੋਰ ਸਪੱਸ਼ਟਤਾ ਕਰਦੇ ਹਨ। ਆਪ ਜੀ ਦਾ ਵਿਚਾਰ ਹੈ ਕਿ ਅੰਤ ਸਮੇਂ ਜੋ ਲਛਮੀ ਦਾ ਹੀ ਚਿੰਤਨ ਕਰਦੇ ਹਨ ਅਤੇ ਇਸੇ ਮਾਇਆ ਦੀ ਚਿੰਤਾ ਵਿਚ ਮਰ ਜਾਂਦੇ ਹਨ ਉਹ ਮੁੜ-ਮੁੜ ਸੱਪ ਦੀ ਜੂਨ ਵਿਚ ਪੈਂਦੇ ਹਨ। ਜਿਸ ਪ੍ਰਾਣੀ ਦੀ ਸੁਰਤ ਅੰਤ ਸਮੇਂ ਇਸਤਰੀ ਭੋਗਣ ਵਿਚ ਹੁੰਦੀ ਹੈ, ਉਹ ਅਗਲੇ ਜਨਮ ਸਮੇਂ ਵੇਸਵਾ ਦੀ ਜੂਨੀ ਵਿਚ ਪੈਂਦਾ ਹੈ। ਜਿਸ ਦਾ ਖ਼ਿਆਲ ਸੰਤਾਨ ਦੀ ਮੋਹ-ਮਮਤਾ ਵਿਚ ਹੁੰਦਾ ਹੈ ਉਹ ਸੂਰੀ ਦੀ ਜੂਨੀ ਵਿਚ ਪੈਂਦਾ ਹੈ। ਸੋ, ਜੋ ਅੰਤ ਸਮੇਂ ਉਸ ਦੇ ਮਨ ਵਿਚ ਸੰਕਲਪ ਬਣ ਜਾਂਦਾ ਹੈ, ਉਸੇ ਤਰ੍ਹਾਂ ਦਾ ਭੋਗ ਭੋਗਣ ਲਈ ਉਸ ਨੂੰ ਅਜਿਹੀ ਜੂਨ ਵਿਚ ਪੈਣਾ ਹੀ ਪੈਂਦਾ ਹੈ।

ਅਸੀਂ ਪਿੱਛੇ ਕਹਿ ਚੁਕੇ ਹਾਂ ਕਿ ਜੀਵ ਦੇ ਕੀਤੇ ਹੋਏ ਕਰਮਾਂ ਦੇ ਸੰਸਕਾਰ ਹਨ ਜੋ ਉਸ ਨੂੰ ਜੂਨਾਂ ਵਿਚ ਘੁਮਾਉਂਦੇ ਹਨ। ਪਰੰਤੂ, ਇਹ ਕਿਰਿਆ ਕਿਸ ਤਰ੍ਹਾਂ ਵਾਪਰਦੀ ਹੈ, ਹੇਠਾਂ ਇਸ ’ਤੇ ਵਿਚਾਰ ਕਰਾਂਗੇ। ਇਕ ਜੂਨੀ ਤੋਂ ਦੂਜੀ ਜੂਨੀ ਵਿਚ ਆਉਣ ਵੇਲੇ ਜਦ ਮਨ ਇਕ ਅਵਸਥਾ ਤੋਂ ਦੂਸਰੀ ਅਵਸਥਾ ਵਿਚ ਆਉਂਦਾ ਹੈ ਤਾਂ ਉਹ ਪਹਿਲੀ ਜੂਨ ਦੇ ਸਾਰੇ ਸੰਸਕਾਰ ਛੱਡ ਕੇ ਨਹੀਂ ਆਉਂਦਾ, ਬਲਕਿ ਸੂਖ਼ਮ ਸਰੀਰ ਵਿਚ ਉਨ੍ਹਾਂ ਸੰਸਕਾਰਾਂ ਦਾ ਸਿੱਟਾ ਉਸ ਵਿਚ ਕਾਇਮ ਰਹਿੰਦਾ ਹੈ।

ਗੁਰਬਾਣੀ ਅਨੁਸਾਰ ਮਨੁੱਖ ਵਿਚ ਪੰਜ ਮੁੱਖ ਪਸ਼ੂ-ਰੁਚੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹਨ। ਇਸ ਤਰ੍ਹਾਂ ਮਨੁੱਖ ਦਾ ਮਨ, ਅੱਖਾਂ, ਕੰਨਾਂ, ਨੱਕ, ਮੂੰਹ ਤੇ ਤ੍ਵਚਾ ਰਾਹੀਂ ਸੰਤੁਸ਼ਟ ਹੋਣ ਵਾਲੇ ਪੰਜਾਂ ਵਿਸ਼ਿਆਂ ਦਾ ਗ਼ੁਲਾਮ ਹੈ ਅਤੇ ਇਹ ਵਿਸ਼ੇ ਰੂਪ, ਸ਼ਬਦ, ਸੁਗੰਧ, ਰਸ, ਸਪਰਸ਼ ਹਨ। ਇਹ ਸਭ ਪਸ਼ੂ ਸੁਭਾਅ ਨਾਲ ਸੰਬੰਧਿਤ ਹਨ ਅਤੇ ਜਿਹੜਾ ਮਨੁੱਖ ਇਨ੍ਹਾਂ ਵਿਚ ਖੱਚਤ ਹੋ ਕੇ ਆਪਣੇ ਆਦਰਸ਼ ਨੂੰ ਭੁੱਲ ਜਾਵੇ ਗੁਰਬਾਣੀ ਵਿਚ ਉਸ ਨੂੰ ਪਸ਼ੂਆਂ ਤੋਂ ਵੀ ਭੈੜਾ ਗਿਣਿਆ ਗਿਆ ਹੈ। ਇਹ ਪਸ਼ੂ-ਵਿਸ਼ੇ ਇਸ ਲਈ ਕਹੇ ਜਾਂਦੇ ਹਨ, ਕਿਉਂਕਿ ਇਹ ਪਸ਼ੂਆਂ ਵਿਚ ਵੀ ਹਨ। ਕਈ ਪਸ਼ੂਆਂ ਵਿਚ ਸਿਰਫ਼ ਇਨ੍ਹਾਂ ਵਿੱਚੋਂ ਇੱਕ-ਇੱਕ ਹੀ ਵਿਸ਼ਾ ਹੈ, ਜਿਸ ਦੇ ਅਧੀਨ ਹੋ ਕੇ ਇਹ ਉਹ ਆਪਣਾ ਜੀਵਨ ਗੁਆ ਲੈਂਦੇ ਹਨ। ਪ੍ਰੋ. ਸ਼ੇਰ ਸਿੰਘ ਅਨੁਸਾਰ—

“ਮਨੁੱਖ ਵਿਚ ਇਹ ਸਾਰੇ ਵਿਸ਼ੇ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਮਨੁੱਖ ਇਨ੍ਹਾਂ ਜੂਨੀਆਂ ਵਿਚ ਦੀ ਲੰਘ ਕੇ ਆਇਆ ਅਤੇ ਇਹ ਭੀ ਸਿੱਧ ਹੁੰਦਾ ਹੈ ਕਿ ਪਿਛਲੇ ਅਸਰਾਤ ਜਾਂ ਸੰਸਕਾਰ ਸਰੀਰ ਵਿਚ ਕਾਇਮ ਰਹਿੰਦੇ ਹਨ।”

ਇਸ ਤਰ੍ਹਾਂ ਇਕ ਜੂਨੀ ਦਾ ਸੁਭਾਅ ਦੂਸਰੀ ਜੂਨੀ ਵਿਚ ਵੀ ਕਾਇਮ ਰਹਿੰਦਾ

ਹੈ। ਪਰੰਤੂ, ਇਹ ਸੁਭਾਅ ਕੀ ਹੈ? ਮਾਨਸਿਕ ਵਿੱਦਿਆ ਦੇ ਖੋਜੀ ਮਨ ਦੇ ਦੋ ਵੱਡੇ ਭਾਗ ਸੁਚੇਤ ਅਤੇ ਅਚੇਤ ਮੰਨਦੇ ਹਨ। ਮਨੁੱਖ ਦੇ ਸੁਚੇਤ ਮਨ ਉੱਤੇ ਗਿਆਨ-ਇੰਦ੍ਰੀਆਂ ਦੇ ਰਾਹੀਂ ਬਾਹਰਲੇ ਵਿਸ਼ਿਆਂ ਦੇ ਸੰਸਕਾਰ ਅਚੇਤ ਮਨ ਵਿਚ ਪਹੁੰਚ ਜਾਂਦੇ ਹਨ, ਜਿੱਥੇ ਪਹੁੰਚ ਕੇ ਇਹ ਮਨੁੱਖ ਦੇ ਸੁਭਾਅ ਦਾ ਰੂਪ ਧਾਰਨ ਕਰ ਲੈਂਦੇ ਹਨ। ਹਿੰਦੁਸਤਾਨੀ ਵਿਚਾਰਵਾਨ ਆਵਾਗਵਨ ਨੂੰ ਮੰਨਦੇ ਹਨ, ਇਸ ਲਈ ਉਹ ਕਿਸੇ ਖਾਸ ਮਨੁੱਖ ਦੇ ਸੁਭਾਅ ਨੂੰ ਉਸ ਦੇ ਮਨ ਦੇ ਪਿਛਲੇ ਜਨਮਾਂ ਦੇ ਸੰਸਕਾਰਾਂ ਦਾ ਫਲ ਮੰਨਦੇ ਹਨ। ਸੰਸਕਾਰ ਕੀ ਹੁੰਦੇ ਹਨ? ਭਾਈ ਜੋਧ ਸਿੰਘ ਅਨੁਸਾਰ-

"ਜਿਕੁਰ ਰੇਤ ਵਿਚ ਤੁਰੀਏ ਤਾਂ ਖੁਰਾ ਲੱਗ ਜਾਂਦਾ ਹੈ, ਇਕੁਰ ਹੀ ਮਨ ਵਿੱਚੋਂ ਲੰਘਣ 'ਤੇ ਸੰਕਲਪ ਖੁਰਾ ਛੱਡ ਜਾਂਦੇ ਹਨ।"

ਇਹ ਹੀ ਸੰਸਕਾਰ ਅਖਵਾਉਂਦੇ ਹਨ ਅਤੇ ਜੇਕਰ ਮਨ ਬਾਰ-ਬਾਰ ਉਸੇ ਸੰਕਲਪ ਨੂੰ ਚਿਤਵੇ ਤਾਂ ਸੰਸਕਾਰ ਡੂੰਘੇ ਹੋ ਕੇ ਆਦਤ ਦਾ ਰੂਪ ਧਾਰਨ ਕਰ ਜਾਂਦੇ ਹਨ। ਸਰੀਰ ਦੇ ਜਿੰਨੇ ਵੀ ਕਰਮ ਹਨ ਇਹ ਮਨ ਦੇ ਸੰਕਲਪਾਂ ਦਾ ਸਿੱਟਾ ਹਨ। ਇਹ ਆਦਤਾਂ ਹੌਲੀ-ਹੌਲੀ ਪਕੇਰੇ ਸੁਭਾਅ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਜਿਸ ਤਰ੍ਹਾਂ ਕਿ ਸਾਡਾ ਹਰ ਇਕ ਕਰਮ ਸੁਭਾਅ ਦੇ ਆਸਰੇ ਹੁੰਦਾ ਹੈ ਅਤੇ ਇਹ ਸੁਭਾਅ ਪਿਛਲੇ ਕਰਮਾਂ ਦਾ ਫਲ ਹੈ, ਇਸੇ ਤਰ੍ਹਾਂ ਹੁਣ ਦੇ ਕੀਤੇ ਕਰਮ ਫਲ ਅਗਲੇ ਜੀਵਨ 'ਤੇ ਅਸਰ ਪਾਉਂਦੇ ਹਨ। ਸਾਡੇ ਕੀਤੇ ਚੰਗੇ ਜਾਂ ਬਾਰੇ ਕਰਮ ਹੀ ਸਾਨੂੰ ਕਿਸੇ ਤਰ੍ਹਾਂ ਦਾ ਜਨਮ ਧਾਰਨ ਕਰਨ ਦਾ ਕਾਰਨ ਬਣਦੇ ਹਨ।

## ਮੁਕਤੀ

ਭਾਰਤੀ ਚਿੰਤਨਧਾਰਾ ਵਿਚ ਦਾਰਸ਼ਨਿਕ, ਅਧਿਆਤਮਕ ਤੇ ਨੈਤਿਕ ਹਰ ਤਰ੍ਹਾਂ ਦੇ ਯਤਨਾਂ ਤੇ ਸਾਧਨਾਵਾਂ ਦਾ ਅੰਤਮ ਮਨੋਰਥ ਮੁਕਤੀ ਮੰਨਿਆ ਗਿਆ ਹੈ— ਜਿਸ ਦਾ ਅਰਥ ਛੁਟਕਾਰੇ ਦੀ ਅਵਸਥਾ ਹੈ। ਸੰਸਾਰ ਦੇ ਮੁੱਖ ਧਰਮ ਦੀਆਂ ਵਿਚਾਰਧਾਰਾਵਾਂ ਵਿਚ ਕੁਝ ਫ਼ਰਕ ਹੋਣ ਕਰਕੇ ਇਨ੍ਹਾਂ ਦੇ ਮੁਕਤੀ ਦੇ ਸਰੂਪ ਵਿਚ ਵੀ ਕੁਝ ਵਖਰੇਵਾਂ ਹੈ। ਉਪਨਿਸ਼ਦਾਂ ਅਨੁਸਾਰ ਪਰਮ ਗਿਆਨ ਦੀ ਪ੍ਰਾਪਤੀ ਦੁਆਰਾ, ਮਨੁੱਖ ਜਨਮ-ਮਰਨ ਦੇ ਚੱਕਰਾਂ ਤੋਂ ਛੁੱਟ ਜਾਂਦਾ ਹੈ ਅਤੇ ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਬੁੱਧ ਧਰਮ ਅਨੁਸਾਰ, ਜਦ ਮਨੁੱਖ ਅਸ਼ਟਾਂਗ ਮਾਰਗ 'ਤੇ ਚੱਲ ਕੇ ਤ੍ਰਿਸ਼ਨਾਵਾਂ ਖ਼ਤਮ ਕਰ ਲੈਂਦਾ ਹੈ ਤਾਂ ਉਹ ਨਿਰਵਾਣ-ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਜੈਨ ਮਤ ਅਨੁਸਾਰ, ਤਪ ਅਹਿੰਸਾ ਆਦਿ ਕਰਨ ਨਾਲ ਕਰਮ ਦੇ ਬੰਧਨਾਂ ਦਾ ਅਭਾਵ ਹੋਣ 'ਤੇ ਜੀਵ ਦਾ ਉੱਚੇ ਲੋਕ ਵਿਚ ਚਲੇ ਜਾਣਾ ਅਤੇ ਮੁੜ ਹੇਠਾਂ ਨਾ ਆਉਣਾ ਮੁਕਤੀ ਕਹਿਲਾਉਂਦਾ ਹੈ।

ਈਸਾਈ ਮਤ ਅਨੁਸਾਰ ਹਜ਼ਰਤ ਈਸਾ ਜੀ ਉੱਪਰ ਪੱਕਾ ਵਿਸ਼ਵਾਸ ਕਰਨ ਵਾਲੇ ਪਾਪਾਂ ਤੋਂ ਛੁਟਕਾਰਾ ਪਾਉਣਗੇ ਅਤੇ ਇਹ ਹੀ ਮੁਕਤੀ ਹੈ। ਇਸਲਾਮ ਮਤ ਅਨੁਸਾਰ ਪੈਗ਼ੰਬਰ ਮੁਹੰਮਦ ਸਾਹਿਬ 'ਤੇ ਨਿਸ਼ਚਾ ਰੱਖ ਕੇ ਤੇ ਕਿਆਮਤ ਦੇ ਦਿਨ

ਦੇ ਫੈਸਲੇ ਅਨੁਸਾਰ ਹਮੇਸ਼ਾਂ ਲਈ ਬਹਿਸ਼ਤ ਦੀ ਪ੍ਰਾਪਤੀ, ਮੁਕਤੀ ਹੈ। ਪਰੰਤੂ ਗੁਰਮਤਿ ਅਨੁਸਾਰ, ਜੀਵ-ਆਤਮਾ, ਪਰਮਾਤਮਾ ਦੀ ਅੰਸ਼ ਹੈ। ਜੀਵ-ਆਤਮਾ ਉਸ ਪਰਮਾਤਮਾ ਤੋਂ ਉਤਪੰਨ ਹੋਈ ਹੈ ਅਤੇ ਮੁੜ ਕੇ ਉਸ ਵਿਚ ਲੀਨ ਹੋਣ ਦੀ ਪ੍ਰਵਿਰਤੀ ਉਸ ਵਿਚ ਮੌਜੂਦ ਹੈ। ਸੋ ਇਥੇ 'ਜੰਮਣ-ਮਰਨ ਦੇ ਚੱਕਰ ਤੋਂ ਮੁਕਤ ਹੋ ਕੇ ਨਿਆਂਕਾਰ ਪਰਮਾਤਮਾ ਨਾਲ ਇੰਵ ਇਕਮਿਕ ਹੋਣਾ ਕਿ ਮਨੁੱਖੀ ਜੀਵਨ-ਇਕਾਈ ਦਾ ਨਿੱਜਤਵ ਖ਼ਤਮ ਹੋ ਜਾਵੇ, ਮਨੁੱਖੀ ਆਤਮਾ ਪਰਮ ਆਤਮਾ ਵਿਚ ਇਸ ਤਰ੍ਹਾਂ ਵਿਲੀਨ ਹੋ ਜਾਵੇ ਕਿ ਇਸ ਦੀ ਵੱਖਰੀ ਹੋਂਦ ਸੰਸਕਾਰ ਰੂਪ ਵਿਚ ਵੀ ਕਾਇਮ ਨਾ ਰਹੇ। ਗੁਰਬਾਣੀ ਦੇ ਪਾਵਨ ਹੁਕਮ "ਜੋਤੀ ਜੋਤਿ ਰਲੀ ਸੰਪੂਰਣੁ ਥੀਆ ਰਾਮ" (ਪੰਨਾ ੮੪੬) ਦੀ ਸੇਧ 'ਚ ਮੁਕਤੀ ਕਹਿਲਾਉਂਦਾ ਹੈ। ਗੁਰਮਤਿ ਅਨੁਸਾਰ ਜੀਵ ਦਾ ਬੰਧਨ ਸਭ ਤੋਂ ਵੱਡਾ ਦੁੱਖ ਹੈ ਅਤੇ ਇਸ ਦੁੱਖ ਦਾ ਬੁਨਿਆਦੀ ਕਾਰਨ ਪਰਮਾਤਮਾ ਤੋਂ ਵਿੱਛੜਨਾ ਹੈ :

*- ਦੁਖੁ ਤਦੇ ਜਾ ਵਿਸਰਿ ਜਾਵੈ॥ ਭੁਖ ਵਿਆਪੈ ਬਹੁ ਬਿਧਿ ਧਾਵੈ॥ (ਪੰਨਾ ੯੮)*
*- ਦੁਖੁ ਵੇਛੋੜਾ ਇਕੁ ਦੁਖੁ ਭੂਖ॥ ਇਕੁ ਦੁਖੁ ਸਕਤਵਾਰ ਜਮਦੂਤ॥ (ਪੰਨਾ ੧੨੫੬)*

ਅਤੇ ਇਹ ਵਿਛੋੜਾ ਤਦ ਪੈਂਦਾ ਹੈ ਜਦ ਜੀਵ-ਆਤਮਾ ਦੀ ਲਿਵ ਹਉਮੈ ਕਰਕੇ ਪਰਮਾਤਮਾ ਤੋਂ ਛੁੱਟ ਜਾਂਦੀ ਹੈ:

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥*
*(ਪੰਨਾ ੯੨੧)*

ਜੇਕਰ ਬੰਧਨ ਪਰਮਾਤਮਾ ਤੋਂ ਜੀਵ-ਆਤਮਾ ਦਾ ਵਿਛੋੜਾ ਹੈ ਤਾਂ ਮੁਕਤੀ ਜ਼ਰੂਰ ਹੀ ਜੀਵ-ਆਤਮਾ ਦੇ ਪਰਮਾਤਮਾ ਨਾਲ ਮੇਲ ਦੀ ਅਵਸਥਾ ਹੋਵੇਗੀ:

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥ (ਪੰਨਾ ੮੪੬)*

ਗੁਰਬਾਣੀ ਵਿਚ ਮੁਕਤੀ ਦੇ ਨਾਲ-ਨਾਲ ਕਈ ਹੋਰ ਸ਼ਬਦ ਵੀ ਇਨ੍ਹਾਂ ਅਰਥਾਂ ਵਿਚ ਵਰਤੇ ਗਏ ਹਨ, ਜਿਵੇਂ :

ਪਰਮਗਤਿ—
*ਨਾਨਕ ਤਾ ਕੀ ਪਰਮ ਗਤਿ ਹੋਇ॥ (ਪੰਨਾ ੩੯੪)*

ਪਰਮ ਪਦ-
*ਗੁਰ ਪਰਸਾਦਿ ਪਰਮ ਪਦੁ ਪਾਇਆ॥ (ਪੰਨਾ ੧੦)*

ਨਿਰਬਾਣ—
*ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ॥ (ਪੰਨਾ ੫੮)*

ਮੋਖ ਦੁਆਰ—
*ਮੰਨੈ ਪਾਵਹਿ ਮੋਖੁ ਦੁਆਰੁ॥ (ਪੰਨਾ ੩)*

ਅਮਰਾ ਪਦ—

*ਨਿਜ ਘਰਿ ਵਾਸੁ ਅਮਰ ਪਦੁ ਪਾਵੈ॥* *(ਪੰਨਾ ੧੩੪੨)*

ਜੋਤੀ ਜੋਤਿ—

*ਤਿਉ ਜੋਤੀ ਸੰਗਿ ਜੋਤਿ ਮਿਲਾਇਆ॥* *(ਪੰਨਾ ੧੦੨)*

ਅਤੇ ਇਸੇ ਤਰ੍ਹਾਂ ਹੀ ਬੰਧ-ਖਲਾਸ ਬੈਕੁੰਠ ਹਰਿ ਰਸ, ਬਿਸਰਾਮ, ਮੋਖੰਤਰ ਆਦਿ ਸ਼ਬਦਾਂ ਦੀ ਵਰਤੋਂ ਇਸੇ ਭਾਵ ਨੂੰ ਸਪੱਸ਼ਟ ਕਰਨ ਲਈ ਕੀਤੀ ਗਈ ਹੈ। ਇਨ੍ਹਾਂ ਸ਼ਬਦਾਂ ਵਿੱਚੋਂ ਕਈ ਸ਼ਬਦ ਦੂਸਰੇ ਧਰਮਾਂ ਦੇ ਪਰਮ ਆਦਰਸ਼ ਦੇ ਤੌਰ 'ਤੇ ਪਹਿਲੇ ਵਰਤੇ ਜਾ ਚੁਕੇ ਸਨ, ਪਰੰਤੂ ਜਦ ਗੁਰਬਾਣੀ ਵਿਚ ਉਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਤਾਂ ਇਸ ਪਿੱਛੇ ਗੁਰਮਤਿ ਦਾ ਮੌਲਿਕ ਸਿਧਾਂਤ ਪ੍ਰਗਟ ਹੁੰਦਾ ਹੈ ਜੋ ਬਾਕੀ ਮੱਤਾਂ ਤੋਂ ਨਿਵੇਕਲਾ ਸਿਧਾਂਤ ਹੈ। ਉਦਾਹਰਣ ਵਜੋਂ ਗੁਰਮਤਿ ਵਿਚ ਪਰੰਪਰਾਗਤ ਅਰਥਾਂ ਵਿਚ ਪ੍ਰਵਾਨਿਤ ਸਵਰਗ-ਪ੍ਰਾਪਤੀ ਨੂੰ ਮੁਕਤੀ ਪ੍ਰਵਾਨ ਨਹੀਂ ਕੀਤਾ ਗਿਆ:

*ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤਿ ਆਸਾ ਆਸ ਕਰੀਜੈ॥*
*ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ॥*
*(ਪੰਨਾ ੧੩੨੪)*

ਇਸੇ ਤਰ੍ਹਾਂ ਹੀ ਪ੍ਰਾਚੀਨ ਭਾਰਤੀ ਪਰੰਪਰਾ ਵਿਚ ਦੋ ਆਸ਼ੇ ਰੱਖ ਕੇ ਤਪੱਸਿਆ ਜਾਂ ਸਾਧਨਾ ਕੀਤੀ ਜਾਂਦੀ ਸੀ। 'ਤਪੋਂ ਰਾਜ ਅਤੇ ਰਾਜੋਂ ਨਰਕ' ਦੀ ਆਮ ਧਾਰਨਾ ਪ੍ਰਚੱਲਤ ਸੀ। ਇਸ ਲਈ ਉਹ ਲੋਕ ਰਾਜ ਜਾਂ ਹੋਰ ਸੰਸਾਰਕ ਦੁੱਖ ਆਦਿ ਪ੍ਰਾਪਤ ਕਰਨ ਲਈ ਇਨ੍ਹਾਂ ਨੂੰ ਹੀ ਜੀਵਨ ਦਾ ਉਦੇਸ਼ ਮੰਨ ਕੇ ਤਪੱਸਿਆ ਕਰਦੇ ਸਨ, ਜਾਂ ਕੁਝ ਲੋਕ ਅਜਿਹੇ ਸਨ ਜੋ ਭਗਤੀ ਕਰ ਕੇ ਸਵਰਗ ਆਦਿ ਦੀ ਪ੍ਰਾਪਤੀ ਕਰਨਾ ਲੋਚਦੇ ਸਨ ਅਤੇ ਇਹ ਭੀ ਉਨ੍ਹਾਂ ਲਈ ਪਰਮ-ਉਦੇਸ਼ ਸੀ ਜਾਂ ਇਹ ਹੀ ਉਨ੍ਹਾਂ ਵਾਸਤੇ ਮੁਕਤੀ ਸੀ। ਪਰੰਤੂ ਗੁਰਮਤਿ ਵਿਚ ਇਨ੍ਹਾਂ ਦੋਹਾਂ ਵਿਚਾਰਾਂ ਦਾ ਹੀ ਖੰਡਨ ਹੈ। ਗੁਰਮਤਿ ਅਨੁਸਾਰ, ਜਗਿਆਸੂ ਪ੍ਰਭੂ-ਚਰਨਾਂ ਦੀ ਪ੍ਰੀਤ ਦਾ ਅਭਿਲਾਸ਼ੀ ਹੈ, ਇਹ ਹੀ ਉਸ ਦਾ ਪਰਮ-ਉਦੇਸ਼ ਹੈ ਅਤੇ ਇਸ ਦੀ ਪ੍ਰਾਪਤੀ ਹੀ ਮੁਕਤੀ ਦੀ ਪ੍ਰਾਪਤੀ ਹੈ:

*- ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥*
*(ਪੰਨਾ ੧੦੭੮)*

*- ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥* *(ਪੰਨਾ ੩੬੦)*

*- ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ॥*
*ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥* *(ਪੰਨਾ ੩੬੦)*

ਜਿਸ ਦੀ ਲਿਵ ਉਸ ਅਕਾਲ ਪੁਰਖ ਨਾਲ ਲੱਗ ਜਾਂਦੀ ਹੈ, ਜੋ ਸਦਾ ਅੰਤਰ-ਆਤਮੇ ਉਸ ਨਾਲ ਇਕਮਿਕ ਰਹਿੰਦਾ ਹੈ, ਉਹ ਹੀ ਮੁਕਤ ਹੈ।

ਡਾ. ਅਵਤਾਰ ਸਿੰਘ ਅਨੁਸਾਰ-ਗੁਰਮਤਿ ਵਿਚ ਮੁਕਤੀ ਦੋ ਪ੍ਰਕਾਰ ਦੀ ਹੈ-

(੧) ਜੀਵਨ ਮੁਕਤੀ ਅਤੇ (੨) ਆਵਣ-ਜਾਣ ਮਿਟਣਾ।

ਆਵਣ-ਜਾਣ ਛੁਟੈ ਜਾਂ ਛੁਟੀ, ਜਿਸ ਦਾ ਭਾਵ ਜਨਮ-ਮਰਨ ਤੋਂ ਛੁਟਕਾਰਾ ਪਾਉਣਾ ਜਾਂ ਜੂਨਾਂ ਵਿਚ ਪੈਣ ਤੋਂ ਛੁਟਕਾਰਾ ਅਤੇ ਅਕਾਲ ਪੁਰਖ ਵਿਚ ਸਮਾਉਣਾ ਹੈ ਜਿਵੇਂ ਕਿ ਉਪਰੋਕਤ ਸ਼ਬਦਾਂ ਤੋਂ ਵੀ ਸਪੱਸ਼ਟ ਹੈ। ਪਹਿਲੀ ਪ੍ਰਕਾਰ ਦੀ ਮੁਕਤੀ ਦਾ ਸੰਬੰਧ ਵਿਵਹਾਰਕ ਜੀਵਨ ਨਾਲ ਹੈ ਅਤੇ ਇਸ ਦਾ ਭਾਵ ਵਿਵਹਾਰਕ ਜੀਵਨ ਜਿਊਂਦਿਆਂ ਆਪੇ ਦੀ ਪਹਿਚਾਣ ਕਰ ਲੈਣ ਤੋਂ ਹੈ। ਦੂਸਰੀ ਪ੍ਰਕਾਰ ਦਾ ਸੰਬੰਧ ਵਿਵਹਾਰਕ ਜੀਵਨ ਖ਼ਤਮ ਹੋਣ ਨਾਲ ਜਾਂ ਮੌਤ ਤੋਂ ਬਾਅਦ ਨਾਲ ਹੈ।

ਭਾਰਤੀ ਦਰਸ਼ਨ ਨੂੰ ਪਿਛੋਕੜ ਵਿਚ ਰੱਖਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰਮਤਿ ਦਾ ਮੁਕਤੀ ਦਾ ਸੰਕਲਪ, ਉਪਨਿਸ਼ਦਾਂ ਅਤੇ ਅਦਵੈਤ ਵੇਦਾਂਤ ਨਾਲ ਕੁਝ ਮੇਲ ਜ਼ਰੂਰ ਖਾਂਦਾ ਹੈ। ਜਿਸ ਤਰ੍ਹਾਂ ਉਪਨਿਸ਼ਦਾਂ ਅਤੇ ਵੇਦਾਂਤ ਵਿਚ ਦੱਸਿਆ ਗਿਆ ਹੈ ਕਿ ਮੁਕਤੀ ਦੀ ਅਵਸਥਾ ਇਸੇ ਜੀਵਨ ਵਿਚ ਸੰਭਵ ਹੈ, ਇਸੇ ਤਰ੍ਹਾਂ ਹੀ ਗੁਰਮਤਿ ਦਾ ਵਿਚਾਰ ਹੈ ਕਿ ਮਨੁੱਖ ਸਰੀਰ ਵਿਚ ਰਹਿੰਦਿਆਂ ਹੋਇਆਂ ਮੁਕਤੀ ਪ੍ਰਾਪਤ ਕਰ ਸਕਦਾ ਹੈ। ਪਰ ਗੁਰਬਾਣੀ ਦੀ ਮੌਲਿਕਤਾ ਜਾਂ ਵਿਲੱਖਣਤਾ ਇਹ ਹੈ ਕਿ ਇਸ ਵਿਚ, ਵਿਦੇਹ-ਮੁਕਤੀ ਤੋਂ ਕਿਤੇ ਵੱਧ, ਜੀਵਨ-ਮੁਕਤੀ ਦਾ ਜ਼ਿਕਰ ਹੋਇਆ ਹੈ।

ਡਾਕਟਰ ਅਵਤਾਰ ਸਿੰਘ ਅਨੁਸਾਰ— "ਦੂਸਰੀ ਪ੍ਰਕਾਰ (ਵਿਦੇਹ-ਮੁਕਤੀ) ਬਾਰੇ ਸਾਨੂੰ ਬਹੁਤ ਘੱਟ ਪ੍ਰਮਾਣ ਮਿਲਦੇ ਹਨ, ਜਦ ਕਿ ਗੁਰਬਾਣੀ ਵਿਚ ਜੀਵਨ ਮੁਕਤੀ ਦਾ ਬਹੁਤ ਜ਼ਿਕਰ ਕੀਤਾ ਗਿਆ ਹੈ।"

ਸ਼ਾਸਤਰਾਂ ਦੇ ਅਨੁਸਾਰ— "ਜਦੋਂ ਮਨੁੱਖ ਨੂੰ ਆਪੇ ਦੀ ਸੋਝੀ ਹੋ ਜਾਂਦੀ ਹੈ ਤਾਂ ਉਹ ਬ੍ਰਹਮ ਸਰੂਪ ਹੋ ਜਾਂਦਾ ਹੈ ਅਤੇ ਆਤਮਾ ਸਤ, ਚਿਤ ਅਨੰਦਮਈ ਹੋ ਜਾਂਦੀ ਹੈ। ਮੌਤ ਤੋਂ ਪਿੱਛੋਂ ਇਹ ਆਤਮਾ ਜਨਮ-ਮਰਨ ਦੇ ਬੰਧਨ ਤੋਂ ਛੁਟ ਜਾਂਦੀ ਹੈ।" ਗੁਰਮਤਿ ਅਨੁਸਾਰ ਜਦੋਂ ਮਨੁੱਖ ਨੂੰ ਆਪੇ ਦਾ ਗਿਆਨ ਹੋ ਜਾਂਦਾ ਹੈ ਕਿ ਉਹ ਵੀ ਉਸ ਪਰਮ-ਸਤਾ ਬ੍ਰਹਮ ਦਾ ਹੀ ਇਕ ਅੰਸ਼ ਹੈ ਤਾਂ ਮਨੁੱਖ ਵਿੱਚੋਂ ਅਹੰ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ ਅਤੇ ਉਹ ਪ੍ਰਭੂ-ਪ੍ਰੇਮ ਵਿਚ ਲੀਨ ਹੋ ਜਾਂਦਾ ਹੈ। ਅਜਿਹਾ 'ਜੀਵਨ-ਮੁਕਤ' ਮੌਤ ਤੋਂ ਪਿੱਛੋਂ ਬ੍ਰਹਮ ਵਿਚ ਸਮਾ ਜਾਂਦਾ ਹੈ ਅਤੇ ਉਸ ਦੀ ਆਤਮਾ ਆਵਾਗਵਣ ਦੀ ਘੁੰਮਣ-ਘੇਰੀ ਤੋਂ ਆਜ਼ਾਦ ਹੋ ਜਾਂਦੀ ਹੈ। ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਵਿਦੇਹ-ਮੁਕਤੀ ਅਵਸਥਾ ਦਾ, ਜੀਵਨ-ਮੁਕਤ ਅਵਸਥਾ ਨਾਲ ਬਹੁਤ ਸੰਬੰਧ ਹੈ।

ਅਜਿਹਾ ਮਨੁੱਖ ਜਿਸ ਨੇ ਜੀਵਨ-ਕਾਲ ਸਮੇਂ ਆਪਣੇ ਅੰਦਰੋਂ ਹਉਮੈ ਦਾ ਤਿਆਗ ਕਰ ਦਿੱਤਾ, ਉਸ ਦੀ ਅਵਸਥਾ ਜੀਵਨ-ਮੁਕਤ ਦੀ ਹੈ:

*ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥* *(ਪੰਨਾ ੧੦੧੦)*

ਇਹ ਸਾਰਾ ਜਗਤ ਪਰਮਾਤਮਾ ਤੋਂ ਹੀ ਪੈਦਾ ਹੋਇਆ ਹੈ ਅਤੇ ਜੀਵ-

ਆਤਮਾ ਵੀ ਪਰਮਾਤਮਾ ਦੀ ਹੀ ਇਕ ਅੰਸ਼ ਹੈ। ਮਨੁੱਖ ਕੀਤੇ ਕਰਮਾਂ ਅਨੁਸਾਰ ਜਗਤ ਵਿਚ ਆਉਂਦਾ ਹੈ ਅਤੇ ਫਲਸਰੂਪ ਦੁੱਖ-ਸੁਖ ਭੋਗਦਾ ਹੈ, ਹਉਮੈ ਸੰਸਾਰ ਵਿਚ ਜੀਵ ਦੇ ਬੰਧਨ ਦਾ ਕਾਰਨ ਹੈ। ਹਉਮੈ ਕਾਰਨ ਮਨੁੱਖ ਇਹ ਭੁੱਲ ਜਾਂਦਾ ਹੈ ਕਿ ਉਹ ਵੀ ਉਸੇ ਜੋਤ ਦੀ ਇਕ ਕਿਰਨ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਪੰਜੇ ਵਿਕਾਰ ਮਨੁੱਖ ਨੂੰ ਦੁਨੀਆਂ ਵਿਚ ਬੰਨ੍ਹੀ ਰੱਖਦੇ ਹਨ:

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ॥* *(ਪੰਨਾ ੬੦੦)*

ਪਰੰਤੂ ਜੋ ਜੀਵਨ-ਮੁਕਤ ਅਵਸਥਾ ਦਾ ਧਾਰਨੀ ਹੁੰਦਾ ਹੈ, ਉਸ ਦੇ ਇਹ ਚੋਰ ਵੱਸ ਵਿਚ ਹੋ ਜਾਂਦੇ ਹਨ, ਇਹ ਉਸ ਦਾ ਮਾਣ ਨਹੀਂ ਲੁੱਟ ਸਕਦੇ :

*ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ॥*
*ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ॥* *(ਪੰਨਾ ੫੦੩)*

ਸੋ ਇਸ ਅਵਸਥਾ ਵਿਚ ਹਉਮੈ ਦੀ ਪੂਰਨ ਨਵਿਰਤੀ ਹੋ ਜਾਂਦੀ ਹੈ:

*ਹਉਮੈ ਜਾਈ ਤਾ ਕੰਤ ਸਮਾਈ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥*
*(ਪੰਨਾ ੭੫੦)*

ਮੁਕਤੀ ਦਾ ਦੁਆਰਾ ਅਤਿ ਨੀਕਾ ਦੱਸਿਆ ਹੈ, ਜਿਸ ਵਿੱਚੋਂ ਹਉਮੈ ਨਹੀਂ ਲੰਘ ਸਕਦੀ, ਹਉਮੈ ਨੂੰ ਗੁਆ ਕੇ ਹੀ ਇਹ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ:

– *ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ॥*
*ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ॥*
*ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ॥*
*ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ॥* *(ਪੰਨਾ ੫੦੯)*
– *ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ॥* *(ਪੰਨਾ ੧੨੭੬)*

ਜੀਵਨ-ਮੁਕਤੀ ਵਾਲੇ ਮਨੁੱਖ ਦੇ ਮਨ ਵਿੱਚੋਂ ਹਰ ਪ੍ਰਕਾਰ ਦੀ ਬੁਰਾਈ ਖ਼ਤਮ ਹੋ ਚੁਕੀ ਹੋਵੇਗੀ:

*ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥* *(ਪੰਨਾ ੧੪੨੬)*

ਸੁਖ-ਦੁੱਖ ਵਿਚ ਉਹ ਇਕ-ਸਮਾਨ ਰਹਿੰਦਾ ਹੈ ਅਤੇ ਲੋਭ, ਮੋਹ, ਆਦਿ ਉਸ ਦੇ ਨੇੜੇ ਨਹੀਂ ਲੱਗਦੇ:

*ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥*
*ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥* *(ਪੰਨਾ ੧੪੨੬)*

ਅਜਿਹਾ ਗੁਰਮੁਖ-ਜਨ ਰਜ, ਸਤ, ਤਮ, ਤ੍ਰੈ-ਗੁਣਾਂ ਤੋਂ ਉੱਪਰ ਉੱਠ ਜਾਂਦਾ ਹੈ:

*ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ॥ (ਪੰਨਾ ੩੦)*

ਉਹ ਅਜਿਹੀ ਅਵਸਥਾ ਵਿਚ ਵਿਚਰਦਾ ਹੈ ਕਿ ਕਰਮਕਾਂਡ, ਪਾਖੰਡ, ਅਡੰਬਰ ਦਾ ਤਿਆਗ ਕਰ ਦੇਂਦਾ ਹੈ, ਉਸ ਨੂੰ ਉਹ ਪੂਰਨ ਸੋਝੀ ਹੋ ਜਾਂਦੀ ਹੈ ਕਿ ਗੁਰੂ ਦੇ ਸ਼ਬਦ ਬਿਨਾਂ ਇਹ ਅਵਸਥਾ ਪ੍ਰਾਪਤ ਨਹੀਂ ਹੁੰਦੀ:

*ਕਰਮ ਧਰਮ ਕਰਿ ਮੁਕਤਿ ਮੰਗਾਹੀ॥ ਮੁਕਤਿ ਪਦਾਰਥੁ ਸਬਦਿ ਸਲਾਹੀ॥*
*ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥ (ਪੰਨਾ ੧੦੨੩)*

ਅਜਿਹੀ ਅਵਸਥਾ ਦਾ ਧਾਰਨੀ ਗੁਰਮੁਖ ਨਵਿਰਤੀ ਮਾਰਗ ਨਹੀਂ ਅਖਵਾਉਂਦਾ, ਬਲਕਿ ਸਮਾਜ ਵਿਚ ਰਹਿ ਕੇ ਹੀ ਇਸ ਅਵਸਥਾ ਨੂੰ ਪ੍ਰਾਪਤ ਕਰਦਾ ਹੈ ਅਤੇ ਪ੍ਰਾਪਤੀ ਦੇ ਬਾਅਦ ਵੀ ਸਮਾਜਿਕ ਜੀਵਨ ਜੀਊਂਦਾ ਹੈ, ਉਹ 'ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥' ਦਾ ਅਨੁਸਾਰੀ ਬਣ ਜਾਂਦਾ ਹੈ ਅਤੇ ਉਸ ਦੀ ਅਗਿਆਨਤਾ ਕੱਟੀ ਜਾਂਦੀ ਹੈ:

*ਮੇਰਾ ਤੇਰਾ ਜਾਨਤਾ ਤਬਹੀ ਤੇ ਬੰਧਾ॥*
*ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥ (ਪੰਨਾ ੪੨੨)*

ਉਸ ਦੇ ਮਨ ਵਿੱਚੋਂ ਭਰਮ ਖ਼ਤਮ ਹੋ ਜਾਂਦਾ ਹੈ, ਸੱਚ ਦਾ ਪ੍ਰਕਾਸ਼ ਉਤਪੰਨ ਹੋ ਜਾਂਦਾ ਹੈ:

*ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥*
*ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥ (ਪੰਨਾ ੧੦੦੨)*

ਅਜਿਹਾ ਵਿਅਕਤੀ ਸੰਜਮ ਦਾ ਜੀਵਨ ਜੀਊਂਦਾ ਹੈ ਅਤੇ ਉਸ ਦਾ ਆਪਣੇ ਆਪ 'ਤੇ ਪੂਰਾ ਕੰਟਰੋਲ ਹੁੰਦਾ ਹੈ:

*ਜਪੁ ਤਪੁ ਸੰਜਮੁ ਹਉਮੈ ਮਾਰਿ॥*
*ਜੀਵਨ ਮੁਕਤੁ ਜਾ ਸਬਦੁ ਸੁਣਾਏ॥*
*ਸਚੀ ਰਹਤ ਸਚਾ ਸੁਖੁ ਪਾਏ॥ (ਪੰਨਾ ੧੩੪੩)*

ਭਾਈ ਗੁਰਦਾਸ ਜੀ ਅਨੁਸਾਰ ਇਹ ਅਜਿਹੀ ਅਵਸਥਾ ਹੈ ਜਿਸ ਵਿਚ ਮਨੁੱਖ ਹੰਕਾਰ ਗੁਆ ਕੇ ਜੀਊਂਦਿਆਂ ਹੀ ਮਰਨ ਸਮਾਨ ਰਹਿੰਦਾ ਹੈ ਅਤੇ ਉਹ ਮਾਇਆ ਵੱਲੋਂ ਮਰ ਕੇ ਅਕਾਲ ਪੁਰਖ ਵੱਲ ਜੀਉ ਉੱਠਦਾ ਹੈ। ਭਾਵ ਆਪਣੀ ਸੁਰਤ ਮਾਇਆ ਵੱਲੋਂ ਹਟਾ ਕੇ ਪਰਮਾਤਮਾ ਵੱਲ ਜੋੜ ਲੈਂਦਾ ਹੈ:

*ਪੈਰੀ ਪੈ ਪਾ ਖਾਕੁ ਹੋਇ ਆਪਿ ਗਵਾਇ ਜੀਵੰਦਿਆਂ ਮਰਣਾ।*
*ਜੀਵਣ ਮੁਕਤਿ ਵਖਾਣੀਐ ਮਰਿ ਮਰਿ ਜੀਵਣੁ ਡੁਬਿ ਡੁਬਿ ਤਰਣਾ। (ਵਾਰ ੧੮:੧੬)*

ਜੀਵਨ ਮੁਕਤੀ ਦੀ ਅਵਸਥਾ ਇਕ ਅਜਿਹੀ ਸੰਤੁਲਿਤ ਅਵਸਥਾ ਹੁੰਦੀ ਹੈ, ਜਿਸ ਵਿਚ ਮਨੁੱਖੀ ਅਨੁਭਵ ਵਿਚਲੀ ਕੁਲ ਦ੍ਵੈਤ ਖ਼ਤਮ ਹੋ ਜਾਂਦੀ ਹੈ:

*ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥*

*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*
*(ਪੰਨਾ ੨੭੫)*

ਉੱਪਰ ਅਸੀਂ ਅਭਾਵਾਤਮਕ ਮੁਕਤੀ ਦਾ ਜ਼ਿਕਰ ਕਰ ਆਏ ਹਾਂ ਜਿਸ ਅਨੁਸਾਰ ਮਨੁੱਖੀ ਸ਼ਖ਼ਸੀਅਤ ਵਿੱਚੋਂ ਹਉਮੈ, ਦੁੱਖ, ਅਗਿਆਨਤਾ, ਦਵੈਤ-ਭਾਵ ਆਦਿ ਦਾ ਖ਼ਾਤਮਾ ਹੋ ਜਾਂਦਾ ਹੈ, ਪਰੰਤੂ ਗੁਰਮਤਿ ਅਨੁਸਾਰ ਮੁਕਤੀ ਅਭਾਵਾਤਮਕ ਹੀ ਨਹੀਂ ਭਾਵਾਤਮਕ ਵੀ ਹੈ। ਇਸ ਵਿਚ ਹਉਮੈ ਦਾ ਖ਼ਾਤਮਾ ਨਹੀਂ ਹੁੰਦਾ ਸਗੋਂ ਉਦਾਤੀਕਰਨ ਹੁੰਦਾ ਹੈ। ਇਹ ਪਰਮ-ਸੁਖ ਦੀ ਅਵਸਥਾ ਹੁੰਦੀ ਹੈ। ਇਸ ਅਵਸਥਾ ਵਿਚ ਜਿੱਥੇ ਦੁੱਖ ਦਾ ਖ਼ਾਤਮਾ ਹੁੰਦਾ ਹੈ, ਉਥੇ ਸੁਖ ਦੀ ਪ੍ਰਾਪਤੀ ਵੀ ਹੁੰਦੀ ਹੈ:

*ਗਾਵੀਐ ਸੁਣੀਐ ਮਨਿ ਰਖੀਐ ਭਾਉ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥* *(ਪੰਨਾ ੨)*

ਅਜਿਹੇ ਮਨੁੱਖ ਦੇ ਹਿਰਦੇ ਵਿਚ ਹਰੀ-ਨਾਮ ਦਾ ਵਾਸਾ ਹੁੰਦਾ ਹੈ:

- *ਸਗਲ ਥਾਨ ਤੇ ਓਹੁ ਊਤਮ ਥਾਨੁ॥*
  *ਨਾਨਕ ਜਿਹ ਘਟਿ ਵਸੈ ਹਰਿ ਨਾਮੁ॥* *(ਪੰਨਾ ੨੬੬)*
- *ਜੀਵਨ ਮੁਕਤੁ ਮਨਿ ਨਾਮੁ ਵਸਾਏ॥* *(ਪੰਨਾ ੪੧੨)*

ਗੁਰਮਤਿ ਅਨੁਸਾਰ ਅਜਿਹਾ ਮਨੁੱਖ ਸਦ-ਅਨੰਦ ਦੀ ਅਵਸਥਾ ਵਿਚ ਵਿਚਰਦਾ ਹੈ:

*ਮਹਾ ਅਨੰਦੁ ਗੁਰ ਸਬਦੁ ਵੀਚਾਰਿ॥...*
*ਜੋ ਸੁਣੇ ਕਮਾਵੈ ਸੁ ਉਤਰੈ ਪਾਰਿ॥* *(ਪੰਨਾ ੩੭੦)*

ਉਸ ਦੇ ਹਿਰਦੇ ਵਿਚ ਪ੍ਰੀਤ ਲੱਗ ਜਾਂਦੀ ਹੈ:

*ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ॥* *(ਪੰਨਾ ੧੨੨)*

ਸੋ ਸਮੁੱਚੇ ਰੂਪ ਵਿਚ ਜੀਵਨ-ਮੁਕਤ ਵਿਅਕਤੀ ਦੀ ਅਜਿਹੀ ਅਵਸਥਾ ਹੁੰਦੀ ਹੈ ਕਿ ਉਹ 'ਸਦਾ ਅਨੰਦ' ਵਿਚ ਵਿਗਸਦਾ ਹੋਇਆ, ਸੰਸਾਰ ਨੂੰ ਸਤਿ ਮੰਨ ਕੇ ਦੇਖਦਾ ਹੈ ਅਤੇ ਇਸ ਦਾ ਸਤਿਕਾਰ ਕਰਦਾ ਹੈ। ਉਹ ਇਸ ਅਵਸਥਾ ਨੂੰ ਪਹੁੰਚ ਕੇ ਵੀ ਸਮਾਜਿਕ ਰੁਝੇਵਿਆਂ ਵਿਚ ਵੀ ਅਤੇ ਅੰਤਰਮੁਖੀ ਅਨੰਦ ਵਿਚ ਵੀ ਇੱਕੋ ਸਮੇਂ ਲੀਨ ਰਹਿੰਦਾ ਹੈ। ਹਉਮੈ ਵਿਚ ਸੁਧਾਰ ਕਰ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਵੱਸ ਵਿਚ ਕਰ ਲੈਂਦਾ ਹੈ। ਮਿੱਟੀ ਅਤੇ ਸੋਨਾ ਉਸ ਲਈ ਇਕ ਸਮਾਨ ਹੋ ਜਾਂਦੇ ਹਨ, ਉਸ ਦੀ ਪ੍ਰੀਤ ਸੱਚੇ ਪ੍ਰਭੂ ਨਾਲ ਲੱਗ ਜਾਂਦੀ ਹੈ, ਅਤੇ ਉਹ ਹਮੇਸ਼ਾਂ ਆਪਣੀ ਲਿਵ ਉਸ ਨਾਲ ਜੋੜੀ ਰੱਖਦਾ ਹੈ। ਉਸ ਦੀ ਕਾਰ, 'ਹੁਕਮ ਦੀ ਕਾਰ' ਦਾ ਰੂਪ ਧਾਰਨ ਕਰ ਜਾਂਦੀ ਹੈ, ਕਿਉਂਕਿ ਉਸ ਨੂੰ ਪ੍ਰਭੂ ਦੇ ਭਾਣੇ ਅਤੇ 'ਰਜ਼ਾ' ਦੀ ਸੋਝੀ ਹੋ ਜਾਂਦੀ ਹੈ, ਉਸ ਦੀ ਸ਼ਖ਼ਸੀਅਤ ਵਿਚ ਅਨੰਦ, ਧੀਰਜ, ਟਿਕਾਉ, ਸਹਿਜ,

ਅਜ਼ਾਦੀ ਅਤੇ ਪ੍ਰਭੂ ਨਾਲ ਇਕਮਿਕਤਾ ਆਦਿ ਲੱਛਣ ਆ ਜਾਂਦੇ ਹਨ। ਉਸ ਦੀ ਬੁੱਧ, ਪਰਮ-ਬੁੱਧ ਵਿਚ ਤਬਦੀਲ ਹੋ ਜਾਂਦੀ ਹੈ। ਗਿਆਨ, ਪਰਮ-ਗਿਆਨ ਵਿਚ, ਸੁੰਦਰਤਾ, ਪਰਮ-ਸੁੰਦਰਤਾ ਵਿਚ, ਸ਼ਕਤੀ ਪਰਮ-ਸ਼ਕਤੀ ਵਿਚ ਬਦਲ ਜਾਂਦੇ ਹਨ ਅਤੇ ਉਹ ਰੂਹਾਨੀ ਪ੍ਰਕਾਸ਼ ਦਾ ਭਾਗੀ ਬਣ ਜਾਂਦਾ ਹੈ, ਪਰੰਤੂ ਇਹ ਅਵਸਥਾ ਮਨੁੱਖ ਨੂੰ ਸਿਰਫ਼ ਆਪਣੇ ਅਧਿਆਤਮਕ ਕਾਰਜਾਂ ਕਰਕੇ ਹੀ ਪ੍ਰਾਪਤ ਨਹੀਂ ਹੋਈ, ਇਸ ਦੀ ਪ੍ਰਾਪਤੀ ਪ੍ਰਭੂ ਦੀ ਨਦਰ ਨਾਲ ਹੁੰਦੀ ਹੈ।

ਅਜਿਹਾ ਜੀਵਨ-ਮੁਕਤਾ ਮੌਤ ਤੋਂ ਪਿੱਛੋਂ ਬ੍ਰਹਮ ਵਿਚ ਸਮਾ ਜਾਂਦਾ ਹੈ ਤੇ ਉਸ ਦੀ ਆਤਮਾ ਆਵਾਗਵਣ ਦੀ ਘੁੰਮਣਘੇਰੀ ਵਿੱਚੋਂ ਆਜ਼ਾਦ ਹੋ ਜਾਂਦੀ ਹੈ।

ਡਾ: ਅਵਤਾਰ ਸਿੰਘ ਅਨੁਸਾਰ— "ਜੀਵਨ ਸਮੇਂ ਪ੍ਰਾਪਤ ਕੀਤਾ ਮੁਕਤੀ ਦਾ ਅਨੁਭਵ ਮੌਤ ਤੋਂ ਬਾਅਦ ਦੇ ਮੁਕਤੀ ਦੇ ਅਨੁਭਵ ਨਾਲ ਇਕ ਲੜੀ ਦੀ ਤਰ੍ਹਾਂ ਜੁੜਿਆ ਹੋਇਆ ਹੈ।"

ਸੋ ਅਜਿਹੇ ਮਨੁੱਖ ਦੀ ਮੌਤ ਤੋਂ ਬਾਅਦ ਦੀ ਅਵਸਥਾ ਅਜਿਹੀ ਹੈ ਜਿਸ ਵਿਚ ਉਸ ਨੂੰ ਆਵਾਗਵਣ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ ਅਤੇ ਉਸ ਦੀ ਆਤਮਾ ਪਰਮਾਤਮਾ ਵਿਚ ਸਮਾ ਜਾਂਦੀ ਹੈ ਪਰ ਇਸ ਅਵਸਥਾ ਦੀ ਪ੍ਰਾਪਤੀ ਬਾਰੇ ਕੋਈ ਦਾਅਵਾ ਨਹੀਂ ਕਰ ਸਕਦਾ।

ਗਿ: ਸਰਦੂਲ ਸਿੰਘ ਕਵੀਸ਼ਰ ਅਨੁਸਾਰ— "ਕੋਈ ਇਹ ਦਾਅਵਾ ਨਹੀਂ ਕਰ ਸਕਦਾ ਕਿ ਲੀਨਤਾ-ਅਭੇਦਤਾ ਮੇਰਾ ਅਧਿਕਾਰ ਜਾਂ ਹੱਕ ਹੈ। ਇਹ ਤਾਂ ਪਰਮਾਤਮਾ ਦੀ ਨਦਰ ਹੈ, ਜਿਸ ਉੱਪਰ ਹੋ ਜਾਵੇ।" (*ਸਿੱਖ ਧਰਮ ਦਰਸ਼ਨ*, ਸੰਪਾ: ਡਾ: ਵਜ਼ੀਰ ਸਿੰਘ, ਪੰਨਾ ੩੦੩)

ਆਪਣੀ ਕੋਸ਼ਿਸ਼ ਨਾਲ ਮਨੁੱਖ ਨੂੰ ਚੰਗੀ ਜੂਨੀ ਤਾਂ ਪ੍ਰਾਪਤ ਹੋ ਸਕਦੀ ਹੈ, ਪਰੰਤੂ ਮੁਕਤੀ ਉਸ ਦੀ ਨਦਰ ਦੁਆਰਾ ਹੀ ਹੁੰਦੀ ਹੈ:

*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥* *(ਪੰਨਾ ੨)*

ਡਾ: ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ— "ਮੁਕਤੀ ਦੀ ਪ੍ਰਾਪਤੀ ਲਈ ਗੁਰਮਤਿ ਵਿਚ ਕਈ ਤਰ੍ਹਾਂ ਦੇ ਮਾਰਗਾਂ ਵੱਲ ਸੰਕੇਤ ਹੋਇਆ ਹੈ ਪਰੰਤੂ ਸਭ ਤੋਂ ਵੱਧ ਜ਼ੋਰ ਪ੍ਰਭੂ ਦੀ ਬਖਸ਼ਿਸ਼ ਉੱਪਰ ਹੈ।"

ਗੁਰਮਤਿ ਅਨੁਸਾਰ ਮਿਹਰ ਜਾਂ ਨਦਰ ਦੇ ਅਰਥ ਹਨ ਕਿ ਆਪਣੀ ਯੋਗਤਾ-ਅਯੋਗਤਾ ਦਾ ਖਿਆਲ ਨਾ ਕਰਦੇ ਹੋਏ ਸਾਨੂੰ ਉਸ ਦੀ ਰਜ਼ਾ ਵਿਚ ਭਰੋਸਾ ਹੋਣਾ ਕਿ ਅਕਾਲ ਪੁਰਖ ਸਾਡੀ ਸਹਾਇਤਾ ਕਰੇਗਾ ਤੇ ਸਾਨੂੰ ਗਲ ਲਾਵੇਗਾ।

ਪਰਮਾਤਮਾ ਨਾਲ ਅਭੇਦਤਾ ਲਈ ਹਉਮੈ ਦਾ ਮੇਟਣਾ ਜ਼ਰੂਰੀ ਹੈ ਅਤੇ ਇਸ ਦਸ਼ਾ ਵਿਚ ਜਗਿਆਸੂ ਕਦੀ ਆਪਣੀ ਯੋਗਤਾ ਦਾ ਦਾਅਵਾ ਨਹੀਂ ਕਰਦਾ ਕਿ ਮੈਂ ਇਸ ਪਦਵੀ ਦੇ ਯੋਗ ਹਾਂ, ਅਤੇ ਇਹ ਮੈਨੂੰ ਮਿਲਣੀ ਹੀ ਚਾਹੀਦੀ ਹੈ। ਉਹ ਤਾਂ ਆਪਣੇ ਆਪ ਨੂੰ ਪਰਮਾਤਮਾ ਦੀ ਰਹਿਮਤ 'ਤੇ ਛੱਡ ਦਿੰਦਾ ਹੈ ਕਿ ਪਰਮਾਤਮਾ

ਆਪਣੀ ਮਿਹਰ ਕਰ ਕੇ ਉਸ ਨੂੰ ਨਿਵਾਜੇਗਾ। ਸੋ ਉਸ ਅਕਾਲ ਪੁਰਖ ਦੀ ਨਦਰ ਹੋਣ ਨਾਲ ਹੀ ਮਨੁੱਖ ਇਸ ਭਵਜਲ ਨੂੰ ਤਰ ਸਕਦਾ ਹੈ:

- *ਨਾਨਕ ਤਰੀਐ ਤੇਰੀ ਮਿਹਰ॥* *(ਪੰਨਾ ੮੯੩)*
- *ਨਦਰੀ ਕਰਮਿ ਲਘਾਏ ਪਾਰਿ॥* *(ਪੰਨਾ ੪੬੫)*

ਪਰਮਾਤਮਾ ਦੀ ਨਦਰ, ਮਿਹਰ ਤੋਂ ਬਗ਼ੈਰ ਬਾਕੀ ਸਭ ਗੱਲਾਂ ਝੂਠ ਤੇ ਫੋਕੇ ਦਾਅਵੇ ਗ਼ਲਤ ਹਨ। ਕੇਵਲ ਨਦਰ ਨਾਲ ਹੀ ਇਸ ਪਰਮ-ਆਦਰਸ਼ ਦੀ ਪ੍ਰਾਪਤੀ ਹੋ ਸਕਦੀ ਹੈ:

*ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥* *(ਪੰਨਾ ੭)*

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜੋ ਆਪਣੇ ਜੀਵਨ-ਕਾਲ ਸਮੇਂ ਆਪਣੇ ਮਨ ਨੂੰ ਮਾਰ ਲੈਂਦਾ ਹੈ, ਉਹ ਆਪਣਾ ਅੱਗਾ ਵੀ ਸੁਆਰ ਲੈਂਦਾ ਹੈ, ਕਿਉਂਕਿ ਉਸ ਨੇ ਆਪਣੇ ਹਿਰਦੇ ਵਿਚ ਨਾਮ ਵਸਾ ਲਿਆ ਹੁੰਦਾ ਹੈ, ਜਿਸ ਉੱਪਰ ਪ੍ਰਭੂ ਦੀ ਬਖਸ਼ਿਸ਼ ਹੋ ਜਾਂਦੀ ਹੈ ਉਸ ਦਾ ਭੋਜਨ ਨਾਮ ਹੁੰਦਾ ਹੈ, ਉਸ ਦਾ ਜੀਵਨ ਪਵਿੱਤਰ ਹੁੰਦਾ ਹੈ, ਉਸ ਦਾ ਮਨ ਬੁਰਾਈ ਤੋਂ ਰਹਿਤ ਹੋ ਜਾਂਦਾ ਹੈ ਅਤੇ ਉਹ ਗੁਣਾਂ ਦਾ ਖਜ਼ਾਨਾ ਬਣ ਜਾਂਦਾ ਹੈ। ਉਹ ਫਿਰ ਨਹੀਂ ਜੰਮਦਾ, ਉਹ ਮੌਤ ਤੋਂ ਰਹਿਤ ਹੋ ਜਾਂਦਾ ਹੈ ਅਤੇ ਗੁਰੂ ਦੀ ਕਿਰਪਾ ਨਾਲ ਅਕਾਲ ਪੁਰਖ ਵਿਚ ਸਮਾ ਜਾਂਦਾ ਹੈ:

*ਜੀਵਤ ਮਰੈ ਮਰਿ ਮਰਣੁ ਸਵਾਰੈ॥ ਗੁਰ ਕੈ ਸਬਦਿ ਸਾਚੁ ਉਰ ਧਾਰੈ॥...*
*ਜੰਮੈ ਮਰੈ ਨ ਆਵੈ ਜਾਇ॥ ਗੁਰ ਪਰਸਾਦੀ ਸਾਚਿ ਸਮਾਇ॥* *(ਪੰਨਾ ੧੧੭੫)*

ਸੋ ਅਜਿਹਾ ਜੀਵਨ-ਮੁਕਤਾ ਜਿਸ ਉੱਪਰ ਅਕਾਲ ਪੁਰਖ ਦੀ ਕਿਰਪਾ ਹੋ ਜਾਂਦੀ ਹੈ, ਮੌਤ ਤੋਂ ਬਾਅਦ ਜਾਂ ਸਰੀਰ ਤਿਆਗ ਦੇਣ ਦੇ ਬਾਅਦ ਵੀ ਉਹ ਫਿਰ ਜੰਮਣ-ਮਰਨ ਦੇ ਚੱਕਰ ਵਿਚ ਨਹੀਂ ਪੈਂਦਾ ਅਰਥਾਤ ਉਹ ਆਵਾਗਵਣ ਤੋਂ ਛੁਟਕਾਰਾ ਪਾ ਜਾਂਦਾ ਹੈ:

- *ਬੰਧਨ ਕਾਟਿ ਮੁਕਤਿ ਜਨੁ ਭਇਆ॥ ਜਨਮ ਮਰਨ ਦੂਖੁ ਭ੍ਰਮੁ ਗਇਆ॥* *(ਪੰਨਾ ੨੮੯)*
- *ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥*
  *ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ॥* *(ਪੰਨਾ ੨੫੮)*

ਜੋ ਔਗਣ ਕੱਟ ਕੇ ਆਪਣਾ ਮੁੱਖ ਹਰੀ ਦੇ ਨਾਮ ਨਾਲ ਉਜਲ ਕਰ ਲੈਂਦੇ ਹਨ, ਉਨ੍ਹਾਂ ਵਿੱਚੋਂ ਜਨਮ-ਮਰਨ ਦਾ ਭੈ ਖ਼ਤਮ ਹੋ ਜਾਂਦਾ ਹੈ, ਉਹ ਜੂਨਾਂ ਵਿਚ ਨਹੀਂ ਪੈਂਦੇ:

- *ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ॥*
  *ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ॥* *(ਪੰਨਾ ੯੬੬)*
- *ਗੁਰਮੁਖਿ ਹਰਿ ਹਰਿ ਹਰਿ ਲਿਵ ਲਾਗੇ॥*
  *ਜਨਮ ਮਰਣ ਦੋਊ ਦੁਖ ਭਾਗੇ॥* *(ਪੰਨਾ ੧੧੭੮)*
- *ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥* **(ਬਾਕੀ ਸਫ਼ਾ ੧੨੯ 'ਤੇ)**

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਵਤਾਰਵਾਦ ਦਾ ਸਿਧਾਂਤ

*-ਡਾ.ਧਰਮ ਸਿੰਘ**

ਭਾਰਤੀ ਦਰਸ਼ਨ ਵਿਚ ਅਵਤਾਰਾਂ ਅਤੇ ਅਵਤਾਰਵਾਦ ਦੇ ਸਿਧਾਂਤ ਦੀ ਕਾਫ਼ੀ ਚਰਚਾ ਰਹੀ ਹੈ। ਗੁਰਬਾਣੀ ਦੀ ਆਪਣੀ ਦਾਰਸ਼ਨਿਕ ਪ੍ਰਕਿਰਤੀ ਵੀ ਹੋਣ ਕਰਕੇ ਇਸ ਵਿੱਚੋਂ ਸੁਭਾਵਿਕ ਤੌਰ 'ਤੇ ਅਵਤਾਰਾਂ ਅਤੇ ਅਵਤਾਰਵਾਦ ਬਾਰੇ ਬਾਣੀਕਾਰਾਂ ਦਾ ਦ੍ਰਿਸ਼ਟੀਕੋਣ ਉਜਾਗਰ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਸ ਸਿਧਾਂਤ ਬਾਰੇ ਪ੍ਰਤਿਉੱਤਰ (Response) ਮਿਲਦਾ ਹੈ, ਪਰ ਇਸ ਨੂੰ ਜਾਣਨ ਤੋਂ ਪਹਿਲਾਂ ਅਵਤਾਰ ਅਤੇ ਅਵਤਾਰਵਾਦ ਬਾਰੇ ਥੋੜ੍ਹੀ ਜਿਹੀ ਚਰਚਾ ਕਰਨੀ ਬੇਲੋੜੀ ਨਹੀਂ ਭਾਸਦੀ।

'ਅਵਤਾਰ ਸ਼ਬਦ ਦੋ ਸ਼ਬਦਾਂ 'ਅਵ+ਤ੍ਰੀ' ਦਾ ਸੰਜੋਗ ਹੈ। 'ਅਵ' ਤੋਂ ਭਾਵ ਹੇਠਾਂ ਅਤੇ 'ਤ੍ਰੀ' ਤੋਂ ਭਾਵ ਉਤਰਨਾ। ਬਹੁਤੇ ਕੋਸ਼ਾਂ ਵਿਚ ਇਸ ਸ਼ਬਦ ਦਾ ਅਰਥ ਉੱਚੇ ਸਥਾਨ ਤੋਂ ਉਤਰਨਾ ਜਾਂ ਹੇਠਾਂ ਆਉਣ ਦੀ ਕਿਰਿਆ ਹੈ। ਅੰਗ੍ਰੇਜ਼ੀ ਵਿਚ ਇਸ ਦਾ ਪਰਿਆਇ (Descent) ਮੰਨਿਆ ਗਿਆ ਹੈ। ਪਰ ਦਰਸ਼ਨ-ਸ਼ਾਸਤਰ ਵਿਚ ਇਸ ਦੇ ਵਿਸ਼ੇਸ਼ ਅਤੇ ਨਿਸ਼ਚਿਤ ਅਰਥ ਹਨ; ਭਗਵਾਨ ਦਾ ਬੈਕੁੰਠ ਧਾਮ ਤੋਂ ਭੂ-ਲੋਕ ਵਿਚ ਆਪਣੀ ਲੀਲ੍ਹਾ ਪ੍ਰਗਟਾਉਣ ਲਈ ਪ੍ਰਗਟ ਹੋਣਾ। ਪੌਰਾਨਿਕ ਮਨੌਤ ਅਨੁਸਾਰ ਕਿਸੇ ਦੇਵ-ਆਤਮਾ ਦਾ ਸਰੀਰ ਧਾਰ ਕੇ ਪ੍ਰਗਟ ਹੋਣਾ ਜਾਂ ਬੈਕੁੰਠ ਤੋਂ ਧਰਤੀ 'ਤੇ ਉਤਰਨਾ ਅਵਤਾਰ ਕਹਾਉਂਦਾ ਹੈ।

ਗੁਰਬਾਣੀ ਵਿਚ ਅਵਤਾਰਵਾਦ ਦੇ ਸਿਧਾਂਤ ਬਾਰੇ ਅਤੇ ਅਵਤਾਰ ਮੰਨੇ ਜਾਂਦੇ ਵਿਅਕਤੀਆਂ ਬਾਰੇ ਗੁਰੂ ਸਾਹਿਬਾਨ ਦਾ ਪ੍ਰਤਿਉੱਤਰ, ਬਾਕਾਇਦਾ ਉਨ੍ਹਾਂ ਦੇ ਨਾਂ ਲੈ ਕੇ, ਕਈ ਥਾਵਾਂ 'ਤੇ ਮਿਲਦਾ ਹੈ। ਇਸ ਦੀਆਂ ਦੋ ਗੱਲਾਂ ਵਿਸ਼ੇਸ਼ ਤੌਰ 'ਤੇ ਉਲੇਖਯੋਗ ਹਨ। ਪਹਿਲੀ ਇਹ ਕਿ ਅਵਤਾਰ ਕਹੇ ਜਾਣ ਵਾਲੇ ਲੋਕ ਅਸਲ ਵਿਚ ਕੋਈ ਦੈਵੀ ਵਿਅਕਤੀ ਨਹੀਂ ਸਗੋਂ ਵੱਖਰੇ-ਵੱਖਰੇ ਸਮਿਆਂ ਵਿਚ ਰਾਜ ਕਰਨ ਵਾਲੇ ਰਾਜੇ ਸਨ, ਜਿਨ੍ਹਾਂ ਨੂੰ ਲੋਕਾਂ ਨੇ ਮੱਲੋਜ਼ੋਰੀ ਅਵਤਾਰ ਬਣਾ ਧਰਿਆ:

*ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥* *(ਪੰਨਾ ੪੨੩)*

ਰਾਜਿਆਂ ਨੂੰ ਧਰਤੀ ਉੱਪਰ ਪਰਜਾ ਦੀ ਪਾਲਣਾ ਅਤੇ ਦੁੱਖਾਂ-ਮੁਸੀਬਤਾਂ ਤੋਂ ਉਨ੍ਹਾਂ ਦੀ ਰਾਖੀ ਲਈ ਭੇਜਿਆ ਮੰਨਿਆ ਜਾਂਦਾ ਹੈ, ਜਿਸ ਲਈ ਉਨ੍ਹਾਂ ਦਾ ਆਦਰਸ਼ਿਆਇਆ (Idealized) ਪ੍ਰਤਿਪਾਲਕ ਅਤੇ ਰੱਖਿਅਕ ਰੂਪ ਅਵਤਾਰਾਂ ਵਿਚ ਵਟ ਗਿਆ:

** ਮੁਖੀ ਤੇ ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।*

*ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ॥*
*ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ॥* (ਪੰਨਾ ੫੧੬)

ਇਨ੍ਹਾਂ ਰਾਜਿਆਂ ਦਾ ਦੂਜਾ ਲੱਛਣ ਇਹ ਹੈ ਕਿ ਇਨ੍ਹਾਂ ਦੀ ਸ਼ਾਨ, ਚੌਧਰ ਜਾਂ ਜਲਵਾ ਕੇਵਲ ਚਾਰ ਦਿਨਾਂ ਦੀ ਚਾਨਣੀ ਵਰਗਾ ਹੀ ਹੁੰਦਾ ਹੈ। ਇਨ੍ਹਾਂ ਕੋਲ ਜਿਹੜੀ ਧਨ-ਦੌਲਤ ਹੁੰਦੀ ਹੈ, ਉਸ ਦੀ ਉਮਰ ਕਸੁੰਭੜੇ ਦੇ ਫੁੱਲ ਜਿੰਨੀ ਥੋੜ੍ਹ-ਚਿਰੀ ਹੁੰਦੀ ਹੈ। ਇਨ੍ਹਾਂ ਦੀ ਹੋਣੀ ਵਿਨਾਸ਼ ਹੈ:

*ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥*
*ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ॥*
*ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ॥*
*ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ॥* (ਪੰਨਾ ੬੪੫)

ਇਸ ਦੇ ਉਲਟ ਪਰਮਾਤਮਾ ਜਨਮ-ਮਰਨ ਤੋਂ ਰਹਿਤ (ਅਜੂਨੀ) ਸਮੇਂ ਤੋਂ ਉੱਪਰ (ਅਕਾਲ) ਅਤੇ ਅਬਿਨਾਸੀ ਹੈ। ਉਸ ਦੀ ਸ਼ਾਨ ਮਜੀਠੀ ਹੈ। ਅਵਤਾਰਾਂ ਬਾਰੇ ਬਾਣੀਕਾਰਾਂ ਦੇ ਪ੍ਰਤਿਉੱਤਰ ਦਾ ਦੂਜਾ ਧਰਾਤਲ ਉਨ੍ਹਾਂ ਦੀ ਅਸਮਰੱਥਾ ਅਤੇ ਸੀਮਾ (Limitations) ਬਿਆਨ ਕਰਨਾ ਹੈ। ਇਹ ਅਸਮਰੱਥਾ ਅਤੇ ਸੀਮਾ ਉਹੋ ਹੀ ਹੈ ਜੋ ਇਕ ਸਾਧਾਰਨ ਮਨੁੱਖ ਦੀ ਹੈ ਜਿਵੇਂ ਪਰਮਾਤਮਾ ਦੀ ਥਾਹ ਨ ਪਾ ਸਕਣਾ, ਉਸ ਦੇ ਗੁਣਾਂ ਦਾ ਬਿਆਨ ਨਾ ਕਰ ਸਕਣਾ ਉਸ ਦੀ ਬੇਅੰਤਤਾ ਹੈ। ਗੁਰਮਤਿ ਵਿਚ ਅਵਤਾਰਾਂ ਨੂੰ ਵਿਸ਼ੇਸ਼ ਪਦਵੀ ਪ੍ਰਾਪਤ ਨਹੀਂ ਸਗੋਂ ਇਹ ਅਣਗਿਣਤ ਦੇਵਾਂ, ਦਾਨਵਾਂ ਅਤੇ ਮਾਨਵਾਂ ਵਾਂਗ ਹੀ ਜੋ ਦੈਵੀ ਹੁਕਮ ਅੱਗੇ ਸਿਰ ਝੁਕਾਉਂਦੇ ਹਨ:

*ਹੁਕਮਿ ਉਪਾਏ ਦਸ ਅਉਤਾਰਾ॥ ਦੇਵ ਦਾਨਵ ਅਗਣਤ ਅਪਾਰਾ॥*
*ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ॥* (ਪੰਨਾ ੧੦੩੭)

ਹੋਰ ਤਾਂ ਹੋਰ ਅਵਤਾਰ ਮੰਨੇ ਜਾਂਦੇ ਜਾਂ ਕਹੇ ਜਾਣ ਵਾਲੇ ਲੋਕਾਂ ਦਾ ਬਾਕਾਇਦਾ ਨਾਂ ਲੈ ਕੇ ਉਨ੍ਹਾਂ ਦੀਆਂ ਸੀਮਾਵਾਂ ਉੱਪਰ ਉਂਗਲ ਧਰੀ ਗਈ ਹੈ:

– *ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥* (ਪੰਨਾ ੮੯੪)

– *ਬ੍ਰਹਮੇ ਤੁਧੁ ਧਿਆਇਨਿ੍ ਇੰਦ੍ਰ ਇੰਦ੍ਰਾਸਣਾ॥*
*ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ॥*
*ਪੀਰ ਪਿਕਾਬਰ ਸੇਖ ਮਸਾਇਕ ਅਉਲੀਏ॥*
*ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ॥* (ਪੰਨਾ ੫੧੮)

ਕਹਿਣ ਦਾ ਭਾਵ ਇਹ ਹੈ ਕਿ ਗੁਰਮਤਿ ਵਿਚ ਅਵਤਾਰ ਨਿਰੰਕੁਸ਼ (Soverign) ਨਹੀਂ ਸਗੋਂ ਉਨ੍ਹਾਂ ਉੱਪਰ ਵੀ ਇਕ ਅਜਿਹੀ ਪਰਮਸੱਤਾ ਹੈ ਜਿਸ ਤੋਂ ਉਹ ਆਪਣੀਆਂ ਸਾਰੀਆਂ ਸ਼ਕਤੀਆਂ ਅਰਜਿਤ ਕਰਦੇ ਹਨ। ਅਵਤਾਰਾਂ ਦੀ ਇਸ ਸੀਮਾ ਕਰਕੇ ਹੀ ਉਹ ਪਰਾਧੀਨ ਹਨ ਜਦਕਿ ਗੁਰਮਤਿ ਵਿਚ ਬ੍ਰਹਮ ਸਵੈ-

ਸੰਪੰਨ ਅਤੇ ਨਿਰੰਕੁਸ਼ ਹੈ। ਉਸ ਉੱਪਰ ਕਿਸੇ ਦਾ ਹੁਕਮ ਨਹੀਂ ਚੱਲਦਾ ਸਗੋਂ ਉਹ ਤਾਂ ਹੁਕਮ ਚਲਾਉਂਦਾ ਹੈ ਜਿਸ ਕਰਕੇ ਉਹ 'ਸਿਰਿ ਸਾਹਾਂ ਪਾਤਸ਼ਾਹ' ਹੈ। ਹੇਠ ਲਿਖੇ ਸ਼ਬਦ ਵਿਚ ਬਹੁਤੇ ਪੌਰਾਣਿਕ ਅਵਤਾਰਾਂ ਦੇ ਨਾਂ ਲੈ ਕੇ ਉਨ੍ਹਾਂ ਵੱਲੋਂ ਜ਼ੁਲਮ ਤੇ ਜਾਬਰਾਂ ਦਾ ਨਾਸ ਕਰਨ ਦੇ ਉਪਕਾਰ ਦੀ ਵਡਿਆਈ ਨੂੰ ਪਰਮਾਤਮਾ ਦੀ ਵਡਿਆਈ ਦੇ ਸਾਹਮਣੇ ਤੁੱਛ ਮੰਨਿਆ ਗਿਆ ਹੈ:

*ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ॥*
*ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ॥੧॥*
*ਕਿਆ ਉਪਮਾ ਤੇਰੀ ਆਖੀ ਜਾਇ॥*
*ਤੂੰ ਸਰਬੇ ਪੂਰਿ ਰਹਿਆ ਲਿਵ ਲਾਇ॥੧॥ ਰਹਾਉ॥*
*ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ॥*
*ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ॥੨॥*
*ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥*
*ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ॥੩॥*
*ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ॥*
*ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ॥*

*(ਪੰਨਾ ੩੫੦-੫੧)*

ਦਰਅਸਲ ਨਿਰਗੁਣਵਾਦੀ ਗੁਰੂ ਸਾਹਿਬਾਨ ਨੇ ਅਵਤਾਰਾਂ ਨੂੰ ਉਸ ਕਿਸਮ ਦੀ ਮਾਨਤਾ ਨਹੀਂ ਦਿੱਤੀ ਜਿਹੋ-ਜਿਹੀ ਸਰਗੁਣ ਉਪਾਸ਼ਕਾਂ ਨੇ ਦਿੱਤੀ ਹੈ ਜਿਨ੍ਹਾਂ ਲਈ ਅਵਤਾਰ ਈਸ਼ਵਰ ਦੇ ਸਾਕਾਰ, ਸਮੂਰਤ ਅਤੇ ਸਥੂਲ ਪ੍ਰਤੀਕ ਹਨ ਜਿਨ੍ਹਾਂ ਦੀ ਮੂਰਤੀ ਪੂਜਾ ਹੁੰਦੀ ਹੈ। ਗੁਰਬਾਣੀ ਵਿਚ ਤਾਂ ਸਗੋਂ ਇਸ ਦੇ ਉਲਟ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ। ਇੱਥੇ ਨਾ ਕੇਵਲ ਅਵਤਾਰਾਂ ਨੂੰ ਛੁਟਿਆਇਆ ਗਿਆ ਹੈ, ਸਗੋਂ ਕਈਆਂ ਹਾਲਤਾਂ ਵਿਚ ਉਨ੍ਹਾਂ ਦਾ ਖੰਡਨ ਕਰਕੇ ਨਿਖੇਧੀ ਵੀ ਕੀਤੀ ਗਈ ਹੈ। ਗੁਰਬਾਣੀ ਵਿਚ ਅਵਤਾਰਵਾਦ ਦਾ ਖੰਡਨ ਅਤੇ ਮੂਰਤੀ ਪੂਜਾ ਦਾ ਨਿਖੇਧ ਹੈ। ਦਰਅਸਲ ਇਸ ਸਿਧਾਂਤ ਦੀ ਨਿਖੇਧੀ ਦੇ ਬੀਜ ਉਸ ਵੇਲੇ ਦੇ ਰਾਜਨੀਤਿਕ, ਸਮਾਜਿਕ ਅਤੇ ਸਭਿਆਚਾਰਕ ਅਧੋਗਤੀ ਵਿਚ ਪਏ ਹਨ। ਮੂਰਤੀ ਪੂਜਾ ਅਤੇ ਵੱਖ-ਵੱਖ ਇਸ਼ਟਾਂ ਦੀਆਂ ਮਾਨਤਾਵਾਂ ਨੇ ਸਮਾਜ ਨੂੰ ਖੇਰੂੰ-ਖੇਰੂੰ ਕਰਕੇ ਰੱਖ ਦਿੱਤਾ ਸੀ ਜਿਸ ਦਾ ਨਤੀਜਾ ਹਿੰਦੁਸਤਾਨ ਦੀ ਗ਼ੁਲਾਮੀ ਵਿਚ ਨਿਕਲਿਆ। ਮਨੁੱਖੀ ਸ਼ਕਤੀ ਬਿਖਰਨ ਨਾਲ ਕੋਈ ਵੀ ਸੰਗਠਨ/ਕੇਂਦਰ ਕਾਇਮ ਨ ਰਹਿ ਸਕਿਆ ਜਿਸ ਕਰਕੇ ਸਾਰੇ ਪਾਸੇ ਆਪਾ-ਧਾਪੀ ਪਈ ਹੋਈ ਸੀ। ਰਾਜਨੀਤਿਕ ਗ਼ੁਲਾਮੀ ਹਿੰਦੁਸਤਾਨੀਆਂ ਦੇ ਨਹੁੰਆਂ ਤਕ ਆਣ ਧੱਸੀ ਅਤੇ ਉਨ੍ਹਾਂ ਨੂੰ ਆਪਣਾ (Indigenous) ਸਭ ਕੁਝ ਚੰਗਾ ਲੱਗਣੋਂ ਹਟ ਗਿਆ। ਇਸ ਸੰਕਟ ਦੀ ਆਸਾ ਕੀ ਵਾਰ ਅਤੇ ਹੋਰ ਬਾਣੀਆਂ ਵਿਚ ਖੂਬ ਚਰਚਾ ਹੋਈ ਹੈ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੁਸਤਾਨੀਆਂ

ਨੂੰ ਆਤਮ-ਪਛਾਨਣ ਅਤੇ ਆਤਮ-ਚੀਨਣ ਦੀ ਸਿੱਖਿਆ ਦਿੱਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਸਲੋਕ ਵਾਰਾਂ ਤੇ ਵਧੀਕ ਵਿਚਲੀ ਸਮੱਗਰੀ ਵੀ ਲੱਗਭਗ ਬਾਕੀ ਰਚਿਤ ਬਾਣੀ ਵਾਲੀ ਹੀ ਹੈ, ਜਿਸ ਵਿਚ ਅਵਤਾਰਵਾਦ ਦਾ ਬੜੇ ਭਰਵੇਂ ਰੂਪ ਵਿਚ ਖੰਡਨ ਕੀਤਾ ਗਿਆ ਹੈ। ਇਸ ਸਾਰੀ ਚਰਚਾ ਦਾ ਸਾਰੰਸ਼ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਵਤਾਰਵਾਦ ਦੇ ਸਿਧਾਂਤ ਦਾ ਸਪਸ਼ਟ ਖੰਡਨ ਅਤੇ ਸਰਬ-ਕਲਾ-ਸੰਪੰਨ ਪਰਮਾਤਮਾ ਦਾ ਅਭਿਨੰਦਨ ਹੈ। ■

---

## *...ਆਵਾਗਵਨ ਤੇ ਮੁਕਤੀ ਦਾ ਸਿਧਾਂਤ*

*(ਸਫ਼ਾ ੧੨੫ ਦਾ ਬਾਕੀ ਹਿੱਸਾ)*

*ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ॥* *(ਪੰਨਾ ੧੯)*

*- ਜਨਮ ਮਰਨ ਸੰਕਟ ਤੇ ਛੂਟੈ ਜਗਦੀਸ ਭਜਨ ਸੁਖ ਧਿਆਨ॥* *(ਪੰਨਾ ੧੨੨੧)*

ਸੋ ਇਹ ਸਪੱਸ਼ਟ ਹੈ ਕਿ ਜੀਵ-ਆਤਮਾ ਜੋ ਮੁਕਤੀ ਪ੍ਰਾਪਤ ਕਰ ਲੈਂਦੀ ਹੈ ਉਸ ਦਾ ਇਕ ਪੱਖ ਇਹ ਹੈ ਕਿ ਉਹ ਆਵਾਗਵਣ ਤੋਂ ਛੁਟਕਾਰਾ ਪ੍ਰਾਪਤ ਕਰ ਜਾਂਦੀ ਹੈ। ਇਹ ਨਿਖੇਧਾਤਮਕ ਪੱਖ ਹੈ।

ਗੁਰਮਤਿ ਅਨੁਸਾਰ ਦੂਸਰਾ ਪੱਖ ਉਸ ਅਵਸਥਾ ਦਾ ਇਹ ਹੈ ਕਿ ਉਸ ਦੀ ਜੋਤ ਪਰਮ-ਜੋਤ ਵਿਚ ਸਮਾਅ ਜਾਂਦੀ ਹੈ।

ਡਾ: ਅਵਤਾਰ ਸਿੰਘ ਅਨੁਸਾਰ— "ਉਸ ਦਾ ਸਵੀਕਾਰਾਤਮਕ ਪੱਖ ਇਹ ਹੈ ਕਿ ਉਸ ਦੀ ਜੋਤ ਪਰਮ-ਜੋਤ ਵਿਚ ਮਿਲ ਜਾਂਦੀ ਹੈ, ਇਸ ਦਾ ਹੀ ਨਾਮ ਮਿਲਾਪ ਹੈ।"

*ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ॥* *(ਪੰਨਾ ੧੦੦੯)*

ਸੋ ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗੁਰਮਤਿ ਅਨੁਸਾਰ ਮਨੁੱਖ ਜੇਕਰ ਗੁਰੂ ਦੇ ਦੱਸੇ ਰਸਤੇ ਉੱਪਰ ਚੱਲਦਾ ਹੈ ਤਾਂ ਕੇਵਲ ਮੌਤ ਤੋਂ ਬਾਅਦ ਹੀ ਨਹੀਂ, ਉਹ ਆਪਣੇ ਜੀਵਨ-ਕਾਲ ਸਮੇਂ ਵੀ ਇਸ ਪਰਮ-ਅਵਸਥਾ ਨੂੰ ਅਕਾਲ ਪੁਰਖ ਦੀ ਨਦਰ ਰਾਹੀਂ ਪ੍ਰਾਪਤ ਕਰ ਸਕਦਾ ਹੈ-ਜੇਕਰ ਉਸ ਨੇ, 'ਗੁਰ ਕੀ ਸਾਖੀ ਅੰਮ੍ਰਿਤ ਬਾਣੀ' ਵਿਚ ਸੁਰਤ ਟਿਕਾ ਕੇ 'ਪ੍ਰੀਤਿ ਚਰਨ ਕਮਲਾਰੇ' ਰਾਹੀਂ ਪੰਜਾਂ ਚੋਰਾਂ ਨੂੰ ਵੱਸ ਵਿਚ ਕਰ ਲਿਆ ਹੈ, ਤਾਂ 'ਹਸੰਦਿਆ ਖੇਲੰਦਿਆ, ਪੈਨੰਦਿਆ ਖਾਵੰਦਿਆ' ਵਿਚ ਵੀ ਉਹ ਇਸ ਮੁਕਤਿ ਅਵਸਥਾ ਦਾ ਅਨੰਦ ਮਾਣ ਸਕਦਾ ਹੈ। ਜੀਵਨ-ਕਾਲ ਸਮੇਂ ਦੀ ਇਹ ਅਵਸਥਾ, ਸਰੀਰਿਕ ਮੌਤ ਤੋਂ ਬਾਅਦ ਦੀ ਮੁਕਤਿ ਅਵਸਥਾ ਤੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ, ਬਲਕਿ ਇਕ ਲੜੀ ਦੀ ਤਰ੍ਹਾਂ ਜੁੜੀ ਹੋਈ ਹੈ— ਮੌਤ ਤੋਂ ਬਾਅਦ ਐਸੀ ਜੀਵ ਆਤਮਾ ਆਵਾਗਵਣ ਤੋਂ ਛੁਟਕਾਰਾ ਪਾ ਜਾਂਦੀ ਹੈ ਅਤੇ ਪਰਮ-ਜੋਤ ਵਿਚ ਅਭੇਦ ਹੋ ਜਾਂਦੀ ਹੈ। ■

# ਕਰਮ ਸਿਧਾਂਤ

*-ਸਿਮਰਜੀਤ ਸਿੰਘ**

ਕਰਮ ਦੇ ਸਿਧਾਂਤ ਦਾ ਮਹੱਤਵ ਸਾਰੇ ਹੀ ਮਤਾਂ ਵਿਚ ਸਵੀਕਾਰ ਕੀਤਾ ਜਾਂਦਾ ਰਿਹਾ ਹੈ। ਬੁੱਧ ਅਤੇ ਜੈਨ ਵਰਗੇ ਨਾਸਤਿਕ ਮਤਾਂ ਵਿਚ ਵੀ ਸੰਜਮ ਅਤੇ ਸਦਾਚਾਰ ਦੇ ਰੂਪ ਵਿਚ ਕਰਮਾਂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ। ਹਿੰਦੂ ਵਿਚਾਰਧਾਰਾ ਵਿਚ ਕਰਮ ਸਿਧਾਂਤ ਬਹੁਤ ਵਿਸ਼ਾਲ ਰੂਪ 'ਚ ਪਸਰਿਆ ਹੋਇਆ ਹੈ। ਹਿੰਦੂ ਦਰਸ਼ਨ ਵਿਚ ਹਰ ਮੁਸ਼ਕਲ ਦਾ ਹੱਲ ਕਰਮ ਸਿਧਾਂਤ ਦੇ ਆਧਾਰ ਉੱਪਰ ਕੀਤਾ ਜਾਂਦਾ ਹੈ। ਕਰਮ ਸਿਧਾਂਤ ਨੂੰ ਮਨੁੱਖ ਦੀਆਂ ਸਭ ਘਾਟਾਂ ਅਤੇ ਪ੍ਰਾਪਤੀਆਂ ਦਾ ਜ਼ਿੰਮੇਵਾਰ ਦੱਸਿਆ ਗਿਆ ਹੈ। ਛੇ ਸ਼ਾਸਤਰਾਂ ਵਿਚ ਵੀ ਕਰਮ ਦੀ ਧਾਰਨਾ ਕਿਸੇ ਨਾ ਕਿਸੇ ਰੂਪ ਵਿਚ ਮੰਨੀ ਗਈ ਹੈ। 'ਸਾਂਖਯ ਸ਼ਾਸਤਰ' ਵਿਚ ਵਿਵੇਕ ਕਰਮਾਂ ਨੂੰ ਬੰਧਨ-ਰਹਿਤ ਮੰਨਿਆ ਗਿਆ ਹੈ। ਯੋਗ ਮਤ ਵਿਚ ਚਿਤ ਦੀ ਸ਼ੁੱਧੀ ਲਈ ਕੀਤੇ ਉਪਾਅ ਕਰਮ ਹਨ। 'ਪੂਰਵ ਮੀਮਾਂਸਾ' ਵਿਚ ਯੱਗ, ਉਪਾਸ਼ਨਾ ਆਦਿ ਸ਼ੁਭ-ਕਰਮ ਹਨ। ਅਦਵੈਤ-ਵੇਦਾਂਤ ਵਿਚ ਗਿਆਨ ਅਤੇ ਵੈਰਾਗ ਆਧਾਰਿਤ ਕਰਮਾਂ ਨੂੰ ਸ੍ਰੇਸ਼ਟ ਕਰਮਾਂ ਵਜੋਂ ਪ੍ਰਵਾਨ ਕੀਤਾ ਗਿਆ ਹੈ। ਤਾਂਤ੍ਰਿਕ ਗ੍ਰੰਥਾਂ ਵਿਚ ਪੰਜ ਵਿਕਾਰਾਂ (ਮਦ, ਮਾਸ, ਮੈਥੁਨ, ਮੁਦ੍ਰਾ ਅਤੇ ਮਤ੍ਸ੍ਯ) ਦੀ ਪਾਲਣਾ ਨੂੰ ਕਰਮ ਦਾ ਨਾਂ ਦਿੱਤਾ ਗਿਆ ਹੈ। ਪੁਰਾਣਾਂ ਵਿਚ ਕਰਮ ਪੂਜਾ-ਵਿਧੀਆਂ, ਤੀਰਥ ਯਾਤਰਾ ਦੇ ਰੂਪ ਵਿਚ ਮੰਨੇ ਜਾਂਦੇ ਹਨ, ਅੰਤਰ ਕੇਵਲ ਵਿਆਖਿਆ ਅਤੇ ਪ੍ਰਕਿਰਿਆ ਦਾ ਹੈ।

ਹਿੰਦੂ ਮਤ ਵਿਚ ਕਰਮ ਸਿਧਾਂਤ ਅੱਗੇ ਚੱਲ ਕੇ ਕਰਮਕਾਂਡ ਦਾ ਰੂਪ ਧਾਰਨ ਕਰ ਜਾਂਦਾ ਹੈ। ਸ਼ਾਸਤਰਕਾਰਾਂ ਨੇ ਇਸ ਦੀ ਤਿੰਨ ਹਿੱਸਿਆਂ ਵਿਚ ਵੰਡ ਕੀਤੀ ਹੈ, ਗਿਆਨ ਕਾਂਡ, ਉਪਾਸ਼ਨਾ ਕਾਂਡ, ਅਤੇ ਕਰਮਕਾਂਡ। ਕਰਮਕਾਂਡ ਦਾ ਮੂਲ ਰੂਪ ਵਿਚ ਸੰਬੰਧ ਮਨੁੱਖ ਦੇ ਹਰ ਪ੍ਰਕਾਰ ਦੇ ਕਰਮਾਂ ਨਾਲ ਹੈ ਜਿਸ ਵਿਚ ਉਸ ਵੱਲੋਂ ਕੀਤੀਆਂ ਧਾਰਮਿਕ ਕਿਰਿਆਵਾਂ ਵੀ ਸ਼ਾਮਲ ਹਨ ਪਰ ਸਥੂਲ ਵਿਚ ਧਾਰਮਿਕ ਕਿਰਿਆਵਾਂ ਨੂੰ ਹੀ ਕਰਮਕਾਂਡ ਕਿਹਾ ਜਾਣ ਲੱਗ ਪਿਆ। ਇਸ ਨਾਲ ਪ੍ਰੋਹਿਤ ਵਰਗ ਦਾ ਡੂੰਘਾ ਸੰਬੰਧ ਹੈ ਕਿਉਂਕਿ ਇਸ ਨੂੰ ਪੂਰਾ ਕਰਨ ਲਈ ਉਨ੍ਹਾਂ ਦਾ ਮੁੱਖ ਯੋਗਦਾਨ ਹੁੰਦਾ ਹੈ। ਕਰਮਕਾਂਡ ਵਿਚ ਵਿਸ਼ੇਸ਼ ਰੂਪ ਵਿਚ ਦੱਸਿਆ ਗਿਆ ਹੈ ਕਿ ਕਿਹੜੇ ਕਰਮ ਕਰਨੇ ਠੀਕ ਹਨ ਅਤੇ ਕਿਹੜੇ ਵਰਜਿਤ ਹਨ, ਇਨ੍ਹਾਂ ਕਰਮਾਂ ਨੂੰ ਕਰਨ ਲਈ ਕਿਹੜਾ-ਕਿਹੜਾ ਸਮਾਂ ਉਚਿਤ ਹੈ। ਮੱਧ ਯੁੱਗ ਤਕ ਪਹੁੰਚਦਿਆਂ ਹੋਰ ਵੀ ਕਈਆਂ ਮਤਾਂ

** ਸੰਪਾਦਕ, ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ।*

ਵਿਚ ਕਈ ਪ੍ਰਕਾਰ ਦੇ ਕਰਮਕਾਂਡ ਸ਼ੁਰੂ ਹੋ ਗਏ ਇਸ ਲਈ ਮੱਧ ਯੁੱਗ ਵਿਚ ਕਾਵਿ ਸਾਹਿਤ ਵਿਚ ਵਰਤੇ ਜਾਣ ਵਾਲੇ ਇਸ ਸ਼ਬਦ ਤੋਂ ਭਾਵ ਕਿਸੇ ਵਿਸ਼ੇਸ਼ ਮਤ ਦੀ ਕਰਮ ਵਿਵਸਥਾ ਨਾਲ ਨਹੀਂ, ਸਗੋਂ ਸਾਧਨਾ ਸਬੰਧੀ ਉਨ੍ਹਾਂ ਬਾਹਰਲੀਆਂ ਕਿਰਿਆਵਾਂ ਤੋਂ ਹੈ ਜੋ ਹੌਲੀ-ਹੌਲੀ ਧਰਮ ਦੇ ਵਾਸਤਵਿਕ ਸਰੂਪ ਨੂੰ ਪਰ੍ਹੇ ਹਟਾ ਕੇ ਆਪਣੀ ਪ੍ਰਧਾਨਤਾ ਸਥਾਪਿਤ ਕਰ ਲੈਂਦੀਆਂ ਹਨ। ਇਨ੍ਹਾਂ ਕਿਰਿਆਵਾਂ ਦਾ ਰੂਪ ਹੀ ਕਰਮਕਾਂਡ ਹੈ ਚਾਹੇ ਇਹ ਕਿਸੇ ਵੀ ਮਤ ਨਾਲ ਸੰਬੰਧਿਤ ਕਿਉਂ ਨਾ ਹੋਣ? ਇਨ੍ਹਾਂ ਨੂੰ ਪਰਿਣਾਮੀ ਕਰਮ ਦੀ ਸ਼੍ਰੇਣੀ ਵਿਚ ਵੀ ਰੱਖਿਆ ਜਾ ਸਕਦਾ ਹੈ। ਫਲਸਰੂਪ ਕਰਮਕਾਂਡ ਉਹ ਹੁੰਦੇ ਹਨ ਜੋ ਕਿਸੇ ਵੀ ਮਤ ਵਿਚ ਸੱਚੀ ਅਤੇ ਨਿਸ਼ਕਾਮ ਪ੍ਰੇਮ ਭਾਵਨਾ ਤੋਂ ਸੱਖਣੇ ਹੋਣ।

ਮੱਧ ਯੁੱਗ ਦੇ ਭਗਤੀ ਅੰਦੋਲਨ ਦੇ ਵਿਕਸਿਤ ਹੋਣ ਵਿਚ ਕਰਮਕਾਂਡ ਦੀ ਨਿਸਾਰਤਾ ਅਤੇ ਲੋਕਾਂ ਨੂੰ ਵਾਸਤਵਿਕ ਮਾਰਗ ਤੋਂ ਹਟਾ ਕੇ ਕੁਰਾਹੇ ਪਾਉਣ ਦੀ ਬਿਰਤੀ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਇਸੇ ਲਈ ਇਨ੍ਹਾਂ ਕਰਮਕਾਂਡਾਂ ਤੋਂ ਜਨਤਾ ਨੂੰ ਬੇਮੁਖ ਕਰਨ ਦੀ ਭਾਵਨਾ ਨਾਲ ਮਹਾਂਪੁਰਸ਼ਾਂ ਦੀਆਂ ਬਾਣੀਆਂ ਵਿਚ ਇਨ੍ਹਾਂ ਦੇ ਨਿਖੇਧ ਦੀ ਗੱਲ ਡਟ ਕੇ ਕਹੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪਾਖੰਡਪੂਰਨ ਕਰਮਕਾਂਡਾਂ ਜਾਂ ਬਾਹਰਲੇ ਧਾਰਮਿਕ ਆਚਾਰਾਂ ਦੀ ਨਿਸਾਰਤਾ ਉੱਤੇ ਵਿਸਤਾਰ ਨਾਲ ਚਾਨਣਾ ਪਾਇਆ ਗਿਆ ਹੈ। ਪਰ ਅਜਿਹਾ ਕਰਨ ਵੇਲੇ ਕਿਸੇ ਵਿਸ਼ੇਸ਼ ਧਰਮ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਸਗੋਂ ਧਾਰਮਿਕ ਅਨੁਸ਼ਠਾਨਾਂ ਦੀ ਰੂੜ੍ਹੀਵਾਦਤਾ ਨੂੰ ਸਪਸ਼ਟ ਕੀਤਾ ਗਿਆ ਹੈ ਅਤੇ ਕਿਤੇ-ਕਿਤੇ ਤਾਂ ਪਰੰਪਰਾਗਤ ਕਰਮਕਾਂਡ ਦੇ ਭਾਵੀ-ਕ੍ਰਿਤ ਰੂਪ ਦਾ ਚਿਤਰਨ ਵੀ ਕੀਤਾ ਗਿਆ ਹੈ। ਪਰੋਹਿਤ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਨੇ ਕਿਹਾ ਹੈ:

*ਸੁਣਿ ਪੰਡਿਤ ਕਰਮਾ ਕਾਰੀ॥*
*ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥*
*ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥*
*ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥* *(ਪੰਨਾ ੬੩੫)*

ਅਸਲ ਵਿਚ ਸੱਚੇ ਨਾਮ ਦੀ ਅਰਾਧਨਾ ਤੋਂ ਬਿਨਾਂ ਸਾਰੇ ਕਰਮਕਾਂਡ ਹਉਮੈ ਦਾ ਪਸਾਰ ਹੀ ਹਨ:

*ਕਰਮ ਕਾਂਡ ਬਹੁ ਕਰਹਿ ਅਚਾਰ॥*
*ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥* *(ਪੰਨਾ ੧੬੨)*

ਸਿੱਖ ਮਤ ਅਤੇ ਗੁਰਬਾਣੀ ਵਿਚ ਕਰਮ ਨੂੰ ਸਿਧਾਂਤ ਵਜੋਂ ਮਾਨਤਾ ਪ੍ਰਾਪਤ ਹੈ। ਗੁਰਬਾਣੀ ਵਿਚ 'ਕਰਮ' ਸ਼ਬਦ ਦੋ ਅਰਥਾਂ ਵਿਚ ਪ੍ਰਯੋਗ ਹੋਇਆ ਹੈ— ਪਹਿਲਾ ਅਰਥ 'ਬਖਸ਼ਿਸ਼' ਹੈ ਅਤੇ ਦੂਜਾ ਅਰਥ 'ਕੀਤੇ ਕੰਮ' ਹਨ। ਕਰਮ ਦੇ ਸਿਧਾਂਤ ਅਨੁਸਾਰ ਮਨੁੱਖ ਨੂੰ ਚੰਗੇ ਕੰਮ ਕਰਨ ਲਈ ਪ੍ਰੇਰਨਾ ਕੀਤੀ ਗਈ ਹੈ ਅਤੇ ਮਾੜੇ

ਕਰਮ ਨਾ ਕਰਨ ਲਈ ਕਿਹਾ ਗਿਆ ਹੈ। ਸਿੱਖ ਮਤ ਅਨੁਸਾਰ ਕਰਮ ਦਾ ਸਿਧਾਂਤ ਪਰੰਪਰਾਗਤ ਹੈ। ਹਰ ਪ੍ਰਾਣੀ ਇਸ ਸੰਸਾਰ ਵਿਚ ਵਿਚਰਦਾ ਹੋਇਆ ਕੁਝ-ਨਾ-ਕੁਝ ਕੰਮ ਜ਼ਰੂਰ ਕਰਦਾ ਹੈ। ਇਹ ਸਭ ਵਿਅਕਤੀ ਦੇ ਕਰਮ ਅਖਵਾਉਂਦੇ ਹਨ। ਵਿਦਵਾਨਾਂ ਨੇ ਤਿੰਨ ਤਰ੍ਹਾਂ ਦੇ ਕਰਮ ਦੱਸੇ ਹਨ-

ਕ੍ਰਿਯਮਾਣ, ਪ੍ਰਾਰਬਧ ਅਤੇ ਸੰਚਿਤ। ਕ੍ਰਿਯਮਾਣ ਕਰਮ ਉਹ ਹਨ ਜੋ ਮਨੁੱਖ ਆਪਣੇ ਇਸ ਜਨਮ ਵਿਚ ਕਰ ਰਿਹਾ ਹੈ। ਪ੍ਰਾਰਬਧ ਕਰਮ ਉਹ ਕਰਮ ਹਨ ਜੋ ਕਿਸੇ ਜੀਵ ਨੇ ਆਪਣੇ ਪੂਰਬਲੇ ਜਨਮ ਵਿਚ ਕੀਤੇ ਹਨ ਅਤੇ ਜਿਨ੍ਹਾਂ ਦੇ ਆਧਾਰ 'ਤੇ ਉਸ ਨੂੰ ਇਹ ਵਰਤਮਾਨ ਸਰੀਰ ਪ੍ਰਾਪਤ ਹੋਇਆ ਹੈ। ਕ੍ਰਿਯਮਾਣ ਕਰਮ ਉਹ ਕਰਮ ਹਨ ਜੋ ਉਸ ਦੇ ਪਹਿਲੇ ਕਰਮਾਂ ਦੇ ਚਲੇ ਆ ਰਹੇ ਹਨ ਅਤੇ ਉਨ੍ਹਾਂ ਦਾ ਫਲ ਅਜੇ ਉਸ ਨੇ ਨਹੀਂ ਭੋਗਿਆ।

ਸਿੱਖ ਮਤ ਅਨੁਸਾਰ ਇਸ ਸੰਸਾਰ ਵਿਚ ੮੪ ਲੱਖ ਜੂਨਾਂ ਮੰਨੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਮਨੁੱਖਾ ਜੂਨ ਸਭ ਤੋਂ ਉੱਤਮ ਮੰਨੀ ਗਈ ਹੈ। ਜੀਵ ਆਪਣੇ ਕੀਤੇ ਕਰਮਾਂ ਅਨੁਸਾਰ ਇਕ ਜੂਨ ਤੋਂ ਦੂਜੀ ਜੂਨ ਵਿਚ ਆਵਾਗਵਣ ਕਰਦਾ ਰਹਿੰਦਾ ਹੈ ਅਰਥਾਤ ਉਹ ਮਰਦਾ ਅਤੇ ਜਨਮ ਲੈਂਦਾ ਰਹਿੰਦਾ ਹੈ। ਸ਼ੁਭ ਜਾਂ ਅਸ਼ੁਭ ਕਰਮਾਂ ਰਾਹੀਂ ਮਨੁੱਖ ਉੱਤਮ ਜਾਂ ਨੀਚ ਜੂਨ ਧਾਰਨ ਕਰਦਾ ਹੈ। ਇਕ ਸਰੀਰ ਛੱਡ ਕੇ ਦੂਜੇ ਸਰੀਰ ਵਿਚ ਪ੍ਰਵੇਸ਼ ਕਰਨ ਦੀ ਪ੍ਰਕਿਰਿਆ ਨਿਰੰਤਰ ਚੱਲਦੀ ਰਹਿੰਦੀ ਹੈ। ਇਸ ਸਿਧਾਂਤ ਤੋਂ ਉਲਟ ਵਿਗਿਆਨੀਆਂ ਨੇ 'ਏਵੋਲੀਉਸ਼ਨ' ਦਾ ਸਿਧਾਂਤ ਪੇਸ਼ ਕੀਤਾ ਹੈ। ਇਹ ਸਿਧਾਂਤ ਸਰੀਰ ਦੇ ਕੁਦਰਤੀ ਵਿਕਾਸ-ਕ੍ਰਮ ਤਕ ਸੀਮਿਤ ਹੈ। ਪਰ ਆਵਾਗਵਣ ਦੇ ਸਿਧਾਂਤ ਅਨੁਸਾਰ ਜੀਵ-ਆਤਮਾ ਦੀ ਉੱਨਤੀ ਜਾਂ ਅਵਨਤੀ ਨਾਲ ਅਗਲੀ ਜੂਨ ਦੇ ਚੰਗੇ ਜਾਂ ਮਾੜੇ ਹੋਣ ਦਾ ਨਿਰਣਾ ਹੁੰਦਾ ਹੈ। ਅਰਥਾਤ ਜੀਵ ਨੇ ਜੋ ਕਰਮ ਆਪਣੀ ਪਿਛਲੀ ਜੂਨ ਵਿਚ ਕੀਤੇ ਹਨ ਉਨ੍ਹਾਂ ਅਨੁਸਾਰ ਉਸ ਨੂੰ ਵਰਤਮਾਨ ਜੂਨ ਪ੍ਰਾਪਤ ਹੋਈ ਹੈ ਅਤੇ ਜੋ ਕਰਮ ਉਹ ਇਸ ਜਨਮ ਵਿਚ ਕਰ ਰਿਹਾ ਉਸ ਦੇ ਆਧਾਰ 'ਤੇ ਉਸ ਨੂੰ ਅਗਲੀ ਜੂਨ ਪ੍ਰਾਪਤ ਹੋਵੇਗੀ। ਇਹ ਜਨਮ-ਮਰਨ ਦਾ ਚੱਕਰ ਚੱਲਦਾ ਰਹਿੰਦਾ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਸਿੱਖ ਮਤ ਵਿਚ ਮੁਕਤੀ ਨੂੰ ਪ੍ਰਾਪਤ ਹੋਣਾ ਕਿਹਾ ਜਾਂਦਾ ਹੈ। ਗੁਰਬਾਣੀ ਅਨੁਸਾਰ ਮਨੁੱਖ ਚੰਗੇ ਕਰਮ ਕਰ ਕੇ ਅਤੇ ਉਸ ਅਕਾਲ ਪੁਰਖ ਦਾ ਨਾਮ-ਸਿਮਰਨ ਕਰ ਕੇ ਮੁਕਤੀ ਨੂੰ ਪ੍ਰਾਪਤ ਹੋ ਸਕਦਾ ਹੈ।

ਚੰਗੇ ਕੰਮਾਂ ਨੂੰ ਕਰਨ ਬਾਰੇ ਸਾਰੇ ਭਗਤਾਂ, ਮਹਾਂਪੁਰਸ਼ਾਂ ਅਤੇ ਗੁਰੂ ਸਾਹਿਬਾਨ ਨੇ ਜ਼ੋਰ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰਟ ਦੀਆਂ ਟਿੰਡਾਂ ਦੀ ਮਾਲ੍ਹ ਦੇ ਰੂਪਕ ਰਾਹੀਂ ਇਸ ਗੱਲ ਨੂੰ ਸਪਸ਼ਟ ਕਰਦਿਆਂ ਕਿਹਾ ਹੈ:

*ਜੈਸੇ ਹਰਹਟ ਦੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ॥*
*ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ॥* *(ਪੰਨਾ ੧੩੨੯)*

ਆਵਾਗਵਣ ਤੋਂ ਖਲਾਸੀ ਪ੍ਰਾਪਤ ਕਰਨ ਲਈ ਨਾਮ-ਸਿਮਰਨ ਲਈ ਕਿਹਾ ਗਿਆ ਹੈ:

*ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ॥*
*ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ॥* *(ਪੰਨਾ ੯੬੬)*

ਗੁਰਬਾਣੀ ਵਿਚ ਅਧਿਆਤਮਿਕ ਉੱਨਤੀ ਨਾਲ ਸੰਬੰਧ ਰੱਖਣ ਵਾਲੇ ਕਰਮਾਂ ਨੂੰ 'ਅਧਿਆਤਮ ਕਰਮ' ਦਾ ਨਾਂ ਦਿੱਤਾ ਗਿਆ ਹੈ। ਇਨ੍ਹਾਂ ਨੂੰ ਸ਼ੁਭ-ਕਰਮ ਵੀ ਕਿਹਾ ਜਾਂਦਾ ਹੈ। ਅਧਿਆਤਮ ਕਰਮ ਉਹ ਕਰਮ ਹਨ ਜਿਨ੍ਹਾਂ ਨੂੰ ਕਰਨ ਨਾਲ ਸਾਧਕ ਦੀ ਦ੍ਰਿਸ਼ਟੀ ਦੀਆਂ ਨਾਮ ਰੂਪਾਤਮਕ ਸੀਮਾਵਾਂ ਮਿਟ ਜਾਂਦੀਆਂ ਹਨ। ਹਰ ਪਾਸੇ ਇਕ ਹੀ ਜੋਤੀ ਦਾ ਪ੍ਰਕਾਸ਼ ਦਿੱਸ ਪੈਂਦਾ ਹੈ। ਉਸ ਸਥਿਤੀ ਵਿਚ ਕੀਤਾ ਗਿਆ ਹਰ ਕਰਮ ਹਉਮੈ ਤੋਂ ਰਹਿਤ ਹੋ ਜਾਂਦਾ ਹੈ ਅਤੇ ਮਨ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਇਨ੍ਹਾਂ ਕਰਮਾਂ ਰਾਹੀਂ ਹੀ ਜੀਵਾਤਮਾ ਅਧਿਆਤਮਿਕ ਮਾਰਗ ਉੱਤੇ ਅੱਗੇ ਵਧਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਵਿਚ ਅਧਿਆਤਮਿਕ ਉੱਨਤੀ ਅਤੇ ਵਿਕਾਸ ਵਿਚ ਸਹਾਇਕ ਸਿੱਧ ਹੋਣ ਵਾਲੇ ਕਰਮਾਂ ਉੱਤੇ ਬਲ ਦਿੱਤਾ ਹੈ:

*ਅਧਿਆਤਮ ਕਰਮ ਕਰੈ ਤਾ ਸਾਚਾ॥*
*ਮੁਕਤਿ ਭੇਦੁ ਕਿਆ ਜਾਣੈ ਕਾਚਾ॥* *(ਪੰਨਾ ੨੨੩)*

ਅਧਿਆਤਮ ਕਰਮਾਂ ਨੂੰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਥਾਵਾਂ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਜੇ ਉਨ੍ਹਾਂ ਸਾਰੀਆਂ ਉਕਤੀਆਂ ਦੇ ਸੰਕੇਤਾਂ ਨੂੰ ਸਮੁੱਚ ਵਿਚ ਗ੍ਰਹਿਣ ਕੀਤਾ ਜਾਏ ਤਾਂ ਅਧਿਆਤਮ ਕਰਮਾਂ ਦਾ ਵੇਰਵਾ ਕੁਝ ਇਸ ਪ੍ਰਕਾਰ ਬਣਦਾ ਹੈ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਨੂੰ ਮਾਰਨਾ ਅਤੇ ਹਿਰਦੇ ਵਿਚ ਸਤਿ-ਸਰੂਪ ਨੂੰ ਧਾਰਨ ਕਰਨਾ, ਸੇਵਾ ਕਰਨਾ, ਸਤਿ-ਸੰਗਤ ਵਿਚ ਜਾਣਾ, ਪਰਮਾਤਮਾ ਦੇ ਹੁਕਮ ਅਨੁਸਾਰ ਅਤੇ ਉਸ ਦੀ ਰਜ਼ਾ ਵਿਚ ਚੱਲਣਾ ਆਦਿ। ਅਸਲ ਵਿਚ ਅਧਿਆਤਮ ਦੀ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਪਰਮਾਤਮਾ ਦੀ ਪ੍ਰਾਪਤੀ ਦੇ ਸਬੰਧ ਵਿਚ ਹਉਮੈ-ਰਹਿਤ ਜੋ ਵੀ ਕਰਮ ਕੀਤਾ ਜਾਏ, ਉਹ ਅਧਿਆਤਮ ਕਰਮ ਹੀ ਹੈ। ਪਰੰਤੂ ਇਹ ਸਾਰੇ ਕਰਮ ਸਹਿਜ-ਭਾਵ ਨਾਲ ਹੀ ਕੀਤੇ ਜਾਣੇ ਚਾਹੀਦੇ ਹਨ। ਇਨ੍ਹਾਂ ਨੂੰ ਕਰਨ ਲਈ ਕਿਸੇ ਉਚੇਚ ਜਾਂ ਅਨੁਸ਼ਠਾਨ ਦੀ ਲੋੜ ਨਹੀਂ ਹੈ। ਇਨ੍ਹਾਂ ਅਧਿਆਤਮ ਕਰਮਾਂ ਨੂੰ ਸਹਿਜ ਕਰਮ ਵੀ ਕਿਹਾ ਜਾ ਸਕਦਾ ਹੈ। ਜੇ ਜਗਿਆਸੂ ਇਨ੍ਹਾਂ ਬ੍ਰਹਮਨਿਸ਼ਠ ਕਰਮਾਂ ਨੂੰ ਜਾਣ ਲਏ ਤਾਂ ਉਸ ਲਈ ਬਾਕੀ ਸਾਰੇ ਕਰਮ ਵਿਅਰਥ ਸਿੱਧ ਹੋ ਜਾਂਦੇ ਹਨ। 'ਆਸਾ ਕੀ ਵਾਰ' ਵਿਚ ਫ਼ੁਰਮਾਣ ਹੈ:

*ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥*
*ਕਹੁ ਨਾਨਕ ਨਿਹਚਉ ਧਿਅਵੈ॥ ਵਿਣੁ ਸਤਿਗੁਰ ਵਾਟ ਨ ਪਾਵੈ॥* *(ਪੰਨਾ ੪੭੦)*

■

# ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਜਗਤ ਅਤੇ ਮਨੁੱਖ ਸਬੰਧੀ ਦਾਰਸ਼ਨਿਕ ਵਿਵੇਚਨ

*-ਸੁਰਿੰਦਰ ਸਿੰਘ ਨਿਮਾਣਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਬੀ ਗਿਆਨ, ਰੂਹਾਨੀਅਤ/ਰੂਹਾਨੀ ਅਨੁਭਵ ਅਤੇ ਮਨੁੱਖ ਲਈ ਅਰਥ-ਭਰਪੂਰ ਸਮਾਜਿਕ ਵਿਚਾਰਾਂ ਦਾ ਇਕ ਅਸੀਮ ਤੇ ਅਮੁੱਕ ਖ਼ਜ਼ਾਨਾ ਹੈ। ਇਸ ਸਰਬ-ਸਾਂਝੇ ਮਾਨਵ ਹਿਤਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੂਹ ਬਾਣੀਕਾਰ ਮੂਲ ਰੂਪ 'ਚ ਆਪਣੇ ਮੌਲਿਕ ਰੂਹਾਨੀ ਅਨੁਭਵ ਨੂੰ ਸਰਲ ਤੇ ਭਾਵਭਿੰਨੇ ਰਾਗਾਤਮਕ ਰੂਪ 'ਚ ਪ੍ਰਗਟਾਉਣ ਵਾਲੇ ਅਨੁਭਵੀ ਹਨ ਪਰ ਇਸ ਦੇ ਨਾਲ-ਨਾਲ ਉਹ ਹੋਰ ਵੀ ਬਹੁਤ ਕੁਝ ਹਨ। ਉਨ੍ਹਾਂ ਦਾ ਇਕ ਪਾਸਾਰ ਉਨ੍ਹਾਂ ਦਾ ਦਾਰਸ਼ਨਿਕ ਦੇ ਤੌਰ 'ਤੇ ਆਪਣੀ ਮਾਣਯੋਗ ਹੈਸੀਅਤ ਰੱਖਣਾ ਵੀ ਹੈ। ਇਨ੍ਹਾਂ ਬਾਣੀਕਾਰਾਂ ਨੇ ਨਿਰਸੰਦੇਹ ਬਾਣੀ ਆਵੇਸ਼ ਰੂਪ 'ਚ ਉਚਾਰਨ ਕੀਤੀ ਹੈ ਪਰੰਤੂ ਇਹ ਆਪਣੇ ਸਮੇਂ ਦੇ ਮਨੁੱਖੀ ਸਮਾਜ 'ਚ ਬਹੁਤ ਡੂੰਘਾਈ ਸਹਿਤ ਅਤੇ ਪੂਰਨ ਸੁਚੇਤਨਾ ਸਹਿਤ ਵੀ ਵਿਚਰਦੇ ਰਹੇ, ਸਮੇਂ ਦੇ ਸਮਾਜਿਕ, ਰਾਜਨੀਤਿਕ, ਆਰਥਿਕ, ਸਭਿਆਚਾਰਕ ਅਤੇ ਨੈਤਿਕ ਪ੍ਰਬੰਧ ਨੂੰ ਇਕ ਦਾਰਸ਼ਨਿਕ ਦੀ ਨਿਗ੍ਹਾ ਨਾਲ ਵੀ ਵੇਖਦੇ-ਵਾਚਦੇ ਰਹੇ। ਇਸ ਕਰਕੇ ਇਨ੍ਹਾਂ ਦੀ ਰੱਬੀ ਬਾਣੀ ਦਾ ਦਾਰਸ਼ਨਿਕ ਸਰੂਪ ਜਾਂ ਸੁਭਾਅ ਵੀ ਸਮਾਨਾਂਤਰ ਰੂਪ 'ਚ ਉਜਾਗਰ ਹੁੰਦਾ ਹੈ। ਇਥੇ ਸਾਡਾ ਵਿਸ਼ਾ-ਖੇਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਬਾਣੀਕਾਰਾਂ ਦੇ ਦੁਆਰਾ ਸੰਸਾਰ ਅਤੇ ਮਨੁੱਖ ਸਬੰਧੀ ਦਾਰਸ਼ਨਿਕ ਵਿਵੇਚਨ ਤਕ ਸੀਮਤ ਹੈ।

ਬਾਣੀਕਾਰਾਂ ਦੀ ਦਾਰਸ਼ਨਿਕ ਦ੍ਰਿਸ਼ਟੀ ਅਨੁਸਾਰ ਇਹ ਜਗਤ ਉਸ ਸਰਬ-ਸ਼ਕਤੀਮਾਨ ਪਰਮਾਤਮਾ ਦੀ ਸਿਰਜਣਾ ਤੇ ਇਸ ਸਿਰਜਣਾ ਦੇ ਹਰੇਕ ਕਣ 'ਚ ਉਸ ਦਾ ਆਪਣਾ ਵਾਸ ਹੋਣ ਕਰਕੇ ਸੱਚੀ ਹੈ। ਇਹ ਉਸ ਸੱਚੇ ਦੀ ਕੋਠੀ ਹੈ:

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥* (ਪੰਨਾ ੪੬੩)

ਪਰ ਇਸੇ ਜਗਤ/ਸੰਸਾਰ ਦਾ ਦੂਸਰਾ ਪੱਖ ਇਸ ਦੀ ਨਾਸ਼ਮਾਨਤਾ, ਅਸਥਿਰਤਾ ਵੀ ਹੈ। ਇਸ ਦਿੱਸਦੇ ਜਗਤ ਦਾ ਰਾਜਾ ਵੀ ਕੂੜ ਹੈ ਤੇ ਪਰਜਾ ਵੀ ਕੂੜ। ਸਾਰਾ ਸੰਸਾਰ ਹੀ ਕੂੜਾ ਹੈ। ਮਹਿਲ- ਮਾੜੀਆਂ ਅਤੇ ਉਨ੍ਹਾਂ ਦੇ ਵਸਨੀਕ ਕੂੜ ਹਨ। ਇਹ ਰਾਤ ਦੇ ਸੁਪਨੇ ਵਰਗਾ ਹੈ। ਜੋ ਵੀ ਦਿੱਸਦਾ ਹੈ ਉਹ ਸਭ ਬੱਦਲ ਦੀ ਪਰਛਾਈਂ ਵਾਂਗ ਅਲੋਪ ਹੋ ਜਾਣ ਵਾਲਾ ਹੈ। ਚਹੁੰ ਕੂੰਟਾਂ 'ਚ ਪੱਤਝੜ ਵਰਤਦੀ ਹੈ:

*- ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥*

** ਸਹਾਇਕ ਸੰਪਾਦਕ ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ।*

*ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥...*
*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥ (ਪੰਨਾ ੪੬੮)*
*– ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ॥ (ਪੰਨਾ ੧੨੩੧)*
*– ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥ (ਉਹੀ)*
*– ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ॥ (ਪੰਨਾ ੧੧੮੬)*
*– ਇਹੁ ਜਗੁ ਧੂਏ ਕਾ ਪਹਾਰ॥*
*ਤੈ ਸਾਚਾ ਮਾਨਿਆ ਕਿਹ ਬਿਚਾਰਿ॥ (ਪੰਨਾ ੧੧੮੬-੮੭)*
*– ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥*
*ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ॥ (ਪੰਨਾ ੧੩੮੩)*

ਮਨੁੱਖ ਅਗਿਆਨਤਾ ਦੇ ਅੰਧਕਾਰ 'ਚ ਮਾਇਆ ਦੇ ਹੱਦੋਂ ਵੱਧ ਪ੍ਰਭਾਵ ਅਧੀਨ ਨਾਸ਼ਮਾਨ ਸੰਸਾਰ ਨੂੰ ਸਦਾ ਸਥਿਰ ਸਮਝਣ ਦੀ ਭੁੱਲ 'ਚ ਗ੍ਰਸਿਆ ਹੋਇਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਡੂੰਘੇ ਅਨੁਭਵੀ ਰੂਹਾਨੀ ਬਾਣੀਕਾਰਾਂ ਦੁਆਰਾ ਵਾਰ-ਵਾਰ ਉਚੇਚਾ ਜ਼ੋਰ ਦੇ ਕੇ ਦ੍ਰਿੜ੍ਹ ਕਰਵਾਇਆ ਗਿਆ ਮਨੁੱਖੀ ਸੋਚ ਤੇ ਵਿਹਾਰ ਨਾਲ ਸੰਬੰਧਿਤ ਤੱਥ ਹੈ। ਅਗਿਆਨਤਾ ਦੇ ਅੰਧਕਾਰ 'ਚ ਜਿਹੜਾ ਵੀ ਹੈ ਚਾਹੇ ਅਮੀਰ ਚਾਹੇ ਗਰੀਬ ਸੁਖੀ ਨਹੀਂ ਹੋ ਸਕਦਾ:

*ਅੰਧਕਾਰ ਸੁਖਿ ਕਬਹਿ ਨ ਸੋਈ ਹੈ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ (ਪੰਨਾ ੩੨੫)*

ਬਾਣੀਕਾਰਾਂ ਅਨੁਸਾਰ ਮਨੁੱਖੀ ਸਰੀਰ ਦੁਰਲੱਭ ਹੈ। ਇਹ ਸਮੁੱਚੀ ਜੀਵ-ਰਚਨਾ 'ਚ ਸੂਖਮ ਰੂਹਾਨੀ ਮੰਜ਼ਿਲਾਂ ਦੀ ਪ੍ਰਾਪਤੀ 'ਚ ਅਨੁਕੂਲ ਤੇ ਸਮਰੱਥਾਵਾਨ ਬਣਾਇਆ ਗਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਕਥਨ ਕਰਦੇ ਹਨ ਕਿ ਕਈ ਜੁਗਾਂ 'ਚ ਫਿਰਨ ਮਗਰੋਂ ਇਹ ਮਨੁੱਖੀ ਸਰੀਰ ਮਿਲਿਆ ਹੈ। ਇਹ ਪਰਮਾਤਮਾ ਨਾਲ ਮਿਲਾਪ ਦਾ ਸੁਅਵਸਰ ਹੈ। ਹੇ ਭਾਈ! ਫਿਰ ਇਸ 'ਚ ਪ੍ਰਭੂ ਨੂੰ ਯਾਦ ਕਿਉਂ ਨਹੀਂ ਚਿਤਾਰਦਾ?

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥ (ਪੰਨਾ ੬੩੧)*

ਸ੍ਰੀ ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਬਾਕੀ ਜੀਵ-ਰਚਨਾ ਨਾਲੋਂ ਵਧੇਰੇ ਸਾਧਨ-ਸੰਪੰਨਤਾ ਅਤੇ ਉਨ੍ਹਾਂ ਤੋਂ ਉਸ ਦੀ ਬਿਹਤਰ ਹਾਲਤ ਦਾ ਤੱਥ ਵੀ ਦਾਰਸ਼ਨਿਕ ਅੰਦਾਜ਼ 'ਚ ਪ੍ਰਗਟ ਕਰਦੇ ਹਨ:

*ਅਵਰ ਜੋਨਿ ਤੇਰੀ ਪਨਿਹਾਰੀ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ (ਪੰਨਾ ੩੭੪)*

ਭਗਤ ਕਬੀਰ ਜੀ ਮਨੁੱਖਾ ਜਨਮ ਦੀ ਦੁਰਲੱਭਤਾ ਨੂੰ ਮਹਾਨ ਦਾਰਸ਼ਨਿਕ ਅੰਦਾਜ਼ 'ਚ ਦਰਖ਼ਤ ਤੋਂ ਪੱਕ ਕੇ ਡਿੱਗੇ ਫਲ ਦੇ ਮੁੜ ਨਾ ਜੁੜ ਸਕਣ ਦੀ ਹਕੀਕਤ

ਦੀ ਉਦਾਹਰਣ ਦੇ ਮਾਧਿਅਮ ਸਹਿਤ ਪ੍ਰਗਟਾਉਂਦੇ ਹਨ:

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ (ਪੰਨਾ ੧੩੬੬)*

ਮਨੁੱਖ ਬੜਾ ਹੀ ਅਮੋਲਕ ਇਹ ਅਵਸਰ ਨੀਂਦ ਅਤੇ ਖਾਣ-ਪੀਣ 'ਚ ਹੀ ਵਿਅਰਥ ਕਰ ਦਿੰਦਾ ਹੈ। ਇਹ ਉਸ ਉੱਪਰ ਸੰਸਕਾਰਤਾ ਦੀ ਹੱਦੋਂ ਵੱਧ ਚੜ੍ਹੀ ਪਾਨ ਦੇ ਕਾਰਨ ਹੀ ਹੈ:

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ (ਪੰਨਾ ੧੫੬)*

ਸੰਸਕਾਰਤਾ ਦੇ ਅਣਚਾਹੇ ਪ੍ਰਭਾਵ ਥੱਲੇ ਮਨੁੱਖ ਉੱਪਰ ਗਿਰਗਟ ਦੀ ਭਾਂਤੀ ਸੰਸਾਰਕ ਖੁਸ਼ੀ ਅਤੇ ਸੰਸਾਰਕ ਗ਼ਮੀ ਦੇ ਰੰਗ ਉਜਾਗਰ ਹੁੰਦੇ ਹਨ। ਉਸ ਦੀ ਪ੍ਰਾਪਤੀ ਅਤੇ ਅਪ੍ਰਾਪਤੀ ਦੋਨੋਂ ਅਣਚਾਹੀ ਸੰਸਾਰਕਤਾ ਦੇ ਸੂਚਕ ਹਨ। ਭਗਤ ਰਵਿਦਾਸ ਜੀ ਇਸ ਵਸਤੂ-ਸਥਿਤੀ ਦੇ ਦਰਪੇਸ਼ ਮਨੁੱਖ ਨੂੰ ਮਿੱਟੀ ਦਾ ਪੁਤਲਾ ਕਥਨ ਕਰਦੇ ਹਨ:

*ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥*
*ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥ ਮਾਇਆ ਗਈ ਤਬ ਰੋਵਨੁ ਲਗਤੁ ਹੈ॥*
*(ਪੰਨਾ ੪੮੭)*

ਭਗਤ ਕਬੀਰ ਜੀ ਮਨੁੱਖੀ ਸਰੀਰ ਦੀ ਨਾਸ਼ਮਾਨਤਾ ਤੇ ਅਸਥਿਰਤਾ ਦੇ ਰੂਬਰੂ ਅਣਚਾਹੀ ਮਨੁੱਖੀ ਸੰਸਾਰਕਤਾ ਨੂੰ ਸਮੂਹ ਮਨੁੱਖ-ਮਾਤਰ ਨੂੰ 'ਮਾਨਸ' ਨਾਮਕਰਨ ਦਿੰਦੇ ਹੋਏ 'ਮਿੱਟੀ ਦੇ ਪੁਤਲੇ' ਦੇ ਨਾਲ-ਨਾਲ ਇਸ ਸੰਸਾਰ 'ਚ 'ਚਾਰ ਦਿਨ ਦੇ ਪ੍ਰਾਹੁਣੇ' ਕਥਨ ਕਰਦੇ ਹਨ:

*ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ॥*
*ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ॥ (ਪੰਨਾ ੧੩੬੭)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਦੁਆਰਾ ਅਸਥਿਰਤਾ ਭਰੇ ਸੰਸਾਰ ਨੂੰ ਸਦੀਵੀ ਸਮਝ ਬੈਠਣ ਦੇ ਮਨੁੱਖੀ ਮਨ ਦੇ ਭਰਮ ਦਾ ਥਾਂ-ਪਰ-ਥਾਂ ਦਾਰਸ਼ਨਿਕ ਲਹਿਜ਼ੇ 'ਚ ਉਲੇਖ ਕੀਤਾ ਗਿਆ ਹੈ। ਇਸ ਸਬੰਧ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਉੜੀ ਸੁਖਮਨੀ 'ਚ ਬੜਾ ਹੀ ਭਰਪੂਰ, ਵਿਆਪਕ ਤੇ ਡੂੰਘਾ ਚਿੰਤਨ ਪ੍ਰਸਤੁਤ ਕੀਤਾ ਹੈ। ਨੌਵੀਂ ਅਸ਼ਟਪਦੀ 'ਚ ਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਮਨੁੱਖ ਬਾਲ ਅਵਸਥਾ, ਜਵਾਨੀ ਅਤੇ ਬਜ਼ੁਰਗੀ— ਤਿੰਨਾਂ ਹੀ ਅਵਸਥਾਵਾਂ ਨੂੰ ਹੱਦੋਂ ਵੱਧ ਸੰਸਾਰਕਤਾ ਦੀ ਦਲਦਲ 'ਚ ਫਸਿਆ ਗੁਆਉਣ ਦੀ ਪ੍ਰਵਿਰਤੀ/ਰੁਝਾਨ ਰੱਖਦਾ ਹੈ। ਸੰਸਾਰ 'ਚ ਜਨਮ ਲੈਣ ਮਗਰੋਂ ਉਹ ਗਰਭ ਅਗਨ 'ਚੋਂ ਉਭਾਰਨ ਵਾਲੀ ਪਰਮਸੱਤਾ ਸਰਬ-ਸ਼ਕਤੀਮਾਨ ਪਰਮਾਤਮਾ ਨੂੰ ਮੂਲੋਂ ਹੀ ਵਿਸਾਰ ਦਿੰਦਾ ਹੈ। ਬਾਲ-ਅਵਸਥਾ 'ਚ ਮਨੁੱਖ-ਮਾਤਰ ਦਾ ਪਿਆਰ ਦੁੱਧ ਨਾਲ ਹੈ, ਜਵਾਨੀ 'ਚ ਇਨਸਾਨ ਦਾ ਪਿਆਰ ਵੰਨ-

ਸੁਵੰਨੇ ਖਾਣ-ਪਾਨ ਦੀ ਤਰਫ਼ ਹੁੰਦਾ ਹੈ ਅਤੇ ਬਿਰਧ ਅਵਸਥਾ 'ਚ ਵੱਡ-ਪਰਵਾਰਾ ਬਣ ਕੇ ਅੰਗਾਂ-ਸਾਕਾਂ ਨਾਲ ਅਣਚਾਹੇ ਮੋਹ ਦੇ ਬੰਧਨ ਉਸ 'ਤੇ ਹਾਵੀ ਹੁੰਦੇ ਹਨ:

*ਰਮਈਆ ਕੇ ਗੁਨ ਚੇਤਿ ਪਰਾਨੀ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ॥*
*ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ॥*
*ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥ ਭਰਿ ਜੋਬਨ ਭੋਜਨ ਸੁਖ ਸੂਧ॥*
*ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥*
*(ਪੰਨਾ ੨੬੬-੬੭)*

ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀਰਾਗੁ ਵਿਚ 'ਪਹਰੇ' ਕਾਵਿ ਰੂਪ ਦੇ ਮਾਧਿਅਮ ਦੁਆਰਾ ਇਸੇ ਮਨੁੱਖੀ ਹਾਲਤ ਦਾ ਹਕੀਕੀ ਵਰਣਨ ਕਰਦੇ ਹਨ ਜਿਸ ਮੁਤਾਬਕ ਮਨੁੱਖ-ਮਾਤਰ ਰਾਤ ਦੇ ਪਹਿਲੇ ਪਹਿਰ 'ਚ ਮਾਤਾ ਦੇ ਗਰਭ 'ਚ ਉਸ ਸਿਰਜਨਹਾਰ ਦਾ ਚਿੰਤਨ ਕਰ ਰਿਹਾ ਹੁੰਦਾ ਹੈ ਪਰ ਸੰਸਾਰ 'ਚ ਜਨਮ ਲੈਣ ਸਾਰ ਜਦੋਂ ਉਹਨੂੰ ਸੰਸਾਰ 'ਚ ਬਣੇ ਪਰਵਾਰਿਕ ਸਨਬੰਧੀ ਲਾਡ-ਪਿਆਰ ਦਿੰਦੇ ਖਿਡਾਉਂਦੇ ਤੇ ਪੁਚਕਾਰਦੇ ਹਨ ਤਾਂ ਮਨੁੱਖ ਅਸਲ ਜੀਵਨ-ਮਨੋਰਥ ਨੂੰ ਪਹਿਲੇ ਪੜਾਅ 'ਚ ਹੀ ਕਾਫੀ ਹੱਦ ਤਕ ਵਿਸਾਰ ਦਿੰਦਾ ਹੈ। ਜੀਵਨ ਰੂਪੀ ਰਾਤ ਦੇ ਤੀਸਰੇ ਜਵਾਨੀ ਦੇ ਪਹਿਰੇ 'ਚ ਉਹ ਰੰਗ-ਰਲੀਆਂ 'ਚ ਮਸਤ ਹੋ ਜਾਂਦਾ ਹੈ ਅਤੇ ਬਿਰਧ ਅਵਸਥਾ ਦੇ ਚੌਥੇ ਪਹਿਰੇ 'ਚ ਉਹ ਆਪਣਾ ਸਾਰੇ ਜੀਵਨ ਰੂਪੀ ਖੇਤ ਦਾ ਉਜਾੜਾ ਕਰਾਉਣ ਦਾ ਭਾਗੀ ਬਣਦਾ ਹੈ:

*ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥*
*ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥...*
*ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ॥*
*ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ॥*
*ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ॥...*
*ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ॥...*
*ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ॥ (ਪੰਨਾ ੭੪-੭੫)*

ਮਨੁੱਖ ਵਾਸਤੇ ਜੋ ਸਰਲ ਪੰਜਾਬੀ ਬੋਲੀ ਵਿਚ ਸ਼ਬਦ 'ਬੰਦਾ' ਵਰਤਿਆ ਜਾਂਦਾ ਹੈ, ਉਸ ਦੀ ਕਈ ਥਾਈਂ ਰੂਹਾਨੀ ਮਾਰਗ ਦੇ ਪਾਂਧੀ, ਪਰਮਾਤਮਾ ਨਾਲ ਮਿਲਾਪ ਦੇ ਅਭਿਲਾਖੀ ਜਗਿਆਸੂ ਅਤੇ ਇਸ ਪ੍ਰਥਾਏ ਭਗਤੀ ਅਤੇ ਸੱਚੀ-ਸੁੱਚੀ ਨਿਰਮਲ ਰਹਿਣੀ ਜਾਂ ਕਰਨੀ ਵਾਲੇ ਮਨੁੱਖ ਵਾਸਤੇ ਉਪਯੋਗ 'ਚ ਲਿਆਂਦਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਕੀ ਵਾਰ 'ਚ ਆਦਰਸ਼ ਮੁਸਲਮਾਨ ਦੀ ਪਰਿਭਾਸ਼ਾ ਕਰਦਿਆਂ ਬੰਦਗੀ 'ਚ ਜੀਵਨ ਗੁਜ਼ਾਰਨ ਵਾਲੇ ਨੂੰ 'ਬੰਦਾ' ਹੋਣ ਦਾ ਰੁਤਬਾ ਬਖ਼ਸ਼ਦੇ ਹਨ:

*ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥ (ਪੰਨਾ ੪੬੫)*

ਗੁਰਮਤਿ ਫ਼ਲਸਫ਼ੇ ਵਿਚ ਪਰਮਾਤਮਾ ਦੇ ਹੁਕਮ ਜਾਂ ਭਾਣੇ ਨੂੰ ਦਿਲੋਂ ਵਜੋਂ

ਸਵੀਕਾਰਨ ਦੇ ਸਿਧਾਂਤ ਨੂੰ ਪੂਰਨ ਮਾਨਤਾ ਹਾਸਲ ਹੈ। 'ਬੰਦੇ' ਉੱਪਰ ਇਸ ਫ਼ਲਸਫ਼ੇ ਦੇ ਵਿਆਖਿਆਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਵੱਲੋਂ ਇਹ ਕਸੌਟੀ ਵੀ ਲਾਗੂ ਕੀਤੀ ਜਾਂਦੀ ਹੈ। ਭਗਤ ਕਬੀਰ ਜੀ ਫ਼ਰਮਾਉਂਦੇ ਹਨ:

*ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥*
*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥* *(ਪੰਨਾ ੧੩੫੦)*

ਹੁਕਮ 'ਚ ਜੀਵਨ ਬਿਤਾਉਂਦਿਆਂ ਮਨੁੱਖ ਨੂੰ ਪ੍ਰਭੂ-ਕੀਰਤੀ ਗਾ ਕੇ ਮਨੁੱਖਾ ਜੀਵਨ ਸਫ਼ਲ ਕਰਨ ਦਾ ਗਾਡੀ-ਰਾਹ ਦਿਖਾਇਆ ਗਿਆ ਹੈ। ਪ੍ਰਭੂ-ਕੀਰਤੀ ਦੇ ਨਾਲ ਇਕ ਹੋਰ ਕਸੌਟੀ ਮਨੁੱਖ ਵਾਸਤੇ ਕਰਣੀ ਜਾਂ ਅਮਲ ਜਾਂ ਸੁਕਰਮ ਨਿਰਧਾਰਤ ਕੀਤੀ ਗਈ ਹੈ। ਮਨੁੱਖ ਨੂੰ ਕਥਨੀ ਅਤੇ ਕਰਣੀ ਦੀ ਇਕਸਾਰਤਾ ਬਰਕਰਾਰ ਰੱਖਣ ਦਾ ਰਸਤਾ ਦਰਸਾਇਆ ਹੈ। ਇਸੇ ਪ੍ਰਸੰਗ ਵਿਚ ਹੋਰਨਾਂ ਨੂੰ ਉਪਦੇਸ਼ ਜਾਂ ਸਿੱਖਿਆ ਦੇਣ ਨਾਲੋਂ ਸਵੈ-ਉਦਾਹਰਣ ਪ੍ਰਸਤੁਤ ਕਰਨ ਦੁਆਰਾ ਸੁਧਾਰ ਦਾ ਸੁਝਾਅ ਪ੍ਰਦਾਨ ਕੀਤਾ ਗਿਆ ਹੈ। ਕਰਣੀ ਅੰਦਰਲੀ ਸੂਝ-ਬੂਝ ਦੀ ਸੰਪੂਰਨਤਾ ਦਾ ਪ੍ਰਮਾਣ ਹੈ। ਕਰਣੀ ਬਿਨਾਂ ਕਮੀ ਰਹੇਗੀ ਹੀ। ਰੂਹਾਨੀ ਮੰਜ਼ਿਲ ਦਾ ਪਾਂਧੀ ਜਾਂ ਇਸ ਨੂੰ ਹਾਸਲ ਕਰਨ ਵਾਲਾ ਬਣਨ ਵਾਸਤੇ ਕਰਣੀ ਤੋਂ ਬਿਨਾਂ ਹੋਰ ਕੋਈ ਛੋਟਾ/ਸ਼ਾਰਟ ਕੱਟ ਰਾਹ ਹੈ ਹੀ ਨਹੀਂ। ਇਕ ਹੋਰ ਜੁਗਤ ਮਨੁੱਖ ਨੂੰ ਸੁਬੋਲ ਹੀ ਬੋਲਣ ਦੀ ਬਖਸ਼ੀ ਗਈ ਹੈ। ਫ਼ੁਰਮਾਣ ਹੈ:

– *ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ॥*
*ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ॥* *(ਪੰਨਾ ੧੮)*

– *ਅਸੀ ਬੋਲਵਿਗਾੜ ਵਿਗਾੜਹ ਬੋਲ॥ ਤੂ ਨਦਰੀ ਅੰਦਰਿ ਤੋਲਹਿ ਤੋਲ॥*
*ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥* *(ਪੰਨਾ ੨੫)*

– *ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥* *(ਪੰਨਾ ੬)*

– *ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥* *(ਪੰਨਾ ੨੬੯)*

ਦਰਸ਼ਨ ਜਾਂ ਫ਼ਲਸਫ਼ਾ ਆਪਣੇ ਆਪ 'ਚ ਇਕ ਮੁਸ਼ਕਲ ਵਿਸ਼ਾ ਮੰਨਿਆ ਜਾਂਦਾ ਹੈ ਪਰੰਤੂ ਗੁਰਮਤਿ ਦਾਰਸ਼ਨਿਕ ਦਰਸ਼ਨਵੇਤਾ ਹੋਣ ਦੇ ਨਾਲ-ਨਾਲ ਅਤਿਅੰਤ ਸੰਵੇਦਨਸ਼ੀਲ ਬਾਣੀਕਾਰ ਹੋਣ ਦੇ ਨਾਤੇ ਆਪਣੀ ਨਿਰਮਲ ਬਾਣੀ 'ਚ ਮੁਸ਼ਕਲ ਦਰਸ਼ਨ ਜਾਂ ਫ਼ਲਸਫ਼ੇ ਨੂੰ ਰਸ ਤੇ ਸੁਹਜ ਨਾਲ ਓਤਪੋਤ ਰੂਹਾਨੀ ਸਾਹਿਤ ਦੇ ਸਾਂਚੇ 'ਚ ਢਾਲਣ ਦੀ ਕਮਾਲ ਦੀ ਪ੍ਰਬੀਨਤਾ ਤੇ ਕਲਾਤਮਕ ਸਮਰੱਥਾ ਨੂੰ ਵਿਕਸਿਤ ਕਰ ਸਕਣ ਕਰਕੇ ਇਸ ਦੇ ਦਰਸ਼ਨ ਜਾਂ ਫ਼ਲਸਫ਼ੇ ਦੇ ਸਮਾਵੇਸ਼ ਤੋਂ ਆਮ ਕਰਕੇ ਉਪਤੰਨ ਹੋਣ ਵਾਲੇ ਰੁੱਖੇਪਨ ਨੂੰ ਮੂਲੋਂ ਹੀ ਮਨਫ਼ੀ ਕਰ ਸਕੇ ਹਨ। ਇਸ ਤਰ੍ਹਾਂ ਇਹ ਫ਼ਲਸਫ਼ਾ ਜੀਵਨ 'ਚ ਇਸ ਸੰਸਾਰ 'ਚ ਵਿਚਰਦਿਆਂ ਇਸ ਫ਼ਲਸਫ਼ੇ ਨੂੰ ਸੁਣ, ਪੜ੍ਹ, ਸਮਝ ਅਤੇ ਅਪਣਾ ਕੇ ਅਰਥਾਤ ਜੀਵਨ 'ਚ ਲਾਗੂ ਕਰਕੇ ਸਰਬ-ਸਾਧਾਰਨ ਮਨੁੱਖ-ਮਾਤਰ ਆਪਣਾ ਪੂਰਨ ਕਲਿਆਣ ਸੁਨਿਸ਼ਚਤ ਕਰ ਸਕਦਾ ਹੈ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ-ਗੁਰੂ ਦਾ ਸਿੱਖ ਮਾਡਲ

*-ਡਾ. ਬਲਕਾਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ-ਮੂਲਕ ਗ੍ਰੰਥ ਨਹੀਂ ਹੈ, ਇਹ ਧਰਮ-ਮੂਲਕ ਗ੍ਰੰਥ ਹੈ। ਧਰਮ-ਮੂਲਕ ਗ੍ਰੰਥ ਵਿਚ ਦਰਸ਼ਨ ਸ਼ਾਮਲ ਰਹਿੰਦਾ ਹੈ ਪਰ ਦਰਸ਼ਨ-ਮੂਲਕ ਗ੍ਰੰਥ ਵਿਚ ਜ਼ਰੂਰੀ ਨਹੀਂ ਹੈ ਕਿ ਧਰਮ ਸ਼ਾਮਲ ਹੋਵੇ। ਇਸ ਦਾ ਆਧਾਰ ਸ਼ਬਦ-ਗੁਰੂ ਦਾ ਸਿੱਖ ਮਾਡਲ ਹੈ ਅਤੇ ਇਥੇ ਇਸ ਬਾਰੇ ਹੀ ਗੱਲ ਕੀਤੀ ਜਾ ਰਹੀ ਹੈ। ਸ਼ਬਦ-ਸੰਸਥਾ ਦਾ ਸਿੱਖ-ਸ੍ਰੋਤ ਅਤੇ ਸਿੱਖ-ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ। ਇਸ ਹਵਾਲੇ ਨਾਲ ਸ਼ਬਦ-ਸੰਸਥਾ ਦਾ ਸਮਾਂ ਬਾਬਾ ਫਰੀਦ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤਕ ਬਣ ਜਾਂਦਾ ਹੈ। ਪਰ ਸ਼ਬਦ ਦੇ ਸਿੱਖ-ਮਾਡਲ ਦਾ ਸਮਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋਣ ਕਰਕੇ ੨੯੬ ਸਾਲ ਪਿੱਛੇ ਚਲਾ ਜਾਂਦਾ ਹੈ। ਸੋ ਸਪਸ਼ਟ ਹੋਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਤਕ ਸ਼ਬਦ ਦਾ ਕੋਈ ਅਜਿਹਾ ਨਿਸ਼ਚਤ ਮਾਡਲ ਕਾਇਮ ਨਹੀਂ ਸੀ, ਜਿਸ ਦੀ ਨਿਰੰਤਰਤਾ ਵਿਚ ਸ਼ਬਦ ਦੇ ਸਿੱਖ-ਮਾਡਲ ਬਾਰੇ ਚਰਚਾ ਕੀਤੀ ਜਾ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਹਿੰਦੂ ਧਰਮ ਚਿੰਤਨ ਵਿਚ ਅਤੇ ਸਾਮੀ ਧਰਮ ਚਿੰਤਨ ਵਿਚ ਸ਼ਬਦ ਨੂੰ ਮਹੱਤਵਪੂਰਨ ਸਥਾਨ ਜ਼ਰੂਰ ਪ੍ਰਾਪਤ ਸੀ। ਪਰ ਸ਼ਬਦ ਦਾ ਪ੍ਰਗਟਾਵਾ ਅਵਤਾਰੀਕਰਨ ਦੇ ਰੂਪ ਵਿਚ ਹੀ ਪ੍ਰਾਪਤ ਸੀ। ਗੁਰੂ ਸਾਹਿਬ ਤੋਂ ਪਹਿਲਾਂ ਹੋਏ ਅਤੇ ਸ਼ਬਦ-ਗੁਰੂ ਦਾ ਹਿੱਸਾ ਹੋ ਗਏ ਭਗਤ ਸਾਹਿਬਾਨ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਮਿਲਦੀ ਹੈ। ਪਰ ਉਸ ਵਿਚ ਲੇਖਕ ਅਤੇ ਲਿਖਤ ਵੱਖ-ਵੱਖ ਹਨ ਕਿਉਂਕਿ ਲਿਖਤ ਨਾਲੋਂ ਲੇਖਕ ਨੂੰ ਵਿਛੋੜ ਲਿਆ ਗਿਆ ਹੈ। ਇਹ ਵਿਅਕਤੀ ਦਾ ਦੈਵੀਕਰਨ ਹੈ ਅਤੇ ਧਰਮ ਚਿੰਤਨ ਅੰਦਰ ਡੇਰੇਦਾਰੀ ਦਾ ਲਖਾਇਕ ਹੈ। ਸਿੱਖ ਚਿੰਤਨ ਵਿਚ ਬਾਣੀ ਨੂੰ ਲਿਖਤ ਪ੍ਰਵਾਨ ਕਰ ਕੇ, ਜੋਤਿ ਦੀ ਗੱਲ ਕੀਤੀ ਗਈ ਹੈ ਪਰੰਤੂ ਜੇ ਲਿਖਤ ਕੱਚੀ ਬਾਣੀ ਦੀ ਕੋਟੀ ਵਿਚ ਹੈ ਤਾਂ ਲਿਖਤ ਦੇ ਲੇਖਕ ਦਾ ਮੂਰਤੀਕਰਨ ਹੋ ਜਾਣਾ ਸੌਖਾ ਹੋ ਜਾਂਦਾ ਹੈ। ਭਗਤ ਸਾਹਿਬਾਨ, ਗੁਰੂ ਸਾਹਿਬਾਨ ਦੇ ਅੰਗ-ਸੰਗ ਰਹਿ ਕੇ ਹੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਹੀ ਸ਼ਬਦ-ਗੁਰੂ ਦਾ ਹਿੱਸਾ ਹਨ। ਅਸਲ ਵਿਚ ਸਿਧਾਂਤ ਦਾ ਸੰਸਥਾਕਰਨ ਜੇ ਡੇਰੇਦਾਰੀ ਤਕ ਸੀਮਿਤ ਹੋ ਜਾਵੇ ਤਾਂ ਪਿਛਲਮੁਖੀ-ਰੁਝਾਨ ਜਾਂ ਵਿਲਯਕਰਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਭਗਤ-

** # ੩੪ ਅਰਬਨ ਐਸਟੇਟ, ਫੇਜ਼ ੧, ਪਟਿਆਲਾ - ੧੪੭੦੦੨ ਫੋਨ ੯੩੧੬੩-੦੧੩੨੮*

ਸਾਹਿਬਾਨ ਨੂੰ ਸਤਿਗੁਰੂ ਸਾਬਤ ਕਰਨ ਦੇ ਲਾਲਚ ਵਿਚ ਡੇਰੇਦਾਰ ਵਾਰਸਾਂ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ, ਉਨ੍ਹਾਂ ਸੰਤਾਂ/ਭਗਤਾਂ ਨੂੰ ਵੀ ਉਸ ਰਿਸ਼ੀ ਪਰੰਪਰਾ ਵੱਲ ਤੋਰ ਲਿਆ ਹੈ, ਜਿਸ ਨਾਲੋਂ ਟੁੱਟੇ ਹੋਇਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ-ਗੁਰੂ ਦੇ ਮਾਡਲ ਦਾ ਹਿੱਸਾ ਬਣਾ ਲਿਆ ਸੀ। ਇਸ ਨਾਲ ਭਗਤ ਦੇ ਪੈਰੋਕਾਰਾਂ ਦੀ ਸਿਆਸਤ ਨੇ ਪਿਛਲਮੁਖੀ ਸੋਚ ਅਧੀਨ, ਭਗਤ-ਸਾਹਿਬਾਨ ਦਾ ਮੂਰਤੀਕਰਨ ਕਰ ਲਿਆ ਹੈ ਅਤੇ ਲਿਖਤ ਦੇ ਪੂਜਾਕਰਨ ਰਾਹੀਂ ਪੁਜਾਰੀਕਰਨ ਦਾ ਰਾਹ ਪੱਧਰਾ ਕਰ ਲਿਆ ਹੈ। ਇਸ ਪਰਵਿਰਤੀ ਨੂੰ ਸਿੱਖ ਧਰਮ ਚਿੰਤਨ ਵਿਚ ਵੀ ਠੋਸਣ ਦੀਆਂ ਕੋਝੀਆਂ ਕੋਸ਼ਿਸ਼ਾਂ ਸਿੱਖ-ਵਿਰੋਧੀ ਤਾਕਤਾਂ ਕਰਦੀਆਂ ਆ ਰਹੀਆਂ ਹਨ ਅਤੇ ਇਸ ਪਾਸੇ ਜੋ ਕੋਸ਼ਿਸ਼ਾਂ ਹੋ ਰਹੀਆਂ ਹਨ, ਉਨ੍ਹਾਂ ਨੂੰ ਅਜੇ ਤਕ ਉਹ ਸਫ਼ਲਤਾ ਹਾਸਲ ਨਹੀਂ ਹੋਈ, ਜਿਸ ਦੀ ਗੁਰਮਤਿ-ਵਿਰੋਧੀਆਂ ਨੂੰ ਆਸ ਸੀ।

ਬਾਣੀ ਵਿਚ ਸ਼ਬਦ ਦੇ ਬਹੁਤ ਸਾਰੇ ਰੰਗ ਪ੍ਰਾਪਤ ਹਨ। ਇਹ ਰੰਗ ਸ਼ਬਦ-ਜੋੜਾਂ ਦੇ ਵਖਰੇਵੇਂ ਕਰਕੇ ਵੀ ਹਨ ਅਤੇ ਸ਼ਬਦ ਦੇ ਪ੍ਰਸੰਗਕ ਰੰਗ ਵੀ ਹਨ। ਸ਼ਬਦ-ਜੋੜਾਂ ਵਜੋਂ ਸਬਦ, ਸ਼ਬਦ, ਸਬਦੰ, ਸਬਦਰਤੰ, ਸਬਦਿ, ਸਬਦੀ ਸਬਦੁ, ਸਬਦੇ, ਸਬਦੈ, ਸਬਦੋ ਅਤੇ ਸਬਦੌ ਹਨ। ਇਨ੍ਹਾਂ ਵਿਚ ਸ਼ਬਦ ਦੇ ਸ਼ਬਦ-ਜੋੜਾਂ ਵਿਚ 'ਸ' ਅਤੇ 'ਸ਼' ਦਾ ਫ਼ਰਕ ਵੀ ਮੌਜੂਦ ਹੈ। ਗੁਰਬਾਣੀ ਵਿਆਕਰਣ ਦੇ ਹਿਸਾਬ ਨਾਲ ਅਤੇ ਹੋਰ ਪ੍ਰਗਟਾਅ ਦੀਆਂ ਪਰਤਾਂ ਕਾਰਨ, ਇਹ ਆਪਣੇ ਆਪ ਵਿਚ ਸੁਤੰਤਰ ਅਧਿਐਨ ਦਾ ਵਿਸ਼ਾ ਬਣ ਜਾਂਦਾ ਹੈ। ਕਾਰਨ ਇਹ ਹੈ ਕਿ ਇੱਕੋ ਮੂਲ ਤੋਂ ਪ੍ਰਕਾਸ਼ਮਾਨ ਹੋਈਆਂ ਸ਼ਬਦ ਦੀਆਂ ਪਰਤਾਂ ਦੇ ਪ੍ਰਸੰਗਕ ਰੰਗਾਂ ਦੇ ਖੇੜੇ ਨਾਲ ਨਿਆਂ ਸੁਤੰਤਰ ਅਧਿਐਨ ਰਾਹੀਂ ਹੀ ਹੋ ਸਕਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਦੇ ਪੰਨਾ ੧੫੬ 'ਤੇ ਦੱਸਿਆ ਹੈ ਕਿ ਸ਼ਬਦ ਸੰਗਯਾ ਰੂਪ ਵਿਚ ਧੁਨਿ, ਆਵਾਜ਼ ਅਤੇ ਸੁਰ ਦੇ ਅਰਥਾਂ ਵਿਚ ਆਇਆ ਹੈ। ਪਦ ਦੇ ਅਰਥਾਂ ਵਿਚ ਆਉਣ ਤੋਂ ਇਲਾਵਾ ਗੁਫ਼ਤਗੂ ਦੇ ਅਰਥਾਂ ਵਿਚ ਵੀ ਆਇਆ ਹੈ:

*ਸਬਦੌ ਹੀ ਭਗਤ ਜਾਪਦੇ ਜਿਨ ਕੀ ਬਾਣੀ ਸਚੀ ਹੋਇ॥*
*ਵਿਚਹੁ ਆਪੁ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ॥* *(ਪੰਨਾ ੪੨੯)*

ਗੁਰਉਪਦੇਸ਼ ਦੇ ਅਰਥਾਂ ਵਿਚ ਵੀ ਸ਼ਬਦ ਆਇਆ ਹੈ:

*ਭਵਜਲੁ ਬਿਨੁ ਸਬਦੈ ਕਿਉ ਤਰੀਐ॥*
*ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰਿਆ॥*
*(ਪੰਨਾ ੧੧੨੫)*

ਸ਼ਬਦ ਨੂੰ ਬ੍ਰਹਮ ਅਥਵਾ ਕਰਤਾਰ ਦੇ ਅਰਥਾਂ ਵਿਚ ਵੀ ਵਰਤਿਆ ਹੋਇਆ ਹੈ:

*ਸਬਦੁ ਗੁਰੁ ਸੁਰਤਿ ਧੁਨਿ ਚੇਲਾ॥* *(ਪੰਨਾ ੯੪੩)*

ਸ਼ਬਦ ਨੂੰ ਧਰਮ ਅਥਵਾ ਮਜ਼੍ਹਬ ਵਾਸਤੇ ਵੀ ਵਰਤਿਆ ਹੋਇਆ ਹੈ:

*ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥*

*ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥* *(ਪੰਨਾ ੧੩੫੩)*

ਇਸੇ ਤਰ੍ਹਾਂ ਸੁਨੇਹਾ ਜਾਂ ਪੈਗ਼ਾਮ ਵਾਸਤੇ ਵੀ ਸ਼ਬਦ ਦੀ ਵਰਤੋਂ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਛੰਦ ਰੂਪ ਵਾਕਯ ਨੂੰ 'ਸ਼ਬਦ' ਆਖਦੇ ਹਨ, ਸ਼ਬਦ ਛੰਦ ਦੀ ਖਾਸ ਜਾਤਿ ਨਹੀਂ, ਅਨੇਕ ਛੰਦਾਂ ਦਾ ਰੂਪ ਸ਼ਬਦਾਂ ਵਿਚ ਵੇਖਿਆ ਜਾਂਦਾ ਹੈ। ਜਦੋਂ ਸ਼ਬਦ ਵਿਸ਼ੇਸ਼ਣ ਹੋਵੇ ਤਾਂ ਇਹ ਸ਼ਬਦ ਦਾ ਵਾਚਯ ਅਰਥ, ਸ਼ਬਦ ਦਾ ਮਕਸਦ ਹੋ ਜਾਂਦਾ ਹੈ:

*ਨ ਸਬਦੁ ਬੂਝੈ ਨ ਜਾਣੈ ਬਾਣੀ॥ਮਨਮੁਖਿ ਅੰਧੇ ਦੁਖਿ ਵਿਹਾਣੀ॥* *(ਪੰਨਾ ੬੬੫)*

ਇਸ ਤਰ੍ਹਾਂ ਸ਼ਬਦ ਦੇ ਅਰਥ 'ਕਰਤਾਰ ਦਾ ਹੁਕਮ, ਧਰਮ, ਗੁਰੁ-ਮੰਤਰ ਅਤੇ ਗੁਰਬਾਣੀ' ਵੀ ਪ੍ਰਾਪਤ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਸ਼ਬਦ ਦੀਆਂ ਗੁਹਜ-ਪਰਤਾਂ ਨੂੰ ਜਗਿਆਸੂ ਲਈ ਇਸ ਤਰ੍ਹਾਂ ਪਰੋਸਦੇ ਹਨ:

*ਸਬਦੇ ਹੀ ਨਾਉ ਉਪਜੈ ਸਬਦੇ ਮੇਲਿ ਮਿਲਾਇਆ॥*

*ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ॥*

*ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ॥* *(ਪੰਨਾ ੬੪੪)*

ਫਿਰ ਸ਼ਬਦ ਦੀਆਂ ਪ੍ਰਾਪਤ ਦੋ ਪਰਤਾਂ ਵਰਣਾਤਮਕ ਅਤੇ ਧੁਨਾਤਮਕ ਨਾਲ ਸ਼ਬਦ ਨੂੰ ਵਿਅਕਤੀਗਤ- ਉਤਮਤਾ ਵਾਸਤੇ ਵਰਤ ਲੈਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ। ਇਸ ਦਾ ਲਾਭ ਗੁਰੂ-ਵਿਰੋਧੀਆਂ, ਗੁਰੁ-ਸ਼ਰੀਕਾਂ ਅਤੇ ਗੁਰੂ-ਨਿੰਦਕਾਂ ਨੇ ਉਠਾਉਣ ਦੀ ਕੋਸ਼ਿਸ਼ ਕਰਦਿਆਂ, ਲਿਖਤ (ਕੱਚੀ ਬਾਣੀ) ਨੂੰ ਸੱਚੀ-ਬਾਣੀ ਘੋਸ਼ਿਤ ਕੀਤਾ ਸੀ ਪਰ ਗੁਰੂ ਨੇ 'ਕੱਚੀ ਬਾਣੀ' ਅਤੇ 'ਸੱਚੀ ਬਾਣੀ' ਵਿਚ ਫ਼ਰਕ ਕਰਨ ਦੇ ਬਿਬੇਕ ਵਾਸਤੇ ਸਿਧਾਂਤਕ ਜੁਗਤਿ ਮੁਹੱਈਆ ਕਰ ਦਿੱਤੀ ਸੀ। ਜਦੋਂ ਮਾਨਸਿਕਤਾ ਵਿਚ ਮਾਇਆ ਵਿਆਪ ਜਾਵੇ ਤਾਂ ਲਿਖਤ (ਕੱਚੀ ਬਾਣੀ) ਲਿਖਾਰੀ ਦੀਆਂ ਹੱਦਾਂ ਅੰਦਰ ਹੀ ਰਹਿ ਜਾਂਦੀ ਹੈ। ਇਸੇ ਵਿੱਚੋਂ ਲਿਖਤ ਦੇ ਬਾਣੀ ਪ੍ਰਸੰਗ ਨੂੰ ਜਾਗਤਿ-ਜੋਤਿ ਅਤੇ ਜ਼ਾਹਰਾ-ਜ਼ਹੂਰ ਸ਼ਬਦ ਗੁਰੂ ਵਜੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ੧੬੦੪ ਈ. ਨੂੰ ਪ੍ਰਗਟ ਕਰ ਦਿੱਤਾ ਸੀ। ਪਹਿਲੀ ਵਾਰ ਕਿਸੇ ਪਵਿੱਤਰਤਾ ਜਾਂ ਅਧਿਆਤਮਕਤਾ ਦੇ ਖੇਤਰ ਵਿਚ ਪਵਿੱਤਰ ਲਿਖਤ ਪਾਵਨ ਬਾਣੀ ਨੂੰ ਗੁਰੂ ਸਾਹਿਬਾਨ ਨੇ ਆਪ ਸਥਾਪਤ ਕਰ ਕੇ ਪੈਰੋਕਾਰਾਂ ਵੱਲੋਂ ਉੱਤਮਤਾ ਦੇ ਆਧਾਰ ਉੱਤੇ ਧਰਮ ਗ੍ਰੰਥ ਸਥਾਪਤ ਕਰਨ ਦੀ ਲੋੜ ਮੁਕਾ ਦਿੱਤੀ ਸੀ। ਅੱਜ ਸ਼ਬਦ-ਗੁਰੂ ਦੇ ਸਿੱਖ-ਮਾਡਲ ਤੋਂ ਅਨਜਾਣ ਅਕਾਦਮਿਕ ਵਿਸ਼ੇਸ਼ਗਾਂ ਵੱਲੋਂ ਉਤਮਤਾ-ਮਾਡਲ ਦੀ ਪ੍ਰਾਪਤ ਆਲੋਚਨਾਤਮਕ ਵਿਧੀ ਬੇਲੋੜੀ ਬੌਧਿਕ ਕਲਾਬਾਜ਼ੀ ਵਿਚ ਉਲਝੀ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਬਦ-ਗੁਰੂ ਦਾ ਅਜਿਹਾ ਸ਼ਬਦ-

ਮਾਡਲ ਸਥਾਪਤ ਹੋ ਗਿਆ ਹੈ, ਜਿਸ ਨੂੰ ਧਰਮ ਦਾ ਵਰਤਮਾਨ ਸਥਾਪਤ ਕਰਨ ਦਾ ਦਾਹਵੇਦਾਰ ਆਖਿਆ ਜਾ ਸਕਦਾ ਹੈ। ਇਹ ਵਿਲੱਖਣ ਵੀ ਹੈ ਅਤੇ ਸੁਤੰਤਰ ਵੀ ਹੈ। ਪੰਜ ਸਦੀਆਂ (੧੧੭੩-੧੬੭੫) ਦੇ ਬਾਣੀਕਾਰਾਂ ਨੂੰ ਇਕ ਚਿੰਤਨ-ਮਾਡਲ ਵਿਚ ਢਾਲਣ ਲਈ ਬਾਣੀਕਾਰ ਨੂੰ ਜੋਤਿ ਰੂਪ ਵਿਚ ਬਾਣੀ ਅੰਦਰ ਨਿਹਿਤ ਪ੍ਰਵਾਨ ਕਰ ਲਿਆ ਗਿਆ ਹੈ। ਬਾਣੀ ਨੂੰ ਬਾਣੀਕਾਰ, ਬਾਣੀ ਅਤੇ ਸ਼ਰਧਾਲੂ ਵਿਚਕਾਰ ਵਿਭਾਜਤ ਕਰ ਕੇ ਵੇਖਣ ਦੀ ਇਸ ਵਾਸਤੇ ਲੋੜ ਨਹੀਂ ਹੈ ਕਿਉਂਕਿ ਬਾਣੀਕਾਰ ਨੂੰ ਜੋਤਿ ਵਜੋਂ ਅਤੇ ਬਾਣੀ ਨੂੰ ਜੁਗਤਿ ਵਜੋਂ ਇਕ ਦੂਜੇ ਦੀ ਪੂਰਕਤਾ ਵਿਚ ਪ੍ਰਵਾਨ ਕਰ ਕੇ ਸ਼ਬਦ-ਮਾਡਲ ਵਿਚ ਢਾਲ ਦਿੱਤਾ ਹੈ। ਇਥੇ ਬਾਣੀਕਾਰ ਦੀ ਨਹੀਂ ਸ੍ਰੋਤੇ ਦੀ (ਸੁਣੀਐ) ਅਤੇ ਸਮਰਪਿਤ-ਮਾਨਸਿਕਤਾ (ਮੰਨੀਐ) ਦੀ ਲੋੜ ਹੈ। ਇਸ ਪਵਿੱਤਰ (ਰਚਨਾ) ਬਾਣੀ ਨੂੰ 'ਖਸਮ ਕੀ ਬਾਣੀ' ਤਾਂ ਮੰਨਿਆ ਹੈ ਪਰੰਤੂ ਬਾਣੀਕਾਰ ਨੂੰ ਦੇਵਤਾ, ਰਿਸ਼ੀ, ਰੱਬ ਦਾ ਪੁੱਤਰ ਜਾਂ ਆਖਰੀ ਪੈਗ਼ੰਬਰ ਨਾ ਮੰਨ ਕੇ ਸ਼ਬਦ ਨੂੰ ਬਿਨਸਣਹਾਰਤਾ ਤੋਂ ਮੁਕਤ ਕਰ ਦਿੱਤਾ ਹੈ। ਇਸੇ ਨੂੰ ਸ਼ਬਦ-ਗੁਰੂ ਵਜੋਂ ਲਿਆ ਜਾ ਰਿਹਾ ਹੈ। ਇਸ ਅਚੁੱਕ ਸ਼ਬਦ-ਮਾਡਲ ਦਾ ਆਧਾਰ ਭਾਈ ਕਾਨ੍ਹ ਸਿੰਘ ਨਾਭਾ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਧਰਮ ਦੇ ਨਾਮ 'ਤੇ ਪ੍ਰਾਪਤ ਗੋਰਖ-ਧੰਦਾ ਇਸ ਕਰਕੇ ਪੈਦਾ ਹੁੰਦਾ ਰਿਹਾ ਹੈ ਕਿਉਂਕਿ ਉਸ ਵਿਚ ਅਸੂਲ ਵਿਰੁੱਧ, ਇਤਿਹਾਸ ਵਿਰੁੱਧ ਅਤੇ ਦਲੀਲ ਵਿਰੁੱਧ ਸਰੋਕਾਰਾਂ ਨੂੰ ਪਵਿੱਤਰ ਅਤੇ ਇਲਹਾਮੀ ਹੁਕਮ ਮੰਨਣ ਦੀ ਮਜਬੂਰੀ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ਼ਬਦ-ਗੁਰੂ ਅੰਦਰ ਨਿਹਿਤ ਗੁਹਜ (ਜੋਤਿ) ਨੂੰ ਕਰਣੀ (ਜੁਗਤਿ) ਵਜੋਂ ਪ੍ਰਗਟ ਕਰਦਿਆਂ, ਜੋ ਸ਼ਹੀਦੀ ਮਾਰਗ ਸਥਾਪਤ ਕੀਤਾ ਸੀ, ਉਸ ਦੀ ਇਤਿਹਾਸਕਤਾ ਸਿੱਖ ਅਰਦਾਸ ਅੰਦਰ ਤੱਤ ਰੂਪ ਵਿਚ ਆ ਗਈ ਹੈ। ਇਹ ਸ਼ਬਦ-ਗੁਰੂ ਦੀ ਰਹਿਨੁਮਾਈ ਵਿਚ ਸਥਾਪਤ ਹੋਈ ਸਿੱਖ ਮਾਨਸਿਕਤਾ ਹੀ ਹੈ ਜਿਸ ਨੂੰ 'ਸਿਰ ਜਾਏ ਤਾਂ ਜਾਏ ਪਰ ਸਿੱਖੀ ਸਿਦਕ ਨ ਜਾਏ' ਵਰਗੀ ਲੋਕਯਾਨਕ ਮਾਨਤਾ ਪ੍ਰਾਪਤ ਹੈ।

ਸ਼ਬਦ-ਗੁਰੂ ਸਿੱਖ ਦਾ ਮਾਰਗ ਵੀ ਹੈ ਅਤੇ ਮੰਜ਼ਿਲ ਵੀ ਹੈ। ਜੋ ਕੋਈ ਤੁਰਿਆ ਹੀ ਨਹੀਂ, ਉਸ ਨੇ ਪਹੁੰਚਣਾ ਕਿੱਥੇ ਹੈ? ਜੋ ਤੁਰਿਆ ਹੈ ਪਰ ਪਹੁੰਚਿਆ ਨਹੀਂ, ਉਹ ਪਹਿਲੇ ਨਾਲੋਂ ਅੱਗੇ ਹੈ। ਦੋਹਾਂ ਦੀ ਅਸਫਲਤਾ ਲਈ ਮੰਜ਼ਿਲ ਨੂੰ ਜ਼ੁੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਸ ਨਾਲ ਇਹ ਇਸ਼ਾਰਾ ਹੋ ਗਿਆ ਹੈ ਕਿ ਗਰੰਟੀਸ਼ੁਦਾ ਨਤੀਜਿਆਂ ਨਾਲ ਜੁੜਿਆ ਹੋਇਆ ਵਿਸ਼ਵਾਸ ਮੰਜ਼ਿਲ ਨੂੰ ਉਵੇਂ ਹੀ ਸਮਝਦਾ ਹੈ, ਜਿਵੇਂ ਪਰਮਾਤਮਾ ਨੂੰ ਸਤਵੇਂ ਅਸਮਾਨ ਜਾਂ ਸਵਰਗ ਵਿਚ ਸਮਝਣ ਦੀ ਧਾਰਮਿਕ ਪਰੰਪਰਾ ਕਾਇਮ ਹੈ। ਮੰਜ਼ਿਲ ਦਾ ਸਿੱਖ ਪ੍ਰਸੰਗ ਦਰਿਆ ਵਾਂਗ ਵਹਿੰਦੇ ਰਹਿਣ ਨਾਲ ਜੁੜਿਆ ਹੋਇਆ ਹੈ ਅਤੇ ਇਸ ਨੂੰ ਸਮੁੰਦਰ ਵਿਚ ਸਮਾ ਜਾਣ ਨਾਲ ਨਹੀਂ ਜੋੜਨਾ

ਚਾਹੀਦਾ। ਇਹ ਪ੍ਰਸੰਗ ਸਿੱਖ ਧਰਮ ਚਿੰਤਨ ਨੇ ਸਥਾਪਤ ਕਰ ਕੇ ਅਧਿਆਤਮਕ ਇਤਿਹਾਸ ਵਿਚ ਪ੍ਰਾਪਤ ਸੰਤੁਸ਼ਟੀ-ਮਾਡਲ ਨੂੰ ਤੜਪ-ਮਾਡਲ ਵਿਚ ਬਦਲ ਦਿੱਤਾ ਸੀ। ਭਾਈ ਵੀਰ ਸਿੰਘ ਨੇ ਇਸ ਸੁਰ ਨੂੰ 'ਨੇਹੁੰ ਵਾਲੇ ਨੈਣਾਂ ਕੀ ਨੀਂਦਰ, ਉਹ ਦਿਨੇ ਰਾਤ ਪਏ ਵਹਿੰਦੇ' ਰਾਹੀਂ ਪ੍ਰਗਟ ਕੀਤਾ ਹੋਇਆ ਹੈ। ਇਸੇ ਲਈ ਸਿੱਖ ਧਰਮ ਚਿੰਤਨ ਜਾਂ ਸ਼ਬਦ-ਮਾਡਲ ਨੂੰ ਸੰਤੁਸ਼ਟੀ-ਮਾਡਲ ਦੀ ਥਾਂ ਤੜਪ-ਮਾਡਲ ਆਖਿਆ ਜਾ ਰਿਹਾ ਹੈ। ਇਸੇ ਵਿਚੋਂ ਸਿੱਖ ਧਰਮ ਨੂੰ ਸੰਪੂਰਨ ਜੀਵਨ ਜੀਊਣ ਦਾ ਧਰਮ ਆਖਿਆ ਜਾ ਸਕਦਾ ਹੈ। ਸੋ ਸੰਤੁਸ਼ਟੀ-ਮਾਡਲ ਵਿੱਚੋਂ ਧਾਰਮਿਕ-ਦਲਾਲੀ (ਡੇਰੇਦਾਰੀ) ਪੈਦਾ ਹੁੰਦੀ ਰਹੀ ਹੈ, ਕਿਉਂਕਿ ਇਹ ਸੰਭਾਵਨਾ ਇਸ ਹਾਲਤ ਵਿਚ ਕਾਇਮ ਰਹਿੰਦੀ ਹੈ। ਇਹ ਬਿਰਤੀ ਧਾਰਮਿਕ ਖੜੋਤ ਪੈਦਾ ਕਰਦੀ ਹੈ ਅਤੇ ਧਰਮ ਨੂੰ ਧੰਦਾ ਹੋ ਜਾਣ ਦਾ ਰਾਹ ਪੱਧਰਾ ਕਰਦੀ ਹੈ। ਧੰਦੇ ਵਿਚ ਨੈਤਿਕ ਸਰੋਕਾਰਾਂ ਦੀ ਤਾਜ਼ਗੀ ਕਾਇਮ ਨਹੀਂ ਰੱਖੀ ਜਾ ਸਕਦੀ। ਇਹ ਅਮਲ ਦਾ ਸਿਧਾਂਤ ਹੈ ਅਤੇ ਇਸ ਵਿਚ ਖਲਾਅ ਸੰਭਵ ਹੈ ਕਿਉਂਕਿ ਇਸ ਵਿਚ ਮਨ ਨੂੰ ਮਾਇਆ ਨਾਲ ਵਹਿ ਜਾਣ ਦੀ ਆਗਿਆ ਹੈ। ਇਸ ਹਾਲਤ ਵਿਚ ਧਰਮੀਆਂ ਵਿੱਚੋਂ ਧਰਮ ਖੰਭ ਲਾ ਕੇ ਉੱਡ ਜਾਂਦਾ ਹੈ। 'ਆਸਾ ਕੀ ਵਾਰ' ਵਿਚ ਇਸ ਦਾ ਪ੍ਰਸੰਗ ਸਥਾਪਨ ਹੋ ਗਿਆ ਹੈ। ਇਸ ਨੂੰ ਸਿੱਖ ਮੁਹਾਵਰੇ ਵਿਚ ਬਾਣਾਮੂਲਕ ਸੰਤੁਸ਼ਟੀ ਕਿਹਾ ਜਾ ਸਕਦਾ ਹੈ। ਇਸ ਨਾਲ ਅੰਦਰੋਂ ਸਿੱਖ ਹੋਣ ਦੀ ਤੜਪ ਮੱਠੀ ਪੈਂਦੀ-ਪੈਂਦੀ ਮੁੱਕ ਵੀ ਸਕਦੀ ਹੈ। ਧਰਮ ਦੀ ਇਹੋ ਜਿਹੀ ਮੌਤ ਸੰਤੁਸ਼ਟੀ-ਮਾਡਲ ਵਿਚ ਸੰਭਵ ਰਹਿੰਦੀ ਹੈ। ਇਸੇ ਲਈ ਸ਼ਬਦ-ਮਾਡਲ ਬਿਖਮ ਹੈ ਅਤੇ ਤੜਪ ਇਸ ਦਾ ਹਿੱਸਾ ਹੈ। ਪੰਥਕ ਸਿਰਜਣਾ ਇਸੇ ਧਰਾਤਲ 'ਤੇ ਕੀਤੀ ਗਈ ਸੀ ਅਤੇ ਇਸ ਦੀ ਪ੍ਰਸੰਗਕਤਾ ਇਸ ਤੋਂ ਪਾਸੇ ਹੋ ਕੇ ਕਾਇਮ ਨਹੀਂ ਰੱਖੀ ਜਾ ਸਕਦੀ।

ਸਿੱਖ ਸ਼ਬਦ-ਮਾਡਲ ਵਾਸਤੇ ਗਲੋਬਲੀਕਰਨ ਨੇ ਚੁਣੌਤੀਆਂ ਜ਼ਰੂਰ ਪੈਦਾ ਕਰ ਦਿੱਤੀਆਂ ਹਨ। ਗਲੋਬਲੀਕਰਨ ਨਾਲ ਟੈਕਸਟ ਨਾਲੋਂ ਸਿਧਾਂਤ ਨੂੰ ਪ੍ਰਥਮਤਾ ਪ੍ਰਾਪਤ ਹੋ ਗਈ ਹੈ। ਇਸ ਨਾਲ ਧਰਾਤਲ ਨਾਲੋਂ ਉਸਾਰ ਨੂੰ ਪਹਿਲ ਪ੍ਰਾਪਤ ਹੋ ਗਈ ਹੈ। ਹੁਣ ਤਾਂ ਉਸਾਰ ਉੱਤੇ ਪੁਨਰ ਉਸਾਰ ਨੂੰ ਮਾਨਤਾ ਪ੍ਰਾਪਤ ਹੋ ਗਈ ਹੈ। ਇਹ ਪੈਰਾਂ ਵੱਲ ਵੇਖ ਕੇ ਨਾ ਤੁਰਨ ਵਾਂਗ ਹੈ। ਹਵਾ ਦੇ ਘੋੜੇ ਸਵਾਰ ਹੋਣ ਦੀ ਲਾਲਸਾ ਵਿਚ ਪੂਰਬੀ ਲੋਕ ਪੱਛਮੀਆਂ ਨਾਲੋਂ ਵੀ ਵੱਧ ਪੱਛਮੀ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਨਾਲ ਜੜ੍ਹਾਂ ਤੋਂ ਬਿਨਾਂ ਦਰੱਖਤ ਦੀ ਕਲਪਨਾ ਕੀਤੀ ਜਾਣ ਲੱਗ ਪਈ ਹੈ। ਇਹ ਕਿੱਕਰ ਬੀਜ ਕੇ ਦਾਖਾਂ ਦੀ ਝੂਠੀ ਤਵੱਕੋ ਹੈ। ਸਭ ਤੋਂ ਪਹਿਲਾਂ ਇਸ ਦਾ ਅਸਰ ਇਹ ਹੋਇਆ ਹੈ ਕਿ ਸਿੱਖ ਸਭਿਆਚਾਰ ਦਾ ਪੱਛਮੀਕਰਨ ਹੋਣ ਲੱਗ ਪਿਆ ਹੈ। ਇਸ ਦਾ ਸ਼ਿਕਾਰ ਪਰੰਪਰਕ ਸਰੋਕਾਰਾਂ ਨੂੰ ਹੋਣਾ ਪੈ ਰਿਹਾ ਹੈ। ਮਨ ਦੀ ਮੌਜ ਨੂੰ ਮਨਮੁਖਤਾ ਵਜੋਂ ਵੇਖਣ ਦੀ ਥਾਂ ਬੇਲਗਾਮ ਆਜ਼ਾਦੀ ਵਜੋਂ ਲਿਆ ਜਾ ਰਿਹਾ ਹੈ। ਸੋ

ਪਰੰਪਰਾ ਨੂੰ ਵਾਧੂ ਭਾਰ ਅਤੇ ਬੇਲੋੜਾ ਬੋਝ ਸਮਝਿਆ ਜਾਣ ਲੱਗ ਪਿਆ ਹੈ ਕਿਉਂਕਿ 'ਬਾਬਾਣੀਆ ਕਹਾਣੀਆ' ਮਨ ਦੀ ਲਗਾਮ ਹਨ। ਅੱਥਰੀ ਆਧੁਨਿਕਤਾ ਨੇ ਪਰੰਪਰਾ ਨੂੰ ਬੀਤੇ ਦੀ ਗ਼ੁਲਾਮੀ ਅਤੇ ਵਰਤਮਾਨ ਨਾਲ ਗ਼ਦਾਰੀ ਸਮਝ ਲਿਆ ਹੈ। ਇਸ ਨਾਲ ਸ਼ਬਦ ਦੇ ਸਿੱਖ-ਮਾਡਲ ਵਿਚ ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਣ ਵਾਲੇ ਪ੍ਰਾਪਤ ਪ੍ਰਸੰਗ ਵਾਸਤੇ ਚੁਣੌਤੀ ਪੈਦਾ ਹੋ ਗਈ ਹੈ। ਜਿਹੜੀਆਂ ਉਲਾਰ ਅਕਾਂਖਿਆਵਾਂ ਦਾ ਮਾਨਵ ਮਾਨਸਿਕਤਾ ਅੰਦਰ ਹੜ੍ਹ ਆ ਗਿਆ ਹੈ, ਉਸ ਦੀਆਂ ਜੜ੍ਹਾਂ ਆਧੁਨਿਕਤਾ ਵਿਚ ਹਨ। ਪੱਛਮ ਇਸ ਨੂੰ ਰੱਦ ਕਰ ਚੁਕਾ ਹੈ ਅਤੇ 'ਰੈਗ' ਵਾਂਗ ਸਿੱਖਾਂ ਨੇ ਇਸ ਨੂੰ ਚਾਅ ਵਰਗੀ ਮਜਬੂਰੀ ਵਿਚ ਪਹਿਨ ਲਿਆ ਹੈ। ਮਾਨਵ ਮਾਨਸਿਕਤਾ ਨੂੰ ਅਕੇਵੇਂ, ਉਦਰੇਵੇਂ ਅਤੇ ਪਛੜੇਵੇਂ ਵਿੱਚੋਂ ਪੈਦਾ ਹੋਣ ਵਾਲੀਆਂ ਅਸਫਲਤਾਵਾਂ ਨੇ ਘੇਰ ਲਿਆ ਹੈ। ਇਸ ਵਿੱਚੋਂ ਮੁਕਤ ਹੋਣ ਲਈ ਪ੍ਰਾਪਤ ਧਰਾਤਲ ਦੀ ਥਾਂ ਮੰਗਵੇਂ ਸਿਧਾਂਤੀਕਰਨ ਨੂੰ ਗ੍ਰਹਿਣ ਕਰਨ ਵਿਚ ਚੇਤੰਨ ਵਰਗ ਅੱਗੇ ਲੱਗ ਪਿਆ ਹੈ ਅਤੇ ਇਹ ਵਰਤਾਰਾ ਭਾਰਤ ਦੀ ਆਜ਼ਾਦੀ (੧੯੪੭ ਈ.) ਤੋਂ ਪਿੱਛੋਂ ਵਧੇਰੇ ਪ੍ਰਬਲ ਰੂਪ ਵਿਚ ਸਾਹਮਣੇ ਆਇਆ ਹੈ। ਸਿੱਟੇ ਵਜੋਂ ਬਹੁਭਾਸ਼ੀ ਪਹੁੰਚ, ਸਭਿਆਚਾਰਕ-ਅਨੇਕਤਾ ਅਤੇ ਹੋਰ ਗਲੋਬਲੀ ਪ੍ਰਭਾਵਾਂ ਨੇ ਸਿੱਖ ਸਰੋਕਾਰਾਂ 'ਤੇ ਬਹੁਤ ਪ੍ਰਭਾਵ ਪਾਇਆ। ਵਧੀਕੀਆਂ ਰੋਕਣ ਦੇ ਲਾਲਚ ਵਿਚ ਨਵੀਂ ਕਿਸਮ ਦੀਆਂ ਵਧੀਕੀਆਂ ਪੈਦਾ ਹੋ ਗਈਆਂ ਹਨ। ਨੈਤਿਕਤਾ ਲਲਕਾਰੀ ਗਈ ਹੈ। ਘੁੱਗ ਵਸੋਂ ਵਿਚ ਉਜਾੜ ਪ੍ਰਵੇਸ਼ ਕਰਦੀ ਜਾਂਦੀ ਹੈ। ਪ੍ਰਸ਼ਨ ਇਹ ਪੈਦਾ ਹੋ ਗਿਆ ਹੈ ਕਿ ਉੱਲੂ ਬਣਨਾ ਹੈ ਕਿ ਉੱਲੂ ਬਣਾਉਣਾ ਹੈ? ਦੋਵੇਂ ਹਾਲਤਾਂ ਘਾਟੇਵੰਦੀਆਂ ਹਨ। ਇਹੋ ਜਿਹੀਆਂ ਗੱਲਾਂ ਨੇ ਪੱਛਮ ਨੂੰ ਪਹਿਲਾਂ ਹੀ ਹਿਲਾਇਆ ਹੋਇਆ ਹੈ। ਪੱਛਮ ਤਾਂ ਫਿਰ ਧਰਮ ਦੀ ਪਛਾਣ ਵੱਲ ਮੁੜ ਰਿਹਾ ਹੈ, ਪਰ ਭਾਰਤ ਦੇ ਧਰਮ ਨਿਰਪੱਖ ਸਿਆਸੀ ਪੈਂਤੜੇ ਨੇ ਪੂਰਬ ਨੂੰ ਪੱਛਮ ਦੀ ਅਗਵਾਈ ਕਰਨ ਜੋਗਾ ਛੱਡਿਆ ਹੀ ਨਹੀਂ। ਲੱਗਣ ਇਹ ਲੱਗ ਪਿਆ ਹੈ ਕਿ ਪੱਛਮ ਅਗਵਾਈ ਲੈਣ ਵਾਸਤੇ ਨਹੀਂ, ਅਗਵਾਈ ਕਰਨ ਵਾਸਤੇ ਆ ਰਿਹਾ ਹੈ।ਇਹ ਸਭ ਮੰਡੀਕਰਨ ਕਰਕੇ ਹੋਇਆ ਹੈ। ਪਹਿਲਾਂ ਸਾਡੇ ਕੱਚੇ ਮਾਲ ਦਾ ਮੰਡੀਕਰਨ ਹੁੰਦਾ ਸੀ ਅਤੇ ਹੁਣ ਸਾਡੇ ਸਿਧਾਂਤ ਅਤੇ ਸਭਿਆਚਾਰ ਦਾ ਮੰਡੀਕਰਨ ਹੋ ਰਿਹਾ ਹੈ। ਇਸ ਨਾਲ ਖੇਤਰੀ ਭਾਸ਼ਾਵਾਂ ਦੀ ਅਣਦੇਖੀ ਹੋਣ ਲੱਗ ਪਈ ਹੈ। ਇਸ ਹਾਲਤ ਵਿਚ ਸ਼ਬਦ ਦੇ ਸਿੱਖ-ਮਾਡਲ ਦੀ ਭੂਮਿਕਾ ਅਹਿਮ ਹੋ ਜਾਂਦੀ ਹੈ। ਸ਼ਬਦ-ਮਾਡਲ ਵਿਚ ਸੰਸਾਰ-ਧਰਮ ਦੀ ਧਰਾਤਲ ਬਣਨ ਦੀਆਂ ਸੰਭਾਵਨਾਵਾਂ ਕਾਇਮ ਹਨ ਕਿਉਂਕਿ ਸ਼ਬਦ-ਮਾਡਲ ਵਿਚ ਗਲੋਬਲੀਕਰਨ ਨਾਲ ਨਿਭ ਸਕਣ ਦੀਆਂ ਸੰਭਾਵਨਾਵਾਂ ਪਹਿਲਾਂ ਤੋਂ ਹੀ ਕਾਇਮ ਹਨ। ਉਦਾਹਰਣ ਵਜੋਂ ਸਥਾਪਤੀ ਜਾਂ ਇਜਾਰੇਦਾਰੀ ਦਾ ਵਿਰੋਧ ਸਰਬ-ਪ੍ਰਵਾਨਿਤ ਗਲੋਬਲੀ ਸਿਧਾਂਤ ਹੋ ਗਿਆ ਹੈ। ਵਿਕੇਂਦਰੀਕਰਨ ਨੂੰ ਗਲੋਬਲੀ ਪ੍ਰਸੰਗ ਵਿਚ ਮਾਨਤਾ ਪ੍ਰਾਪਤ ਹੋ ਗਈ ਹੈ। ਗੁਰਬਾਣੀ ਵਿਚ ਕਿਸੇ ਕਿਸਮ

ਦੀ ਗ਼ੁਲਾਮੀ ਨੂੰ ਸਵੀਕਾਰ ਨਹੀਂ ਕੀਤਾ ਗਿਆ ਅਤੇ ਸਿਆਸੀ ਜਾਂ ਧਾਰਮਿਕ ਇਜਾਰੇਦਾਰੀ ਦਾ ਖੁੱਲ੍ਹ ਕੇ ਵਿਰੋਧ ਕੀਤਾ ਗਿਆ ਹੈ। ਇਸ ਸਿਧਾਂਤ ਦਾ ਅਮਲ ਜਿਵੇਂ ਸਿੱਖ ਇਤਿਹਾਸ ਰਾਹੀਂ ਸਾਹਮਣੇ ਆਇਆ ਹੈ, ਉਹ ਹੋਰ ਕਿਧਰੇ ਇਸ ਤਰ੍ਹਾਂ ਪ੍ਰਾਪਤ ਨਹੀਂ ਹੈ। ਇਸ ਹਾਲਤ ਵਿਚ ਅਮਲ ਦੇ ਸਿਧਾਂਤ ਦੀ ਥਾਂ, ਸਿਧਾਂਤ ਦੇ ਅਮਲ ਨਾਲ ਜੁੜਿਆ ਹੋਇਆ ਸ਼ਬਦ-ਮਾਡਲ ਕੰਮ ਆ ਸਕਦਾ ਹੈ। ਸਿੱਖ ਧਰਮ ਵਿਚ ਕਿਸੇ ਵੀ ਕਿਸਮ ਦੇ ਦਿੱਸਦੇ ਵਖਰੇਵੇਂ ਨੂੰ ਮਾਨਤਾ ਦੇਣ ਦੀ ਥਾਂ, ਸ਼ਬਦ-ਮਾਡਲ ਵਿਚ ਇਕਸੁਰ ਕੀਤਾ ਹੋਇਆ ਹੈ। ਸਭ ਤੋਂ ਪਹਿਲਾਂ ਸਿਧਾਂਤ ਅਤੇ ਅਮਲ ਦੀ ਇਕਸੁਰਤਾ ਨੂੰ ਮਾਨਤਾ ਦਿੱਤੀ ਹੈ (ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ)। ਸੰਤ ਤੇ ਸਿਪਾਹੀ, ਭਗਤੀ ਤੇ ਸ਼ਕਤੀ ਅਤੇ ਨੇਮ ਤੇ ਪ੍ਰੇਮ ਨਾਲ ਪ੍ਰਾਪਤ ਇਕਸੁਰ-ਮਾਡਲ ਰਾਹੀਂ ਇਸ ਦੀ ਪੁਸ਼ਟੀ ਹੋ ਜਾਂਦੀ ਹੈ। ਇਸ ਨਾਲ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਪੱਛਮ ਦੇ ਸਿਆਸੀ ਦਬਦਬਾ ਅਤੇ ਪੂਰਬ ਦੇ ਬਹੁਗਿਣਤੀ ਵਾਲੇ ਧਾਰਮਿਕ ਸਮੁਦਾਵਾਂ ਨੇ ਸ਼ਬਦ ਦੇ ਸਿੱਖ-ਮਾਡਲ ਨੂੰ ਸੰਭਾਵਤ ਭੂਮਿਕਾ ਨਿਭਾਉਣ ਤੋਂ ਲਗਾਤਾਰ ਰੋਕਿਆ ਹੈ। ਵਾਰਸ ਵੀ ਇਸ ਦੋਸ਼ ਵਿਚ ਇਸ ਲਈ ਸ਼ਾਮਲ ਹਨ ਕਿਉਂਕਿ ਅਜੇ ਤਕ ਸਿੱਖ ਅਕਾਦਮਿਕਤਾ ਵਿਚ ਸ਼ਬਦ ਦਾ ਸਿੱਖ-ਮਾਡਲ ਸਥਾਪਤੀ ਵੱਲ ਤੁਰਿਆ ਹੀ ਨਹੀਂ ਹੈ। ਇਸੇ ਲਈ ਧਰਮ-ਚਿੰਤਨ ਨਾਲੋਂ ਭਾਈਚਾਰੇ, ਭਾਸ਼ਾ ਅਤੇ ਭੂਮੀ ਨੂੰ ਪਹਿਲ ਪ੍ਰਾਪਤ ਹੋ ਗਈ ਹੈ। ਇਹ ਸਿਆਸਤ ਉੱਤੇ ਧਰਮ ਨੂੰ ਪਹਿਲ ਪ੍ਰਾਪਤ ਹੋ ਜਾਣ ਵਾਂਗ ਹੈ। ਇਹੋ ਜਿਹੀ ਹਾਲਤ ਵਿਚ ਮਾਨਵਤਾ ਨੂੰ ਠੰਢਕ ਪਹੁੰਚਾਉਣ ਦਾ ਇਕ ਰਾਹ ਸਿੱਖ ਧਰਮ ਚਿੰਤਨ ਅਨੁਸਾਰ ਸਰਬ ਅਲਿੰਗਨਕਾਰੀ ਸ਼ਬਦ-ਮਾਡਲ ਰਾਹੀਂ ਪ੍ਰਸੰਗਕ ਹੋ ਸਕਦਾ ਪ੍ਰਵਾਨ ਕੀਤਾ ਹੋਇਆ ਹੈ :

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੇ ਉਬਰੈ ਤਿਤੈ ਲੈਹੁ ਉਬਾਰਿ॥* *(ਪੰਨਾ ੮੫੩)*

ਸ਼ਬਦ-ਮਾਡਲ ਦੀ ਸਮਰੱਥਾ ਦਾ ਲਾਭ ਲਿਆ ਜਾਵੇ ਤਾਂ ਸਾਹਮਣੇ ਆ ਜਾਵੇਗਾ ਕਿ ਸ਼ਬਦ-ਗੁਰੂ ਨੇ ਸਰਬੱਤ ਦੇ ਭਲੇ ਦੀ ਭਾਵਨਾ ਦੇ ਮੁਦੱਈ ਪੈਦਾ ਕੀਤੇ ਹਨ। ਇਸ ਤਰ੍ਹਾਂ ਸ਼ਬਦ ਦਾ ਸਿੱਖ-ਮਾਡਲ ਰੂਹਾਂ ਦੀ ਖੁਰਾਕ ਸਾਬਤ ਹੋਇਆ ਹੈ। ਭਾਈ ਤਾਰੂ ਸਿੰਘ ਇਸੇ ਭਾਵਨਾ ਦਾ ਪ੍ਰਤੀਕ ਹੈ। ਇਹ ਭਾਵਨਾ ਸਿੱਖੀ ਦਾ ਸਭਿਆਚਾਰ ਹੋ ਗਈ ਹੈ। ਸ਼ਬਦ-ਗੁਰੂ ਨਾਲ ਆਸਾਂ ਪੁੱਗੀਆਂ ਹਨ ਅਤੇ ਮਾਰਗ-ਦਰਸ਼ਨ ਹੋਇਆ ਹੈ। ਮਾਤਾ ਸੁਲੱਖਣੀ ਜੀ ਨੇ ਇਸ ਧਾਰਨਾ ਦੀ ਆਪਣੇ ਅਮਲ ਨਾਲ ਪੁਸ਼ਟੀ ਕੀਤੀ ਹੈ। ਸ਼ਬਦ-ਗੁਰੂ ਨੇ ਮਾਨਵ ਨੂੰ ਭਰਮਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾਂ ਤੋਂ ਮੁਕਤੀ ਦਿਵਾਈ ਹੈ। ਗਲੋਬਲੀ ਪ੍ਰਸੰਗ ਵਿਚ ਇਸ ਦੀ ਸਾਰਥਕਤਾ ਕੰਮ ਆ ਸਕਦੀ ਹੈ। ਇਸ ਨਾਲ ਸ਼ੰਕਾਗ੍ਰਸਤ ਮਾਨਸਿਕਤਾ ਚੜ੍ਹਦੀ

ਕਲਾ ਦੀ ਮਾਲਕ ਹੋਈ ਹੈ। ਇਹ ਹੋ ਚੁਕਾ ਹੈ ਅਤੇ ਇਹ ਵਾਰ-ਵਾਰ ਹੋ ਸਕਦਾ ਹੈ। ਕਿਸੇ ਹੱਦ ਤਕ ਇਹ ਬਿਆਨ ਅਤੇ ਇਸ ਪਿੱਛੇ ਕੰਮ ਕਰਦੀ ਜੁਗਤਿ ਵਿਚ ਵਿਸ਼ਵਾਸਮੂਲਕ ਸ਼ਰਨਾਗਤ-ਜਜ਼ਬਾ ਕੰਮ ਕਰਦਾ ਨਜ਼ਰ ਆਉਂਦਾ ਹੈ। ਇਸ ਵਿੱਚੋਂ ਪੈਦਾ ਹੋਏ ਸਾਹਿਤਕ, ਇਤਿਹਾਸਕ ਅਤੇ ਧਰਮ ਵਿਗਿਆਨਕ ਪ੍ਰਸ਼ਨਾਂ ਨੂੰ ਜੇ ਧਿਆਨ ਵਿਚ ਰੱਖ ਲਿਆ ਜਾਵੇ ਤਾਂ ਵੀ ਸ਼ਬਦ-ਮਾਡਲ ਦੀ ਸਦ-ਪ੍ਰਸੰਗਕਤਾ ਸਥਾਪਤ ਕਰਨ ਵਿਚ ਮੁਸ਼ਕਲ ਪੇਸ਼ ਨਹੀਂ ਆਵੇਗੀ। ਸ਼ਬਦ ਦੇ ਕਰਤਾ ਬਾਣੀਕਾਰ, ਜਿਸ ਤਰ੍ਹਾਂ ਸ਼ਬਦ ਵਿਚ ਵਿਅਕਤ ਹਨ ਉਸ ਨਾਲ ਸ਼ਬਦ ਦੀ ਸਾਰਥਕਤਾ ਜਾਂ ਸੰਦੇਸ਼ ਵਿਚ ਵਿਘਨ ਨਹੀਂ ਪੈਂਦਾ। ਭਾਈ ਗੁਰਦਾਸ ਜੀ ਨੇ ਗਾਇਕ ਦੀ ਉਦਾਹਰਣ ਲੈ ਕੇ ਦੱਸਿਆ ਹੈ ਕਿ ਜਿਵੇਂ ਸੁਰ ਵਿਚ ਸੰਗੀਤਕਾਰ ਹੋ ਕੇ ਵੀ ਨਹੀਂ ਹੁੰਦਾ, ਉਵੇਂ ਹੀ ਗੁਰੂ ਦਾ ਸ਼ਬਦ, ਗਿਆਨ ਰੂਪ ਵਿਚ ਹੋ ਕੇ ਵੀ ਨਹੀਂ ਹੁੰਦਾ :

*ਜੈਸੇ ਜੰਤ੍ਰ ਧੁਨਿ ਬਿਖੈ ਬਾਜਤ ਬਜੰਤ੍ਰੀ ਕੋ ਮਨ*
*ਤੈਸੇ ਘਟ ਘਟ ਗੁਰ ਸ਼ਬਦ ਗਿਆਨ ਹੈ॥੨੬੮॥* *(ਕਬਿੱਤ)*

ਸ਼ਬਦ ਨੇ ਦੇਹੀ-ਪ੍ਰਸੰਗ ਵੀ ਸਥਾਪਤ ਕਰ ਦੇਣਾ ਹੈ। ਦੇਹੀ ਅਤੇ ਮਨ ਦਾ ਸੰਬੰਧ ਸਥਾਪਤ ਕਰਨਾ ਮੁਸ਼ਕਲ ਨਹੀਂ ਹੈ ਪਰ ਦੇਹੀ ਅਤੇ ਰੂਹ ਨੂੰ ਇਕਸੁਰ ਕਰਨਾ ਸੌਖਾ ਨਹੀਂ ਹੈ। ਦੇਹੀ ਅਤੇ ਰੂਹ ਦੀ ਇਕਸੁਰਤਾ 'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ' ਰਾਹੀਂ ਸਮਝੀ ਜਾ ਸਕਦੀ ਹੈ। ਇਹ ਸਥਿਤੀ ਮਨ ਦਾ ਸਰੀਰ ਨਾਲ ਨਹੀਂ, ਰੂਹ ਨਾਲ ਇਕਸੁਰ ਹੋ ਜਾਣ ਦੀ ਹੈ। ਇਹ ਸ਼ਬਦ ਵਿਚ ਰੰਗੇ ਜਾਣਾ ਹੈ। ਇਹ ਮਾਨਵ ਦਾ ਅਨੁਭਵੀ ਪ੍ਰਸੰਗ ਹੈ। ਇਸ ਵਿਚ ਦੇਹੀ ਪਵਿੱਤਰ ਹੋ ਸਕਦੀ ਹੈ। ਪਵਿੱਤਰਤਾ, ਜੈਵਿਕਤਾ ਉੱਤੇ ਕਾਬੂ ਪ੍ਰਾਪਤ ਹੋ ਜਾਣ ਦੀ ਹੈ। ਇਸ ਦਾ ਇਕ ਤਪੱਸਵੀ ਮਾਡਲ ਕਾਇਮ ਹੈ ਪਰ ਸਿੱਖ ਧਰਮ ਚਿੰਤਨ ਵਿਚ ਤਪੱਸਵੀ ਮਾਡਲ ਦੀ ਥਾਂ ਤੇ ਸ਼ਬਦ-ਮਾਡਲ ਦੀ ਗੱਲ ਕੀਤੀ ਹੈ। ਸ਼ਬਦ ਵਿਚ ਰੰਗੀ ਹੋਈ ਦੇਹੀ ਪਵਿੱਤਰ ਹੋ ਜਾਂਦੀ ਹੈ:

*ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥* *(ਪੰਨਾ ੧੪੬)*

ਸ਼ਬਦ ਵਿਚ ਸਿਮਰਨ ਦੁਆਰਾ ਰੰਗੇ ਜਾਣ ਦੀ ਵਿਧੀ ਵੀ ਸ਼ਬਦ-ਮਾਡਲ ਦਾ ਹਿੱਸਾ ਹੈ। ਇਹ ਵਿਧੀ ਵੇਖਣ ਨੂੰ ਸਾਰਿਆਂ ਧਰਮਾਂ ਵਿਚ ਸਾਂਝੀ ਲੱਗਦੀ ਹੈ ਪਰੰਤੂ ਜਿਸ ਤਰ੍ਹਾਂ ਗੁਰੂ ਬਾਣੀਕਾਰਾਂ ਨੇ ਆਪਣੇ ਆਪ ਨੂੰ ਸ਼ਬਦ-ਜੋਤਿ ਅਤੇ ਸ਼ਬਦ-ਜੁਗਤਿ ਵਿਚ ਆਪਣੇ ਜੀਵਨ-ਕਾਲ ਹਲੂਲ ਕੀਤਾ ਹੈ, ਉਹ ਕਿਸੇ ਅਵਤਾਰ, ਪੈਗ਼ੰਬਰ ਜਾਂ ਮਸੀਹਾ ਵੱਲੋਂ,ਪਹਿਲਾਂ ਜਾਂ ਪਿੱਛੋਂ, ਇਸ ਤਰ੍ਹਾਂ ਨਹੀਂ ਹੋਇਆ। ਸਿਮਰਨ, ਸ਼ਬਦ ਦਾ ਮਾਧਿਅਮ ਹੈ ਅਤੇ ਦੇਹਧਾਰੀ ਦਖਲ ਇਸ ਵਿੱਚੋਂ ਮਨਫ਼ੀ ਹੈ। ਸਿਮਰਨ ਵਿਚ ਸ਼ਬਦ ਜਾਂ ਬਾਣੀ ਨੂੰ ਕੇਂਦਰੀਅਤਾ ਪ੍ਰਾਪਤ ਹੈ। ਸਿਮਰਨ ਵਿਚ ਸ਼ਬਦ ਦੀ ਸਨਮੁਖਤਾ ਨੂੰ ਹੰਢਾਉਣ ਦੀ ਲੋੜ ਹੈ। ਇਹ ਲੋੜ ਨਿਰੰਤਰਤਾ ਵਿਚ ਹੈ ਕਿਉਂਕਿ

ਇਹ ਮੰਤਰ ਅਤੇ ਚਲੀਹੇ ਵਰਗੇ ਨਤੀਜਿਆਂ ਨਾਲ ਜੁੜੀ ਹੋਈ ਨਹੀਂ ਹੈ। ਸ਼ਬਦ ਦੇ ਰੂਬਰੂ ਹੋ ਕੇ ਮਾਨਸਿਕਤਾ ਬਦਲ ਸਕਦੀ ਹੈ। ਸ਼ਬਦ ਦੀ ਕਮਾਈ ਵਾਸਤੇ ਤਪੱਸਵੀ ਮਾਧਿਅਮ ਦੀ ਆਗਿਆ ਨਹੀਂ ਹੈ ਕਿਉਂਕਿ ਸ਼ਬਦ ਦਾ ਸੱਚ ਸ਼ਬਦ ਨਾਲ ਇਕਸੁਰ ਹੋਣ ਵਿਚ ਮੰਨਿਆ ਹੈ :

*ਜਪੁ ਤਪੁ ਸੰਜਮੁ ਹੋਰ ਕੋਈ ਨਾਹੀ॥*
*ਜਬ ਲਗੁ ਗੁਰ ਕਾ ਸ਼ਬਦ ਨਾ ਕਮਾਹੀ॥*
*ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ॥ (ਪੰਨਾ ੧੦੬੦)*

ਸ਼ਬਦ ਨੂੰ ਸੁੰਨ ਨਾਲ ਜੋੜ ਕੇ ਵੇਖਣ ਦੀ ਲੋੜ ਅਤੇ ਅਨੁਭਵ ਅਤੀਤ ਅਵਸਥਾ ਦੇ ਸੂਚਕ ਵਜੋਂ ਗ੍ਰਹਿਣ ਕਰਨ ਦੀ ਥਾਂ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਨੂੰ ਇੱਜ਼ਤ ਅਤੇ ਇਤਬਾਰ ਯੋਗਤਾ ਨਾਲ ਜੋੜ ਕੇ ਪ੍ਰਸਤੁਤ ਕੀਤਾ ਹੋਇਆ ਹੈ। (ਬਿਨੁ ਸਬਦੈ ਨਾਹੀ ਪਤਿ ਸਾਖੈ)। ਮਨ ਦੀ ਮੱਤ ਸ਼ਬਦ ਨਾਲ ਸੰਵਰਦੀ ਹੈ (ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ)। ਇਹ ਪ੍ਰਸੰਗ 'ਸਿਧ ਗੋਸਟਿ' ਵਿੱਚੋਂ ਹੈ। ਜੋਗੀ ਤਾਂ ਸ਼ਬਦ ਦੀਆਂ ਮਹੀਨ ਤਹਿਆਂ ਦੀ ਗੱਲ ਕਰ ਕੇ, ਸ਼ਬਦ ਦੀ ਇਜਾਰੇਦਾਰੀ ਵੱਲ ਵਧ ਰਹੇ ਹਨ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਸ਼ਬਦ ਦਾ ਮਾਨਵੀ ਪ੍ਰਸੰਗ ਸਥਾਪਤ ਕਰ ਰਹੇ ਹਨ। ਸੂਖ਼ਮ ਅਨੁਭਵ ਅਤੇ ਮਾਨਵੀ ਅਮਲ ਦੇ ਇਸ ਪ੍ਰਾਪਤ ਤਨਾਉ ਵਿੱਚੋਂ ਸ਼ਬਦ ਦੇ ਸਿੱਖ-ਮਾਡਲ ਦਾ ਪ੍ਰਸੰਗ ਸਥਾਪਤ ਕੀਤਾ ਜਾ ਰਿਹਾ ਹੈ— ਭਗਤਾ ਤੈ ਸੈਸਾਰੀਆ ਜੋੜਿ ਕਦੇ ਨ ਆਇਆ। ਇਉਂ ਸ਼ਬਦ ਮਨੁੱਖ ਦੀ ਪ੍ਰਕਿਰਤੀ ਦਾ ਨਿਹਿਤ ਜੁਜ਼ ਹੈ— ਸਭ ਮਹਿ ਸਬਦ ਵਰਤੇ ਪ੍ਰਭੁ ਸਾਚਾ। ਇਸ ਨੂੰ ਉਜਾਗਰ ਕੀਤੇ ਜਾਣ ਦੀ ਲੋੜ ਹੈ ਕਿਉਂਕਿ ਸ਼ਬਦ ਮਾਨਵ ਵਿਵਹਾਰ ਦੀ ਧੁਰੋਹਰ ਹੈ— ਇਸ ਜਗ ਮਹਿ ਸਬਦੁ ਕਰਣੀ ਹੈ ਸਾਰੁ। ਧਰਮ ਦੇ ਪ੍ਰਾਪਤ ਮਾਡਲਾਂ ਵਿਚ ਅਧਿਆਤਮਕਤਾ ਦੀ ਵਿਅਕਤੀਗਤ ਪ੍ਰਾਪਤੀ ਦਾ ਜ਼ਿਕਰ ਹੈ ਅਤੇ ਇਹ ਮਾਰਗ ਇਕ ਹੱਦ ਤੋਂ ਅੱਗੇ ਅਧਿਆਤਮਕ ਇਜਾਰੇਦਾਰੀ ਵੱਲ ਤੁਰ ਪੈਂਦਾ ਹੈ। ਜਦੋਂ ਹਰੀ ਦੇ ਸੰਤਾਂ ਨੂੰ ਬਨਾਰਸ ਦੇ ਠੱਗ ਆਖਿਆ ਹੈ ਤਾਂ ਵਿਅਕਤੀਗਤ ਉੱਤਮਤਾ ਦੀ ਇਕਹਿਰੀ ਤੇ ਕਰਾਮਾਤੀ ਆੜ ਵਿਚ ਪੈਦਾ ਹੋ ਸਕਣ ਵਾਲੀ ਸੰਭਾਵਨਾ ਪ੍ਰਤੀ ਚੇਤਨਾ ਪੈਦਾ ਕਰਨ ਵਾਸਤੇ ਹੀ ਅਜਿਹਾ ਕੀਤਾ ਗਿਆ ਹੈ। ਧਰਮ ਚਿੰਤਨ ਨਾਲ ਜੁੜੀ ਹੋਈ ਅਕਾਦਮਿਕਤਾ ਵਿਚ ਸਿਧਾਂਤੀਕਰਨ 'ਤੇ ਜ਼ੋਰ ਦਿਨੋਂ-ਦਿਨ ਵਧ ਰਿਹਾ ਹੈ। ਪਰ ਇਸ ਦੀ ਨੈਤਿਕਤਾ ਦਾ ਅਮਲ ਉਜਾਗਰ ਹੁੰਦਾ ਨਜ਼ਰ ਨਹੀਂ ਆ ਰਿਹਾ। ਇਸ ਦਾ ਸਿੱਟਾ ਇਹ ਨਿਕਲਦਾ ਆ ਰਿਹਾ ਹੈ ਕਿ ਧਾਰਮਿਕਤਾ ਅਤੇ ਧਰਮ ਜਾਂ ਧਰਮ ਅਤੇ ਰਹਿਤ ਸਮਾਨਾਂਤਰਤਾ ਵਿਚ ਫ਼ਰਕ ਆ ਰਿਹਾ ਹੈ। ਖੱਤਰੀਆਂ ਨੇ ਜਦੋਂ ਧਰਮ ਨੂੰ ਧੰਦੇ ਵਾਂਗ ਹੰਢਾਉਣ ਦੇ ਲਾਲਚ ਵਿਚ ਹੀ ਛੱਡ ਦਿੱਤਾ ਸੀ ਤਾਂ ਇਸ ਤੋਂ ਪਹਿਲਾਂ ਬ੍ਰਾਹਮਣ ਨੇ ਆਪਣੇ ਧਰਮ ਨੂੰ ਧੰਦਾ ਬਣਾ ਲੈਣ ਦਾ ਰਾਹ ਪੱਧਰਾ ਕਰ ਲਿਆ ਸੀ। ਪਵਿੱਤਰਤਾ ਦੀ ਆੜ ਵਿਚ

ਧੰਦਾ ਹੋਰ ਵੀ ਖ਼ਤਰਨਾਕ ਹੋ ਜਾਂਦਾ ਹੈ। ਇਹੋ ਜਿਹੀ ਹਾਲਤ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਮੁਤਾਬਿਕ ਮੁਸਲਮਾਨ ਕਹਾਉਣਾ ਮੁਸ਼ਕਲ ਹੋ ਸਕਦਾ ਹੈ। ਇਸ ਹਾਲਤ ਵਿਚ ਧਰਮ ਦੀ ਪ੍ਰਸੰਗ ਸਥਾਪਨਾ ਦੀ ਲੋੜ ਪੈਂਦੀ ਹੈ ਕਿਉਂਕਿ ਧਰਮ-ਵਿਹੂਣ ਯੁੱਗ ਦੀ ਕਲਪਨਾ ਅਜੇ ਤਕ ਨਹੀਂ ਕੀਤੀ ਜਾ ਸਕੀ। ਇਸ ਵਾਸਤੇ ਇਕ ਪਹੁੰਚ ਇਹ ਵੀ ਰਹੀ ਹੈ ਕਿ ਧਰਤੀ ਉੱਤੇ ਪਾਪ ਦੇ ਵਰਤਾਰੇ ਨੂੰ ਖ਼ਤਮ ਕਰਨ ਲਈ ਪ੍ਰਭੂ ਨੂੰ ਆਪ ਅਵਤਾਰ ਧਾਰ ਕੇ ਆਉਣਾ ਪੈਂਦਾ ਹੈ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਇਸ ਲੋੜ ਦੀ ਪੂਰਤੀ ਵੇਖੀ ਸੀ। ਪਰ ਇਸ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰੀਕਰਨ ਨਹੀਂ ਹੁੰਦਾ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਸਰੀਰਿਕ ਉੱਤਮਤਾ ਨੂੰ ਪਹਿਲ ਨਹੀਂ ਦਿੱਤੀ ਸੀ ਅਤੇ ਸ਼ਬਦ ਗੁਰੂ ਨੂੰ ਨਿਸ਼ੰਗ ਪ੍ਰਥਮਤਾ ਪ੍ਰਦਾਨ ਕੀਤੀ ਹੋਈ ਹੈ ਜਿਵੇਂ ਕਿ ਪਿੱਛੇ ਜ਼ਿਕਰ ਕਰ ਦਿੱਤਾ ਹੈ। ਗੁਰੂ ਪਾਤਸ਼ਾਹ ਜੀ ਦੇ ਸੰਸਾਰ ਅੰਦਰ ਪ੍ਰਗਟ ਹੋਣ ਨਾਲ ਧੁੰਧ ਮਿਟੀ ਹੈ ਅਤੇ ਚਾਨਣ ਹੋਇਆ ਹੈ ਪਰ ਇਹ ਤੁਰਤ ਜਾਂ ਕਰਾਮਾਤੀ ਜੁਗਤਿ ਵਿਚ ਉਸ ਤਰ੍ਹਾਂ ਨਹੀਂ ਹੋਇਆ, ਜਿਸ ਤਰ੍ਹਾਂ ਅਵਤਾਰੀਕਰਨ, ਪੈਗ਼ੰਬਰੀਕਰਨ ਅਤੇ ਮਸੀਹੀਕਰਨ ਨਾਲ ਹੁੰਦਾ ਆਇਆ ਸੀ। ਇਹ ਤਾਂ ਸ਼ਬਦ ਨਾਲ ਜੁੜੀ ਹੋਈ ਗੁਰੂ-ਜੋਤਿ ਅਤੇ ਗੁਰੂ-ਜੁਗਤਿ ਰਾਹੀਂ ਹੋਇਆ ਹੈ। ਇਸ ਨਾਲ ਇਹ ਸਥਾਪਤ ਹੋ ਜਾਂਦਾ ਹੈ ਕਿ ਸਿਧਾਂਤ ਵਿਚ ਪ੍ਰਾਪਤ ਉੱਤਮਤਾ ਜਾਂ ਸੰਪੂਰਨਤਾ ਜੇ ਅਮਲ ਵਿਚ ਸਾਹਮਣੇ ਨਹੀਂ ਆਉਂਦੀ ਤਾਂ ਧਰਮ-ਚਿੰਤਨ ਦਾ ਮੂਰਤੀਕਰਨ ਜਾਂ ਕਰਾਮਾਤੀਕਰਨ ਹੋ ਜਾਵੇਗਾ। ਸਿੱਖ ਧਰਮ-ਚਿੰਤਨ ਵਿਚ ਜਿਨ੍ਹਾਂ ਮਨਾਹੀਆਂ ਦੀ ਅਣਦੇਖੀ ਕਰ ਕੇ ਅਧਿਆਤਮਕ ਅਮਲ ਦੀ ਥਾਂ ਧਾਰਮਿਕ ਵਿਖਾਵੇ ਨੂੰ ਪਹਿਲ ਮਿਲਦੀ ਜਾ ਰਹੀ ਹੈ, ਉਸ ਨਾਲ ਪਿਛਲਮੁਖੀ ਸੰਭਾਵਨਾਵਾਂ ਸਾਹਮਣੇ ਆ ਰਹੀਆਂ ਹਨ। ਸ਼ਬਦ-ਗੁਰੂ ਦਾ ਬੰਧਨ ਇਸ ਪਿਛਲਮੁਖੀ ਧਾਰਮਿਕਤਾ ਨੂੰ ਉਹੋ ਜਿਹੀ ਮਾਨਤਾ ਨਹੀਂ ਦੇ ਰਿਹਾ, ਜਿਹੋ ਜਿਹੀ ਬਾਕੀ ਧਰਮ-ਚਿੰਤਨਾਂ ਵਿਚ ਆਮ ਅਤੇ ਸੁਖਾਲੀ ਮਿਲਦੀ ਰਹੀ ਹੈ। ਜੋਤਿ ਤਾਂ ਮਾਨਵ ਸਰੀਰ ਵਿਚ ਜਨਮ ਤੋਂ ਹੀ ਪ੍ਰਵੇਸ਼ ਕਰ ਜਾਂਦੀ ਹੈ— ਹਰਿ ਤੁਮ ਮਹਿ ਜੋਤਿ ਰਖੀ ਤਾ ਤੂੰ ਜਗ ਮਹਿ ਆਇਆ। ਜੋਤਿ ਕਰਕੇ ਮਾਨਵ ਜਨਮ ਦੁਰਲੱਭ ਹੈ, ਗੋਬਿੰਦ ਮਿਲਣ ਲਈ ਅਵਸਰ ਹੈ ਅਤੇ ਇਨਸਾਨਾਂ ਵਿਚ ਫ਼ਰਕ ਨਾ ਕਰਨ ਦਾ ਸੂਚਕ ਹੈ। ਇਸ ਜੋਤਿ ਦਾ ਪ੍ਰਗਟਾਵਾ ਮਾਨਵ ਵਰਤਾਰੇ ਵਿਚ ਕਿਸ ਜੁਗਤਿ ਵਿਚ ਹੁੰਦਾ ਹੈ, ਇਹ ਧਰਮ-ਚਿੰਤਨ ਦਾ ਅਸਲ ਮੁੱਦਾ ਹੈ। ਸੋ ਧਰਮ ਦੀ ਪਛਾਣ ਇਸ ਗੱਲ ਤੋਂ ਹੋਣੀ ਹੈ ਕਿ ਉਸ ਨੇ ਕਿਹੋ ਜਿਹੀ ਸ਼ਖ਼ਸੀਅਤ ਪੈਦਾ ਕੀਤੀ ਹੈ? ਸਿੱਖ ਧਰਮ-ਚਿੰਤਨ ਵਿਚ ਜੋਤਿ ਪ੍ਰਕਾਸ਼ਨ ਵਾਸਤੇ ਸ਼ਬਦ-ਜੁਗਤਿ ਨੂੰ ਕੇਂਦਰੀਅਤਾ ਪ੍ਰਾਪਤ ਹੈ ਕਿਉਂਕਿ ਜੋਤਿ ਦਾ ਅਮਲ-ਪਰਿਪੇਖ ਇਸ ਜੁਗਤਿ ਵਿਚ ਹੀ ਪ੍ਰਵਾਨ ਕੀਤਾ ਹੋਇਆ ਹੈ:

*ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥*

*ਸਬਦੈ ਨਾਮੁ ਰਖੈ ਉਰਿਧਾਰੀ॥ ਸਬਦੈ ਗਤਿਮਤਿ ਮੋਖ ਦੁਆਰੁ॥ (ਪੰਨਾ ੧੩੪੨)*

ਸ਼ਬਦ ਨੂੰ ਬਾਣੀ ਵਜੋਂ ਜੋ ਵਿਸਥਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ, ਉਹ ਹੋਰ ਕਿਸੇ ਧਰਮ-ਚਿੰਤਨ ਵਿਚ ਨਹੀਂ ਹੈ। ਇਥੇ ਇਸ ਦਾ ਵਿਸਥਾਰ ਸੰਭਵ ਨਹੀਂ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਸਿੱਖ ਧਰਮ-ਚਿੰਤਨ ਨੇ ਅਧਿਆਤਮਕ ਸਿਧਾਂਤੀਕਰਨ ਨੂੰ ਇਕ ਪਾਸੇ ਧਰਾਤਲ ਮੁਹੱਈਆ ਕਰ ਦਿੱਤੀ ਹੈ ਅਤੇ ਦੂਜੇ ਪਾਸੇ ਸਿਧਾਂਤਕਤਾ ਦੇ ਅਮਲ ਨੂੰ ਧਾਰਮਿਕ ਪਹਿਲਤਾਜ਼ਗੀ ਦੀ ਕਸਵੱਟੀ ਵਜੋਂ ਉਜਾਗਰ ਕਰ ਦਿੱਤਾ ਹੈ। ਇਸ ਵੇਲੇ ਸਿਧਾਂਤੀਕਰਨ ਦੇ ਖੇਤਰ ਵਿਚ ਪੱਛਮ ਦੀ ਸਰਦਾਰੀ ਹੈ ਕਿਉਂਕਿ ਪੱਛਮ ਦੀਆਂ ਚਿੰਤਨ ਲਹਿਰਾਂ ਇਸ ਵੇਲੇ ਪੱਛਮੀਆਂ ਨਾਲੋਂ ਵੱਧ ਪੱਛਮੀ ਹੋਣ ਦਾ ਤਲਿੱਸਮੀ ਅਵਸਰ ਸਾਰੀ ਦੁਨੀਆਂ ਨੂੰ ਮੁਹੱਈਆ ਕਰ ਰਹੀਆਂ ਹਨ। ਇਸ ਨਾਲ ਸਿਧਾਂਤ ਨੂੰ ਟੈਕਸਟ ਉੱਤੇ ਪਹਿਲ ਪ੍ਰਾਪਤ ਹੋ ਗਈ ਹੈ। ਹੌਲੀ-ਹੌਲੀ ਸਿਧਾਂਤ ਹੀ ਰਹਿ ਗਿਆ ਹੈ ਅਤੇ ਟੈਕਸਟ ਦੀ ਲੋੜ ਹੀ ਮਹਿਸੂਸ ਨਹੀਂ ਹੋ ਰਹੀ। ਇਥੇ ਇਸ ਪੱਖ ਨੂੰ ਸਮਝਣ ਲਈ ਪਛਮੀ ਚਿੰਤਕਾਂ ਵੱਲੋਂ ਪ੍ਰਸਤੁਤ ਮਾਨਵ ਜੀਵਨ ਦੀਆਂ ਤਿੰਨ ਅਵਸਥਾਵਾਂ, ਪਹਿਲੀ ਇੰਦ੍ਰਿਆਵੀ ਪਹਿਲਤਾ ਨਾਲ ਸੰਬੰਧਿਤ ਹੈ, ਦੂਜੀ ਵਿਚ ਨੈਤਿਕ ਜ਼ੁੰਮੇਵਾਰੀਆਂ ਹਨ, ਜਿਸ ਵਿਚ ਉੱਚੇ ਮੰਤਵ ਲਈ ਨਿੱਜੀ ਲਾਲਚਾਂ ਦੀ ਕੁਰਬਾਨੀ ਕਰਨੀ ਪੈਂਦੀ ਹੈ ਅਤੇ ਤੀਜੀ ਵਿਚ ਬੰਦਾ,ਪ੍ਰਭੂ ਸੰਪਰਕ ਹਾਸਲ ਕਰ ਜਾਂਦਾ ਹੈ। ਇਸ ਨੂੰ ਜੇ ਪੰਜ ਖੰਡਾਂ ਦੇ ਪ੍ਰਸੰਗ ਵਿਚ ਵੇਖਣਾ ਹੋਵੇ ਤਾਂ ਇਹ ਮਹਾਂ ਚਿੰਤਕ, ਅਧਿਆਤਮਕਤਾ ਦੇ ਅਥਾਹ ਸਾਗਰ ਵੱਲ ਨਿਹਾਰਦਾ ਹੀ ਨਜ਼ਰ ਆਵੇਗਾ ਕਿਉਂਕਿ ਇਸ ਕੋਲ ਸਿਧਾਂਤ ਤਾਂ ਹੈ ਪਰ ਅਮਲ ਇਸ ਲਈ ਨਹੀਂ ਹੈ ਕਿਉਂਕਿ ਸਿਧਾਂਤ, ਧਰਾਤਲ ਨਾਲੋਂ ਵਿੱਛੜਿਆ ਹੋਇਆ ਹੈ। ਇਸੇ ਕਰਕੇ ਉਸ ਨੂੰ ਮਾਨਵ ਦਾ ਅਧਿਆਤਮਕ ਸਫਰ ਕਿਸੇ ਸਹਿਜ ਵਿਚ ਵਿਕਾਸ ਕਰਨ ਦੀ ਥਾਂ, ਛੜੱਪਿਆਂ ਵਿਚ ਵਧਦਾ ਨਜ਼ਰ ਆਉਂਦਾ ਹੈ। ਇਹ ਵਿਸ਼ਵਾਸ ਅਤੇ ਕਰਾਮਾਤ ਨਾਲ ਜੁੜਿਆ ਹੋਇਆ ਚਿੰਤਨ ਹੈ। ਇਸੇ ਲਈ ਈਸਾਈਅਤ 'ਤੇ ਆਧਾਰਤ ਸਿਧਾਂਤਕਤਾ, ਜਿਸ ਨੂੰ ਈਸਾਈਅਤ ਦੀ ਸਿੱਖਿਆ ਦੱਸਿਆ ਜਾਂਦਾ ਹੈ, ਭੂਤਮੁਖੀ ਤਾਂ ਹੈ ਪਰ ਵਰਤਮਾਨ ਸਥਾਪਤ ਨਹੀਂ ਕਰਦੀ। ਇਹ 'ਸੁਣੀਐ' ਨਾਲ ਪ੍ਰਾਪਤ ਪਾਰ-ਉਤਾਰੇ ਦੀ ਕਰਾਮਾਤੀ ਜੁਗਤਿ ਹੈ। ਇਸ ਨੂੰ ਪੱਛਮੀ ਚਿੰਤਕਾਂ ਨੇ ਸਿਧਾਂਤੀਕਰਨ ਲਈ ਵਰਤ ਤਾਂ ਲਿਆ ਹੈ ਪਰ ਇਸ ਦੀ ਸਕਰਮਕਤਾ ਉਸ ਤਰ੍ਹਾਂ ਸਥਾਪਤ ਨਹੀਂ ਕਰ ਸਕੇ, ਜਿਸ ਤਰ੍ਹਾਂ ਪ੍ਰੇਮਮੂਲਕ ਅਮਲ ਨਾਲ ਸਿਰ ਦੀ ਬਾਜ਼ੀ ਲਾਉਣ ਦਾ ਸੰਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸਲੋਕ ਵਿਚ ਕਾਇਮ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਹ ਮਾਰਗਿ ਪੈਰੁ ਧਰੀਜੈ॥ ਸਿਰ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)*

**(ਬਾਕੀ ਸਫ਼ਾ ੧੬੦ 'ਤੇ)**

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ ਸਿਧਾਂਤ

*-ਡਾ. ਪਰਮਵੀਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਸਦੀਵੀ ਧਰਮ ਗ੍ਰੰਥ ਹੈ ਜੋ ਕਿ ਹਰ ਸਿੱਖ ਲਈ ਕੇਂਦਰੀ ਧੁਰੇ ਵਜੋਂ ਕਾਰਜ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ' 'ਰੱਬੀ ਬਾਣੀ' ਜਾਂ 'ਧੁਰ ਕੀ ਬਾਣੀ' ਕਿਹਾ ਜਾਂਦਾ ਹੈ ਜੋ ਸਦੀਵੀ ਗੁਰੂ ਵਜੋਂ ਜਾਣੀ ਜਾਂਦੀ ਹੈ ਅਤੇ ਜਿਸ ਦੇ ਅਨੁਸਾਰ ਹਰ ਇਕ ਸਿੱਖ ਆਪਣੀ ਜੀਵਨ-ਜਾਚ ਨਿਰਧਾਰਤ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਅਤੇ ਆਧਾਰ 'ਤੇ ਜੇਕਰ ਸਿੱਖ ਲਈ ਮੂਲ ਸਿਧਾਂਤਾਂ ਦੀ ਗੱਲ ਕਰਨੀ ਹੋਵੇ ਤਾਂ ਤਿੰਨ ਪ੍ਰਮੁੱਖ ਸਿਧਾਂਤ ਮੂਲ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੇ ਹਨ - *ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ।* ਇਹ ਤਿੰਨੇ ਸਿਧਾਂਤ ਸਿੱਖ ਨੂੰ ਜਿੱਥੇ ਆਦਰਸ਼ਕ ਮਾਰਗ 'ਤੇ ਚਲਾਉਣ ਦੇ ਪ੍ਰੇਰਨਾ-ਸ੍ਰੋਤ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ ਉਥੇ ਨੈਤਿਕ ਜੀਵਨ-ਜਾਚ ਵੀ ਨਿਰਧਾਰਤ ਕਰਦੇ ਹਨ। ਇਨ੍ਹਾਂ ਮੂਲ ਸਿਧਾਂਤਾਂ ਬਾਰੇ ਸੰਖੇਪ ਤੌਰ 'ਤੇ ਇਥੇ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਨਾਮ ਜਪਣਾ :**

ਨਾਮ ਜਪਣਾ ਦੋ ਸ਼ਬਦਾਂ ਦੇ ਸੁਮੇਲ ਦਾ ਪ੍ਰਗਟਾਵਾ ਹੈ— ਨਾਮ ਅਤੇ ਜਾਪ। 'ਨਾਮ' ਸ਼ਬਦ ਦੋ ਰੂਪਾਂ ਵਿਚ ਸਾਹਮਣੇ ਆਇਆ ਹੈ, ਇਕ ਹੈ ਵਸਤੂਵਾਚਕ ਜਿਵੇਂ ਮਨੁੱਖ, ਬੈਲ, ਪਹਾੜ ਆਦਿ ਅਤੇ ਦੂਜਾ ਹੈ ਭਾਵਵਾਚਕ ਜਿਵੇਂ ਸੁੰਦਰਤਾ, ਕਠੋਰਤਾ, ਭਲਮਾਨਸਊ, ਭਰੱਪਣ ਆਦਿ। ਗੁਰਬਾਣੀ ਵਿਚ ਨਾਮ ਕਰਤਾਰ ਅਤੇ ਉਸ ਦਾ ਹੁਕਮਬੋਧਕ ਸ਼ਬਦ ਵੀ ਹੈ ਜਿਸ ਰਾਹੀਂ ਉਸ ਦੇ ਸਰੂਪ ਦਾ ਵਰਨਣ ਕਰਨ ਦੇ ਨਾਲ-ਨਾਲ ਉਸ ਦੀ ਮਹਿਮਾ ਦਾ ਗਾਇਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ 'ਜਪ' ਸ਼ਬਦ ਦਾ ਭਾਵ ਹੈ ਕਿਸੇ ਨੂੰ ਯਾਦ ਕਰਨਾ ਜਾਂ ਮਨ ਵਿਚ ਚੇਤੇ ਰੱਖਣਾ। ਗੁਰਬਾਣੀ ਪਰਮਾਤਮਾ ਦਾ ਨਾਮ ਯਾਦ ਰੱਖਣ 'ਤੇ ਜ਼ੋਰ ਦਿੰਦੀ ਹੈ ਜੋ ਕਿ ਮਨੁੱਖ ਨੂੰ ਅਧਿਆਤਮਕ ਅਤੇ ਸਦਾਚਾਰਕ ਮਾਰਗ ਦਾ ਧਾਰਨੀ ਬਣਾਉਣ ਦਾ ਕਾਰਜ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁ' ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਜਾਪੁ' ਸਿੱਧੇ ਤੌਰ 'ਤੇ ਪਰਮਾਤਮਾ ਦਾ ਨਾਮ ਜਪਣ ਅਤੇ ਸਦਾਚਾਰਕ ਜੀਵਨ ਦਾ ਧਾਰਨੀ ਹੋਣ 'ਤੇ ਜ਼ੋਰ ਦਿੰਦੀਆਂ ਹਨ।

ਨਾਮ-ਸਿਮਰਨ ਵਿਅਕਤੀ ਦੀ ਰੋਜ਼ਾਨਾ ਜੀਵਨ-ਜਾਚ ਵਿਚ ਸ਼ੁੱਧੀ ਪ੍ਰਦਾਨ ਕਰਨ ਦਾ ਕਾਰਜ ਕਰਦਾ ਹੈ। ਇਹ ਜਿੱਥੇ ਇਕ ਪਾਸੇ ਪਰਮਾਤਮਾ ਨਾਲ ਜੋੜੀ ਰੱਖਣ ਵਿਚ ਸਹਾਈ ਹੁੰਦਾ ਹੈ ਉਥੇ ਜੀਵਨ ਵਿਚ ਸੱਚਾਈ ਅਤੇ ਇਮਾਨਦਾਰੀ ਦੇ

** ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਕਾਰਜ ਕਰਨ ਦਾ ਉੱਦਮ ਵੀ ਪ੍ਰਦਾਨ ਕਰਦਾ ਹੈ। ਨਾਮ-ਸਿਮਰਨ ਦੀਆਂ ਪੰਜ ਅਵਸਥਾਵਾਂ ਹਨ : ਪਹਿਲੀ 'ਨਾਮ' ਦਾ ਭਾਵ 'ਵਾਹਿਗੁਰੂ' ਸ਼ਬਦ ਦਾ ਮੂੰਹ ਨਾਲ ਲਗਾਤਾਰ ਜਾਪ। ਦੂਜੀ, ਨਾਮ ਦਾ ਮਨ ਵਿਚ ਵੱਸ ਜਾਣਾ। ਤੀਜੀ ਪ੍ਰਭੂ ਦੇ ਮਿਲਾਪ ਲਈ ਤਾਂਘ- ਜਿਵੇਂ ਕਿ ਇਕ ਪਤਨੀ ਆਪਣੇ ਪ੍ਰਿਆ ਦੀ ਉਡੀਕ ਕਰਦੀ ਹੈ। ਚੌਥੀ, ਸਭ ਥਾਈਂ ਵਾਹਿਗੁਰੂ ਜੀ ਦੇ ਦੀਦਾਰ ਕਰਨੇ। ਆਖਰੀ ਅਵਸਥਾ ਹੈ ਸਰਬ-ਸ਼ਕਤੀਮਾਨ ਪਰਮਾਤਮਾ ਨਾਲ ਇਕਮਿਕ ਹੋ ਜਾਣਾ।

'ਸਿੱਖ ਰਹਿਤ ਮਰਯਾਦਾ' ਹਰ ਇਕ ਸਿੱਖ ਲਈ 'ਜੀਵਨ-ਜਾਚ' ਨਿਰਧਾਰਤ ਕਰਨ ਵਾਲੀ ਸੇਧ ਪ੍ਰਦਾਨ ਕਰਦੀ ਹੈ, ਜਿਸ ਵਿਚ ਕਿਹਾ ਗਿਆ ਹੈ- 'ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ ਨਾਮ ਜਪੇ'। ਇਸ ਤੋਂ ਇਲਾਵਾ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ ਦਾ ਵਿਧਾਨ ਹੈ। ਇਕਾਂਤ ਅਤੇ ਸ਼ਾਂਤ ਅਵਸਥਾ ਵਿਚ ਇਸ ਕਾਰਜ ਨੂੰ ਕਰਨ ਉਪਰੰਤ ਸੰਗਤ ਵਿਚ ਜੁੜ ਕੇ ਗੁਰਬਾਣੀ ਦੇ ਅਭਿਆਸ ਦੀ ਤਾਕੀਦ ਕੀਤੀ ਗਈ ਹੈ। ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਗੁਰਬਾਣੀ ਦਾ ਅਸਰ ਸਾਧਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ-ਮੇਲ ਦੇ ਅਸਥਾਨਾਂ- ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰੇ ਤੇ ਸਾਧਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ। ਗੁਰਦੁਆਰਾ ਸਾਹਿਬਾਨ ਵਿਚ ਆਮ ਤੌਰ 'ਤੇ ਸਵੇਰ ਦੀ ਸਭਾ ਸਮੇਂ ਆਸਾ ਦੀ ਵਾਰ ਗਾਇਨ ਕਰਨ ਦਾ ਵਿਧਾਨ ਪ੍ਰਚੱਲਤ ਹੈ। ਇਸ ਤਰ੍ਹਾਂ ਗੁਰਮਤਿ ਵਿਚ ਨਾਮ-ਸਿਮਰਨ ਦੇ ਦੋ ਪਹਿਲੂ ਉੱਘੜ ਕੇ ਸਾਹਮਣੇ ਆਉਂਦੇ ਹਨ, ਇਕ ਹੈ ਇਕਾਂਤ ਵਿਚ ਨਾਮ ਦਾ ਜਾਪ ਅਤੇ ਦੂਜਾ ਹੈ ਸੰਗਤ ਵਿਚ ਇਸ ਦਾ ਅਭਿਆਸ ਕਰਨਾ ਤਾਂ ਕਿ ਮਾਇਆ ਵਿਚ ਉਦਾਸ ਵਾਲਾ ਜੀਵਨ-ਆਦਰਸ਼ ਕਾਇਮ ਰੱਖਿਆ ਜਾ ਸਕੇ।

ਨਾਮ-ਸਿਮਰਨ ਦਾ ਅਭਿਆਸ ਸਿੱਖ ਨੂੰ ਜੀਵਨ ਦੇ ਹਰ ਮੋੜ 'ਤੇ ਪ੍ਰਭੂਮੁਖੀ ਬਣਾਈ ਰੱਖਣ ਦਾ ਕਾਰਜ ਕਰਦਾ ਹੈ। ਸਿੱਖ ਧਰਮ ਦੇ ਉਦਗਮ ਸਮੇਂ ਭਾਰਤ ਵਿਚ ਹਿੰਦੂ ਪਰੰਪਰਾਵਾਂ ਦਾ ਬੋਲਬਾਲਾ ਸੀ ਜਿੱਥੇ ਮਨੁੱਖੀ ਜੀਵਨ ਨੂੰ ਚਾਰ ਆਸ਼ਰਮਾਂ ਵਿਚ ਵੰਡ ਕੇ ਵੇਖਿਆ ਜਾਂਦਾ ਸੀ— ਬ੍ਰਹਮਚਰਯ, ਗ੍ਰਿਹਸਤ, ਵਾਨਪ੍ਰਸਥ ਅਤੇ ਸੰਨਿਆਸ। ਜੀਵਨ ਦੇ ਪਹਿਲੇ ਹਿੱਸੇ ਵਿਚ ਵਿੱਦਿਆ ਗ੍ਰਹਿਣ ਕਰਨ ਦਾ, ਦੂਜੇ ਹਿੱਸੇ ਵਿਚ ਦੁਨੀਆਂਦਾਰੀ ਨਿਭਾਉਣ ਦਾ, ਤੀਜੇ ਹਿੱਸੇ ਵਿਚ ਧਾਰਮਿਕ ਕਾਰਜਾਂ ਪ੍ਰਤੀ ਰੁਚੀ ਧਾਰਨ ਕਰਨ ਦਾ ਅਤੇ ਚੌਥੇ ਹਿੱਸੇ ਵਿਚ ਇਕਾਂਤਵਾਸ ਹੋ ਕੇ ਧਰਮ ਦਾ ਮਾਰਗ ਧਾਰਨ ਕਰਨ ਦਾ ਵਿਧਾਨ ਆਮ ਤੌਰ 'ਤੇ ਪ੍ਰਚੱਲਤ ਸੀ। ਸਿੱਖ ਧਰਮ ਵਿਚ ਇਨ੍ਹਾਂ ਚਾਰ ਆਸ਼ਰਮਾਂ ਦਾ ਇਸ ਪ੍ਰਸੰਗ ਵਿਚ ਮਹੱਤਵ ਨਾ ਮੰਨਦੇ ਹੋਏ ਜੀਵਨ ਦੇ ਅਰੰਭ ਤੋਂ ਹੀ ਧਾਰਮਿਕ ਮਾਰਗ ਅਪਣਾਉਣ 'ਤੇ ਜ਼ੋਰ ਦਿੱਤਾ ਗਿਆ ਅਤੇ ਇਸ ਵਿਚ ਪ੍ਰਭੂ ਦੇ ਨਾਮ-ਸਿਮਰਨ ਦੁਆਲੇ ਸਮੁੱਚੀ ਜੀਵਨ-ਜਾਚ ਨਿਰਧਾਰਤ ਕਰਨ ਦਾ ਮਾਰਗ

ਦਰਸਾਇਆ ਗਿਆ। ਇਨ੍ਹਾਂ ਅਰਥਾਂ ਵਿਚ ਨਾਮ-ਸਿਮਰਨ ਜਿੱਥੇ ਮਨੁੱਖ ਨੂੰ ਪ੍ਰਭੂ ਨਾਲ ਜੋੜ ਕੇ ਅਧਿਆਤਮਕ ਵਿਕਾਸ ਦਾ ਕਾਰਜ ਕਰਦਾ ਹੈ ਉਥੇ ਜੀਵਨ ਦੇ ਹਰ ਮੋੜ 'ਤੇ ਮਨੁੱਖੀ ਮਨ ਨੂੰ ਬੇਕਾਬੂ ਹੋਣ ਤੋਂ ਰੋਕ ਕੇ ਸਦਾਚਾਰਕ ਜੀਵਨ ਦਾ ਧਾਰਨੀ ਬਣਾਉਂਦਾ ਹੈ ਜਿਸ ਨਾਲ ਸਮੁੱਚਾ ਜੀਵਨ-ਪੰਧ ਇੱਕੋ ਜਿਹੇ ਸਮਤਲ ਪੱਧਰ ਦਾ ਅਧਿਕਾਰੀ ਬਣਦਾ ਹੈ ਜਿਸ ਨੂੰ ਨਾ ਤਾਂ ਦੁਨਿਆਵੀ ਚਕਾਚੌਂਧ ਪ੍ਰਭਾਵਤ ਕਰਦੀ ਹੈ ਅਤੇ ਨਾ ਹੀ ਮਨ ਵਿਚ ਭਟਕਣ ਪੈਦਾ ਹੁੰਦੀ ਹੈ।

ਨਾਮ-ਸਿਮਰਨ ਇਕ ਅਜਿਹੀ ਨਿਰੰਤਰ ਪ੍ਰਕਿਰਿਆ ਹੈ ਜੋ ਹਰ ਵੇਲੇ ਮਨੁੱਖ ਨੂੰ ਪਰਮਾਤਮਾ ਦੀ ਹੋਂਦ ਮਨ ਵਿਚ ਵਸਾਈ ਰੱਖਣ ਦਾ ਕਾਰਜ ਕਰਦੀ ਹੈ। ਕਿਸੇ ਵੀ ਵਸਤੂ ਜਾਂ ਹਸਤੀ ਦੀ ਚੇਸ਼ਟਾ ਉਸ ਪ੍ਰਤੀ ਗਿਆਨ ਹਾਸਲ ਕਰਨ ਦੀ ਰੁਚੀ ਉਜਾਗਰ ਕਰਦੀ ਹੈ। ਨਾਮ-ਸਿਮਰਨ ਸਿੱਖ ਦੇ ਜੀਵਨ ਦਾ ਕੇਂਦਰੀ ਧੁਰਾ ਹੈ। ਕਈ ਵਾਰ ਸਾਧਕ ਦੇ ਮਨ ਵਿਚ ਇਹ ਵਿਚਾਰ ਆਉਂਦਾ ਹੈ ਕਿ ਜਿਹੜਾ ਕਾਰਜ ਜੀਵਨ ਦੇ ਧੁਰੇ ਵਜੋਂ ਕੀਤਾ ਜਾ ਰਿਹਾ ਹੈ, ਉਸ ਦੇ ਹੋਰ ਪਹਿਲੂਆਂ ਬਾਰੇ ਵੀ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। ਨਾਮ ਜਪਣ ਵਾਲੇ ਸਾਧਕ ਦੇ ਮਨ ਵਿਚ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਨਾਮ ਕੀ ਹੈ? ਜਾਂ ਨਾਮ ਜਪਣ ਦਾ ਸਹੀ ਤੇ ਸੁਯੋਗ ਤਰੀਕਾ ਕੀ ਹੋ ਸਕਦਾ ਹੈ? ਸਿੱਖ ਸਾਧਕ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਗੁਰਬਾਣੀ ਵਿੱਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਹੁਣ ਤਕ ਇਸ ਬਾਰੇ ਜੋ ਵੀ ਖੋਜ-ਵਿਚਾਰ ਸਾਹਮਣੇ ਆਈ ਹੈ ਉਸ ਅਨੁਸਾਰ ਕਿਹਾ ਗਿਆ ਹੈ ਕਿ ਨਾਮ ਗਿਆਨ-ਇੰਦਰੀਆਂ ਦਾ ਵਿਸ਼ਾ ਨਹੀਂ, ਨਾਮ ਇਕ ਅਨੁਭਵੀ ਤਜ਼ਰਬਾ ਹੈ, ਇਹ ਇਕ ਅਹਿਸਾਸ ਹੈ, ਸੁਆਦ ਹੈ। ਇਸ ਲਈ ਇਸ ਨੂੰ ਅੱਖਰਾਂ ਵਿਚ ਨਹੀਂ ਦੱਸਿਆ ਜਾ ਸਕਦਾ ਹੈ। ਨਾਮ ਸ੍ਰਿਸ਼ਟੀ ਦੀ ਜ਼ਰ੍ਹੇ-ਜ਼ਰ੍ਹੇ ਵਿਚ ਮੌਜੂਦ ਹੈ ਜਿਸ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਜੋ ਵੀ ਵਸਤੂ ਜਾਂ ਹਸਤੀ ਇਸ ਦੁਨਿਆਵੀ ਜਗਤ ਦਾ ਹਿੱਸਾ ਬਣਦੀ ਹੈ ਉਹ 'ਨਾਮਧਰੀਕ' ਹੋ ਜਾਂਦੀ ਹੈ:

*ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥* *(ਪੰਨਾ ੪)*

ਗੁਰਬਾਣੀ ਵਿਚ ਪਰਮਾਤਮਾ ਦੇ ਨਾਮ ਨੂੰ ਹੀ ਸੱਚਾ ਤੇ ਸ੍ਰੇਸ਼ਟ ਮੰਨਿਆ ਗਿਆ ਹੈ ਜੋ ਕਿ ਸਿੱਖ ਨੂੰ ਦੁਨਿਆਵੀ ਭਵਸਾਗਰ ਵਿੱਚੋਂ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ। ਪਰਮਾਤਮਾ ਦਾ ਨਾਮ-ਸਿਮਰਨ ਕਿਵੇਂ ਕੀਤਾ ਜਾਵੇ ਇਹ ਵੀ ਹੁਣ ਤਕ ਵਿਚਾਰ ਦਾ ਵਿਸ਼ਾ ਬਣਿਆ ਹੋਇਆ ਹੈ। ਵੱਖ-ਵੱਖ ਪਹਿਲੂਆਂ ਤੋਂ ਨਾਮ-ਸਿਮਰਨ ਦੇ ਅਭਿਆਸ ਦੀ ਵਿਧੀ ਦਾ ਵਿਖਿਆਨ ਕੀਤਾ ਜਾਂਦਾ ਹੈ। ਮਾਲਾ ਫੇਰਨੀ, ਇਕਾਂਤਵਾਸ ਹੋ ਕੇ ਪ੍ਰਭੂ-ਬੰਦਗੀ ਕਰਨੀ, ਲਗਾਤਾਰ ਪ੍ਰਭੂ ਦਾ ਨਾਮ ਲੈਂਦੇ ਰਹਿਣਾ ਆਦਿ ਕਿਸੇ ਨਾ ਕਿਸੇ ਰੂਪ ਵਿਚ ਨਾਮ-ਸਿਮਰਨ ਦੇ ਅਭਿਆਸ ਦੇ ਧਾਰਨ ਕੀਤੇ ਮਾਰਗ ਵੇਖਣ-ਸੁਣਨ ਨੂੰ ਮਿਲਦੇ ਹਨ। ਗੁਰਮਤਿ ਵਿਚ ਇਨ੍ਹਾਂ ਵਿੱਚੋਂ ਕੋਈ ਵੀ ਮਾਰਗ ਪ੍ਰਵਾਨ ਕੀਤਾ ਨਹੀਂ ਮਿਲਦਾ ਕਿਉਂਕਿ ਨਾਮ ਦੇ ਸਿਮਰਨ ਨੂੰ ਤੋਤਾ-ਰਟਨੀ ਨਹੀਂ ਮੰਨਿਆ ਜਾਂਦਾ ਜਿਸ ਵਿਚ ਜਿਸ ਵੀ ਵਸਤੂ ਜਾਂ ਹਸਤੀ ਦਾ ਨਾਮ ਲਿਆ ਜਾਵੇ ਉਹ ਪ੍ਰਗਟ ਹੋ ਜਾਂਦੀ ਹੈ।

ਇਹ ਗੁਰੂ ਦੀ ਬਖ਼ਸ਼ਿਸ਼ ਅਤੇ ਹਿਰਦੇ ਵਿਚ ਨਾਮ ਵਸਾਉਣ ਰਾਹੀਂ ਸੰਭਵ ਹੈ।

ਗੁਰਮਤਿ ਵਿਚ ਸਮਾਜਿਕ ਜੀਵਨ ਦੀ ਹੋਂਦ ਨੂੰ ਪ੍ਰਮੁਖਤਾ ਦਿੱਤੀ ਗਈ ਹੈ ਅਤੇ ਸਮਾਜਿਕ ਕਾਰਜ ਕਰਦੇ ਹੋਏ ਮਨ ਅਤੇ ਬੁੱਧੀ ਨੂੰ ਸ਼ੁੱਧ ਰੱਖਣ ਦੀ ਤਾਕੀਦ ਕੀਤੀ ਗਈ ਹੈ। ਮਨ ਅਤੇ ਬੁੱਧੀ ਨੂੰ ਸ਼ੁੱਧ ਰੱਖਣ ਲਈ ਨਾਮ-ਸਿਮਰਨ 'ਤੇ ਜ਼ੋਰ ਦਿੱਤਾ ਗਿਆ ਹੈ। ਸਮਾਜਿਕ ਜੀਵਨ ਵਿਚ ਮਨੁੱਖ ਕਈ ਤਰ੍ਹਾਂ ਦੇ ਕਾਰਜ ਕਰਦਾ ਹੈ। ਇਹ ਦੁਨਿਆਵੀ ਕਾਰਜ ਮਨੁੱਖ ਦੇ ਸਮਾਜਿਕ ਜੀਵਨ ਦਾ ਵਸੀਲਾ ਬਣਦੇ ਹਨ। ਦੁਨਿਆਵੀ ਕਾਰਜ ਕਰਦੇ ਹੋਏ ਵਿਅਕਤੀ ਆਪਣਾ ਜੀਵਨ-ਉਦੇਸ਼ ਯਾਦ ਰੱਖੇ ਅਤੇ ਉਸ ਤਕ ਪਹੁੰਚਣ ਲਈ ਲਗਾਤਾਰ ਕਾਰਜ ਕਰਦਾ ਰਹੇ, ਇਸ ਲਈ ਨਾਮ ਦਾ ਜਾਪ ਜੀਵਨ ਦੇ ਜ਼ਰੂਰੀ ਅੰਗ ਵਜੋਂ ਸਹਾਇਤਾ ਕਰਦਾ ਹੈ। ਪਰਮਾਤਮਾ ਦਾ ਜਾਪ ਮਨੁੱਖੀ ਜੀਵਨ ਵਿਚ ਪਰਮਾਤਮਾ ਦੀ ਸੋਝੀ ਦ੍ਰਿੜ੍ਹ ਕਰਾਉਣ ਦਾ ਕਾਰਜ ਕਰਦਾ ਹੈ। ਭਾਈ ਜੋਧ ਸਿੰਘ ਕਹਿੰਦੇ ਹਨ— 'ਨਾਮ ਦਾ ਜਾਪ ਮਨ ਵਿਚ ਨਾਮ ਦਾ ਖਿਆਲ ਉਪਜਾਉਣ ਦਾ ਕਾਰਨ ਬਣਦਾ ਹੈ। ਮਨ ਵਿਚ ਨਾਮ ਦਾ ਖਿਆਲ ਉਪਜਾਉਣ ਲਈ ਜਪੁ ਇਕ ਵਸੀਲਾ ਹੈ। ਘੜੀ-ਘੜੀ ਜਪੁ ਕਰਨਾ ਉਸ ਖਿਆਲ ਨੂੰ ਮਨ ਵਿਚ ਢੇਰ ਚਿਰ ਕਾਇਮ ਰੱਖਣ ਦਾ ਯਤਨ ਹੈ।' ਨਾਮ ਮਨੁੱਖ ਦੇ ਮਨ ਵਿਚ ਪਹਿਲਾਂ ਤੋਂ ਹੀ ਮੌਜੂਦ ਹੈ, ਉਸ ਨੂੰ ਉਜਾਗਰ ਕਰਨ ਲਈ ਉਸ ਦਾ ਵਾਰ-ਵਾਰ ਸਿਮਰਨ ਕਰਨਾ ਪੈਂਦਾ ਹੈ।

ਨਾਮ-ਸਿਮਰਨ ਨੂੰ ਗੁਣਾਂ ਦਾ ਖਜ਼ਾਨਾ ਮੰਨਿਆ ਗਿਆ ਹੈ ਇਸ ਨਾਲ ਜਿੱਥੇ ਮਨੁੱਖ ਦੇ ਮਨ ਵਿਚ ਗੁਣਾਂ ਦਾ ਸੰਚਾਰ ਹੁੰਦਾ ਹੈ ਉਥੇ ਨਾਲ ਹੀ ਔਗੁਣਾਂ ਦਾ ਵਿਨਾਸ਼ ਵੀ ਹੋ ਜਾਂਦਾ ਹੈ। ਨਾਮ ਮਨੁੱਖ ਦੇ ਮਨ ਨੂੰ ਸ਼ਾਂਤੀ ਅਤੇ ਅਨੰਦ ਪ੍ਰਦਾਨ ਕਰਨ ਦੇ ਨਾਲ-ਨਾਲ ਸਮੂਹ ਦੁੱਖਾਂ ਤੋਂ ਨਿਜਾਤ ਦਿਵਾਉਂਦਾ ਹੈ। ਦੁੱਖਾਂ ਤੋਂ ਨਿਜਾਤ ਦਿਵਾਉਣ ਦਾ ਭਾਵ ਇਹ ਨਹੀਂ ਕਿ ਦੁੱਖ ਮਨੁੱਖ ਨੂੰ ਲੱਗਦੇ ਹੀ ਨਹੀਂ, ਬਲਕਿ ਨਾਮ-ਸਿਮਰਨ ਨਾਲ ਦੁਨਿਆਵੀ ਦੁੱਖ ਮਨੁੱਖ ਦੇ ਮਨ ਨੂੰ ਪ੍ਰਭਾਵਤ ਨਹੀਂ ਕਰ ਸਕਦੇ। ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਨੀ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਨੇ ਨਾਮ ਦੀ ਬਰਕਤ ਨਾਲ ਦੁਨਿਆਵੀ ਦੁੱਖਾਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਪਰ ਧਾਰਮਿਕ ਅਤੇ ਸਮਾਜਿਕ ਉਦੇਸ਼ ਦੀ ਦ੍ਰਿੜ੍ਹਤਾ ਕਾਇਮ ਰੱਖੀ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

*ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥*
*ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥* *(ਪੰਨਾ ੩੫੮)*

ਮਨੁੱਖ ਦੁਆਰਾ ਧਰਮ ਦੇ ਧਾਰਨ ਕੀਤੇ ਚਿੰਨ੍ਹ ਉਸ ਦੇ ਧਾਰਮਿਕ ਅਤੇ ਸਦਾਚਾਰੀ ਹੋਣ ਦਾ ਸੰਕੇਤ ਕਰਦੇ ਹਨ। ਇਹ ਬਾਹਰੀ ਚਿੰਨ੍ਹ ਅਤੇ ਭੇਖ ਵਿਅਕਤੀ ਦੇ ਦੁਨਿਆਵੀ ਧਾਰਮਿਕ ਮਾਰਗ ਦਾ ਪ੍ਰਗਟਾਵਾ ਵੀ ਕਰਦੇ ਹਨ, ਪਰ ਇਹ ਬਾਹਰੀ ਭੇਖ ਵਿਅਕਤੀ ਦੇ ਅੰਦਰੂਨੀ ਜੀਵਨ ਨੂੰ ਬਦਲਣ ਜਾਂ ਮਨ ਨੂੰ ਸ਼ੁੱਧ ਕਰਨ ਵਿਚ ਕੋਈ ਯੋਗਦਾਨ ਪਾ ਸਕਦੇ ਹਨ, ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਹੈ। ਸ੍ਰੀ ਗੁਰੂ

ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨ, ਵਚਨ ਅਤੇ ਕਰਮ ਰਾਹੀਂ ਸਿਮਰਨ ਨਾਲ ਜੁੜ ਕੇ ਹੀ ਮਨੁੱਖ ਪਰਮਗਤਿ ਦੇ ਮਾਰਗ ਦਾ ਪਾਂਧੀ ਹੋ ਸਕਦਾ ਹੈ, ਕੇਵਲ ਬਾਹਰੀ ਦਿਖਾਵੇ ਵਿਅਰਥ ਸਾਬਤ ਹੁੰਦੇ ਹਨ:

*ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥* *(ਪੰਨਾ ੪੬੭)*

ਨਾਮ-ਸਿਮਰਨ ਕਰਨ ਵਾਲੇ ਸਿੱਖ ਨੂੰ 'ਗੁਰਮੁਖ' ਕਿਹਾ ਜਾਂਦਾ ਹੈ ਅਤੇ ਨਾਮ-ਵਿਹੂਣੇ ਦੀ ਤੁਲਨਾ ਮਨਮੁਖ ਨਾਲ ਕੀਤੀ ਜਾਂਦੀ ਹੈ। ਨਾਮ-ਸਿਮਰਨ ਸਿੱਖ ਦੇ ਜੀਵਨ ਦੀਆਂ ਅਗਲੀਆਂ ਪਉੜੀਆਂ ਨੂੰ ਪ੍ਰਭਾਵਤ ਕਰਦਾ ਹੈ ਜਿਨ੍ਹਾਂ ਵਿੱਚੋਂ ਕਿਰਤ ਕਰਨ ਅਤੇ ਵੰਡ ਛਕਣ ਦੀ ਪਰੰਪਰਾ ਨੂੰ ਸੇਧ ਮਿਲਦੀ ਹੈ।

**ਕਿਰਤ ਕਰਨੀ :**

ਨਾਮ ਇਸ ਲਈ ਜਪਿਆ ਜਾਂਦਾ ਹੈ ਤਾਂ ਕਿ ਮਨ ਪਰਮਾਤਮਾ ਨਾਲ ਜੁੜਿਆ ਰਹੇ ਅਤੇ ਕਿਰਤ ਇਸ ਲਈ ਕੀਤੀ ਜਾਂਦੀ ਹੈ ਤਾਂ ਕਿ ਮਨ ਵਿਚ ਸਮਾਜਿਕ ਕਾਰਜਾਂ ਪ੍ਰਤੀ ਰੁਚੀ ਪੈਦਾ ਹੋਵੇ ਅਤੇ ਜੀਵਨ ਗੁਜ਼ਾਰਨ ਦਾ ਸਾਧਨ ਕਾਇਮ ਰਹਿ ਸਕੇ। ਕਿਹਾ ਜਾਂਦਾ ਹੈ ਕਿ ਅਰੋਗ ਸਰੀਰ ਵਿਚ ਹੀ ਸਵਸਥ ਮਨ ਨਿਵਾਸ ਕਰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਨਾਮ ਜਪਣ ਵਾਲਾ ਸਰੀਰ ਚੁਸਤ-ਦਰੁਸਤ ਅਤੇ ਤੰਦਰੁਸਤ ਹੋਵੇ। ਨਾਮ-ਸਿਮਰਨ ਮਨ ਨੂੰ ਨਿਰੋਗ ਕਰਦਾ ਹੈ ਅਤੇ ਵਿਅਕਤੀ ਦੀਆਂ ਸਰੀਰਿਕ ਕਿਰਿਆਵਾਂ ਨੂੰ ਰੋਗ-ਮੁਕਤ ਕਰਨ ਵਿਚ ਸਹਾਈ ਹੁੰਦੀਆਂ ਹਨ। ਸਿੱਖ ਕੌਮ ਕਿਰਤੀਆਂ ਦੀ ਕੌਮ ਹੈ ਇਸ ਵਿਚ ਕਿਸਾਨ, ਲੁਹਾਰ, ਤਰਖਾਣ, ਹਲਵਾਈ, ਦਰਜੀ ਆਦਿ ਕਹਾਉਣ ਵਾਲੇ ਸਭ ਤਰ੍ਹਾਂ ਦੇ ਮਿਹਨਤੀ ਲੋਕਾਂ ਦੀ ਭਰਮਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚੱਲਤ ਆਸ਼ਰਮ-ਵਿਵਸਥਾ ਵਿਚ ਕੇਵਲ ਗ੍ਰਿਹਸਤੀ ਹੀ ਕਿਰਤ ਕਰਦਾ ਸੀ ਜੋ ਕਿ ਜੀਵਨ ਦੇ ਕੇਵਲ ੨੫% ਹਿੱਸੇ ਨਾਲ ਸੰਬੰਧਿਤ ਸੀ ਅਤੇ ਜੀਵਨ ਦਾ ੭੫% ਸਮਾਂ ਕਿਰਤ ਤੋਂ ਰਹਿਤ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਆਖਰੀ ਸਮੇਂ ਵਿਚ ਧਾਰਮਿਕ ਕਿਰਿਆਵਾਂ ਕਰਨ ਦੀ ਥਾਂ ਜੀਵਨ ਦੇ ਹਰ ਮੋੜ 'ਤੇ ਧਾਰਮਿਕ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ। ਜਿਹੜਾ ਸਮਾਂ ਜੀਵਨ ਵਿਚ ਧਰਮ ਕਮਾਉਣ ਦਾ ਮੰਨਿਆ ਗਿਆ, ਉਸ ਸਮੇਂ ਗੁਰੂ ਜੀ ਨੇ ਕਰਤਾਰਪੁਰ ਵਿਖੇ ਆ ਕੇ ਖੇਤੀ ਦਾ ਕਾਰਜ ਕੀਤਾ। ਕਿਰਤ ਨੂੰ ਧਾਰਮਿਕ ਜੀਵਨ ਨਾਲ ਜੋੜ ਕੇ ਸਮਾਜ ਨੂੰ ਸੰਤੁਲਿਤ ਦਿਸ਼ਾ ਵੱਲ ਮੋੜਿਆ ਗਿਆ ਜਿਸ ਨਾਲ ਵਿਅਕਤੀ ਜੀਵਨ ਦੇ ਹਰ ਮੋੜ 'ਤੇ ਧਰਮ-ਕਰਮ ਦੇ ਨਿਯਮ ਨੂੰ ਕਾਇਮ ਰੱਖਿਆ ਜਾ ਸਕੇ। ਸਮਾਜ ਵਿਚ ਰਹਿੰਦੇ ਹੋਏ ਕਿਰਤ ਕਰਨ ਦਾ ਜੋ ਮਾਡਲ ਗੁਰੂ ਸਾਹਿਬਾਨ ਨੇ ਪੇਸ਼ ਕੀਤਾ ਉਹ ਪ੍ਰਚੱਲਤ ਸਮਾਜਿਕ ਪਰੰਪਰਾਵਾਂ ਨਾਲੋਂ ਬਿਲਕੁਲ ਭਿੰਨ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤਿੰਨ ਭਾਰਤੀ ਪਰੰਪਰਾਵਾਂ ਪ੍ਰਚੱਲਤ ਸਨ-ਹਿੰਦੂ, ਜੈਨ ਅਤੇ ਬੁੱਧ। ਹਿੰਦੂ ਧਰਮ ਵਿਚ ਇਕ ਪਾਸੇ ਬ੍ਰਾਹਮਣ ਧਾਰਮਿਕ ਸ਼੍ਰੇਣੀ ਦਾ ਬੋਲਬਾਲਾ ਸੀ ਜੋ ਕੇਵਲ ਦਿੱਤੇ ਜਾਣ ਵਾਲੇ ਦਾਨ ਨਾਲ ਨਿਰਵਾਹ ਕਰਦੀ ਸੀ ਅਤੇ ਦੂਜੇ

ਪਾਸੇ ਜੋਗੀਆਂ ਅਤੇ ਹੋਰ ਸਿਧ-ਸਾਧਕਾਂ ਦੀ ਸ਼੍ਰੇਣੀ ਨੇ ਸਮਾਜ ਵਿਚ ਪੈਰ ਪਸਾਰੇ ਹੋਏ ਸਨ। ਇਨ੍ਹਾਂ ਜੋਗੀਆਂ ਦਾ ਗੁਜ਼ਰ-ਬਸਰ ਗ੍ਰਿਹਸਤੀਆਂ 'ਤੇ ਨਿਰਭਰ ਸੀ ਅਤੇ ਇਹ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਵੱਲ ਰੁਚਿਤ ਹੋਣ ਕਰਕੇ ਹੋਰ ਕੋਈ ਕਾਰਜ ਨਹੀਂ ਸਨ ਕਰਦੇ। ਹਿੰਦੂ ਧਰਮ ਦੇ ਬਰਾਬਰ ਹੀ ਜੈਨ ਅਤੇ ਬੁੱਧ ਧਰਮ ਦੀਆਂ ਪਰੰਪਰਾਵਾਂ ਮੌਜੂਦ ਸਨ ਜਿਨ੍ਹਾਂ ਦੀ ਪ੍ਰਮੁੱਖ ਧਾਰਮਿਕ ਸ਼੍ਰੇਣੀ ਨੂੰ ਭਿਖੂ ਕਿਹਾ ਜਾਂਦਾ ਸੀ। ਇਹ ਕੋਈ ਵੀ ਕਿਰਤ ਨਹੀਂ ਸਨ ਕਰਦੇ ਅਤੇ ਗ੍ਰਿਹਸਤੀ ਸ਼੍ਰਾਵਕਾਂ 'ਤੇ ਨਿਰਭਰ ਕਰਦੇ ਸਨ।

ਸਮਾਜ ਵਿਚ ਪ੍ਰਚੱਲਤ ਕਾਰਜ-ਪ੍ਰਣਾਲੀ ਭ੍ਰਿਸ਼ਟ ਹੋ ਚੁਕੀ ਸੀ ਅਤੇ ਨਿਆਂ ਦੇਣ ਵਾਲੇ ਅਧਿਕਾਰੀ ਲੁੱਟ-ਖਸੁੱਟ ਦੇ ਕੰਮ ਵਿਚ ਲੱਗੇ ਹੋਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ ਵਿਚ ਜਿੱਥੇ ਰਾਜੇ ਤੇ ਉਨ੍ਹਾਂ ਦੇ ਅਧਿਕਾਰੀ ਲੋਕਾਂ ਦੀ ਲੁੱਟ-ਖਸੁੱਟ ਕਰ ਰਹੇ ਸਨ ਉਥੇ ਨਾਲ ਹੀ ਬਾਹਰੀ ਹਮਲੇ ਵੀ ਲਗਾਤਾਰ ਹੋ ਰਹੇ ਸਨ। ਹਮਲਾਵਰਾਂ ਦਾ ਟੀਚਾ ਵੀ ਲੁੱਟ-ਖਸੁੱਟ ਤਕ ਸੀਮਿਤ ਸੀ ਅਤੇ ਇਥੋਂ ਲੁੱਟੇ ਹੋਏ ਧਨ-ਦੌਲਤ ਨਾਲ ਵਾਪਸ ਆਪਣੇ ਮੁਲਕ ਵਿਚ ਜਾ ਕੇ ਐਸ਼ੋ-ਇਸ਼ਰਤ ਦਾ ਰੁਝਾਨ ਪ੍ਰਚੱਲਤ ਸੀ। ਸਮਾਜ ਵਿੱਚੋਂ ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਉੱਡ ਚੁੱਕੀਆਂ ਸਨ, ਇਸਤਰੀਆਂ ਦੀ ਬੇਪਤੀ ਹੋ ਰਹੀ ਸੀ ਅਤੇ ਕੂੜ ਦਾ ਬੋਲਬਾਲਾ ਸੀ। ਇਕ ਆਮ ਕਹਾਵਤ ਹੈ ਕਿ 'ਚੋਰਾਂ ਦੇ ਕੱਪੜੇ ਡਾਂਗਾਂ ਦੇ ਗਜ' ਜਿਸ ਦਾ ਭਾਵ ਹੈ ਬਗ਼ੈਰ ਮਿਹਨਤ ਅਤੇ ਲੁੱਟ-ਖਸੁੱਟ ਰਾਹੀਂ ਹਾਸਲ ਕੀਤੀ ਵਸਤੂ ਦੀ ਨਾ ਤਾਂ ਕੋਈ ਕਦਰ ਹੁੰਦੀ ਹੈ ਅਤੇ ਨਾ ਹੀ ਉਸ ਤੋਂ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਅਜਿਹੀ ਪ੍ਰਚੱਲਤ ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਨੇ ਆਮ ਲੋਕਾਂ ਦਾ ਜਿਊਣਾ ਮੁਸ਼ਕਲ ਕੀਤਾ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੁੱਟ-ਖਸੁੱਟ ਵਿਰੁੱਧ ਆਵਾਜ਼ ਬੁਲੰਦ ਕਰਦੇ ਹੋਏ ਕਿਹਾ :

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥* *(ਪੰਨਾ ੧੪੧)*

ਧਰਮ ਹਰ ਇਕ ਮਨੁੱਖ ਦੇ ਜੀਵਨ ਦਾ ਅਹਿਮ ਅੰਗ ਹੈ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਧਰਮ ਵਿਅਕਤੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਤ ਕਰਦਾ ਹੈ। ਵਿਅਕਤੀ ਦੁਆਰਾ ਕੀਤੀਆਂ ਜਾਂਦੀਆਂ ਧਾਰਮਿਕ ਕਿਰਿਆਵਾਂ ਸਮਾਜਿਕ ਜੀਵਨ ਨੂੰ ਪ੍ਰਭਾਵਤ ਕਰਦੀਆਂ ਹਨ। ਜੇਕਰ ਸਮਾਜ ਵਿਚ ਬੁਰਾਈਆਂ ਧਾਰਮਿਕ ਕਿਰਿਆਵਾਂ ਕਾਰਨ ਪੈਦਾ ਹੋਣ ਤਾਂ ਇਨ੍ਹਾਂ ਨੂੰ ਦੂਰ ਵੀ ਧਾਰਮਿਕ ਚੇਤਨਾ ਦੁਆਰਾ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਜ਼ਰ ਵਿਚ ਸਮਾਜ ਵਿਚ ਧਾਰਮਿਕ ਆਗੂਆਂ ਦੁਆਰਾ ਕੀਤੇ ਜਾ ਰਹੇ ਕਾਰਜ ਨਿਰਾਰਥਕ ਸਿੱਧ ਹੋ ਰਹੇ ਸਨ ਜੋ ਕਿ ਸਮਾਜ ਨੂੰ ਸਹੀ ਧਾਰਮਿਕ ਚੇਤਨਾ ਤੋਂ ਜਾਣੂ ਕਰਾਉਣ ਦੀ ਬਜਾਏ ਆਪਣੇ ਵੱਲ ਮੋੜ ਕੇ ਉਨ੍ਹਾਂ ਦੀ ਲੁੱਟ-ਖਸੁੱਟ ਕਰ ਰਹੇ ਸਨ। ਸਮਾਜ ਵਿਚਲੇ ਅਜਿਹੇ ਧਾਰਮਿਕ ਆਗੂਆਂ ਦੀ ਅਸਲੀਅਤ ਲੋਕਾਂ ਸਾਹਮਣੇ ਉਜਾਗਰ ਕਰਦੇ ਹੋਏ ਗੁਰੂ ਜੀ ਨੇ ਕਿਹਾ:

*ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥* *(ਪੰਨਾ ੬੬੨)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਵਿਚ ਕਿਰਤ ਕਰਨ ਦਾ ਰੁਝਾਨ ਪੈਦਾ ਕੀਤਾ। ਉਦਾਸੀਆਂ ਉਪਰੰਤ ਕਰਤਾਰਪੁਰ ਵਿਖੇ ਖੇਤੀ ਦਾ ਕਾਰਜ ਅਰੰਭਿਆ ਅਤੇ ਧਰਮ ਦੀ ਕਿਰਤ ਦੇ ਨਿਯਮ ਨੂੰ ਅਮਲੀ ਜਾਮਾ ਪਹਿਨਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਅਤੇ ਇਸ ਵਿਚ ਭਗਤ ਸਾਹਿਬਾਨ ਅਤੇ ਭੱਟ ਸਾਹਿਬਾਨ ਦੀ ਬਾਣੀ ਵੀ ਸ਼ਾਮਲ ਕਰ ਦਿੱਤੀ। ਸਮੁੱਚੀ ਬਾਣੀ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਦੇ ਨਿਯਮ ਨੂੰ ਦ੍ਰਿੜ੍ਹ ਕਰਾਉਂਦੀ ਹੈ। ਧਰਮ-ਕਿਰਤ ਜਿੱਥੇ ਵਿਅਕਤੀ ਦੇ ਮਨ ਨੂੰ ਅਧਿਆਤਮਕ ਵਿਕਾਸ ਦੀ ਦਿਸ਼ਾ ਪ੍ਰਦਾਨ ਕਰਦੀ ਹੈ ਉਥੇ ਸੰਜਮ ਦੀ ਭਾਵਨਾ ਵੀ ਉਜਾਗਰ ਕਰਦੀ ਹੈ। ਲੁੱਟ-ਖਸੁੱਟ ਰਾਹੀਂ ਬਹੁਤ ਸਾਰੀਆਂ ਵਸਤਾਂ ਇੱਕੋ ਹੱਲੇ ਹਾਸਲ ਕੀਤੀਆਂ ਜਾ ਸਕਦੀਆਂ ਹਨ, ਪਰ ਧਰਮ-ਕਿਰਤ ਰਾਹੀਂ ਜੀਵਨ ਦੀਆਂ ਲੋੜਾਂ ਦੀ ਪੂਰਤੀ ਹੌਲੀ-ਹੌਲੀ ਹੁੰਦੀ ਹੈ। ਫ਼ਰਕ ਕੇਵਲ ਇਤਨਾ ਹੈ ਕਿ ਲੁੱਟ-ਖਸੁੱਟ ਨਾਲ ਨਾ ਤਾਂ ਮਨ ਨੂੰ ਸ਼ਾਂਤੀ ਹਾਸਲ ਹੋ ਸਕਦੀ ਹੈ ਅਤੇ ਨਾ ਹੀ ਜੀਵਨ ਵਿਚ ਸੰਜਮ ਪ੍ਰਫੁੱਲਤ ਹੋ ਸਕਦਾ ਹੈ। ਗੁਰਬਾਣੀ ਵਿਚ ਧਰਮ-ਕਿਰਤ ਦਾ ਜੋ ਮਾਡਲ ਪੇਸ਼ ਕੀਤਾ ਗਿਆ ਹੈ ਉਹ ਜਿੱਥੇ ਮਨੁੱਖ ਨੂੰ ਸੰਜਮੀ ਬਣਾਉਂਦਾ ਹੈ ਉਥੇ ਆਦਰਸ਼ ਸਮਾਜ ਦੀਆਂ ਜੜ੍ਹਾਂ ਮਜ਼ਬੂਤ ਅਤੇ ਪ੍ਰਫੁੱਲਤ ਕਰਨ ਵਿਚ ਸਹਾਈ ਹੁੰਦਾ ਹੈ। ਭਗਤ ਕਬੀਰ ਜੀ ਧਰਮ-ਕਿਰਤ ਪ੍ਰਤੀ ਚੇਤਨਾ ਉਜਾਗਰ ਕਰਦੇ ਹੋਏ ਕਹਿੰਦੇ ਹਨ:

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥* *(ਪੰਨਾ ੧੩੭੪)*

ਆਪਣੀਆਂ ਉਦਾਸੀਆਂ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਾਲੋ ਜੀ ਦੇ ਘਰ ਗਏ ਜੋ ਕਿ ਤਰਖਾਣ ਦਾ ਕੰਮ ਕਰਦਾ ਸੀ। ਉਥੇ ਰਹਿੰਦੇ ਹੋਏ ਗੁਰੂ ਜੀ ਨੂੰ ਮਲਕ ਭਾਗੋ ਵੱਲੋਂ ਬ੍ਰਹਮ-ਭੋਜ ਦਾ ਸੱਦਾ ਦਿੱਤਾ ਗਿਆ। ਗੁਰੂ ਜੀ ਮਲਕ ਭਾਗੋ ਦੇ ਘਰ ਨਾ ਗਏ, ਦੁਬਾਰਾ ਬੁਲਾਉਣ 'ਤੇ ਜਦੋਂ ਗੁਰੂ ਜੀ ਉਸ ਕੋਲ ਗਏ ਤਾਂ ਉਸ ਨੇ ਗੁਰੂ ਜੀ ਨੂੰ ਬ੍ਰਹਮ-ਭੋਜ 'ਤੇ ਨਾ ਆਉਣ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਕਿਹਾ ਕਿ ਤੇਰੇ ਪਕਵਾਨ ਗਰੀਬਾਂ ਦੀ ਖੂਨ-ਪਸੀਨੇ ਦੀ ਕਮਾਈ ਦੀ ਲੁੱਟ-ਖਸੁੱਟ ਨਾਲ ਤਿਆਰ ਹੋਏ ਹਨ ਜਿਨ੍ਹਾਂ ਵਿੱਚੋਂ ਲਹੂ ਨਜ਼ਰੀਂ ਪੈਂਦਾ ਹੈ। ਦੂਜੇ ਪਾਸੇ ਭਾਈ ਲਾਲੋ ਜੀ ਮਿਹਨਤ ਅਤੇ ਇਮਾਨਦਾਰੀ ਦੀ ਕਮਾਈ ਵਿੱਚੋਂ ਸਾਨੂੰ ਜੋ ਕੁਝ ਛਕਾਉਂਦਾ ਹੈ ਉਹ ਦੁੱਧ ਸਮਾਨ ਲੱਗਦਾ ਹੈ। ਇਸ ਸਾਖੀ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਅਮੀਰ-ਗਰੀਬ ਵਿਚ ਫ਼ਰਕ ਨਹੀਂ ਸਮਝਦੇ, ਫ਼ਰਕ ਕੇਵਲ ਇਤਨਾ ਹੈ ਕਿ ਧਨ-ਦੌਲਤ ਗਰੀਬਾਂ ਅਤੇ ਕਮਜ਼ੋਰਾਂ ਨੂੰ ਦਬਾ ਕੇ ਹਾਸਲ ਨਾ ਕੀਤੀ ਹੋਵੇ। ਗੁਰੂ ਜੀ ਲਈ ਹਰ ਕਿਸੇ ਵੱਲੋਂ ਪਰੋਸਿਆ ਉਹ ਭੋਜਨ ਵਧੀਆ ਹੈ, ਜੋ ਧਰਮ-ਕਿਰਤ ਰਾਹੀਂ ਤਿਆਰ ਕੀਤਾ ਗਿਆ ਹੋਏ।

**ਵੰਡ ਛਕਣਾ :**

ਮਨੁੱਖ ਜਿਸ ਸਮਾਜ ਦਾ ਹਿੱਸਾ ਹੈ ਉਥੇ ਅਮੀਰ-ਗਰੀਬ ਦੋਵੇਂ ਤਰ੍ਹਾਂ ਦੇ ਲੋਕ ਵੇਖਣ ਨੂੰ ਮਿਲਦੇ ਹਨ। ਹਰ ਦੇਸ਼ ਅਤੇ ਕੌਮ ਵਿਚ ਇਹ ਵਰਗ-ਵੰਡ ਸਪੱਸ਼ਟ ਵੇਖਣ ਨੂੰ ਮਿਲਦੀ ਹੈ। ਆਧੁਨਿਕ ਸਮਾਜ ਵਿਚ ਤਰੱਕੀ ਦੇ ਨਾਮ 'ਤੇ ਜੋ ਨਿਯਮ ਘੜੇ ਜਾ ਰਹੇ ਹਨ ਉਨ੍ਹਾਂ ਵਿਚ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਹੇ ਹਨ। ਅਮੀਰ ਦੇਸ਼ਾਂ ਨੂੰ ਵਿਕਸਿਤ ਅਤੇ ਤਰੱਕੀ ਕਰ ਰਹੇ ਮੁਲਕਾਂ ਨੂੰ ਵਿਕਾਸਸ਼ੀਲ ਦੇਸ਼ ਕਿਹਾ ਜਾਂਦਾ ਹੈ। ਵਿਕਸਿਤ ਦੇਸ਼ ਵਿਕਾਸਸ਼ੀਲ ਮੁਲਕਾਂ ਵਿੱਚੋਂ ਧਨ ਕਮਾ ਕੇ ਹੋਰ ਅਮੀਰ ਹੋ ਰਹੇ ਹਨ ਅਤੇ ਵਿਕਾਸਸ਼ੀਲ ਦੇਸ਼ ਗ਼ਰੀਬੀ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਅਮੀਰ-ਗ਼ਰੀਬ ਵਿਚ ਪਾੜਾ ਘਟਣ ਦੀ ਬਜਾਏ ਵਧ ਰਿਹਾ ਹੈ। ਅਜਿਹਾ ਰੁਝਾਨ ਦੇਸ਼ਾਂ ਵਿਚ ਹੀ ਨਹੀਂ ਬਲਕਿ ਆਮ ਲੋਕਾਂ ਵਿਚ ਵੀ ਵੇਖਣ ਨੂੰ ਮਿਲ ਰਿਹਾ ਹੈ। ਮਲਕ ਭਾਗੋ ਅਤੇ ਭਾਈ ਲਾਲੋ ਜੀ ਦੇ ਪ੍ਰਤੀਨਿਧ ਅਜੋਕੇ ਸਮਾਜ ਵਿਚ ਆਮ ਵੇਖਣ ਨੂੰ ਮਿਲ ਜਾਂਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਵਧ ਰਹੇ ਇਸ ਪਾੜੇ ਨੂੰ ਘਟਾਉਣ ਦਾ ਯਤਨ ਕੀਤਾ। ਆਪ ਜੀ ਨੇ ਜਿੱਥੇ ਸਮਾਜ ਦੇ ਦੋਵੇਂ ਪ੍ਰਮੁੱਖ ਵਰਗਾਂ ਨੂੰ ਕਿਰਤ ਕਰਨ ਦਾ ਸੰਦੇਸ਼ ਦਿੱਤਾ ਉਥੇ ਧਰਮ-ਕਿਰਤ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਲਈ ਵੰਡ ਕੇ ਛਕਣ ਦਾ ਵਿਧਾਨ ਕਾਇਮ ਕੀਤਾ:

*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ ੧੨੪੫)*

ਗੁਰਮਤਿ ਫ਼ਿਲਾਸਫ਼ੀ ਪਰਮਾਤਮਾ ਦੇ ਕੇਂਦਰੀ ਧੁਰੇ ਦੁਆਲੇ ਘੁੰਮਦੀ ਹੈ। ਸਿੱਖਾਂ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਪ੍ਰਮੁੱਖ ਰਚਨਾ 'ਜਪੁ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ ਦਰਜ ਕੀਤੀ ਗਈ ਹੈ, ਜੋ ਕਿ ਨਿਤਨੇਮ ਅਤੇ ਅੰਮ੍ਰਿਤ ਛਕਾਉਣ ਦੀਆਂ ਬਾਣੀਆਂ ਵਿਚ ਵੀ ਪਹਿਲੇ ਸਥਾਨ 'ਤੇ ਹੈ ਇਸ ਦੇ ਆਰੰਭ ਵਿਚ ਜੋ ਮੂਲ-ਮੰਤਰ ਦਰਜ ਕੀਤਾ ਮਿਲਦਾ ਹੈ ਉਹ ਪਰਮਾਤਮਾ ਦੇ ਗੁਣ ਬਿਆਨ ਕਰਦਾ ਹੈ। ਮੂਲ ਮੰਤਰ ਨੂੰ 'ਜਪੁ' ਬਾਣੀ ਦਾ ਸਾਰ ਮੰਨਿਆ ਜਾਂਦਾ ਹੈ ਅਤੇ ਇਸ ਬਾਣੀ ਵਿਚਲੇ ਵਿਖਿਆਨ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਨੂੰ ਪਰਿਭਾਸ਼ਤ ਕਰਨ ਵਾਲੇ ਹਨ। ਇਸ ਤਰ੍ਹਾਂ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਦਰਸ਼ਨ ਦਾ ਧੁਰਾ ਪਰਮਾਤਮਾ ਨੂੰ ਮੰਨਿਆ ਗਿਆ ਅਤੇ ਤਿੰਨ ਪ੍ਰਮੁੱਖ ਸਿਧਾਂਤਾਂ ਵਿਚ ਵੀ ਸਭ ਤੋਂ ਪਹਿਲਾਂ ਇਸ ਨੂੰ ਰੱਖ ਕੇ ਇਸ ਦਾ ਜਾਪ ਕਰਨ ਦੀ ਪ੍ਰੇਰਨਾ ਪੈਦਾ ਕੀਤੀ ਗਈ ਹੈ। ਪਰਮਾਤਮਾ ਦਾ ਨਾਮ-ਸਿਮਰਨ ਮਨੁੱਖ ਦੇ ਅੰਤਰੀਵੀ ਵਿਕਾਸ ਨਾਲ ਸੰਬੰਧਿਤ ਹੈ ਅਤੇ ਬਾਕੀ ਦੋ ਨਿਯਮ ਬਾਹਰੀ ਤੌਰ 'ਤੇ ਵੇਖਣ ਨੂੰ ਮਿਲਦੇ ਹਨ ਜਿਨ੍ਹਾਂ ਦੀ ਦਿਸ਼ਾ ਅੰਤਰੀਵੀ ਅਧਿਆਤਮਕ ਵਿਕਾਸ ਨੂੰ ਵਿਕਸਿਤ ਕਰਨ ਵਾਲੀ ਹੋਣੀ ਚਾਹੀਦੀ ਹੈ।

ਮਨੁੱਖ ਜਿਸ ਸਮਾਜ ਵਿਚ ਰਹਿੰਦਾ ਹੈ ਉਸ ਤੋਂ ਉਹ ਪ੍ਰਭਾਵਤ ਹੋਏ ਬਗ਼ੈਰ ਨਹੀਂ

ਰਹਿ ਸਕਦਾ। ਜੇਕਰ ਸਮਾਜ ਵਿਚ ਆਲੇ-ਦੁਆਲੇ ਦੇ ਲੋਕ ਅਮੀਰ ਸ਼੍ਰੇਣੀ ਨਾਲ ਸੰਬੰਧਿਤ ਹੋਣ ਤਾਂ ਉਸ ਦਾ ਮਨ ਵੀ ਉਹੋ ਜਿਹਾ ਹੋਵੇਗਾ, ਉਸ ਨੂੰ ਨਾ ਤਾਂ ਗਰੀਬ ਸ਼੍ਰੇਣੀ ਦਾ ਬਹੁਤਾ ਗਿਆਨ ਹੋਵੇਗਾ ਅਤੇ ਨਾ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਕੋਈ ਜਾਣਕਾਰੀ ਹੀ ਹੋਵੇਗੀ। ਉਸ ਨੂੰ ਸਮਾਜ ਦੇ ਹਰ ਵਿਅਕਤੀ ਚੰਗੇ ਘਰਾਣੇ ਨਾਲ ਸੰਬੰਧਿਤ ਅਤੇ ਖਾਂਦਾ-ਪੀਂਦਾ ਨਜ਼ਰ ਆਵੇਗਾ। ਇਸ ਦੇ ਉਲਟ ਜਿਹੜਾ ਵਿਅਕਤੀ ਗਰੀਬ ਵਰਗ ਨਾਲ ਸੰਬੰਧਿਤ ਹੈ ਉਸ ਲਈ ਤਾਂ ਜੀਵਨ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨਾ ਵੀ ਦੂਰ ਦੀ ਗੱਲ ਹੋਵੇਗਾ। ਨਾ ਤਾਂ ਅਮੀਰ ਵਿਅਕਤੀ ਗਰੀਬ ਮਨੁੱਖ ਦੀਆਂ ਲੋੜਾਂ ਪ੍ਰਤੀ ਚੇਤੰਨ ਹੁੰਦਾ ਹੈ ਅਤੇ ਨਾ ਹੀ ਗਰੀਬ ਮਨੁੱਖ ਅਮੀਰ ਵਿਅਕਤੀਆਂ ਦੀਆਂ ਭਾਵਨਾਵਾਂ ਤੋਂ ਜਾਣੂ ਹੁੰਦਾ ਹੈ। ਜਦੋਂ ਤਕ ਦੋਵੇਂ ਵਰਗ ਇਕ ਦੂਜੇ ਦੇ ਨੇੜੇ ਨਹੀਂ ਆਉਂਦੇ, ਸਮਾਜ ਵਿਕਾਸ ਨਹੀਂ ਕਰ ਸਕਦਾ। ਗੁਰੂ ਸਾਹਿਬਾਨ ਨੇ ਦੋਵੇਂ ਵਰਗਾਂ ਨੂੰ ਇਕ ਪਲੇਟਫਾਰਮ 'ਤੇ ਲਿਆਉਣ ਦਾ ਕਾਰਜ ਕੀਤਾ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਦੇ ਹੋਏ ਦੋਵਾਂ ਨੂੰ ਇਕ ਪਰਮਾਤਮਾ ਦੀ ਅੰਸ਼ ਦੱਸਿਆ। ਜੇਕਰ ਸਮਾਜ ਦਾ ਵਿਕਾਸ ਕਰਨਾ ਹੈ ਤਾਂ ਦੋਵੇਂ ਵਰਗਾਂ ਨੂੰ ਮਿਲਜੁਲ ਕੇ ਰਹਿਣਾ ਅਤੇ ਕਾਰਜ ਕਰਨਾ ਪਵੇਗਾ। ਗੁਰੂ ਸਾਹਿਬਾਨ ਨੇ ਸ਼ਖ਼ਸੀ ਜੀਵਨ ਦੀ ਥਾਂ ਥਾਂ ਭਾਈਚਾਰਕ ਜੀਵਨ ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ ਜਿਸ ਵਿਚ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਭਾਵਨਾ ਕਾਇਮ ਕੀਤੀ ਗਈ ਜਿੱਥੇ ਸਭ ਨੂੰ ਵੰਡ ਕੇ ਛਕਣ ਲਈ ਪ੍ਰੇਰਿਤ ਕੀਤਾ ਗਿਆ:

*ਖਾਵਹਿ ਖਰਚਹਿ ਰਲਿ ਮਿਲਿ ਭਾਈ॥*
*ਤੋਟਿ ਨ ਆਵੈ ਵਧਦੋ ਜਾਈ॥* *(ਪੰਨਾ ੧੮੬)*

ਅਮੀਰ ਅਤੇ ਗਰੀਬ ਦੋਵੇਂ ਇੱਕੋ ਕਾਰਜ ਲਈ ਵੰਡ ਛਕਣ ਦੇ ਵਿਧਾਨ ਨੂੰ ਅਪਣਾਉਣ ਲੱਗੇ ਤਾਂ ਪ੍ਰਸ਼ਨ ਇਹ ਹੋ ਸਕਦਾ ਹੈ ਕਿ ਦੋਵੇਂ ਵਰਗਾਂ ਵਿਚ ਵਿੱਥ ਬਹੁਤ ਜ਼ਿਆਦਾ ਹੈ ਇਸ ਲਈ ਕੌਣ ਕਿੰਨਾ ਦਾਨ ਦੇਵੇ? ਇਸ ਕਾਰਜ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਵਿਧਾਨ ਪ੍ਰਚੱਲਤ ਕੀਤਾ ਉਸ ਅਨੁਸਾਰ ਹਰ ਇਕ ਵਰਗ ਨਾਲ ਸੰਬੰਧਿਤ ਵਿਅਕਤੀ ਆਪਣੀ ਧਰਮ-ਕਿਰਤ ਦਾ ਦਸਵਾਂ ਹਿੱਸਾ ਗੁਰੂ-ਘਰ ਭੇਟ ਕਰੇ ਤਾਂ ਕਿ ਸਮਾਜਿਕ ਵਿਕਾਸ ਦੇ ਕਾਰਜਾਂ ਵਿਚ ਹਰ ਕੋਈ ਯੋਗਦਾਨ ਪਾ ਸਕੇ ਅਤੇ ਸਰਬੱਤ ਦੇ ਭਲੇ ਹਿਤ ਅਰੰਭ ਕੀਤੇ ਕਾਰਜ ਨਿਰਵਿਘਨ ਅਤੇ ਨਿਰੰਤਰ ਜਾਰੀ ਰੱਖੇ ਜਾ ਸਕਣ। ਵੰਡ ਛਕਣ ਦੇ ਸਿਧਾਂਤ ਨੂੰ ਪ੍ਰਮੁੱਖਤਾ ਪ੍ਰਦਾਨ ਕਰਦੇ ਹੋਏ ਗਰੀਬਾਂ ਅਤੇ ਲੋੜਵੰਦਾਂ ਲਈ ਧਰਮਸ਼ਾਲਾਵਾਂ ਕਾਇਮ ਕੀਤੀਆਂ ਗਈਆਂ, ਹਸਪਤਾਲ ਖੋਲ੍ਹੇ ਗਏ, ਲੰਗਰ ਚਲਾਏ ਗਏ, ਮੁਫ਼ਤ ਨਿਵਾਸ ਦਾ ਪ੍ਰਬੰਧ ਕੀਤਾ ਗਿਆ, ਅੱਖਰ ਦਾਨ ਲਈ ਵਿਦਿਅਕ ਅਦਾਰੇ ਕਾਇਮ ਕੀਤੇ ਗਏ। ਸੰਗਤੀ ਧਰਮ ਵਿਚ 'ਆਪਿ ਤਰੈ ਸੰਗਤਿ ਸਭ ਉਧਰੈ' ਦੇ ਸੰਦੇਸ਼ ਅਨੁਸਾਰ ਦੂਜੇ ਵਿਅਕਤੀਆਂ ਨੂੰ ਉੱਚਾ ਚੁੱਕਣ ਅਤੇ ਬਰਾਬਰੀ ਦੀ ਭਾਵਨਾ ਪੈਦਾ ਕਰਨ ਲਈ ਯਤਨ ਕੀਤੇ ਗਏ। ਵਿਅਕਤੀਗਤ ਪ੍ਰਮੁੱਖਤਾ ਵਾਲੀਆਂ ਸਾਰੀਆਂ ਸੰਭਾਵਨਾਵਾਂ ਰੱਦ ਕਰ ਦਿੱਤੀਆਂ ਗਈਆਂ ਅਤੇ

'ਸ਼ਬਦ' ਨੂੰ 'ਗੁਰੂ' ਦਾ ਦਰਜਾ ਪ੍ਰਦਾਨ ਕਰ ਕੇ ਇਸ ਨੂੰ ਸਰਬਸਾਂਝੀ ਗੁਰਬਾਣੀ ਦੇ ਰੂਪ ਵਿਚ ਪ੍ਰਗਟ ਅਤੇ ਪ੍ਰਚਾਰਿਤ ਕੀਤਾ ਗਿਆ। ਗੁਰੂ ਅੱਗੇ ਅਰਪਿਤ ਕੀਤੀ ਭੇਟਾ ਸਮੁੱਚੀ ਲੋਕਾਈ ਦੇ ਭਲੇ ਹਿਤ ਰਾਖਵੀਂ ਕਰ ਦਿੱਤੀ ਗਈ।

ਸਿੱਖ ਧਰਮ ਤੋਂ ਪਹਿਲਾਂ ਦਾਨ ਦੇਣ ਦੀ ਪ੍ਰਥਾ ਪ੍ਰਚੱਲਤ ਸੀ ਅਤੇ ਇਹ ਨਿਰੰਤਰ ਅੱਜ ਤਕ ਵੀ ਜਾਰੀ ਹੈ। ਪਹਿਲਾਂ ਦਾਨ ਦੇਣ ਦਾ ਕਾਰਜ ਵੱਡੇ-ਵੱਡੇ ਅਮੀਰ ਲੋਕ ਜਾਂ ਰਾਜੇ-ਮਹਾਰਾਜੇ ਕਰਿਆ ਕਰਦੇ ਸਨ। ਆਪਣੇ ਪਿੱਤਰਾਂ ਨੂੰ ਖੁਸ਼ ਕਰਨ ਲਈ ਦਾਨ ਦਿੱਤਾ ਜਾਂਦਾ ਸੀ, ਜੋ ਕਿ ਅੱਜ ਵੀ ਵੇਖਣ ਨੂੰ ਮਿਲ ਜਾਂਦਾ ਹੈ। ਸਮਾਜ ਵਿਚ ਅੱਜ ਵੀ ਗਰੀਬਾਂ ਅਤੇ ਭੁੱਖਿਆਂ ਨੂੰ ਦਾਨ ਦੇਣ ਦਾ ਕਾਰਜ ਚੱਲ ਰਿਹਾ ਹੈ। ਦਾਨ ਦੇਣ ਦਾ ਜੋ ਸਰੂਪ ਗੁਰਬਾਣੀ ਵਿਚ ਵੇਖਣ ਨੂੰ ਮਿਲਦਾ ਹੈ ਉਹ ਵਿਅਕਤੀਗਤ ਤੌਰ 'ਤੇ ਜਾਂ ਕਿਸੇ ਨੂੰ ਖੁਸ਼ ਕਰਨ ਲਈ ਦਾਨ ਦਿੱਤੇ ਜਾਣ ਨਾਲੋਂ ਭਿੰਨਤਾ ਰੱਖਦਾ ਹੈ। ਵਿਅਕਤੀਗਤ ਤੌਰ 'ਤੇ ਦਿੱਤੇ ਗਏ ਦਾਨ ਸਮੇਂ ਲੈਣ ਅਤੇ ਦੇਣ ਵਾਲੇ ਵਿਚਕਾਰ ਸੰਪਰਕ ਸਥਾਪਤ ਹੋ ਜਾਂਦਾ ਹੈ ਜਿਸ ਨਾਲ ਦਾਨ ਦੇਣ ਵਾਲੇ ਦੇ ਮਨ ਵਿਚ ਹਉਮੈ ਅਤੇ ਦਾਨ ਲੈਣ ਵਾਲੇ ਦੇ ਮਨ ਵਿਚ ਹੀਣ-ਭਾਵਨਾ ਪੈਦਾ ਹੋ ਜਾਂਦੀ ਹੈ। ਸਿੱਖ ਧਰਮ ਵਿਚ ਗੁਰੂ ਅੱਗੇ ਕੀਤੀ ਭੇਟਾ ਵਿਚ ਲੈਣ ਅਤੇ ਦੇਣ ਵਾਲੇ ਵਿਚਕਾਰ ਕਦੇ ਵੀ ਸੰਬੰਧ ਸਥਾਪਤ ਨਹੀਂ ਹੋ ਸਕਦਾ। ਪਤਾ ਨਹੀਂ ਲੱਗਦਾ ਕਿ ਭੇਟ ਕੀਤੀ ਮਾਇਆ ਪਿੰਗਲਵਾੜੇ ਜਾ ਰਹੀ ਹੈ, ਭੂਚਾਲ ਪੀੜਤਾਂ ਲਈ ਵੰਡੀ ਜਾ ਰਹੀ ਹੈ, ਲੰਗਰ ਚਲਾਇਆ ਜਾ ਰਿਹਾ ਹੈ, ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ, ਦਵਾਈਆਂ ਵੰਡਣ 'ਤੇ ਖਰਚ ਕੀਤੀ ਜਾ ਰਹੀ ਹੈ ਜਾਂ ਕਿਸੇ ਹੋਰ ਕਾਰਜ ਲਈ ਵਰਤੀ ਜਾ ਰਹੀ ਹੈ। ਗੁਰੂ-ਘਰ ਹਰ ਅਮੀਰ-ਗਰੀਬ ਆਪਣੀ ਧਰਮ-ਕਿਰਤ ਵਿੱਚੋਂ ਦਸਵੰਧ ਗੁਰੂ ਅੱਗੇ ਭੇਟ ਕਰਕੇ ਨਿਮਰਤਾ ਹਾਸਲ ਕਰਦਾ ਹੈ। ਦਸਵੰਧ ਨਾ ਦੇਣ ਵਾਲੇ ਲਈ ਸਿੱਖੀ ਵਿਚ ਕੋਈ ਸਥਾਨ ਨਹੀਂ ਮੰਨਿਆ ਗਿਆ ਜਿਸ ਦਾ ਜ਼ਿਕਰ ਕਰਦੇ ਹੋਏ ਭਾਈ ਨੰਦ ਲਾਲ ਜੀ ਕਹਿੰਦੇ ਹਨ:

*ਦਸਵੰਧ ਗੁਰੁ ਨਹਿ ਦੇਵੈ ਝੂਠ ਬੋਲ ਜੋ ਖਾਇ।*
*ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੂ ਨਾ ਬਿਸਾਹਿ।* *(ਤਨਖਾਹਨਾਮਾ)*

ਸਿੱਖ ਹਰ ਤਰ੍ਹਾਂ ਦੀ ਕਿਰਤ-ਕਮਾਈ ਗੁਰੂ ਦੀ ਬਖਸ਼ਿਸ਼ ਵਜੋਂ ਵੇਖਦੇ ਹਨ ਅਤੇ ਇਸ ਧਰਮ-ਕਿਰਤ ਵਿੱਚੋਂ ਦਸਵੰਧ ਦੇਣਾ ਆਪਣਾ ਧਾਰਮਿਕ ਫ਼ਰਜ਼ ਸਮਝਦੇ ਹਨ। ਸਿੱਖਾਂ ਵਿਚ ਇਹ ਗੱਲ ਆਮ ਪ੍ਰਚੱਲਤ ਹੋ ਗਈ ਹੈ ਕਿ 'ਦਾਣਾ ਪਾਣੀ ਗੁਰੂ ਦਾ ਟਹਿਲ ਸਿੱਖਾਂ ਦੀ' ਅਤੇ 'ਗਰੀਬ ਦਾ ਮੂੰਹ ਗੁਰੂ ਕੀ ਗੋਲਕ'। ਇਹ ਪ੍ਰੇਰਨਾਮਈ ਵਾਕ ਸਿੱਖ ਨੂੰ ਸੇਵਾ-ਭੇਟਾ ਕਰਨ ਲਈ ਪ੍ਰੇਰਿਤ ਕਰਦੇ ਹਨ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਧਰਮ-ਕਿਰਤ ਵਿੱਚੋਂ ਵੰਡ ਕੇ ਛਕਣਾ ਹੀ ਭਲਾ ਕਾਰਜ ਹੈ:

*ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।* *(ਵਾਰ ੬:੧੨)*

ਵੰਡ ਛਕਣ ਦੀ ਬਿਰਤੀ ਮਨੁੱਖ ਦੇ ਮਨ ਵਿਚ ਲੋਭ ਅਤੇ ਹੰਕਾਰ ਪੈਦਾ ਨਹੀਂ ਹੋਣ ਦਿੰਦੀ, ਦੂਜੇ ਮਨੁੱਖਾਂ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਪੈਦਾ ਕਰਦੀ

ਹੈ, ਅਮੀਰ ਅਤੇ ਗਰੀਬ ਵਿਚ ਪਾੜਾ ਘਟਾਉਂਦੀ ਹੈ, ਮਨ ਵਿਚ ਸੇਵਾ ਅਤੇ ਨਿਮਰਤਾ ਦਾ ਅਹਿਸਾਸ ਜਗਾਉਂਦੀ ਹੈ, ਵਿਅਕਤੀਗਤ ਬਿਰਤੀਆਂ ਨੂੰ ਖ਼ਤਮ ਕਰਕੇ ਸੰਗਤ ਵਿਚ ਰਹਿਣ ਦੀ ਪ੍ਰੇਰਨਾ ਪੈਦਾ ਕਰਦੀ ਹੈ ਅਤੇ ਅਧਿਆਤਮਕ ਵਿਕਾਸ ਦੀ ਦਿਸ਼ਾ ਨਿਰਧਾਰਤ ਕਰਦੀ ਹੈ।

'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦਾ ਤ੍ਰਿਵੇਣੀ ਸਿਧਾਂਤ ਗੁਰਮਤਿ ਜੀਵਨ-ਜਾਚ ਦਾ ਮੂਲ ਆਧਾਰ ਹੈ। ਇਨ੍ਹਾਂ ਤਿੰਨਾਂ ਦੀ ਹੋਂਦ ਭਾਵੇਂ ਵੱਖ-ਵੱਖ ਰੂਪ ਵਿਚ ਨਜ਼ਰ ਆਉਂਦੀ ਹੈ ਪਰ ਇਹ ਆਪਸ ਵਿਚ ਘੁਲੇ-ਮਿਲੇ ਅਤੇ ਇਕ ਦੂਜੇ ਦੇ ਪੂਰਕ ਹਨ। ਇਹ ਤਿੰਨੇ ਇਕੱਠੇ ਮਿਲ ਕੇ ਕਾਰਜ ਕਰਨ ਤਾਂ ਹੀ ਆਦਰਸ਼ ਸਮਾਜ ਦੀ ਸਿਰਜਣਾ ਹੋ ਸਕਦੀ ਹੈ।

■

---

***...ਸ਼ਬਦ-ਗੁਰੂ ਦਾ ਸਿੱਖ ਮਾਡਲ*** *(ਸਫ਼ਾ ੧੪੯ ਦਾ ਬਾਕੀ ਹਿੱਸਾ)*

ਅਖੀਰ ਵਿਚ ਇਹ ਕਹਿ ਕੇ ਗੱਲ ਮੁਕਾਉਣਾ ਚਾਹੁੰਦਾ ਹਾਂ ਕਿ ਪੱਛਮੀ ਚਿੰਤਨ ਨੂੰ ਧਰਾਤਲ ਸਿੱਖ ਧਰਮ ਨੇ ਪ੍ਰਦਾਨ ਕਰਨੀ ਹੈ ਕਿਉਂਕਿ ਸ਼ਬਦ ਦੇ ਸਿੱਖ-ਮਾਡਲ ਦੀ ਜੁਗਤਿ ਵਿਚ ਬੰਦੇ ਦੀ ਸਰਦਾਰੀ ਨੂੰ ਕੋਈ ਥਾਂ ਨਹੀਂ ਹੈ। ਇਸ ਨਾਲ ਸਿਧਾਂਤ ਦੇ ਅਮਲ ਨੂੰ ਬੰਦੇ ਜੇਡਾ ਰਹਿ ਜਾਣ ਦੀ ਮਜਬੂਰੀ ਤੋਂ ਮੁਕਤ ਕਰ ਦਿੱਤਾ ਗਿਆ ਹੈ। ਫਿਰ ਜੇ ਕਿਸੇ ਵੀ ਸਥਾਪਤ ਪੱਛਮੀ ਚਿੰਤਕ ਨੂੰ ਲੈ ਲਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹ ਧਾਰਮਿਕ ਵਿਸ਼ਵਾਸ ਦੇ ਤਿੰਨ ਸਰੋਕਾਰਾਂ ਸ਼ਰਧਾ, ਪਾਪ ਅਤੇ ਈਸਾ ਨੂੰ ਮੰਨਦਾ ਵੀ ਹੈ ਅਤੇ ਇਸ ਆਧਾਰ ਉੱਤੇ ਸਿਧਾਂਤਕਤਾ ਵੀ ਸਿਰਜਦਾ ਹੈ। ਇਸ ਨਾਲ ਉਸ ਨੇ ਦੁੱਖ ਨੂੰ ਮੁਕਤੀ ਵਾਸਤੇ ਇਕ ਸ਼ਰਤ ਮੰਨ ਲਿਆ ਹੈ। ਭਾਈ ਕਾਨ੍ਹ ਸਿੰਘ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਇਸ ਦੀ ਸਿਧਾਂਤਕਤਾ ਨੂੰ ਇਤਿਹਾਸ, ਅਸੂਲ ਅਤੇ ਦਲੀਲ ਦੇ ਪ੍ਰਸੰਗ ਵਿਚ ਸਥਾਪਤ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਸ਼ਬਦ ਦੇ ਸਿੱਖ-ਮਾਡਲ ਵਿਚ ਜੋ ਸ਼ਬਦ-ਜੁਗਤਿ ਪ੍ਰਾਪਤ ਹੈ ਉਹ ਸੁਰਤ ਦੇ ਵਿਸ਼ਵਾਸ ਨਾਲ ਨਹੀਂ, ਸਗੋਂ ਅਮਲ ਦੀ ਅਧਿਆਤਮਕਤਾ ਨਾਲ ਜੁੜੀ ਹੋਈ ਹੈ :

*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ॥* *(ਪੰਨਾ ੧੪)*

ਇਸ ਨਾਲ ਧਰਮ ਦੀ ਸਦ-ਪ੍ਰਸੰਗਿਕਤਾ ਸਥਾਪਤ ਕੀਤੀ ਜਾ ਸਕਦੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸ਼ਬਦ ਦਾ ਸਿੱਖ-ਮਾਡਲ, ਗਲੋਬਲੀਕਰਨ ਦੀਆਂ ਉਧੜ-ਧੁੰਮੀਆਂ ਨਾਲ ਨਿਭਣ ਦੇ ਸਮਰੱਥ ਹੈ ਅਤੇ ਇਸ ਨਾਲ ਪ੍ਰਾਪਤ ਅੰਤਰਦ੍ਰਿਸ਼ਟੀਆਂ ਨੂੰ ਲੋੜੀਂਦੀ ਧਰਾਤਲ ਵੀ ਮੁਹੱਈਆ ਹੋ ਗਈ ਹੈ। ■

---

# ਅਕਾਲ ਪੁਰਖ ਦਾ ਅਨੁਭਵੀ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

*-ਸ. ਸਤਿਨਾਮ ਸਿੰਘ ਕੋਮਲ**

ਜਦੋਂ ਭੱਟ ਗਯੰਦ ਜੀ ਇਹ ਕਹਿੰਦੇ ਹਨ 'ਗੁਰੂ ਨਾਨਕ ਨਿਕਟਿ ਵਸੈ ਬਨਵਾਰੀ' ਤੇ ਪੰਚਮ ਪਾਤਸ਼ਾਹ ਜੀ ਇਨ੍ਹਾਂ ਬੋਲਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਰਦੇ ਹਨ ਤਾਂ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਅਕਾਲ ਪੁਰਖ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਕਿੰਨੀ ਕੁ ਵਿੱਥ ਸੀ?

ਗੁਰੂ ਬੋਲ ਹਨ- 'ਸਤਿਗੁਰੂ ਤੋਂ ਬਗੈਰ ਤੇਰਾ ਕੋਈ ਬੇਲੀ ਨਹੀਂ ਜੋ ਤੇਰਾ ਇਥੇ ਵੀ ਰਖਵਾਲਾ ਹੈ ਤੇ ਦਰਗਾਹ ਵਿਚ ਵੀ ਰਾਖੀ ਕਰੇਗਾ, ਸਹਾਈ ਹੋਵੇਗਾ:

*ਸਤਿਗੁਰ ਬਾਝੁ ਨ ਬੇਲੀ ਕੋਈ॥ ਐਥੈ ਓਥੈ ਰਾਖਾ ਪ੍ਰਭੁ ਸੋਈ॥ (ਪੰਨਾ ੧੦੩੧)*

ਪਹਿਲੇ ਪਾਤਸ਼ਾਹ ਦੇ ਅਨੁਭਵੀ ਬੋਲ ਹਨ, ਪ੍ਰਭੂ ਦੀ ਬੇਅੰਤਤਾ ਬਾਰੇ ਕਹਿਣਾ ਔਖਾ ਹੈ ਕਿਉਂਕਿ ਤੁਸੀਂ ਜੋ ਵੀ ਕਹੋਗੇ ਉਹ ਬੋਲ, ਲਫ਼ਜ਼ ਉਸ ਦੀ ਵਡੱਤਣ ਨੂੰ ਬਿਆਨ ਕਰਨ ਤੋਂ ਅਸਮਰੱਥ ਹੋਣਗੇ। ਬਿਆਨਣ ਵਾਲੇ ਦੀ ਮੱਤ ਹੌਲੀ ਹੋਵੇਗੀ। ਉਸ ਦੇ ਬੋਲ ਵੀ ਹੌਲੇ ਹੋਣਗੇ:

*ਵਡਾ ਆਖਣੁ ਭਾਰਾ ਤੋਲੁ॥ ਹੋਰ ਹਉਲੀ ਮਤੀ ਹਉਲੇ ਬੋਲ॥ (ਪੰਨਾ ੧੨੩੯)*

ਗੁਰੂ ਸਾਹਿਬ ਦਾ ਅਨੁਭਵ ਹੈ ਅਤੇ ਉਹ ਬੜੀ ਨਿਰਮਾਣਤਾ ਤੇ ਅਧੀਨਤਾ ਨਾਲ ਸਵੀਕਾਰਦੇ ਹਨ ਕਿ ਮੈਂ ਦੁਨੀਆਂ ਦੀਆਂ ਮਿੱਠੀਆਂ ਚੀਜ਼ਾਂ ਦਾ ਸਵਾਦ ਤਾਂ ਚੱਖ ਲਿਆ ਹੈ ਪਰ ਤੇਰੇ ਅੰਮ੍ਰਿਤ ਰੂਪ ਨਾਮ ਤੋਂ ਸਾਰੀਆਂ ਥੱਲੇ ਹਨ:

*ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ॥ (ਪੰਨਾ ੧੫੫)*

ਗੁਰੂ ਸਾਹਿਬ ਉੱਚੀ ਬਾਂਹ ਕਰ ਕੇ ਆਖਦੇ ਹਨ ਐ ਦੁਨੀਆਂ ਦੇ ਲੋਕੋ! ਦੁਚਿੱਤੀ ਛੱਡ ਕੇ ਉਸ ਦੇ ਹੋ ਜਾਓ, ਉਹ ਪ੍ਰਭੂ ਆਪਣੇ ਗਲ ਲਾਵੇਗਾ ਅਤੇ ਸੰਸਾਰ-ਸਾਗਰ ਤੋਂ ਪਾਰ ਕਰ ਦੇਵੇਗਾ। ਜਿਵੇਂ ਪੱਤਣ 'ਤੇ ਖੜ੍ਹਾ ਬੇੜੀ ਵਾਲਾ ਉੱਚੀ ਆਵਾਜ਼ ਵਿਚ ਕਹਿੰਦਾ ਹੈ ਨਿੱਡਰ ਹੋ ਕੇ ਆਓ, ਮੇਰਾ ਦਾਅਵਾ ਹੈ ਕਿ ਸਤਿਗੁਰੂ ਦੇ ਜਹਾਜ਼ 'ਤੇ ਚੜ੍ਹ ਕੇ ਪਾਰ ਲੱਗਦੇ ਮੈਂ ਅੱਖੀਂ ਵੇਖੇ ਹਨ:

*ਪਤਣਿ ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ॥*
*ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ॥ (ਪੰਨਾ ੧੦੧੫)*

ਸ੍ਰੀ ਗੁਰੂ ਅਮਰਦਾਸ ਜੀ ਦੇ ਬੋਲ ਹਨ, ਉਸ ਸਾਹਿਬ ਦੀਆਂ ਵਡਿਆਈਆਂ ਬਹੁਤ ਹਨ; ਹਿੰਦਸੇ ਮੁੱਕ ਜਾਂਦੇ ਹਨ, ਉਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ।

** # ੨੪੮, ਅਰਬਨ ਅਸਟੇਟ, ਫੇਜ-੧, ਲੁਧਿਆਣਾ-੧੦, ਮੋ: ੯੯੮੮੩-੧੫੩੭੨*

*ਬਹੁਤੁ ਵਡਿਆਈਆ ਸਾਹਿਬੈ ਨਹ ਜਾਹੀ ਗਣੀਆ॥* *(ਪੰਨਾ ੮੫੪)*

ਪਰ ਨਾਲ ਹੀ ਕਹਿੰਦੇ ਹਨ ਕਿ ਗੁਰੂ ਦੀ ਸਿੱਖਿਆ ਕੋਈ ਵਿਰਲਾ ਹੀ ਲੈਂਦਾ ਹੈ ਕਿਉਂਕਿ ਲੈਂਦਾ ਵੀ ਓਹੋ ਹੀ ਹੈ ਜਿਸ ਨੂੰ ਆਪ ਵਡਿਆਈ ਦੇਂਦਾ ਹੈ:

*ਗੁਰ ਕੀ ਸਿਖ ਕੋ ਵਿਰਲਾ ਲੇਵੈ॥ ਨਾਨਕ ਜਿਸੁ ਆਪਿ ਵਡਿਆਈ ਦੇਵੈ॥*
*(ਪੰਨਾ ੫੦੯)*

ਆਪਣੇ ਅਨੁਭਵ ਦੇ ਆਧਾਰ 'ਤੇ ਕਹਿੰਦੇ ਹਨ ਪ੍ਰਭੂ ਨਾਲ ਜੁੜੀਆਂ ਰੂਹਾਂ ਦੀ ਨਿਸ਼ਾਨੀ ਹੈ ਕਿ ਉਨ੍ਹਾਂ ਦੇ ਮੂੰਹੋਂ ਸੱਚ ਹੀ ਨਿਕਲਦਾ ਹੈ। ਬੋਲਣ ਤੋਂ ਹੀ ਪਤਾ ਲੱਗ ਜਾਂਦਾ ਹੈ:

*ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ॥* *(ਪੰਨਾ ੪੨੯)*

ਚੌਥੇ ਪਾਤਸ਼ਾਹ ਜੀ ਤਾਂ ਉਸ ਇਲਾਹੀ ਜੋਤ ਦੀ ਗੱਲ ਕਰਦੇ ਹਨ ਕਿ ਜੋ ਸਤਿਗੁਰ ਅੰਦਰ ਜਗੀ ਹੈ ਉਸ ਦਾ ਗਿਆਨ ਸਤਿਗੁਰੂ ਹੈ, ਪੂਜਾ ਸਤਿਗੁਰੂ ਹੈ ਸੇਵਾ ਵੀ ਉਸ ਦੀ ਹੀ ਕਰੋ, ਦੂਜੀ ਕੋਈ ਝਾਕ ਨਾ ਰੱਖੋ। ਸਤਿਗੁਰੂ ਤੋਂ ਹੀ ਮੈਂ ਨਾਮ-ਰੂਪੀ ਰਤਨ ਪਾਇਆ ਹੈ, ਉਸ ਦੀ ਸੇਵਾ ਹੀ ਮੇਰੀ ਜ਼ਿੰਦਗੀ ਹੈ, ਇਹੋ ਹੀ ਅਨੁਭਵ ਹੋਇਆ ਹੈ:

*ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ॥ ਸਤਿਗੁਰੁ ਸੇਵੀ ਅਵਰੁ ਨ ਦੂਜਾ॥*
*ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ॥*
*(ਪੰਨਾ ੧੬੨)*

ਅੱਗੇ ਕਹਿੰਦੇ ਹਨ, ਮੇਰਾ ਸਤਿਗੁਰੂ ਨਾਲ ਪਿਆਰ ਹੈ, ਮੈਂ ਉਸ ਬਗੈਰ ਜ਼ਿੰਦਾ ਕਿਵੇਂ ਰਹਿ ਸਕਦਾ ਹਾਂ! ਮੇਰੇ ਜੀਣ ਦਾ ਆਧਾਰ ਹੀ ਗੁਰਬਾਣੀ ਹੈ ਤੇ ਮੈਂ ਤਾਂ ਅੱਠੇ ਪਹਿਰ ਗੁਰਬਾਣੀ ਨਾਲ ਲਗਾਓ ਰੱਖਦਾ ਹਾਂ:

*ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ॥*
*ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥* *(ਪੰਨਾ ੭੫੯)*

ਪੰਚਮ ਪਾਤਸ਼ਾਹ ਜੀ ਤਾਂ ਕਹਿ ਉੱਠਦੇ ਹਨ, ਮੇਰਾ ਹਰੀ ਮਿਲਾਪ ਲਈ ਮਨ ਲੋਚਦਾ ਹੈ ਕਿ ਦਰਸ਼ਨ ਕਿਵੇਂ ਹੋਣਗੇ? ਹੇ ਪਭੂ! ਮੈਂ ਤਾਂ ਲੱਖਾਂ ਦੀ ਪ੍ਰਾਪਤੀ ਕਰ ਲਵਾਂ ਜੇ ਕਦੇ ਇਕ ਵਾਰ ਹੀ ਬੁਲਾ ਲਵੇਂ! ਮਨ ਦੀ ਬਿਹਬਲਤਾ ਦਾ ਬਿਆਨ ਹੋਰ ਕਿਹੜੇ ਲਫ਼ਜ਼ਾਂ ਵਿਚ ਬਿਆਨਿਆ ਜਾ ਸਕਦਾ ਹੈ?

*ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ॥*
*ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ॥* *(ਪੰਨਾ ੧੦੯੬)*

ਜਿਸ ਨੂੰ ਸਤਿਗੁਰੂ ਚੰਗਾ ਮਿਲ ਗਿਆ ਉਹ ਤਾਂ ਆਪੇ ਹੀ ਮੁਕਤ ਹੋ ਗਿਆ:

*ਸੋ ਮੁਕਤੁ ਨਾਨਕ ਜਿਸ ਸਤਿਗੁਰ ਚੰਗਾ॥* *(ਪੰਨਾ ੧੩੦੫)*

ਮੇਰੇ ਮਨ ਦੀ ਅਵਸਥਾ ਇਹ ਹੋ ਗਈ ਹੈ ਕਿ ਉਹ ਸਾਰੇ ਥਾਈਂ ਸੋਂਹਦਾ ਹੈ।

ਉਸ ਬਗੈਰ ਕੋਈ ਦੂਜਾ ਨਹੀਂ ਦਿੱਸਦਾ। ਇਹ ਸੋਝੀ ਮੈਨੂੰ ਹੀ ਹੋਈ ਹੈ ਜਦ ਮੈਂ ਆਪਣਾ ਆਪ ਸਤਿਗੁਰੂ ਨੂੰ ਸਮਰਪਿਤ ਕਰ ਦਿੱਤਾ ਹੈ:

*ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ॥*
*ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ॥* *(ਪੰਨਾ ੮੦)*

ਤੇ ਇੰਞ ਕਹਿ ਉੱਠਦੇ ਹਨ ਪ੍ਰਭੂ-ਜਸ ਕੰਨਾਂ ਨਾਲ ਸੁਣੀਏ, ਜੀਭਾ ਨਾਲ ਗਾਇਨ ਕਰੀਏ, ਹਿਰਦੇ ਵਿਚ ਉਸ ਨੂੰ ਧਿਆਈਏ। ਉਹ ਸਭ ਕੁਝ ਕਰਨ ਦੇ ਸਮਰੱਥ ਹੈ। ਉਸ ਦੇ ਦਰ 'ਤੇ ਝੁਕਣਾ ਵਿਅਰਥ ਨਹੀਂ, ਸਫ਼ਲਾ ਹੈ:

*ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ॥*
*ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ॥* *(ਪੰਨਾ ੬੧੧)*

ਗੁਰੂ ਜੀ ਨੇ ਸਿਰੇ ਦੀ ਗੱਲ ਕਹਿ ਦਿੱਤੀ ਹੈ, ਹੇ ਮਨੁੱਖ! ਜੇ ਤੂੰ ਪ੍ਰਭੂ ਨਾਲ ਜੁੜੇਂਗਾ ਤਾਂ ਸਭ ਤੇਰੇ ਮਿੱਤਰ ਹੋਣਗੇ, ਤੇਰਾ ਚਿਤ ਵੀ ਸਥਿਰ ਰਹੇਗਾ, ਕਦੀ ਸ਼ੱਕ ਅਤੇ ਕਦੀ ਸ਼ਰਧਾ— ਇਸ ਦੁਚਿੱਤੀ ਵਿਚ ਨਹੀਂ ਰਹੇਗਾ:

*ਹਰਿ ਸਿਉ ਜੁਰੈ ਤ ਸਭੁ ਕੋ ਮੀਤੁ॥ ਹਰਿ ਸਿਉ ਜੁਰੈ ਤ ਨਿਹਚਲੁ ਚੀਤੁ॥*
*(ਪੰਨਾ ੨੩੮)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਖਸਮ ਦੇ ਬੋਲ ਹਨ। ਧੁਰ ਕੀ ਬਾਣੀ ਹੈ। ਗੁਰੂ ਸਾਹਿਬਾਨ ਦਾ ਅਕਾਲ ਪੁਰਖ ਬਾਰੇ ਅਨੁਭਵ ਹੈ। ਇਹ ਉਹ ਬੋਲ ਹਨ ਜੋ ਉਨ੍ਹਾਂ ਨੇ ਉੱਚੀ ਅਵਸਥਾ ਵਿਚ ਅਸਾਂ ਦੁਨਿਆਵੀਆਂ ਲਈ ਉਚਾਰੇ। ਉਹ ਆਪ ਤਾਂ ਅਨੰਦ ਮਾਣਦੇ ਸੀ, ਸਾਨੂੰ ਇਹ ਅਨੰਦਤ ਹੋਣ ਲਈ ਖਜ਼ਾਨਾ ਬਖਸ਼ ਗਏ ਹਨ। 'ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ' ਅਸੀਂ ਅਰਦਾਸ ਵੇਲੇ ਕਹਿੰਦੇ ਹਾਂ। ਗੁਰੂ ਸਾਹਿਬ ਵੀ ਤਾਂ ਕਹਿੰਦੇ ਨੇ 'ਪੋਥੀ ਪਰਮੇਸਰ ਕਾ ਥਾਨੁ'।

ਸਾਡੇ ਰਹਿਬਰਾਂ ਨੂੰ ਜੋ ਪ੍ਰਭੂ-ਦਰੋਂ ਅਨੁਭਵੀ ਬੋਲ ਪ੍ਰਾਪਤ ਹੋਏ ਉਹ ਸਾਡੇ ਲਈ ਰਾਹ-ਦਸੇਰੇ ਹਨ। ਇਹ ਜੁਗਾਂ ਤੀਕਰ ਹਨ੍ਹੇਰੇ ਹਿਰਦਿਆਂ ਨੂੰ ਰੁਸ਼ਨਾਉਂਦੇ ਰਹਿਣਗੇ! ਹਰ ਸਿੱਖ ਮਾਣ ਨਾਲ ਕਹਿ ਸਕਦਾ ਹੈ: ਅਕਾਲ ਪੁਰਖ ਦਾ ਅਨੁਭਵੀ ਸਰੂਪ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ!

■

## ਗੁ:ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਵਿਖੇ ਅੰਮ੍ਰਿਤ-ਸੰਚਾਰ

ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਤੋਂ ਭਾਈ ਜੋਗਾ ਸਿੰਘ ਹੈੱਡ ਗ੍ਰੰਥੀ ਦੀ ਪੁੱਜੀ ਰਿਪੋਰਟ ਅਨੁਸਾਰ ਮਿਤੀ ੯-੧੨-੦੭ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮੇਂ ੪੦ ਪ੍ਰਾਣੀਆਂ ਨੇ ਅੰਮ੍ਰਿਤਪਾਨ ਕਰਕੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਜਾਗਤ-ਜੋਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ

*-ਸ. ਜਸਵਿੰਦਰ ਸਿੰਘ**

ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਸਾਰ ਵਿਚ ਹੋਰ ਕੋਈ ਸਾਨੀ ਗ੍ਰੰਥ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਛੇ ਗੁਰੂ ਸਾਹਿਬਾਨ ਦੀ ਪਾਵਨ-ਪਵਿੱਤਰ ਬਾਣੀ ਤੋਂ ਇਲਾਵਾ ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਅਤੇ ਗੁਰੂ ਕੇ ਨਿਕਟਵਰਤੀ ਚਾਰ ਸਿੱਖਾਂ-ਸੇਵਕਾਂ ਦੀ ਬਾਣੀ ਸੁਸ਼ੋਭਿਤ ਹੈ। ਭਗਤ ਤੇ ਭੱਟ ਸਾਹਿਬਾਨ ਭਾਵੇਂ ਸਰੀਰਿਕ ਤੌਰ 'ਤੇ ਵੱਖੋ-ਵੱਖ ਦਿੱਸਦੇ ਹਨ, ਪਰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਅਰੰਭੀ ਵਿਚਾਰਧਾਰਾ ਨਾਲੋਂ ਉਨ੍ਹਾਂ ਦਾ ਕਿਤੇ ਵੀ ਵਖਰੇਵਾਂ ਨਜ਼ਰ ਨਹੀਂ ਆਉਂਦਾ; ਕਿਉਂਕਿ ਮੰਜ਼ਿਲ ਇੱਕ ਤੇ ਪੰਥ ਇੱਕ ਹੈ, ਖ਼ਾਲਸ, ਨਿਰਮਲ ਤੇ ਉੱਤਮ। ਸੋਚਣੀ ਵੀ ਇੱਕ ਤੇ ਵਿਚਾਰਧਾਰਾ ਵੀ ਇੱਕ, ਬੜਾ ਅਨੋਖਾ ਸੁਮੇਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਣਿਤ ਵਿਚਾਰਧਾਰਾ ਰਾਹੀਂ ਸਮੁੱਚੀ ਮਨੁੱਖਤਾ ਦਾ ਭਲਾ ਦਰਸਾਇਆ ਗਿਆ ਹੈ। ਜੇ ਕੋਈ ਪ੍ਰਾਣੀ ਇਸ ਵਿਚਾਰਧਾਰਾ ਨੂੰ ਸਮਝ ਕੇ ਆਪਣੀ ਜ਼ਿੰਦਗੀ ਦੇ ਅਮਲ ਵਿਚ ਲਿਆਉਂਦਾ ਹੈ ਤਾਂ ਉਸ ਦਾ ਕਲਿਆਣ ਅਵੱਸ਼ ਹੁੰਦਾ ਹੈ।

ਪੰਚਮ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ੧੬੦੪ ਈ. ਨੂੰ ਗੁਰਦੁਆਰਾ ਰਾਮਸਰ ਸਾਹਿਬ ਦੇ ਪਾਵਨ ਅਸਥਾਨ 'ਤੇ ਭਾਈ ਗੁਰਦਾਸ ਜੀ ਪਾਸੋਂ 'ਆਦਿ ਗ੍ਰੰਥ ਸਾਹਿਬ' ਲਿਖਵਾਇਆ ਜਿਨ੍ਹਾਂ ਦਾ ਪਹਿਲਾ ਪਾਵਨ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਜੋ ਅੱਜਕਲ੍ਹ ਸਾਡੇ ਵਿਚ ਬਿਰਾਜਮਾਨ ਹਨ, ਇਹ ਦਮਦਮਾ ਸਾਹਿਬ ਵਾਲੀ ਬੀੜ (ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਇਆ ਸੀ) 'ਤੇ ਆਧਾਰਤ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਾਗਤ-ਜੋਤ ਸਤਿਗੁਰੂ ਜੀ ਹਨ, ਜਿਨ੍ਹਾਂ ਦੀ ਜੁਗੋ-ਜੁਗ ਅਟੱਲਤਾ ਬਾਰੇ, ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ (ਮਹਾਂਰਾਸ਼ਟਰ) ਦੇ ਮੁਕਾਮ 'ਤੇ ਸਿੱਖ ਸੰਗਤਾਂ ਨੂੰ ਬਾਕਾਇਦਾ ਹੁਕਮ ਕੀਤਾ ਹੋਇਆ ਹੈ। ਇਸ ਹੁਕਮ ਦੀ ਪਾਲਨਾ ਵਜੋਂ ਸਿੱਖ ਸੰਗਤਾਂ ਸਵੇਰ-ਸ਼ਾਮ ਅਰਦਾਸ ਮਗਰੋਂ 'ਗੁਰੂ ਮਾਨੀਓ ਗ੍ਰੰਥ' ਦੀ ਸੰਥਿਆ ਸਦੀਆਂ ਤੋਂ ਪਕਾਉਂਦੀਆਂ ਆ ਰਹੀਆਂ ਹਨ। ਇੰਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

**56-ਏ, ਸ੍ਰੀ ਦਰਬਾਰ ਸਾਹਿਬ ਕਾਲੋਨੀ, ਨੇੜੇ ਈਦਗਾਹ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ।*

ਗੁਰਿਆਈ ਨਾਲ ਸਿੱਖ ਪੰਥ ਵਿਚ ਸ਼ਬਦ-ਗੁਰੂ ਦਾ ਸਿਧਾਂਤ ਪੱਕੇ ਤੌਰ 'ਤੇ ਸਥਾਪਤ ਹੋ ਚੁੱਕਾ ਹੈ। ਹੁਣ ਕਿਸੇ ਦੇਹਧਾਰੀ ਮਨੁੱਖ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਆਪਣੀ ਪੂਜਾ ਕਰਵਾਉਣਾ ਜਾਂ ਕਿਸੇ ਹੋਰ ਪੁਸਤਕ/ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਪ੍ਰਕਾਸ਼ ਕਰਕੇ ਪੂਜਣਾ, ਸ਼ਬਦ-ਗੁਰੂ ਦੀ ਘੋਰ-ਬੇਅਦਬੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਕਾਇਮ ਰੱਖਦਿਆਂ ਹੋਇਆਂ ਗੁਰਬਾਣੀ ਦਾ ਪਠਨ-ਪਾਠਨ ਅਤੇ ਗਾਇਨ ਕਰਨਾ, ਹਰ ਗੁਰੂ ਕੇ ਸਿੱਖ ਦਾ ਪਰਮ ਕਰਤੱਵ ਹੈ। ਪਰ ਇਹ ਵੀ ਧਿਆਨ ਰਹੇ ਕਿ ਜਿੱਥੇ ਪਾਵਨ ਗੁਰਬਾਣੀ ਦਾ ਪਠਨ-ਪਾਠਨ ਜ਼ਰੂਰੀ ਹੈ, ਉਥੇ ਇਸ ਵਿਚ ਵਰਣਿਤ ਤੇ ਸਮਝਾਏ ਗਏ ਗੁਰ-ਉਪਦੇਸ਼ ਨੂੰ ਸਮਝਣਾ ਅਤੇ ਅਮਲੀ ਜੀਵਨ ਵਿਚ ਧਾਰਨ ਕਰਨਾ ਵੀ ਹਰ ਗੁਰਸਿੱਖ ਲਈ ਓਨਾ ਹੀ ਜ਼ਰੂਰੀ ਹੈ।

ਅਸੀਂ ਦੇਖਦੇ ਹਾਂ ਕਿ ਅੱਜ ਸਾਡੇ ਆਸ-ਪਾਸ ਗੁਰਬਾਣੀ ਦਾ ਪਠਨ-ਪਾਠਨ ਇਤਨਾ ਹੋ ਰਿਹਾ ਹੈ, ਜਿਤਨਾ ਸ਼ਾਇਦ ਗੁਰੂ ਸਾਹਿਬਾਨ ਦੇ ਵੇਲੇ ਵੀ ਨਹੀਂ ਹੋਇਆ ਹੋਵੇਗਾ! 'ਪੜਿ ਪੜਿ ਗਡੀ ਲਦੀਅਹਿ' ਵਾਲੀ ਗੱਲ ਬਣੀ ਹੋਈ ਹੈ। ਪਰ ਪਾਵਨ ਗੁਰਬਾਣੀ ਦਾ ਏਨਾ ਪਠਨ-ਪਾਠਨ ਕਰਨ ਦੇ ਬਾਵਜੂਦ ਵੀ ਸਾਡਾ ਪਾਠ ਕਰਨ ਵਾਲਿਆਂ ਦਾ ਜੀਵਨ ਕਿਰਦਾਰ ਪੱਖੋਂ ਗੁਰਬਾਣੀ ਆਧਾਰਤ ਨਹੀਂ ਹੈ। ਅੱਜ ਦੇ ਇਸ ਸਮਾਜਿਕ ਵਰਤਾਰੇ ਵਿਚ ਕੋਈ ਵਿਰਲਾ ਗੁਰਮੁਖ ਸੱਜਣ, ਜਿਸ ਉੱਤੇ ਅਕਾਲ ਪੁਰਖ ਦੀ ਪੂਰਨ ਕਿਰਪਾ-ਦ੍ਰਿਸ਼ਟੀ ਹੋਈ ਹੋਵੇਗੀ, ਉਹ ਹੀ ਗੁਰਮਤਿ-ਵਿਹੂਣੇ ਕਿਰਦਾਰ ਦੀ ਮਾਰ ਤੋਂ ਬਚਿਆ ਹੋਵੇਗਾ। ਜੇ ਅਸੀਂ ਥੋੜ੍ਹਾ ਜਿਹਾ ਇਸ ਪਾਸੇ ਧਿਆਨ ਮਾਰੀਏ ਤਾਂ ਕਾਰਨ ਸਪੱਸ਼ਟ ਹੈ ਕਿ ਅੱਜ ਪਾਵਨ ਗੁਰਬਾਣੀ ਦੇ ਪਠਨ-ਪਾਠਨ ਦਾ ਵਰਤਾਰਾ ਆਮ ਕਰਕੇ ਬਿਨਾਂ ਸਮਝ ਤੋਂ ਚੱਲ ਰਿਹਾ ਹੈ।

ਪਾਵਨ ਗੁਰਬਾਣੀ ਦਾ ਪਾਠ ਅੱਜ ਇਕ ਰਸਮ-ਪੂਰਤੀ ਮਾਤਰ ਬਣ ਗਿਆ ਹੈ; ਇਸ ਵਿੱਚੋਂ ਕੁਝ ਸਮਝਣ ਦੀ ਭਾਵਨਾ ਗਾਇਬ ਹੀ ਹੁੰਦੀ ਜਾ ਰਹੀ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਠਨ-ਪਾਠਨ ਤਾਂ ਬੜੇ ਜ਼ੋਰ-ਸ਼ੋਰ ਨਾਲ ਕਰੀ ਜਾ ਰਹੇ ਹਾਂ, ਪਰ ਇਨ੍ਹਾਂ ਵਿਚ ਦਿੱਤੇ ਗਏ, ਗੁਰ-ਉਪਦੇਸ਼ ਨੂੰ ਸਮਝਣ ਅਤੇ ਜ਼ਿੰਦਗੀ ਦੇ ਅਮਲ ਵਿਚ ਲਿਆਉਣ ਤੋਂ ਦਿਨ-ਬ-ਦਿਨ ਅਵੇਸਲੇ ਹੁੰਦੇ ਜਾ ਰਹੇ ਹਾਂ। ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਉੱਤੇ ਅਮਲ ਕਰਨ ’ਤੇ ਜ਼ੋਰ ਦੇਣ ਦਾ ਭਾਵ ਦਸ ਗੁਰੂ ਸਾਹਿਬਾਨ ਦੀ ਆਤਮਿਕ ਜੋਤ ਹਾਜ਼ਰ-ਨਾਜ਼ਰ ਗੁਰੂ ਦੇ ‘ਸਿੱਖ ਰਹਿਤ ਮਰਯਾਦਾ’ ਮੁਤਾਬਕ ਨਿਰਧਾਰਤ ਕੀਤੇ ਗਏ ਅਦਬ-ਸਤਿਕਾਰ ਪ੍ਰਤੀ ਅਣਗਹਿਲੀ ਕਦਾਚਿਤ ਨਹੀਂ ਹੈ।

ਸਾਡੇ ਲਈ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਤਸ਼ਾਹਾਂ-ਸਿਰ-ਪਾਤਸ਼ਾਹ ਹਨ। ਇਨ੍ਹਾਂ ਦੇ ਅਦਬ-ਸਤਿਕਾਰ ਲਈ ਜਿੰਨਾ ਕੁਝ ਵੀ ਇਕ ਸਿੱਖ ਪਾਸੋਂ ਹੋ ਸਕੇ, ਕਰਨਾ ਚਾਹੀਦਾ ਹੈ। ਗੁਰੂ ਦੀ ਸਿੱਖਿਆ, ਗੁਰਬਾਣੀ ਦਾ ਗਿਆਨ

ਪ੍ਰਾਪਤ ਕਰਨਾ ਵੀ ਤਾਂ ਆਪਣਾ ਹੀ ਕੰਮ ਹੈ। ਅੱਜ ਅਸੀਂ ਇਸ ਨੂੰ ਆਪਣਾ ਕੰਮ ਨਹੀਂ ਸਮਝਦੇ, ਸਗੋਂ ਇਹ ਕੰਮ ਸਮੁੱਚੇ ਤੌਰ 'ਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬਾਨ ਤੇ ਪ੍ਰਚਾਰਕ ਸਾਹਿਬਾਨ ਦੇ ਆਸਰੇ ਛੱਡ ਰੱਖਿਆ ਹੈ ਜਦੋਂ ਕਿ ਸਭ ਤੋਂ ਪਹਿਲਾਂ ਤਾਂ ਸਾਨੂੰ ਆਪ ਗੁਰਮਤਿ ਦੀ ਵਿਚਾਰਧਾਰਾ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਗੁਰਮਤਿ ਮਰਯਾਦਾ ਅਨੁਸਾਰ ਕਰਨਾ ਸਾਡਾ ਸਭਨਾਂ ਦਾ ਫ਼ਰਜ਼ ਬਣਦਾ ਹੈ। ਪਰ ਆਮ ਸ਼ਰਧਾਲੂ-ਮਨ ਲੋਕ-ਦਿਖਾਵੇ ਲਈ ਇਸ ਤੋਂ ਵੀ ਕਿਤੇ ਅੱਗੇ ਲੰਘ ਜਾਂਦਾ ਹੈ। ਉਹ ਐਸਾ ਕਰਕੇ ਗੁਰੂ ਸਾਹਿਬ ਪਾਸੋਂ ਕਈ ਦੁਨਿਆਵੀ ਮੰਗਾਂ ਮੰਗਦਾ ਹੈ ਤੇ ਆਸ ਕਰਦਾ ਹੈ ਕਿ ਉਸ ਦੀਆਂ ਸਰਬ-ਇੱਛਾਵਾਂ ਪੂਰੀਆਂ ਹੋਣਗੀਆਂ। ਮੇਰਾ ਸਤਿਗੁਰੂ ਪਾਤਸ਼ਾਹ ਇਹ ਮੰਗਾਂ ਪੂਰੀਆਂ ਕਰ ਵੀ ਦਿੰਦਾ ਹੈ, ਪਰ ਇਹ ਖ਼ੁਦਗਰਜ਼ ਮਨੁੱਖ ਮੰਗਾਂ ਪੂਰੀਆਂ ਹੋਣ 'ਤੇ ਉਸ ਕਰਤੇ ਨੂੰ ਵਿਸਾਰ ਦਿੰਦਾ ਹੈ। ਉਸ ਦੀਆਂ ਦਿੱਤੀਆਂ ਹੋਈਆਂ ਦਾਤਾਂ ਨੂੰ ਭੋਗਣ ਵਿਚ ਹੀ ਖੱਚਤ ਹੋ ਕੇ ਰਹਿ ਜਾਂਦਾ ਹੈ :

*ਦਾਤਿ ਪਿਆਰੀ ਵਿਸਰਿਆ ਦਾਤਾਰਾ॥*
*ਜਾਣੈ ਨਾਹੀ ਮਰਣੁ ਵਿਚਾਰਾ॥* *(ਪੰਨਾ ੬੭੬)*

ਗੁਰੂ ਸਾਹਿਬਾਨ ਨੇ ਆਪਣੇ ਸਮੁੱਚੇ ਜੀਵਨ ਦੀ ਘਾਲ-ਕਮਾਈ ਦੁਆਰਾ ਸਾਨੂੰ ਗੁਰਮਤਿ ਦੇ ਸਿਧਾਂਤਾਂ ਦਾ ਇਕ ਅਮੋਲ ਤੇ ਦੁਰਲੱਭ ਖ਼ਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ 'ਚ ਬਖਸ਼ਿਆ ਹੈ। ਪਰ ਅਸੀਂ ਇਨ੍ਹਾਂ ਗੁਰਮਤਿ ਦੇ ਅਸੂਲਾਂ ਨੂੰ ਸਮਝਣ/ਸਮਝਾਉਣ ਅਤੇ ਅਪਣਾਉਣ ਤੋਂ ਦਿਨ-ਬ-ਦਿਨ ਅਵੇਸਲੇ ਹੁੰਦੇ ਚਲੇ ਜਾ ਰਹੇ ਹਾਂ। ਇਸੇ ਕਰਕੇ ਹੀ ਸਿੱਖ ਸਮਾਜ ਅੰਦਰ ਪੈਦਾ ਹੋ ਰਹੇ ਅਖੌਤੀ ਸੰਤ ਤੇ ਡੇਰੇਦਾਰ ਅਸਿੱਧੇ ਰੂਪ 'ਚ ਆਪਣੀ ਹੀ ਪੂਜਾ ਕਰਾਉਣ ਪ੍ਰਤੀ ਰੁਚਿਤ ਹਨ, ਜਿਵੇਂ ਕਿ ਅੱਜ ਦੇ ਮੌਜੂਦਾ ਹਾਲਾਤ ਅੰਦਰ ਕਈ ਅਖੌਤੀ ਸਾਧਾਂ ਦੇ ਡੇਰਿਆਂ ਵੱਲੋਂ ਬਣਾਏ ਜਾ ਚੁਕੇ ਹਨ ਤੇ ਹੋਰ ਵੀ ਬਣਾਏ ਜਾ ਰਹੇ ਹਨ।

ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨਾ ਅਸੀਂ ਇਸੇ ਪ੍ਰਕਿਰਿਆ ਨੂੰ ਹੀ ਸਮਝ ਰੱਖਿਆ ਹੈ ਕਿ ਗੁਰੂ-ਘਰ ਆਏ, ਪੈਸੇ ਚੜ੍ਹਾਏ, ਮੱਥਾ ਟੇਕਿਆ, ਪ੍ਰਸ਼ਾਦ ਲਿਆ ਅਤੇ ਆਪਣੇ ਕੰਮ-ਕਾਜ 'ਚ ਰੁੱਝ ਗਏ। ਅਸੀਂ ਇਸ ਤਰ੍ਹਾਂ ਦੇ ਆਪਣੇ ਬਣਾਏ ਸਰਕਲ ਵਿਚ ਹੀ ਘੁੰਮਦੇ ਰਹਿੰਦੇ ਹਾਂ। ਪਰ ਜੇਕਰ ਥੋੜ੍ਹਾ ਬਿਬੇਕ ਬੁੱਧੀ ਤੋਂ ਕੰਮ ਲਿਆ ਜਾਵੇ ਅਤੇ ਗੁਰਮਤਿ ਅਨੁਸਾਰੀ ਮਰਯਾਦਾ, 'ਸਿੱਖ ਰਹਿਤ ਮਰਯਾਦਾ' ਹਰ ਕਦਰ ਲਾਗੂ ਕਰ ਲਈਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਕਰਨ ਦਾ ਢੰਗ ਬਹੁਤ ਉਚੇਰਾ ਤੇ ਲਾਭਦਾਇਕ ਸਾਬਤ ਹੋ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਅਸੀਂ ਇਸ ਕਰਕੇ ਕਰਨਾ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਗੁਰਬਾਣੀ ਦੇ ਰੂਪ 'ਚ ਸਤਿਗੁਰੂ

ਸਾਹਿਬਾਨ ਜੀ ਦੇ ਅਨਮੋਲ ਬਚਨ ਤੇ ਅਕਾਲੀ ਬਾਣੀ 'ਬਾਣੀਆ ਸਿਰਿ ਬਾਣੀ' ਦਰਜ ਹੈ ਅਤੇ ਦਸਮ ਪਾਤਸ਼ਾਹ ਜੀ ਨੇ ਇਸ ਗ੍ਰੰਥ ਨੂੰ 'ਜੁਗੋ-ਜੁਗ ਅਟੱਲ ਗੁਰੂ' ਦੀ ਪਦਵੀ ਬਖਸ਼ੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ-ਵਿਚਾਰ ਤੋਂ ਹਰ ਸਿੱਖ ਨੂੰ ਹਮੇਸ਼ਾਂ ਹੀ ਸੁਚੱਜੀ ਜੀਵਨ-ਜਾਚ ਮਿਲਦੀ ਹੈ, ਜਿਸ ਰਾਹੀਂ ਹਰ ਪ੍ਰਾਣੀ-ਮਾਤਰ ਦਾ ਕਲਿਆਣ ਅਵੱਸ਼ ਹੁੰਦਾ ਹੈ। ਸੋਚਣ ਦੀ ਲੋੜ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬਗੁਣ ਸੰਪੰਨ ਸਾਡੇ 'ਚ ਬਿਰਾਜਮਾਨ ਹੋਣ ਦੇ ਬਾਵਜੂਦ ਅਜੋਕਾ ਸਿੱਖ ਸਮਾਜ ਫਿਰ ਵੀ ਪਤਾ ਨਹੀਂ ਕਿਉਂ ਅਖੌਤੀ ਡੇਰੇਦਾਰਾਂ ਅਤੇ ਮੜ੍ਹੀਆਂ-ਕਬਰਾਂ ਦੀ ਪੂਜਾ ਕਰਦਾ ਭੱਜਿਆ ਫਿਰਦਾ ਹੈ? ਇਸ ਸਭ ਕੁਝ ਨੂੰ ਵੇਖਦਿਆਂ ਹੀ ਅੱਜ ਸਾਨੂੰ ਸਿੱਖਾਂ ਨੂੰ ਹੋਰ ਸ਼੍ਰੇਣੀਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਇਹ ਵੀ ਬੁੱਤ-ਪੂਜਕ ਅਤੇ ਬੁੱਤਾਂ ਨੂੰ ਪੂਜਣ ਵਾਲਿਆਂ ਵਿੱਚੋਂ ਹੀ ਹਨ ਅਤੇ ਇਨ੍ਹਾਂ ਸਿੱਖਾਂ ਨੂੰ ਬੁੱਤ-ਪੂਜਕਾਂ ਦੀ ਰੱਖਿਆ ਲਈ ਹੀ ਹਥਿਆਰਬੰਦ ਕੀਤਾ ਗਿਆ ਸੀ।

ਪਰ ਅਸਲ 'ਚ ਸਤਿਗੁਰੂ ਸਾਹਿਬਾਨ ਜੀ ਨੇ ਸਾਨੂੰ ਸਿੱਖਾਂ ਨੂੰ ਬਾਕੀ ਸਭਨਾਂ ਤੋਂ ਨਿਆਰਾ ਤੇ ਸ਼ੁੱਧ ਰੂਪ ਬਖਸ਼ਿਆ ਅਤੇ ਆਪਣੇ ਜੈਸਾ ਬਣਾਇਆ ਹੈ :

*ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ।*
*ਜਬ ਇਹ ਗਹੇ ਬਿਪਰਨ ਕੀ ਰੀਤ। ਮੈਂ ਨ ਕਰੋਂ ਇਨ ਕੀ ਪਰਤੀਤ।*

ਲੇਕਿਨ ਅਸੀਂ ਗੁਰੂ ਸਾਹਿਬਾਨ ਦੇ ਬਚਨਾਂ ਨੂੰ ਨਾ ਤਾਂ ਧਿਆਨ ਨਾਲ ਸੁਣਿਆ, ਨਾ ਸਮਝਿਆ ਤੇ ਨਾ ਹੀ ਆਪਣੀ ਜ਼ਿੰਦਗੀ ਦੇ ਅਮਲ ਵਿਚ ਲਿਆਂਦਾ ਹੈ। ਤਦ ਹੀ ਸਾਨੂੰ ਬਾਕੀ ਮੱਤਾਂ ਵਾਲੇ ਅੱਜ ਆਪਣੇ ਵਰਗੇ ਹੀ ਸਮਝ ਤੇ ਆਖ ਰਹੇ ਹਨ। ਹੁਣ ਫਿਰ ਪੰਥਕ ਮਰਯਾਦਾ ਨੂੰ ਛੱਡ ਕੇ ਆਪੋ-ਆਪਣੀਆਂ ਮਰਯਾਦਾਵਾਂ ਲਾਗੂ ਕਰ ਕੇ ਖੱਜਲ-ਖੁਆਰ ਵੀ ਤਾਂ ਆਪਾਂ ਹੀ ਹੋਏ ਫਿਰਦੇ ਹਾਂ! 'ਨੌਂ ਪੂਰਬੀਏ ਤੇਰਾਂ ਚੁੱਲ੍ਹੇ' ਅਖਾਣ ਮੁਤਾਬਕ ਹਰ ਕੋਈ ਆਪਣੀ ਵੱਖਰੀ ਢਾਈ ਪਾ ਖਿੱਚੜੀ ਰਿੰਨ੍ਹ ਰਿਹਾ ਹੈ।

ਸਾਨੂੰ ਆਪਣੇ ਜਾਗਤ-ਜੋਤਿ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਪ੍ਰਤੀਤ ਹੀ ਨਹੀਂ ਰਹੀ ਜਾਪਦੀ। ਸੱਚੇ ਸਤਿਗੁਰੂ ਨੂੰ ਛੱਡ ਕੇ ਕੋਈ ਇਸ ਡੇਰੇ ਅਤੇ ਕੋਈ ਓਸ ਡੇਰੇ ਆਪਣੀਆਂ ਦੁਨਿਆਵੀ ਲੋੜਾਂ ਦੀ ਪੂਰਤੀ ਲਈ ਤੁਰਿਆ ਫਿਰਦਾ ਹੈ:

*ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ।* *(ਵਾਰ ੧੫/੪)*

ਕਿਉਂ ਨਾ ਅਸੀਂ ਇਕ ਐਸੇ ਦਾਤੇ ਦੇ ਲੜ ਲੱਗੀਏ ਕਿ ਸਾਨੂੰ ਕਿਸੇ ਹੋਰ ਪਾਸੋਂ ਮੰਗਣ ਦੀ ਲੋੜ ਹੀ ਨਾ ਰਹਿ ਜਾਵੇ?

*ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ।* *(ਵਾਰ ੨੭/੧੫)*

ਸੱਚੇ ਸਤਿਗੁਰੂ ਨੂੰ ਛੱਡ ਕੇ ਐਸੇ ਰਾਹਾਂ 'ਤੇ ਤੁਰਦਿਆਂ ਹੋਇਆਂ ਗ਼ਲਤੀਆਂ ਸਾਡੀਆਂ ਆਪਣੀਆਂ ਹਨ, ਕਿਸੇ ਦਾ ਕੀ ਕਸੂਰ? ਇਨ੍ਹਾਂ ਦਾ ਖ਼ਮਿਆਜ਼ਾ ਵੀ ਤਾਂ ਹੁਣ ਆਪਾਂ ਨੂੰ ਹੀ ਭੁਗਤਣਾ ਪੈਣਾ ਹੈ।

ਗੁਰਮਤਿ ਵਿਚ ਸਿਧਾਂਤਕ ਤੌਰ 'ਤੇ ਬੁੱਤ-ਪੂਜਾ, ਦੇਹਵਾਦ ਤੇ ਅਵਤਾਰਵਾਦ

ਲਈ ਕੋਈ ਥਾਂ ਹੈ ਹੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਮੂਰਤੀ-ਪੂਜਾ ਦਾ ਖੰਡਨ ਕਰਨ ਦੇ ਬੇਅੰਤ ਪ੍ਰਮਾਣ ਤੇ ਦਲੀਲਾਂ ਮੌਜੂਦ ਹੋਣ ਦੇ ਬਾਵਜੂਦ ਸਿੱਖ ਸਮਾਜ ਅੰਦਰ ਸਾਕਾਰ ਦੀ ਪੂਜਾ ਇੰਨੀ ਗਹਿਰਾਈ ਨਾਲ ਘਰ ਕਰ ਗਈ ਹੈ ਕਿ ਅੱਜ ਇਸ ਤੋਂ ਖਹਿੜਾ ਛੁਡਵਾਉਣਾ ਔਖਾ ਹੋਇਆ ਪਿਆ ਹੈ। ਕਿਸੇ ਸੰਤ, ਮਹੰਤ, ਮਹਾਤਮਾ ਜਾਂ ਗੱਦੀਨਸ਼ੀਨ ਆਦਿ ਨੂੰ ਗੁਰੂ ਕਹਿਣਾ ਜਾਂ ਗੁਰੂ ਤੁਲ ਸਮਝਣਾ 'ਸ਼ਬਦ-ਗੁਰੂ', ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਹੈ।

ਸੋ, ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਵਿਚ ਜਾਗਤ-ਜੋਤਿ ਰੂਪ 'ਚ ਬਿਰਾਜਮਾਨ ਹਨ, ਅਸੀਂ ਜੋ ਕੁਝ ਲੈਣਾ ਹੈ, ਇਨ੍ਹਾਂ ਪਾਸੋਂ ਲਈਏ! ਸਾਡੀਆਂ ਹਰ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਇਹੋ ਹੀ ਸਮਰੱਥ ਹਨ; ਜਿਨ੍ਹਾਂ ਨੇ ਸਭ ਕੁਝ ਦੇ ਕੇ ਵੀ ਜਤਾਉਣਾ ਨਹੀਂ। ਉਹ ਅਕਾਲ ਪੁਰਖ ਵਾਹਿਗੁਰੂ ਬਿਨਾਂ ਵਿਤਕਰੇ ਦੇ ਸਭ ਨੂੰ ਦਿੰਦਾ ਹੈ, ਪਰ ਅਸੀਂ ਲੈਣ ਵਾਲੇ ਥੱਕ ਜਾਂਦੇ ਹਾਂ, ਉਸ ਨੂੰ ਵਿਸਾਰ ਕੇ ਕਿਸੇ ਹੋਰ ਪਾਸੇ ਮੂੰਹ ਅੱਡ ਲੈਂਦੇ ਹਾਂ:

*ਦੇਦਾ ਦੇ ਲੈਦੇ ਥਕਿ ਪਾਹਿ॥* *(ਜਪੁਜੀ ਸਾਹਿਬ)*

ਮੰਨ ਲਵੋ ਜੇਕਰ ਕਿਸੇ ਅਖੌਤੀ ਦੇਹਧਾਰੀ ਗੁਰੂ ਨੇ ਤੁਹਾਡਾ ਕੋਈ ਦੁਨਿਆਵੀ ਕੰਮ, ਕਿਸੇ ਨਾ ਕਿਸੇ ਤਰ੍ਹਾਂ, ਕੁਝ ਹੱਦ ਤਕ ਠੀਕ ਕਰ ਵੀ ਦਿੱਤਾ ਤਾਂ ਉਸ ਨੇ ਤੁਹਾਨੂੰ ਹਰ ਗੱਲ ਅਤੇ ਮੌਕਾ ਮਿਲਣ 'ਤੇ ਉਸ ਬਾਰੇ ਜ਼ਰੂਰ ਜਤਾਉਂਦੇ ਰਹਿਣਾ ਹੈ; ਇਸ ਲਈ ਕਿਉਂ ਨਾ ਅਸੀਂ ਅਜੋਕੇ ਅਖੌਤੀ ਰਹਿਬਰਾਂ ਤੋਂ ਬਚ ਕੇ ਰਹੀਏ? ਇੱਕ ਅਕਾਲ ਪੁਰਖ ਦਾ ਆਸਰਾ ਛੱਡ ਕੇ ਕਿਸੇ ਬੰਦੇ ਦੀ ਮੁਥਾਜੀ ਸਵੀਕਾਰ ਕਰਨੀ ਜਾਣ-ਬੁੱਝ ਕੇ ਗ਼ੁਲਾਮੀ ਦੀ ਪੰਜਾਲੀ ਆਪਣੇ ਗਲ਼ ਪੁਆਉਣ ਤੁੱਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ-ਸਤਿਕਾਰ ਕਰਨਾ, ਅਸਲ ਅਰਥਾਂ 'ਚ ਇਹੋ ਹੋਵੇਗਾ ਕਿ ਅਸੀਂ ਇਨ੍ਹਾਂ ਵਿਚ ਦ੍ਰਿੜ੍ਹਾਏ ਗਏ ਅਸੂਲਾਂ ਨੂੰ ਆਪਣੀ ਜ਼ਿੰਦਗੀ ਦੇ ਅਮਲ ਵਿਚ ਲਿਆਈਏ ਅਤੇ ਸਿੱਖ-ਪੰਥ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ 'ਸਿੱਖ ਰਹਿਤ ਮਰਯਾਦਾ' ਦੇ ਪੰਨਾ ੧੨ ਤੋਂ ੧੯ ਤਕ ਦਰਸਾਏ ਦਿਸ਼ਾ-ਨਿਰਦੇਸ਼ ਦੀ ਰੌਸ਼ਨੀ ਵਿਚ ਹੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼, ਸੁਖਆਸਣ ਆਦਿ ਦੀ ਸੇਵਾ ਨੂੰ ਪੂਰੀ ਦ੍ਰਿੜ੍ਹਤਾ ਨਾਲ ਨਿਭਾਉਂਦੇ ਹੋਏ, ਗੁਰੂ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ! ਅਸੀਂ ਆਪਣਾ ਰੋਜ਼ ਦਾ ਕਾਰ-ਵਿਹਾਰ ਗੁਰਮਤਿ ਦੇ ਅਨੁਸਾਰੀ ਬਣਾਈਏ ਤਾਂ ਕਿ ਵੱਡੇ ਭਾਗਾਂ ਨਾਲ ਮਿਲੇ ਅਮੋਲਕ ਜੀਵਨ ਵਿਚ ਆਪਣੇ ਤਨ ਤੇ ਮਨ ਦੀ ਸ਼ਾਂਤੀ ਨੂੰ ਬਰਕਰਾਰ ਰੱਖ ਸਕੀਏ, ਜਿਸ ਸਦਕਾ ਸਾਡਾ ਇਹ ਜੀਵਨ ਸਫ਼ਲਤਾ-ਪੂਰਬਕ ਬਤੀਤ ਹੋ ਸਕੇ। ਧਰਮ ਦੇ ਇਨ੍ਹਾਂ ਅਖੌਤੀ ਡੇਰੇਦਾਰਾਂ ਤੇ ਗੱਦੀਦਾਰਾਂ ਦੀ ਪੂਜਾ ਤੇ ਸੇਵਾ ਨੂੰ ਛੱਡ ਕੇ ਇੱਕ ਅਕਾਲ ਪੁਰਖ ਦੇ ਹੋ ਕੇ ਜੀਵਨ ਜੀਵੀਏ!

■

# ਬੇਗਮ ਪੁਰਾ ਸਹਰ ਕੋ ਨਾਉ ਵਿਸ਼ਲੇਸ਼ਣ ਅਤੇ ਅਜੋਕੀ ਪ੍ਰਾਸੰਗਿਕਤਾ

*-ਪ੍ਰੋ. ਕ੍ਰਿਸ਼ਨ ਸਿੰਘ**

'ਬੇਗ਼ਮ ਪੁਰਾ ਤੋਂ ਭਾਵ ਹੈ - ਗ਼ਮ ਤੋਂ ਰਹਿਤ ਅਸਥਾਨ। ਧਰਮ-ਜਗਤ ਨਾਲ ਜੁੜ ਕੇ ਇਸ ਦੇ ਵਿਸ਼ੇਸ਼ ਪ੍ਰਸੰਗਿਤਕ ਅਰਥ ਹਨ - ਸਾਧਕ ਦੀ ਉੱਚ-ਆਤਮਿਕ ਅਵਸਥਾ ਜਦੋਂ ਉਹ ਅਲੌਕਿਕ ਸ਼ਕਤੀ ਪ੍ਰਭੂ ਨਾਲ ਇਕਸੁਰ ਹੋ ਕੇ ਹਰ ਪ੍ਰਕਾਰ ਦੇ ਲੌਕਿਕ/ਅਲੌਕਿਕ ਤੇ ਦੁਨਿਆਵੀ/ਮਾਇਆਵੀ ਗ਼ਮਾਂ ਤੋਂ ਪੂਰਨ ਤੌਰ 'ਤੇ ਮੁਕਤ ਹੋ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ (ਮਹਾਨ ਕੋਸ਼ ਦੇ ਪੰਨਾ ੮੯੬ 'ਤੇ) ਵੀ ਇਸ ਸ਼ਬਦ ਨੂੰ ਤੁਰੀਯਾ ਅਵਸਥਾ-ਗਿਆਨ ਦੀ ਅਵਸਥਾ ਨਾਲ ਜੋੜਦੇ ਹੋਏ, ਇਸ ਦੇ ਅਰਥ ਕੀਤੇ ਹਨ, 'ਜਿੱਥੇ ਗ਼ਮਾਂ ਦਾ ਅਭਾਵ ਹੋਵੇ'। ਉਸ ਨੇ ਲਾਹੌਰ ਦੇ ਨੇੜੇ 'ਬੇਗ਼ਮ ਪੁਰਾ' ਨਾਂ ਦੇ ਇਕ ਪਿੰਡ ਦਾ ਵੀ ਜ਼ਿਕਰ ਕੀਤਾ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਵਰਤੋਂ ਵਾਰ ਰਾਗ ਗਉੜੀ ਵਿਚ ਪੰਨਾ ੩੪੫ 'ਤੇ ਭਗਤ ਰਵਿਦਾਸ ਜੀ ਵੱਲੋਂ ਹੋਈ ਹੈ। ਪੂਰੇ ਸ਼ਬਦ ਦਾ ਸੂਖ਼ਮ ਅਧਿਐਨ ਕੀਤਿਆਂ ਪ੍ਰਤੱਖ ਹੁੰਦਾ ਹੈ ਕਿ ਇਸ ਵਿਚ ਦਿੱਸਦੇ ਤੇ ਅਣਦਿੱਸਦੇ-ਜਗਤ ਦਾ ਨਿਵੇਕਲੀ ਕਿਸਮ ਦਾ ਸੁਮੇਲ ਹੈ ਜੋ ਦੁਨਿਆਵੀ ਸਮੱਸਿਆਵਾਂ ਨੂੰ ਅਧਿਆਤਮਕ ਸ਼ਕਤੀ ਨਾਲ ਨਜਿੱਠਣ ਦਾ ਇਕ ਅਦੁੱਤੀ ਮਾਡਲ ਰੋਲ ਹੋ ਨਿੱਬੜਦਾ ਹੈ।

'ਬੇਗਮ ਪੁਰਾ ਸਹਰ ਕੋ ਨਾਉ' ਸ਼ਬਦ ਦੇ ਕੁਝ ਅਹਿਮ ਪਹਿਲੂਆਂ ਨੂੰ ਵਿਚਾਰਨ ਤੋਂ ਪਹਿਲਾਂ ਉਸ ਦੇ ਮੂਲ ਲਿਖਤ ਪਾਠ ਦਾ ਅਧਿਐਨ ਕਰਨਾ ਲਾਜ਼ਮੀ ਬਣਦਾ ਹੈ। ਪਾਠਕਾਂ ਦੀ ਸਹੂਲਤ ਲਈ ਗੁਰਬਾਣੀ ਦੇ ਮੰਨੇ-ਪ੍ਰਮੰਨੇ ਟੀਕਾਕਾਰ ਪ੍ਰੋ. ਸਾਹਿਬ ਸਿੰਘ ਵੱਲੋਂ ਹੋਈ ਇਸ ਸ਼ਬਦ ਦੀ ਵਿਆਖਿਆ ਵੀ ਪੇਸ਼ ਹੈ:

*ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥*
*ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥*
*ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥੨॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥*
*ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥(ਪੰਨਾ ੩੪੫)*

ਉਪਰੋਕਤ ਸ਼ਬਦ ਨੂੰ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਵਾਚਿਆਂ ਪ੍ਰਤੱਖ

** # ੨੬੪-ਸੀ, ਰਾਜਗੁਰੂ ਨਗਰ, ਲੁਧਿਆਣਾ।*

ਹੁੰਦਾ ਹੈ ਕਿ ਭਗਤ ਰਵਿਦਾਸ ਜੀ ਦੇ ਜੀਵਨ-ਕਾਲ (ਭਾਵ ੧੪ਵੀਂ-੧੫ਵੀਂ ਸਦੀ) ਸਮੇਂ ਇਸਲਾਮੀ ਤੇ ਭਾਰਤੀ ਸੱਭਿਆਚਾਰਕ ਵਖਰੇਵਿਆਂ ਕਾਰਨ ਮਾਨਵੀ ਜੀਵਨ-ਮੁੱਲਾਂ ਦਾ ਅਮਲੀ ਰੂਪ ਦਿਨੋ-ਦਿਨ ਬੁਰੀ ਤਰ੍ਹਾਂ ਖ਼ਤਮ ਹੋ ਰਿਹਾ ਸੀ। ਇਸਲਾਮੀ ਮਤ ਦੀ ਕੱਟੜਵਾਦੀ ਮਾਰੂ ਭਾਵਨਾ ਤੇ ਰਾਜਸੀ ਸ਼ਕਤੀ ਦੀ ਹੋ ਰਹੀ ਦੁਰਵਰਤੋਂ ਨਿੱਤ ਨਵੀਆਂ ਸਮੱਸਿਆਵਾਂ ਪੈਦਾ ਕਰ ਰਹੀ ਸੀ। ਆਮ ਭਾਰਤੀ ਜਨਤਾ ਦਾ ਤਾਂ ਜਾਣੋ ਜਿਉਣਾ ਹੀ ਦੁੱਭਰ ਹੋ ਗਿਆ ਸੀ। ਮੌਕੇ ਦੀ ਹਕੂਮਤ ਵੱਲੋਂ ਦਿਨ-ਦਿਹਾੜੇ ਹੁੰਦੀ ਕਤਲੋਗਾਰਤ ਅਤੇ ਧਾਰਮਿਕ ਅਸਥਾਨਾਂ ਦੀਆਂ ਹੁੰਦੀਆਂ ਭੰਨ-ਤੋੜ ਦੀਆਂ ਘਟਨਾਵਾਂ ਨੇ ਉਨ੍ਹਾਂ ਭਾਰਤੀ ਲੋਕਾਂ ਨੂੰ ਡੂੰਘੇ ਮਾਨਸਿਕ ਸੰਕਟ ਵਿਚ ਪਾ ਦਿੱਤਾ ਸੀ। ਕਿਸੇ ਪਾਸਿਓਂ ਵੀ ਉਨ੍ਹਾਂ ਨੂੰ ਕੋਈ ਸੁਖ ਦਾ ਸਾਹ ਨਹੀਂ ਸੀ ਆ ਰਿਹਾ।

ਹੈਰਾਨੀ ਦੀ ਗੱਲ ਤਾਂ ਇਹ ਹੈ ਭਗਤ ਰਵਿਦਾਸ ਜੀ ਇਕ ਪਾਸੇ ਤਾਂ ਤਥਾ-ਕਥਿਤ ਸ਼ੂਦਰ-ਸ਼੍ਰੇਣੀ ਨਾਲ ਸੰਬੰਧਿਤ ਹੋਣ ਕਰਕੇ ਮਨੂ-ਸਿਮਰਤੀ ਦੇ ਜਾਤ-ਵਿਧਾਨ ਦੇ ਸ਼ਿਕਾਰ ਹਨ, ਦੂਜੇ ਪਾਸੇ ਉਸ ਵਕਤ ਉਹ ਆਮ ਭਾਰਤੀ ਜਨਤਾ ਦੀ ਤਰ੍ਹਾਂ ਕਾਜ਼ੀ-ਮੁਲਾਣਿਆਂ ਦੇ ਕੱਟੜਵਾਦੀ ਧਰਮ-ਵਿਧਾਨ ਦੇ ਬੇਲੋੜੇ ਝਮੇਲਿਆਂ ਦਾ ਵੀ ਸਾਹਮਣਾ ਕਰ ਰਹੇ ਹਨ। ਦੁਵੱਲੇ ਰੂਪ ਵਿਚ ਹੋ ਰਿਹਾ ਉਨ੍ਹਾਂ ਦਾ ਇਹ ਮਾਨਸਿਕ ਸੰਕਟ ਬੜਾ ਗੰਭੀਰ ਵੀ ਹੈ ਅਤੇ ਸੰਵੇਦਨਸ਼ੀਲ ਵੀ। ਅਜਿਹੇ ਅਣਸੁਖਾਵੇਂ ਮਾਹੌਲ ਵਿੱਚੋਂ ਮਾਨਸਿਕ ਸੁਤੰਤਰਤਾ ਹਾਸਲ ਕਰਨਾ ਹੀ ਉਨ੍ਹਾਂ ਦਾ ਮੁੱਖ ਪ੍ਰਯੋਜਨ ਹੈ। ਉਸ ਦੀ ਪ੍ਰਾਪਤੀ ਲਈ ਉਹ ਅਲੌਕਿਕ ਸ਼ਕਤੀ ਪ੍ਰਭੂ ਦਾ ਸਹਾਰਾ ਲੈਂਦੇ ਹਨ। ਕਾਰਨ ਪ੍ਰਤੱਖ ਹੈ, ਹਿੰਦੂ ਮਤ ਦਾ ਕੁਲੀਨ-ਵਰਗ ਭਾਵ ਅਖੌਤੀ ਉੱਚ-ਜਾਤੀਆਂ ਦੇ ਲੋਕ ਉਨ੍ਹਾਂ ਨੂੰ ਇਸ ਕਰਕੇ ਨਹੀਂ ਸਵੀਕਾਰਦੇ ਕਿਉਂਕਿ ਉਹ ਅਖੌਤੀ ਨੀਵੀਂ ਜਾਤੀ ਵਿੱਚੋਂ ਹਨ; ਮੁਸਲਮਾਨ ਪੁਜਾਰੀ ਸ਼੍ਰੇਣੀ ਧਾਰਮਿਕ ਵਖਰੇਵੇਂ ਕਾਰਨ ਉਨ੍ਹਾਂ ਨੂੰ ਪ੍ਰਵਾਨਗੀ ਨਹੀਂ ਦੇ ਰਹੀ। ਪੂਰੇ ਸ਼ਬਦ ਦਾ ਗੰਭੀਰ ਅਧਿਐਨ ਕੀਤਿਆਂ ਪ੍ਰਤੱਖ ਹੁੰਦਾ ਹੈ ਕਿ ਉਹ ਤਾਂ ਇਕ ਅਜਿਹੇ ਨਿਵੇਕਲੀ ਕਿਸਮ ਦੇ ਸ਼ਹਿਰੀ ਬਣਨਾ ਲੋਚਦੇ ਹਨ ਜਿੱਥੇ ਚੰਗਿਆਈ ਨੂੰ ਸਵੀਕਾਰਨ ਅਤੇ ਬੁਰਿਆਈ ਨੂੰ ਨਕਾਰਨ ਦੀ ਬਿਬੇਕਤਾ ਕਿਰਿਆਸ਼ੀਲ ਹੁੰਦੀ ਹੈ। ਵਿਚਾਰਾਧੀਨ ਸ਼ਬਦ ਵਿਚ 'ਰਹਾਉ' ਦੀਆਂ ਤੁਕਾਂ ਸਮੇਤ ਇਸ ਦੇ ਤਿੰਨ ਅੰਤਰ-ਸੰਬੰਧਿਤ ਪਦ ਹਨ। ਸ਼ਬਦ-ਪਦਾਂ ਦੇ ਉਹ ਵੱਖ-ਵੱਖ ਪਾਸਾਰ ਤਤਕਾਲੀਨ ਭਾਰਤੀ ਇਤਿਹਾਸ ਦੀਆਂ ਵੱਖ-ਵੱਖ ਪ੍ਰਸਥਿਤੀਆਂ ਨੂੰ ਪ੍ਰਤੀਕਾਤਮਕ ਰੂਪ ਵਿਚ ਪੇਸ਼ ਕਰਦੇ ਹਨ, ਜਿਨ੍ਹਾਂ ਵਿਚ ਸਿੱਧੇ-ਅਸਿੱਧੇ ਰੂਪ ਵਿਚ ਮਾਨਵੀ ਜੀਵਨ ਦੇ ਦੁੱਖਾਂ ਤੇ ਸੁਖਾਂ, ਆਸ਼ਾਵਾਂ ਤੇ ਨਿਰਾਸ਼ਾਵਾਂ, ਚੰਗਿਆਈਆਂ ਤੇ ਬੁਰਿਆਈਆਂ ਦੇ ਅੰਤਰ-ਵਿਰੋਧ ਨੂੰ ਸਮਾਨਾਂਤਰ ਰੂਪ ਵਿਚ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ, ਜਿਸ ਦੇ ਪ੍ਰਤੀਕਰਮ ਵਜੋਂ ਮਾਨਵੀ ਜੀਵਨ ਦੇ ਹਾਂ-ਪੱਖੀ ਗੁਣਾਂ ਨੂੰ ਹੀ ਪਹਿਲ ਦੇ ਆਧਾਰ 'ਤੇ ਸਵੀਕਾਰਿਆ ਗਿਆ ਹੈ।

ਪੂਰੇ ਸ਼ਬਦ ਦਾ ਬੁਨਿਆਦੀ ਲਫ਼ਜ਼ 'ਬੇਗ਼ਮ ਪੁਰਾ' ਹੈ, ਇਸ ਤੋਂ ਭਾਵ ਜੇ ਬੇਗ਼ਮ-ਪੁਰਾ ਹੈ ਤਾਂ ਕੋਈ ਗ਼ਮਪੁਰਾ ਵੀ ਹੈ : ਦੋ ਤਰ੍ਹਾਂ ਦੀ ਅਵਸਥਾ ਇਕ ਗ਼ਮ ਸਹਿਤ

ਤੇ ਦੂਜੀ ਗ਼ਮ ਤੋਂ ਰਹਿਤ ਜਾਂ ਮੁਕਤ। ਭਗਤ ਰਵਿਦਾਸ ਜੀ ਪ੍ਰਭੂ-ਨਾਮ ਦੇ ਮਾਧਿਅਮ ਨਾਲ ਹੀ ਆਤਮਿਕ-ਉੱਚਤਾ 'ਬੇਗ਼ਮ ਪੁਰਾ' ਤਕ ਦਾ ਸਫ਼ਰ ਤਹਿ ਕਰਦੇ ਹਨ। ਜ਼ਾਹਿਰ ਹੈ ਉਨ੍ਹਾਂ ਨੂੰ ਗ਼ਮ ਦਾ ਅਹਿਸਾਸ ਵੀ ਹੈ ਤੇ ਗ਼ਮ ਤੋਂ ਮੁਕਤ ਹੋਣ ਦਾ ਵੀ। ਇਸੇ ਤਰ੍ਹਾਂ 'ਬੇਗ਼ਮ ਪੁਰਾ' ਦੀ ਤਰ੍ਹਾਂ ਹੋਰ ਵੀ ਬਹੁਤ ਸਾਰੇ ਲਫ਼ਜ਼ ਹਨ ਜੋ ਵਿਚਾਰਾਧੀਨ ਸ਼ਬਦ ਵਿਚ ਅੰਕਿਤ ਹਨ ਜਿਨ੍ਹਾਂ ਦਾ ਪਿਛੋਕੜ ਵੀ, ਭਗਤ ਰਵਿਦਾਸ ਜੀ ਦੀ ਜੀਵਨ-ਸ਼ੈਲੀ ਤੇ ਜੀਵਨ-ਸਿਧਾਂਤ ਹੀ ਬਣਿਆ ਪ੍ਰਤੀਤ ਹੁੰਦਾ ਹੈ। ਸਮੁੱਚੇ ਤੌਰ 'ਤੇ ਉਨ੍ਹਾਂ ਦੀ ਵਿਚਾਰਧਾਰਾ ਦੁਨਿਆਵੀ ਦੁੱਖਾਂ ਦੇ ਵੱਖ-ਵੱਖ ਪਾਸਾਰਾਂ ਨੂੰ ਮੂਰਤੀਮਾਨ ਕਰਦੀ ਹੈ।

ਉਨ੍ਹਾਂ ਦਾ ਬੇਗ਼ਮ ਪੁਰਾ ਦਾ ਇਹ ਸੰਕਲਪ ਕੋਸ਼ਿਕ ਅਰਥਾਂ ਤੋਂ ਉੱਪਰ ਉੱਠ ਕੇ ਆਤਮਿਕ ਉੱਚ-ਮੰਡਲਾਂ ਤਕ ਰਸਾਈ ਕਰਦਾ ਹੈ। ਅਮਲੀ ਰੂਪ ਵਿਚ ਅਜਿਹੀ ਅਵਸਥਾ ਵਿਰਲਿਆਂ ਦੇ ਹਿੱਸੇ ਹੀ ਆਉਂਦੀ ਹੈ। ਉਹ ਇਹੋ-ਜਿਹੀ ਅਵਸਥਾ ਹੈ ਜਿੱਥੇ ਨਾ ਹੀ ਦੁਨਿਆਵੀ ਮਾਇਆ ਦੀ ਚਿੰਤਾ ਹੈ ਤੇ ਨਾ ਹੀ ਉਸ ਉੱਪਰ ਲੱਗਣ ਵਾਲੇ ਕਿਸੇ ਕਰ ਦਾ ਖ਼ਤਰਾ। ਬੇਲੋੜੀਆਂ ਸੋਚਾਂ ਤੇ ਸਿਆਣਪਾਂ ਦਾ ਵੀ ਉਥੇ ਕੋਈ ਅਰਥ ਨਹੀਂ ਰਹਿ ਜਾਂਦਾ। ਕਿਸੇ ਵੀ ਤਰ੍ਹਾਂ ਦੀ ਭੁੱਲ ਜਾਂ ਭੁਲੇਖੇ ਦਾ ਸ਼ਿਕਾਰ ਹੋਣਾ, ਅਜਿਹੀ ਵੀ ਕੋਈ ਸਮੱਸਿਆ ਜਾਂ ਭੈਅ ਨਹੀਂ, ਕਿਉਂਕਿ ਉਥੇ ਤਾਂ ਪੂਰਨ ਤੌਰ 'ਤੇ ਆਤਮ-ਸਮਰਪਣ ਹੈ। ਉਥੇ ਤਾਂ ਹਮੇਸ਼ਾਂ ਪ੍ਰਭੂ ਦਾ ਹੀ ਸੱਚਾ ਹੁਕਮ ਵਰਤਦਾ ਹੈ। ਪ੍ਰਭੂ-ਪ੍ਰੇਮ ਵਿਚ ਰੰਗਿਆ ਸਾਧਕ ਹਮੇਸ਼ਾਂ ਉਸ ਦੀ ਰਜ਼ਾ ਵਿਚ ਹੀ ਵਿਚਰਦਾ ਹੈ। ਉਹ ਤਾਂ ਅਜਿਹਾ ਵਤਨ ਹੈ, ਜਿੱਥੇ ਸਦੀਵੀ ਸ਼ਾਂਤੀ ਹੈ। ਅਨੰਦ ਹੀ ਅਨੰਦ ਹੈ। ਉਹ ਕੋਈ ਥੋੜ੍ਹਚਿਰੀ ਦੁਨਿਆਵੀ ਪਾਤਸ਼ਾਹੀ ਨਹੀਂ ਸਗੋਂ ਸਦੀਵੀ ਹੈ- ਹਮੇਸ਼ਾਂ ਥਿਰ ਰਹਿਣ ਵਾਲੀ। ਉਹ ਅਜਿਹੀ ਥਾਂ ਹੈ ਜਿੱਥੇ ਦੂਜੇ-ਤੀਜੇ ਦਰਜੇ ਦੇ ਸ਼ਹਿਰੀ ਕਹਿਣ-ਕਹਾਉਣ ਦਾ ਵੀ ਕੋਈ ਵਿਧਾਨ ਨਹੀਂ ਸਗੋਂ ਸਮਦ੍ਰਿਸ਼ਟੀ ਵਾਲਾ ਮਾਹੌਲ ਹੈ। ਭਾਰਤੀ ਸਮਾਜਿਕ ਵਰਤਾਰੇ ਅਨੁਸਾਰ ਕਹਿਣਾ ਹੋਵੇ ਤਾਂ ਮਨੂ-ਸਿਮਰਤੀ ਦੇ ਜਾਤ ਵਿਧਾਨ ਦਾ ਮਾਨਵ-ਵਿਰੋਧੀ ਵਤੀਰਾ ਵੀ ਉਥੇ ਵਰਤਮਾਨ ਨਹੀਂ ਜਿਵੇਂ ਕਿ ਜਿਸ ਤਰ੍ਹਾਂ ਦਾ ਦੁਰ-ਵਿਵਹਾਰ ਕੁਲੀਨ-ਵਰਗ ਵੱਲੋਂ ਉਸ ਵਕਤ ਦੀਆਂ ਤਥਾਕਥਿਤ ਸ਼ੂਦਰ ਸ਼੍ਰੇਣੀਆਂ ਨਾਲ ਕੀਤਾ ਜਾਂਦਾ ਸੀ।

ਉਥੇ ਤਾਂ ਕੇਵਲ ਨਾਮ ਦੇ ਰਸੀਏ ਹੀ ਵੱਸਦੇ ਹਨ ਜੋ ਝੂਠੀ ਮਾਇਆ ਤੋਂ ਨਿਰਲੇਪ ਰਹਿੰਦੇ ਹਨ: ਕੇਵਲ ਨਾਮ-ਰਸ ਦੇ ਧਨ ਨਾਲ ਮਾਲਾ-ਮਾਲ। ਨਾਮ-ਧਨ ਵੀ ਉਹ ਜੋ ਅਖੁੱਟ ਹੈ ਭਾਵ ਨਾ ਮੁੱਕਣ ਵਾਲਾ ਸਦੀਵੀ ਧਨ ਹੈ। ਇਥੇ ਹੀ ਬਸ ਨਹੀਂ, ਉਹ ਇਕ ਅਜਿਹਾ ਸੁਹਣਾ ਵਤਨ ਹੈ ਜਿੱਥੇ ਕਿਸੇ ਵੀ ਤਰ੍ਹਾਂ ਦੀ ਕੋਈ ਹੱਦਬੰਦੀ ਨਹੀਂ। ਕੋਈ ਵੀ ਰੱਬ ਦਾ ਪਿਆਰਾ ਸਾਧਕ ਜਿੱਥੇ ਜੀਅ ਚਾਹੇ ਆਪਣੀ ਮਰਜ਼ੀ ਅਨੁਸਾਰ ਕਿਸੇ ਵੀ ਥਾਂ 'ਤੇ ਆ ਜਾ ਸਕਦਾ ਹੈ, ਕਿਸੇ ਤਰ੍ਹਾਂ ਦਾ ਕੋਈ ਬੰਧਨ ਨਹੀਂ। ਭਗਤ ਰਵਿਦਾਸ ਜੀ ਸ਼ਬਦ ਦੀਆਂ ਅੰਤਲੀਆਂ ਸਤਰਾਂ ਵਿਚ ਸਪੱਸ਼ਟ ਕਰਦੇ ਹਨ ਕਿ ਮੈਂ ਤਾਂ ਹੁਣ ਪ੍ਰਭੂ ਦਾ ਨਾਮ ਜਪ ਕੇ ਆਤਮਿਕ ਤੌਰ 'ਤੇ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ

ਤੋਂ ਬੰਧਨ-ਮੁਕਤ ਹੋ ਗਿਆ ਹਾਂ। ਜੋ ਵੀ ਸਾਧਕ ਅਜਿਹੀ ਆਤਮਿਕ ਅਵਸਥਾ ਨੂੰ ਗ੍ਰਹਿਣ ਕਰ ਲੈਂਦੇ ਹਨ, ਸਹੀ ਮਾਅਨਿਆਂ ਵਿਚ ਉਹ ਹੀ ਮੇਰੇ ਸੱਚੇ ਮਿੱਤਰ ਹਨ।

ਉਪਰੋਕਤ ਅਨੁਸਾਰ ਵਰਤੇ ਲਫ਼ਜ਼ਾਂ ਦੀ ਜੇ ਪੁਨਰ-ਵਿਚਾਰ ਕੀਤੀ ਜਾਵੇ ਜਿਵੇਂ ਕਿ ਬੇਗ਼ਮ ਪੁਰਾ, ਦੂਖ, ਅੰਦੋਹ (ਚਿੰਤਾ) ਤਸਵੀਸ (ਸੋਚ), ਖਿਰਾਜ (ਕਰ, ਟੈਕਸ), ਖਤਾ (ਭੁੱਲ, ਦੋਸ਼), ਤਰਸ, ਜਵਾਲ (ਘਾਟਾ) ਦੋਮ ਨ ਸੇਮ (ਇੱਕੋ ਜਿਹੇ) ਸੈਲ, ਖਲਾਸ ਆਦਿ ਇਨ੍ਹਾਂ ਸ਼ਬਦਾਂ ਦਾ ਵਿਰੋਧਾਰਥੀ ਰੂਪ ਵੀ ਸਾਨੂੰ ਸੋਚਣ ਲਈ ਮਜਬੂਰ ਕਰਦਾ ਹੈ। ਮੂਲ ਰੂਪ ਵਿਚ ਜਦੋਂ ਅਸੀਂ ਪੂਰੇ ਸ਼ਬਦ ਦਾ ਵਿਸ਼ਲੇਸ਼ਣਮਈ ਅਧਿਐਨ ਕਰਦੇ ਹਾਂ ਤਾਂ ਇਸ ਸ਼ਬਦ ਤੋਂ ਸਹਿਜ ਰੂਪ ਵਿਚ ਰੂਹਾਨੀਅਤ ਦਾ ਸਮਾਜੀਕਰਨ ਹੋਇਆ ਪ੍ਰਤੀਤ ਹੁੰਦਾ ਹੈ ਜਿਸ ਦਾ ਕੇਂਦਰੀ ਧੁਰਾ ਪ੍ਰਭੂ ਦਾ ਨਾਮ ਹੈ। ਨਾਮ-ਸ਼ਕਤੀ ਦੇ ਪ੍ਰਤੀਕਰਮ ਵਜੋਂ ਮਨੁੱਖ ਦੀ ਚੰਗੇਰੀ ਕਿਰਦਾਰੀ-ਪ੍ਰਤਿਭਾ ਹੀ ਉਸ ਨੂੰ ਇਕ ਆਦਰਸ਼ਕ ਸ਼ਹਿਰੀ ਬਣਾਉਂਦੀ ਹੈ। ਵਰਣਨਯੋਗ ਗੱਲ ਤਾਂ ਇਹ ਹੈ ਕਿ ਅਜਿਹੇ ਵਤਨ ਦੇ ਸ਼ਹਿਰੀ ਬਣਨਾ- ਜੋ ਅਲੌਕਿਕ ਹੋ ਕੇ ਵੀ ਲੌਕਿਕ ਹੋਣ ਦਾ ਅਹਿਸਾਸ ਕਰਵਾਉਂਦਾ ਹੈ ਅਤੇ ਭਾਵਨਾਤਮਕ ਪੱਧਰ 'ਤੇ ਮਨੁੱਖ ਨੂੰ ਮਨੁੱਖ ਮੰਨ ਕੇ ਤੁਰਨ ਦਾ ਸਬਕ ਸਿਖਾਉਂਦਾ ਹੈ, ਇਨ੍ਹਾਂ ਵਿਸ਼ੇਸ਼ ਗੁਣਾਂ ਦੇ ਆਧਾਰ 'ਤੇ ਉਸ ਦੀ ਅਜੋਕੀ ਪ੍ਰਾਸੰਗਿਕਤਾ ਤੋਂ ਵੀ ਮੁਖ ਨਹੀਂ ਮੋੜਿਆ ਜਾ ਸਕਦਾ ਹੈ।

ਇਹ ਠੀਕ ਹੈ ਕਿ ਸਰਕਾਰੀ, ਗ਼ੈਰ-ਸਰਕਾਰੀ ਤੌਰ 'ਤੇ ਭਗਤ ਰਵਿਦਾਸ ਜੀ ਦੇ ਆਗਮਨ ਪੁਰਬ ਹਰ ਆਏ ਸਾਲ ਥਾਂ-ਥਾਂ ਬੜੀ ਧੂਮ-ਧਾਮ ਨਾਲ ਮਨਾਏ ਜਾਂਦੇ ਹਨ ਪਰੰਤੂ ਇਸ ਦੇ ਨਾਲ-ਨਾਲ ਉਨ੍ਹਾਂ ਦੇ ਉਪਰੋਕਤ ਸੰਦੇਸ਼ ਨੂੰ ਵੀ ਸਾਡੇ ਅਜੋਕੇ ਜੀਵਨ ਨਾਲ ਜੋੜ ਕੇ ਹੋਰ ਵੀ ਨੇੜਿਓਂ ਹੋ ਕੇ ਦੇਖਣ ਦੀ ਲੋੜ ਹੈ। ਮੌਕੇ ਦੀਆਂ ਸਰਕਾਰਾਂ ਦੇ ਆਪਣੇ ਨਿੱਜੀ ਹਿਤ ਵੀ ਹੋ ਸਕਦੇ ਹਨ ਪਰ ਸੱਚ ਤਾਂ ਇਹ ਹੈ ਕਿ ਸਦੀਆਂ ਤੋਂ ਸਮਾਜਿਕ ਤੌਰ 'ਤੇ ਲਤਾੜੀਆਂ ਤੇ ਦੱਬੀਆਂ-ਕੁਚਲੀਆਂ ਇਨ੍ਹਾਂ ਅਖੌਤੀ ਨੀਵੀਆਂ ਜਾਤੀਆਂ ਦੀ ਬਹੁ-ਗਿਣਤੀ ਅੱਜ ਵੀ ਬੇਲੋੜੇ ਸਮਾਜਿਕ ਬੰਧਨਾਂ ਵਿਚ ਜਕੜੀ ਹੋਈ ਹੈ। ਸਾਡੇ ਗੌਰਵਸ਼ਾਲੀ ਵਿਰਸੇ ਦੀ ਲੋਅ ਵਿਚ ਉਨ੍ਹਾਂ ਦੇ ਸਵੈਮਾਣ ਨੂੰ ਬਰਕਰਾਰ ਰੱਖਣ ਦੀ ਅੱਜ ਵੀ ਲੋੜ ਹੈ। ਕੇਵਲ ਆਰਥਿਕ ਪੱਖੋਂ ਹੀ ਨਹੀਂ ਸਮਾਜਿਕ ਪੱਖੋਂ ਵੀ ਉਨ੍ਹਾਂ ਨੂੰ ਓਨੀ ਹੀ ਪ੍ਰਵਾਨਗੀ ਦੇਣ ਦੀ ਲੋੜ ਹੈ। ਅੰਕੜੇ ਦੱਸਦੇ ਹਨ ਹਿੰਦੁਸਤਾਨ ਦੇ ਬਹੁਤ ਸਾਰੇ ਸੂਬਿਆਂ ਵਿਚ ਅਜੇ ਵੀ ਜਾਤ-ਪਾਤ ਦੇ ਇਸ ਕੋਹੜ ਤੋਂ ਅਸੀਂ ਪੂਰਨ ਤੌਰ 'ਤੇ ਮੁਕਤ ਨਹੀਂ ਹੋ ਸਕੇ। ਅੱਜ ਵੀ ਅਖ਼ਬਾਰਾਂ ਦੇ ਮੁੱਢਲੇ ਪੰਨਿਆਂ 'ਤੇ ਹੀ ਜਿਨ੍ਹਾਂ ਨੂੰ ਦੇਸ਼ ਦੇ ਸੰਵਿਧਾਨ 'ਚ ਅਨੁਸੂਚਿਤ ਜਾਤੀਆਂ ਦੇ ਨਾਮ ਨਾਲ ਦਰਜ ਕੀਤਾ ਗਿਆ ਹੈ ਉਨ੍ਹਾਂ ਪਰਵਾਰਾਂ 'ਤੇ ਹੋ ਰਹੇ ਜ਼ੁਲਮਾਂ, ਅੱਤਿਆਚਾਰਾਂ ਤੇ ਅਨਿਆਂ ਦੀਆਂ ਗੂੜ੍ਹੀਆਂ ਸੁਰਖ਼ੀਆਂ ਅੰਕਿਤ ਹੁੰਦੀਆਂ ਹਨ। ਇਨ੍ਹਾਂ ਦੱਬੇ-ਘੁੱਟੇ ਲੋਕਾਂ ਦੀ ਚੇਤਨਾ ਦੇ ਅਜਿਹੇ ਸਰਗਰਮ ਮਾਹੌਲ ਵਿਚ ਸੰਵਿਧਾਨਕ ਤੌਰ 'ਤੇ ਹੀ ਨਹੀਂ ਸਗੋਂ ਇਨਸਾਨੀਅਤ ਦੇ ਤੌਰ 'ਤੇ ਹੋਰ ਵੀ ਸੁਚੇਤ ਹੋਣ ਦੀ ਲੋੜ ਹੈ। ■

# ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

*-ਡਾ. ਗੁਰਚਰਨ ਸਿੰਘ**

ਸਿੱਖ ਮਿਸਲਾਂ ਦੇ ਦੌਰ ਵਿਚ ਤੇ ਮੁਗ਼ਲਾਂ ਦੇ ਅਤਿਆਚਾਰੀ ਦੌਰ ਵਿਚ ਸਿੱਖਾਂ ਨੂੰ ਬੜੇ ਤਸੀਹੇ ਝੱਲਣੇ ਪਏ। ਉਸ ਸਮੇਂ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਉਦਾਸੀ ਸਿੱਖਾਂ ਨੇ ਕੀਤੀ। ਸਿੱਖ ਰਾਜ ਸਮੇਂ ਇਨ੍ਹਾਂ ਗੁਰ-ਅਸਥਾਨਾਂ ਦੇ ਨਾਮ ਵੱਡੀਆਂ-ਵੱਡੀਆਂ ਮਿਲਖਾਂ ਤੇ ਜਾਗੀਰਾਂ ਲਾ ਦਿੱਤੀਆਂ ਗਈਆਂ। ਅੰਗਰੇਜ਼ੀ ਰਾਜ ਵਿਚ ਨਹਿਰਾਂ ਨਿਕਲਣ ਕਾਰਨ ਇਨ੍ਹਾਂ ਜ਼ਮੀਨਾਂ ਵਿੱਚੋਂ ਆਮਦਨੀ ਬਹੁਤ ਜ਼ਿਆਦਾ ਹੋਣ ਲੱਗੀ ਤੇ ਇਕ ਕਾਨੂੰਨ ਅਨੁਸਾਰ ੧੮੫੯ ਈ. ਵਿਚ ਮਹੰਤਾਂ ਨੂੰ ਹੀ ਗੁਰਦੁਆਰਾ ਸਾਹਿਬਾਨ ਦੇ ਮਾਲਕ ਬਣਾ ਦਿੱਤਾ ਗਿਆ। ਬਹੁਤੀ ਦੌਲਤ ਨੇ ਮਹੰਤਾਂ ਨੂੰ ਅੱਯਾਸ਼ ਬਣਾ ਦਿੱਤਾ। ਉਹ ਚਰਿੱਤਰਹੀਣ ਹੋ ਗਏ ਤੇ ਗੁਰੂ-ਘਰਾਂ ਵਿਚ ਕੁਕਰਮ ਹੋਣ ਲੱਗੇ। ਇਨ੍ਹਾਂ ਕੁਕਰਮਾਂ ਨੂੰ ਦੇਖ ਕੇ ਸਿੱਖ ਸ਼ਰਧਾਲੂਆਂ ਦੇ ਮਨਾਂ ਨੂੰ ਵੱਡਾ ਧੱਕਾ ਲੱਗਾ ਤੇ ਸਿੱਖ ਸੰਗਤ ਤ੍ਰਾਹ-ਤ੍ਰਾਹ ਕਰਨ ਲੱਗੀ। ਸਿੱਖ ਜਗਤ ਹੋਰ ਗੁਰਦੁਆਰਾ ਸਾਹਿਬਾਨ ਵਾਂਗ ਸ੍ਰੀ ਨਨਕਾਣਾ ਸਾਹਿਬ ਦੇ ਪਾਵਨ ਅਸਥਾਨ ਦਾ ਪ੍ਰਬੰਧ ਵੀ ਆਪਣੇ ਹੱਥ ਵਿਚ ਲੈਣ ਦੀ ਤਿਆਰੀ ਕਰਨ ਲੱਗਾ। ਉਧਰ ਸਰਕਾਰ ਮਹੰਤਾਂ ਦੀ ਪਿੱਠ 'ਤੇ ਆ ਗਈ। ਮਹੰਤਾਂ ਨੇ ਗੁੰਡੇ, ਲੁਟੇਰੇ, ਅੱਯਾਸ਼ ਲੋਕ ਰੱਖਣੇ ਸ਼ੁਰੂ ਕਰ ਦਿੱਤੇ ਤੇ ਹਥਿਆਰਾਂ ਦੇ ਜ਼ਖੀਰੇ ਜਮ੍ਹਾਂ ਕਰ ਲਏ। ਮਹੰਤ ਸਿੱਖਾਂ ਨੂੰ ਅੱਖਾਂ ਵਿਖਾਉਣ ਲੱਗੇ। ਇਸ ਟਕਰਾਉ ਵਿੱਚੋਂ ਹੀ 'ਨਨਕਾਣਾ ਸਾਹਿਬ ਦਾ ਸਾਕਾ' ਖ਼ੂਨੀ ਕਾਂਡ ਦਾ ਜਨਮ ਹੋਇਆ।

ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਜਿਵੇਂ ਕਿਸ਼ਨ ਦਾਸ ਤੇ ਉਸ ਮਗਰੋਂ ਨਾਰਾਇਣ ਦਾਸ ਸ਼ਰਾਬੀ ਤੇ ਵਿਭਚਾਰੀ ਸਨ। ਗੁਰੂ ਕੇ ਸੱਚੇ ਸਿੱਖਾਂ ਨੇ ਉਸ ਨੂੰ ਸਮਝਾਉਣ ਦੀ ਪੂਰੀ ਵਾਹ ਲਾਈ। ਪਰੰਤੂ ਅਗਸਤ ੧੯੧੭ ਈ. ਵਿਚ ਜਦ ਮਹੰਤ ਨੇ ਜਨਮ ਅਸਥਾਨ ਦੇ ਕੋਲ ਕੰਜਰੀਆਂ ਦਾ ਨਾਚ ਨਚਾਇਆ ਸੀ ਤੇ ਸਿੱਖ ਅਖ਼ਬਾਰਾਂ ਨੇ ਵੀ ਇਸ ਵਿਰੁੱਧ ਲਿਖਿਆ ਤੇ ਸਿੰਘ ਸਭਾਵਾਂ ਨੇ ਗੁਰਮਤੇ ਪਾਸ ਕੀਤੇ ਸਨ ਤੇ ਸਰਕਾਰ ਤੋਂ ਮੰਗ ਕੀਤੀ ਕਿ ਉਹ ਮਹੰਤ ਨੂੰ ਹਟਾ ਦੇਵੇ। ੧੯੧੮ ਈ. ਵਿਚ ਇਕ ਰੀਟਾਇਰਡ ਸਿੰਧੀ ਏ.ਈ.ਸੀ. ਦੀ ੧੩ ਸਾਲਾ ਲੜਕੀ ਮਹੰਤ ਦੇ ਗੁੰਡਿਆਂ ਨੇ ਚੁੱਕ ਲਈ। ਉਸੇ ਸਾਲ ਇਲਾਕਾ ਜੜ੍ਹਾਂ ਵਾਲੇ ਦੀਆਂ ਛੇ ਇਸਤਰੀਆਂ ਉਠਾ ਕੇ ਉਨ੍ਹਾਂ ਨਾਲ ਕੁਕਰਮ ਕੀਤਾ ਗਿਆ। ਇਸ ਤਰ੍ਹਾਂ ਮਹੰਤ ਤੇ ਉਹਦੇ ਗੁੰਡਿਆਂ ਦੇ ਉਪੱਦਰ ਵਧਦੇ ਗਏ। ਅਕਤੂਬਰ ੧੯੨੦ ਵਿਚ ਪਿੰਡ ਧਾਰੋਵਾਲੀ, ਜ਼ਿਲ੍ਹਾ ਸ਼ੇਖੂਪੁਰਾ ਵਿਚ ਦੀਵਾਨ ਹੋਇਆ ਤੇ ਉਸ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਗੁਰਮਤਾ ਪਾਸ ਕੀਤਾ ਗਿਆ। ਮਹੰਤ ਨੇ ਸੁਧਰਨ ਦੀ ਥਾਂ ਆਪਣੇ ਚਾਰ ਪੰਜ ਸੌ ਆਦਮੀਆਂ ਨਾਲ ਮੁਜ਼ਾਹਰਾ ਕੀਤਾ।

** ੨੧/੧੪, ਆਦਰਸ਼ ਕਾਲੋਨੀ, ਜ਼ੀਰਾ-੧੪੨੦੪੭*

ਅਕਾਲੀਆਂ ਨੂੰ ਗੁਰਦੁਆਰਾ ਜਨਮ ਅਸਥਾਨ ਜਾਣ ਤੋਂ ਵੀ ਰੋਕ ਦਿੱਤਾ।

੨੩ ਜਨਵਰੀ ਤੇ ੬ ਫਰਵਰੀ ੧੯੨੧ ਨੂੰ ਸ਼੍ਰੋਮਣੀ ਕਮੇਟੀ ਦੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਮਾਗਮ ਹੋਏ ਜਿਨ੍ਹਾਂ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਬਾਰੇ ਵਿਚਾਰ ਹੋਈ। ਮਹੰਤ ਦੇ ਨਾਮ ਖੁੱਲ੍ਹੀ ਚਿੱਠੀ ਲਿਖੀ ਗਈ ਕਿ ਉਹ ਆਪਣਾ ਆਚਰਨ ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਦਾ ਸੁਧਾਰ ਕਰੇ। ਸ. ਲਛਮਣ ਸਿੰਘ, ਸ. ਦਲੀਪ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ. ਕਰਤਾਰ ਸਿੰਘ ਝੱਬਰ ਤੇ ਸ. ਬਖਸ਼ੀਸ਼ ਸਿੰਘ 'ਤੇ ਆਧਾਰਿਤ ਇਕ ਕਮੇਟੀ ਬਣਾਈ ਗਈ ਕਿ ਉਹ ਸ੍ਰੀ ਨਨਕਾਣਾ ਸਾਹਿਬ ਵਿਚ ਦੀਵਾਨ ਤੇ ਲੰਗਰ ਦਾ ਪ੍ਰਬੰਧ ਕਰੇ।

ਸਾਰੇ ਪੰਥ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਜੋਸ਼ ਸੀ। ਭਾਈ ਲਛਮਣ ਸਿੰਘ ਧਾਰੋਵਾਲੀ ਨੇ ਜਥਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਓਧਰ ਮਹੰਤ ਨਰਾਇਣ ਦਾਸ ਨੇ ੭ ਫਰਵਰੀ ਨੂੰ ਆਪਣੇ ਸਾਰੇ ਹਿਮਾਇਤੀਆਂ ਦੀ ਇਕੱਤਰਤਾ ਬੁਲਾਈ। ਸਿੰਘਾਂ ਨੇ ੧੯ ਫਰਵਰੀ ਨੂੰ ਸ੍ਰੀ ਨਨਕਾਣਾ ਸਾਹਿਬ ਪੁੱਜਣ ਦਾ ਫੈਸਲਾ ਕੀਤਾ। ਓਧਰ ਮਹੰਤ ਨੇ ਬਾਬਾ ਕਰਤਾਰ ਸਿੰਘ ਦੀ ਪ੍ਰਧਾਨਗੀ ਹੇਠ ਲਾਹੌਰ ਵਿਚ ਕਾਨਫਰੰਸ ਬੁਲਾਈ। ਉਹ ਸਿੰਘਾਂ ਦੇ ਕਤਲੇਆਮ ਦੀ ਤਿਆਰੀ ਕਰਨ ਲੱਗਾ। ਉਸ ਨੇ ੧੪ ਪੀਪੇ ਮਿੱਟੀ ਦੇ ਤੇਲ ਦੇ ਅਤੇ ਪੰਜਾਹ ਮਣ ਲੱਕੜਾਂ ਗੁਰਦੁਆਰਾ ਜਨਮ ਅਸਥਾਨ ਵਿਚ ਰਖਵਾ ਲਈਆਂ। ਹਾਲਾਤ ਦੀ ਨਜ਼ਾਕਤ ਵੇਖਦਿਆਂ 'ਅਕਾਲੀ' ਅਖ਼ਬਾਰ ਦੇ ਦਫ਼ਤਰ ਵਿਚ ਲਾਹੌਰ ਇਕ ਇਕੱਤਰਤਾ ਹੋਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਅੰਤਮ ਦਿਨ ਨੀਯਤ ਕੀਤੇ ਬਿਨਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਭੇਜਿਆ ਜਾਵੇ।

ਸ. ਕਰਤਾਰ ਸਿੰਘ ਝੱਬਰ ਤੇ ਸ. ਲਛਮਣ ਸਿੰਘ ਧਾਰੋਵਾਲੀ ਆਪੋ-ਆਪਣੇ ਜਥੇ ਲੈ ਕੇ ਸ੍ਰੀ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਸ. ਕਰਤਾਰ ਸਿੰਘ ਝੱਬਰ ਨੂੰ ਤਾਂ ਸੰਦੇਸ਼ਾ ਪਹੁੰਚਾ ਕੇ ਰੋਕ ਦਿੱਤਾ ਗਿਆ। ਪਰ ਸ. ਲਛਮਣ ਸਿੰਘ ਧਾਰੋਵਾਲੀ ੧੯ ਫਰਵਰੀ ਨੂੰ ਜਥਾ ਲੈ ਕੇ ਆਪਣੇ ਪਿੰਡੋਂ ਚੱਲ ਪਏ। ਇਹ ੨੦ ਦੀ ਸਵੇਰ ਨੂੰ ੨੦੦ ਸਿੰਘਾਂ ਨਾਲ ਸ੍ਰੀ ਨਨਕਾਣਾ ਸਾਹਿਬ ਪਹੁੰਚ ਗਏ। ਸ. ਲਛਮਣ ਸਿੰਘ ਨੂੰ ਰੋਕਣ ਲਈ ਸਿੰਘ ਉਸ ਸਮੇਂ ਪਹੁੰਚੇ ਜਦੋਂ ਉਹ ਅਰਦਾਸਾ ਕਰ ਚੁਕੇ ਸਨ। ਉਹ ਦਰਸ਼ਨ ਕਰਨ ਲਈ ਜਨਮ ਅਸਥਾਨ ਪਹੁੰਚ ਗਏ। ਸ. ਲਛਮਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ।

ਮਹੰਤ ਨਰਾਇਣ ਦਾਸ ਨੇ ਕਤਲੇਆਮ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਲਾਹੌਰ ਕਮਿਸ਼ਨਰ ਵੱਲੋਂ ਲਿਖੇ ਇਕ ਚਰਚਿਤ ਪੱਤਰ ਵਿਚ ਮਹੰਤ ਨੂੰ ਆਪਣੇ ਕਾਨੂੰਨੀ ਹੱਕਾਂ ਦੀ ਰਾਖੀ ਲਈ ਖੁੱਲ੍ਹੀ ਛੁੱਟੀ ਮਿਲ ਗਈ ਸੀ। ਉਸ ਨਾਲ ਉਸ ਦਾ ਵਤੀਰਾ ਹਠੀਲਾ ਹੋ ਗਿਆ। ਉਨ੍ਹਾਂ ਨੇ ਗੁਰਦੁਆਰਾ ਜਨਮ ਅਸਥਾਨ ਦੇ ਦਰਵਾਜ਼ੇ ਬੰਦ ਕਰ ਦਿੱਤੇ। ਨਰਾਇਣ ਦਾਸ ਦੇ ਗੁੰਡੇ ਤਲਵਾਰਾਂ, ਕੁਹਾੜੀਆਂ ਤੇ ਬੰਦੂਕਾਂ ਨਾਲ

ਜ਼ੁਲਮ ਢਾਹਣ ਲੱਗੇ। ਛੱਤ ਦੇ ਉੱਤੋਂ ਵੀ ਗੋਲੀਆਂ ਚਲਾਈਆਂ ਗਈਆਂ। ਹਰੀ ਦਾਸ ਜੋਗੀ, ਗੁਰਮੁਖ ਦਾਸ, ਲੱਧਾ, ਰਾਂਝਾ, ਸ਼ੇਰ ਦਾਸ ਆਦਿ ਕਾਤਲਾਂ ਨੇ ਕਹਿਰ ਵਰਤਾ ਦਿੱਤਾ। ਸ. ਲਛਮਣ ਸਿੰਘ ਜੀ ਜਥੇਦਾਰ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸਨ, ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਕਈ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਵੀ ਲੱਗੀਆਂ। ਗੁਰਦੁਆਰਾ ਜਨਮ ਅਸਥਾਨ ਦੀ ਚੁਖੰਡੀ ਦੇ ਦਰਵਾਜ਼ਿਆਂ ਨੂੰ ਕੱਟਿਆ ਗਿਆ। ਸ਼ਹੀਦ ਹੋਏ ਤੇ ਹੋ ਰਹੇ ਸਿੰਘਾਂ ਨੂੰ ਧੂਹ-ਧੂਹ ਕੇ ਲੱਕੜਾਂ ਦੇ ਢੇਰ 'ਤੇ ਸੁੱਟ ਦਿੱਤਾ ਗਿਆ ਤੇ ਤੇਲ ਪਾ ਕੇ ਸਾੜ ਦਿੱਤਾ ਗਿਆ। ਇਹ ਸਾਕਾ ੨੦ ਫਰਵਰੀ ੧੯੨੧ ਨੂੰ ਹੋਇਆ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੀ ਖ਼ਬਰ ਨੇ ਸਾਰੇ ਪੰਥ ਤੇ ਦੇਸ਼ ਵਿਚ ਹਾਹਾਕਾਰ ਮਚਾ ਦਿੱਤੀ। ਸਰਦਾਰ ਉੱਤਮ ਸਿੰਘ ਕਾਰਖਾਨੇ ਵਾਲੇ ਨੇ ਇਸ ਸਾਕੇ ਸੰਬੰਧੀ ਪੰਥਕ ਜਥੇਬੰਦੀਆਂ ਤੇ ਸਰਕਾਰੀ ਅਫ਼ਸਰਾਂ ਨੂੰ ਤਾਰਾਂ ਦਿੱਤੀਆਂ। ੨੦ ਫਰਵਰੀ ਨੂੰ ਡਿਪਟੀ ਕਮਿਸ਼ਨਰ ਸ਼ੇਖੂਪੁਰਾ, ਸ੍ਰੀ ਨਨਕਾਣਾ ਸਾਹਿਬ ਪਹੁੰਚ ਗਿਆ। ੨੧ ਤਾਰੀਕ ਨੂੰ ਸ. ਹਰਬੰਸ ਸਿੰਘ ਅਟਾਰੀ, ਪ੍ਰੋ. ਜੋਧ ਸਿੰਘ, ਸ. ਮਹਿਤਾਬ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਤੇ ਬਾਬਾ ਕੇਹਰ ਸਿੰਘ ਪੱਟੀ ਵੀ ਪਹੁੰਚ ਗਏ। ਸ. ਕਰਤਾਰ ਸਿੰਘ ਝੱਬਰ ੨੨੦੦ ਸਿੰਘਾਂ ਦੇ ਜਥੇ ਨਾਲ ਸ੍ਰੀ ਨਨਕਾਣਾ ਸਾਹਿਬ ਪਹੁੰਚ ਗਏ। ਸਰਕਾਰੀ ਵਿਰੋਧ ਠੁੱਸ ਹੋ ਗਿਆ। ਲਾਹੌਰ ਦਾ ਕਮਿਸ਼ਨਰ ਕਿੰਗ ਵੀ ਪਹੁੰਚ ਗਿਆ। ਉਸ ਨੇ ਸ. ਕਰਤਾਰ ਸਿੰਘ ਝੱਬਰ ਤੇ ਸਰਦਾਰ ਮਹਿਤਾਬ ਸਿੰਘ ਨੂੰ ਇਕ ਕਮੇਟੀ ਬਣਾਉਣ ਲਈ ਕਿਹਾ। ਉਸ ਕਮੇਟੀ ਦਾ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਸੀ। ਕਿੰਗ ਨੇ ਗੁਰਦੁਆਰੇ ਦੀਆਂ ਚਾਬੀਆਂ ਸ. ਹਰਬੰਸ ਸਿੰਘ ਅਟਾਰੀ ਦੇ ਹਵਾਲੇ ਕਰ ਦਿੱਤੀਆਂ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨੇ ਸਿੱਖ ਸਮਾਜ, ਰਾਜਨੀਤੀ ਤੇ ਭਾਰਤੀ ਰਾਜਨੀਤੀ 'ਤੇ ਡੂੰਘਾ ਪ੍ਰਭਾਵ ਪਾਇਆ। ਇਸ ਸਾਕੇ ਪਿੱਛੋਂ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਚੱਲ ਪਏ। ਇਸ ਨੇ ਸਿੱਖਾਂ ਵਿਚ ਜੋਸ਼ ਦੀ ਅਗਨੀ ਪ੍ਰਚੰਡ ਕਰ ਦਿੱਤੀ। ੫ ਅਪ੍ਰੈਲ ੧੯੨੧ ਨੂੰ ਸਿੱਖਾਂ ਨੇ ਸ਼ਹੀਦੀ ਦਿਵਸ ਮਨਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਨੂੰ ਕਿਹਾ ਕਿ ੧੫ ਨਵੰਬਰ ੧੯੨੧ ਤਕ ਸ਼ਹੀਦਾਂ ਦੀ ਯਾਦ ਵਿਚ 'ਕਾਲੀਆਂ ਦਸਤਾਰਾਂ' ਸਜਾਉਣ। ਉਸ ਸਮੇਂ ਤੋਂ ਕਾਲੀ ਦਸਤਾਰ 'ਅਕਾਲੀਆਂ ਦਾ ਚਿੰਨ੍ਹ' ਬਣ ਗਈ।

ਮਹੰਤ ਤੇ ਉਸ ਦੇ ਗੁੰਡਿਆਂ ਨੂੰ ੧੨ ਅਕਤੂਬਰ ੧੯੨੧ ਨੂੰ ਸੈਸ਼ਨ ਕੋਰਟ ਨੇ ਸਜ਼ਾ ਦਿੱਤੀ। ਅੱਠਾਂ ਨੂੰ ਮੌਤ ਦੀ ਸਜ਼ਾ ਤੇ ਅੱਠਾਂ ਨੂੰ ਉਮਰ ਕੈਦ ਹੋਈ। ਪਰ ਹਾਈਕੋਰਟ 'ਚੋਂ ਨਰਾਇਣ ਦਾਸ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਤੇ ਉਹਦੇ ਤਿੰਨ ਸਾਥੀ ਫਾਹੇ ਲਾਏ ਗਏ। ੩ ਮਾਰਚ ੧੯੨੨ ਨੂੰ ਇਸ ਫੈਸਲੇ 'ਚੋਂ ਬਾਕੀ ਬਰੀ ਕਰ ਦਿੱਤੇ ਗਏ। ■

# ਜੈਤੋ ਦਾ ਮੋਰਚਾ

*-ਸ੍ਰੀ ਦਲਜੀਤ ਰਾਏ ਕਾਲੀਆ**

ਸਿੱਖ ਕੌਮ ਦਾ ਇਤਿਹਾਸ ਕੁਰਬਾਨੀਆਂ ਅਤੇ ਸ਼ਹੀਦੀਆਂ ਦਾ ਇਤਿਹਾਸ ਹੈ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਰਬੰਸ-ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਅਤੇ ਲਾਸਾਨੀ ਕੁਰਬਾਨੀ ਆਪਣੀ ਮਿਸਾਲ ਆਪ ਹੈ। ਸਮੇਂ-ਸਮੇਂ 'ਤੇ ਸਿਰੜੀ ਸਿੰਘਾਂ ਨੇ ਸ਼ਹੀਦੀ-ਪਰੰਪਰਾ ਨੂੰ ਅੱਗੇ ਤੋਰਿਆ ਹੈ। ਬਹਾਦਰ ਸਿੰਘ ਆਰਿਆਂ ਨਾਲ ਚਿਰਵਾਏ ਗਏ, ਉਬਲਦੀਆਂ ਦੇਗਾਂ ਵਿਚ ਉਬਾਲੇ ਗਏ, ਉਹ ਬੰਦ-ਬੰਦ ਕਟਵਾ ਗਏ, ਚਰਖੜੀਆਂ 'ਤੇ ਚੜ੍ਹੇ, ਪਰ ਮਾਲਕ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਰਹੇ। ਸਮੇਂ ਦੇ ਹਾਕਮਾਂ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਘੱਲੂਘਾਰਿਆਂ ਦਾ ਦੌਰ ਚਲਾਇਆ, ਪਰ ਸਿੱਖ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇ। ਆਪਣੇ ਧਾਰਮਿਕ ਅਸਥਾਨਾਂ ਦੀ ਆਨ-ਸ਼ਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਦਰ-ਸਤਿਕਾਰ ਪ੍ਰਤੀ ਸਿੱਖ ਹਮੇਸ਼ਾਂ ਚੇਤੰਨ ਰਹਿੰਦੇ ਹਨ ਅਤੇ ਇਸ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਹਨ। ੧੯੨੦-੨੫ ਦੌਰਾਨ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਵਿਚ ਸੁਧਾਰ ਲਿਆਉਣ ਅਤੇ ਇਨ੍ਹਾਂ ਨੂੰ ਦੁਰਾਚਾਰੀ ਅਤੇ ਅੰਗਰੇਜ਼ ਪਿੱਠੂ ਮਹੰਤਾਂ ਦੇ ਕਬਜ਼ਿਆਂ ਵਿੱਚੋਂ ਮੁਕਤ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚੱਲੀ। ਗੁਰਦੁਆਰਾ ਸੁਧਾਰ ਲਹਿਰ ਤਹਿਤ ਵੱਖ-ਵੱਖ ਗੁਰਦੁਆਰਾ ਸਾਹਿਬਾਨ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ, ਪਰ ਇਸ ਸਮੇਂ ਲੱਗੇ ਮੋਰਚਿਆਂ ਦੌਰਾਨ, ਜੈਤੋ ਦਾ ਇਤਿਹਾਸਕ ਮੋਰਚਾ ਸਭ ਤੋਂ ਲੰਬਾ ਸਮਾਂ ਚੱਲਿਆ।

ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੇ ਆਪਣੀ ਤਾਜਪੋਸ਼ੀ ਸਮੇਂ ਸਿੱਖ ਰੀਤੀ-ਰਿਵਾਜਾਂ ਨੂੰ ਅਪਣਾਇਆ, ਜੋ ਕਿ ਅੰਗਰੇਜ਼ ਸਰਕਾਰ ਨੂੰ ਚੰਗਾ ਨਹੀਂ ਲੱਗਾ। ਉਹ ਮਹਾਰਾਜੇ ਨੂੰ ਬਾਗ਼ੀ ਸਮਝਣ ਲੱਗ ਪਈ। ੫ ਅਪ੍ਰੈਲ ੧੯੨੧ ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਨੂੰ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸਿਰ 'ਤੇ ਕਾਲੀਆਂ ਦਸਤਾਰਾਂ ਅਤੇ ਦੁਪੱਟੇ ਸਜਾਉਣ ਅਤੇ ਥਾਂ-ਥਾਂ ਦੀਵਾਨ ਕੀਤੇ ਜਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ। ਸਿੱਖ ਮਹਾਰਾਜਿਆਂ ਵਿੱਚੋਂ ਮਹਾਰਾਜਾ ਰਿਪੁਦਮਨ ਸਿੰਘ ਨੇ ਹੀ ਇਸ ਅਪੀਲ 'ਤੇ ਪੂਰੀ ਸੁਹਿਰਦਤਾ ਤੇ ਸਮਰਪਣ ਨਾਲ ਅਮਲ ਕੀਤਾ। ਅੰਗਰੇਜ਼ ਸਰਕਾਰ ਪਹਿਲਾਂ ਹੀ ਮਹਾਰਾਜੇ ਦੇ ਵਿਰੁੱਧ ਸੀ। ਨਾਭਾ

** ਸਿਵਲ ਹਸਪਤਾਲ ਜ਼ੀਰਾ-੧੪੨੦੪੭ (ਫਿਰੋਜ਼ਪੁਰ)।*

ਅਤੇ ਪਟਿਆਲਾ ਦੇ ਮਹਾਰਾਜੇ ਦੇ ਅਕਸਰ ਘਰੋਗੀ ਝਗੜੇ ਚੱਲਦੇ ਰਹਿੰਦੇ ਸਨ। ਅੰਗਰੇਜ਼ ਸਰਕਾਰ ਨੇ ਨਾਭਾ ਅਤੇ ਪਟਿਆਲਾ ਦੇ ਰਾਜਿਆਂ ਕੋਲੋਂ ਫੈਸਲਾ ਕਰਨ ਦੇ ਹੱਕ ਪ੍ਰਾਪਤ ਕਰ ਲਏ। ੧੯੨੨ ਈ. ਦੇ ਅੰਤ ਵਿਚ ਇਲਾਹਾਬਾਦ ਹਾਈਕੋਰਟ ਦੇ ਇਕ ਜੱਜ ਨੇ ਪੜਤਾਲ ਕਰ ਕੇ ਮਹਾਰਾਜਾ ਨਾਭਾ ਦੇ ਵਿਰੁੱਧ ਫੈਸਲਾ ਦੇ ਦਿੱਤਾ। ਅੰਗਰੇਜ਼ ਸਰਕਾਰ ਨੇ ੮ ਜੂਨ, ੧੯੨੩ ਈ. ਨੂੰ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਲਾਹ ਦਿੱਤਾ। ਸਰਕਾਰ ਦੀ ਇਸ ਕਾਰਵਾਈ ਨਾਲ ਸਿੱਖ ਪੰਥ ਵਿਚ ਭਾਰੀ ਰੋਸ ਫੈਲ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਹਾਰਾਜੇ ਨਾਲ ਹਮਦਰਦੀ ਪ੍ਰਗਟਾਈ ਅਤੇ ੫ ਅਗਸਤ ਨੂੰ ਇਕੱਤਰਤਾ ਕਰ ਕੇ ੯ ਸਤੰਬਰ ਨੂੰ ਸਭ ਥਾਵਾਂ 'ਤੇ 'ਨਾਭਾ ਦਿਵਸ' ਮਨਾਉਣ ਦੀ ਅਪੀਲ ਕੀਤੀ।

੨੫, ੨੬ ਅਤੇ ੨੭ ਅਗਸਤ ਨੂੰ ਇਲਾਕੇ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਦੀਵਾਨ ਸਜਾਇਆ ਗਿਆ ਅਤੇ ਮਹਾਰਾਜੇ ਦੀ ਬਹਾਲੀ ਲਈ ਮਤੇ ਪਾਸ ਕੀਤੇ ਗਏ। ੨੭ ਅਗਸਤ ਨੂੰ ਭਰੇ ਦੀਵਾਨ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਗਿਆਨੀ ਇੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਮੇਂ ਨਾਭਾ ਰਿਆਸਤ ਦਾ ਪ੍ਰਬੰਧ ਅੰਗਰੇਜ਼ ਸਰਕਾਰ ਵੱਲੋਂ ਨਿਯੁਕਤ ਮਿਸਟਰ ਵਿਲੀਅਮ ਜਾਨਸਟਨ ਦੇ ਹੱਥਾਂ ਵਿਚ ਸੀ। ੯ ਸਤੰਬਰ ਨੂੰ ਹੋਰਨਾਂ ਥਾਵਾਂ ਵਾਂਗ ਜੈਤੋ ਮੰਡੀ ਵਿਚ ਵੀ ਜਲੂਸ ਕੱਢਿਆ ਗਿਆ ਅਤੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ। ੯ ਸਤੰਬਰ ਦੇ ਜਲੂਸ ਵਿਚ ਸ਼ਾਮਲ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ੧੪ ਸਤੰਬਰ ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਅੰਦਰ ਦੀਵਾਨ ਸਜਿਆ ਹੋਇਆ ਸੀ ਅਤੇ ਸੰਗਤਾਂ ਗੁਰਬਾਣੀ ਸਰਵਣ ਕਰ ਰਹੀਆਂ ਸਨ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਬਾਵਰਦੀ ਸਿਪਾਹੀਆਂ ਨੇ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋ ਕੇ ਸੰਗਤਾਂ ਅਤੇ ਸੇਵਾਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਜਿਹੜਾ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਪਾਠ ਕਰ ਰਿਹਾ ਸੀ, ਉਸ ਨੂੰ ਧੂਹ ਲਿਆ ਅਤੇ ਸ੍ਰੀ ਅਖੰਡ ਪਾਠ ਸਾਹਿਬ ਨੂੰ ਖੰਡਿਤ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ੧੪ ਸਤੰਬਰ ੧੯੨੩ ਤੋਂ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਜੈਤੋ ਦਾ ਮੋਰਚਾ ਬਾਕਾਇਦਾ ਸ਼ੁਰੂ ਹੋ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੨੫-੨੫ ਸਿੰਘਾਂ ਦਾ ਜਥਾ ਰੋਜ਼ਾਨਾ ਜੈਤੋ ਭੇਜਣ ਦਾ ਫੈਸਲਾ ਕਰ ਲਿਆ। ਪਹਿਲਾ ਜਥਾ ੧੫ ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੈਦਲ ਰਵਾਨਾ ਹੋਇਆ। ਇਸ ਜਥੇ ਨੇ ਤੁਰਨ ਤੋਂ ਪਹਿਲਾਂ ਹੀ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ ਹੋਇਆ ਸੀ। ਜਥਾ ਵੱਖ-ਵੱਖ ਥਾਈਂ ਪੜਾਅ ਕਰਦਾ ਹੋਇਆ ਜੈਤੋ ਪਹੁੰਚਿਆ, ਪਰ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਣ ਤੋਂ ਪਹਿਲਾਂ ਹੀ ਜਥੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ੨੫ ਸਿੰਘਾਂ ਦਾ ਇਕ ਜਥਾ

ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤਮਈ ਰਵਾਨਾ ਹੁੰਦਾ ਅਤੇ ਜੈਤੋ ਪਹੁੰਚ ਕੇ ਸ਼ਾਂਤਮਈ ਗ੍ਰਿਫ਼ਤਾਰੀ ਦਿੰਦਾ ਰਿਹਾ। ਇਨ੍ਹਾਂ ਗ੍ਰਿਫ਼ਤਾਰੀਆਂ ਦੀ ਚਰਚਾ ਸਮੁੱਚੇ ਦੇਸ਼ ਅੰਦਰ ਫੈਲ ਗਈ ਅਤੇ ਜੈਤੋ ਦਾ ਮੋਰਚਾ ਸਮੁੱਚੇ ਭਾਰਤ ਦੀ ਨਜ਼ਰੇ ਚੜ੍ਹ ਗਿਆ।

੨੯ ਸਤੰਬਰ, ੧੯੨੩ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਭਾ ਦੇ ਅਧਿਕਾਰੀਆਂ ਵੱਲੋਂ ੧੪ ਸਤੰਬਰ ਨੂੰ ਗੁਰਦੁਆਰਾ ਗੰਗਸਰ ਸਾਹਿਬ ਅੰਦਰ ਸ੍ਰੀ ਅਖੰਡ ਪਾਠ ਸਾਹਿਬ ਖੰਡਿਤ ਕਰਨ ਦੀ ਕਾਰਵਾਈ ਅਤੇ ਅਕਾਲੀਆਂ ਨਾਲ ਕੀਤੇ ਜਾ ਰਹੇ ਵਰਤਾਉ ਦੀ ਕਰੜੀ ਨਿਖੇਧੀ ਕੀਤੀ ਅਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਅੰਗਰੇਜ਼ੀ ਹਕੂਮਤ ਦੇ ਦਖ਼ਲ ਨੂੰ ਬਰਦਾਸ਼ਤ ਨਾ ਕਰਨ ਲਈ ਮਤਾ ਪਾਸ ਕੀਤਾ। ਅੰਗਰੇਜ਼ੀ ਸਰਕਾਰ ਨੇ ੧੩ ਅਕਤੂਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੋਨਾਂ ਨੂੰ ਕਾਨੂੰਨ ਵਿਰੁੱਧ ਕਰਾਰ ਦੇ ਦਿੱਤਾ। ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਮੈਂਬਰਾਂ ਅਤੇ ਸਰਗਰਮ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਹੁਣ ਫੈਸਲਾ ਹੋਇਆ ਕਿ ੫੦੦-੫੦੦ ਸਿੰਘਾਂ ਦੇ ਜਥੇ ਭੇਜੇ ਜਾਣ ਅਤੇ ਪਹਿਲਾ ਜਥਾ ੨੧ ਫਰਵਰੀ, ੧੯੨੪ ਈ. ਨੂੰ ਜੈਤੋ ਪਹੁੰਚੇ। ੯ ਫ਼ਰਵਰੀ ੧੯੨੪ ਨੂੰ ੫੦੦ ਸਿੰਘਾਂ ਦਾ ਪਹਿਲਾ ਜਥਾ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾ ਸੋਧ ਕੇ ਤੁਰਿਆ। ਰਸਤੇ ਵਿਚ ਵੱਖ-ਵੱਖ ਥਾਈਂ ਪੜਾਅ ਕਰਦਾ ਹੋਇਆ ਇਹ ਜਥਾ ੨੦ ਫਰਵਰੀ ਨੂੰ ਫ਼ਰੀਦਕੋਟ ਦੇ ਪਿੰਡ ਬਰਗਾੜੀ ਪੁੱਜ ਗਿਆ। ੨੧ ਫਰਵਰੀ ਨੂੰ ਜਥਾ ਸਵੇਰੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਜੈਤੋ ਵੱਲ ਰਵਾਨਾ ਹੋਇਆ। ਜਥੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਬੀਬੀਆਂ ਸਹਿਤ ਅਣਗਿਣਤ ਸੰਗਤਾਂ ਸ਼ਾਮਲ ਸਨ। ਨਾਭਾ ਰਾਜ ਦੀ ਹੱਦ ਅੰਦਰ ਦਾਖ਼ਲ ਹੋਣ 'ਤੇ ਜਥੇ ਨੂੰ ਉਥੇ ਰੋਕ ਲਿਆ ਗਿਆ। ਜਥੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਉਠਾ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸੀ। ਗੁਰਦੁਆਰਾ ਗੰਗਸਰ ਸਾਹਿਬ ਨੂੰ ਜਾਣ ਵਾਲੇ ਰਸਤੇ 'ਤੇ ਤਾਰਾਂ ਲੱਗੀਆਂ ਹੋਈਆਂ ਸਨ ਅਤੇ ਮਸ਼ੀਨਗੰਨਾਂ ਬੀੜੀਆਂ ਹੋਈਆਂ ਸਨ। ਵਿਲਸਨ ਜਾਨਸਟਨ ਵੱਲੋਂ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਗਿਆ। ਗੋਲੀ ਬੰਦ ਹੋਣ ਤਕ ਸਾਰੀ ਸੰਗਤ ਗੁਰਦੁਆਰਾ ਟਿੱਬੀ ਸਾਹਿਬ ਪੁੱਜ ਚੁੱਕੀ ਸੀ। ਜਥੇ ਦੇ ਸੈਂਕੜੇ ਸਿੰਘ ਅਤੇ ਨਾਲ ਜਾ ਰਹੀ ਸੰਗਤ ਵੱਡੀ ਗਿਣਤੀ ਵਿਚ ਸ਼ਹੀਦ ਜਾਂ ਜ਼ਖ਼ਮੀ ਹੋ ਚੁੱਕੀ ਸੀ। ਜਥੇ ਦੇ ਬਚੇ ਹੋਏ ਸਿੰਘ ਗੁਰਦੁਆਰਾ ਟਿੱਬੀ ਸਾਹਿਬ ਤੋਂ ਗੁਰਦੁਆਰਾ ਗੰਗਸਰ ਸਾਹਿਬ ਵੱਲ ਨੂੰ ਵਧੇ, ਪਰ ਘੋੜ-ਸਵਾਰ ਫੌਜੀ ਦਸਤੇ ਨੇ ਉਨ੍ਹਾਂ ਦਾ ਰਾਹ ਰੋਕ ਲਿਆ। ਬਚੀ ਹੋਈ ਸੰਗਤ ਅਤੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੈਤੋ ਵਿਚ ਵਾਪਰੇ ਇਸ ਦੁਖਦਾਈ ਕਾਂਡ ਦੀ ਖ਼ਬਰ ਚਾਰੇ ਪਾਸੇ

ਜੰਗਲ ਦੀ ਅੱਗ ਵਾਂਗ ਫੈਲ ਗਈ।

ਜੈਤੋ ਦੇ ਮੋਰਚੇ ਦੌਰਾਨ ਵਾਪਰੀ ਇਸ ਭਿਆਨਕ ਘਟਨਾ ਨੇ ਸਿੱਖਾਂ ਦੇ ਮਨਾਂ ਵਿਚ ਜੋਸ਼ ਨੂੰ ਹੋਰ ਪ੍ਰਚੰਡ ਕੀਤਾ। ੨੧ ਫ਼ਰਵਰੀ ਦੇ ਸਾਕੇ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੂਸਰਾ ੫੦੦ ਸਿੰਘਾਂ ਦਾ ਜਥਾ ਭੇਜਣ ਦਾ ਐਲਾਨ ਕੀਤਾ ਗਿਆ। ਦੂਸਰਾ ਜਥਾ ੨੫ ਫ਼ਰਵਰੀ ੧੯੨੪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੈਦਲ ਰਵਾਨਾ ਹੋਇਆ ਅਤੇ ੧੩ ਮਾਰਚ ਨੂੰ ਜੈਤੋ ਦੇ ਨੇੜੇ ਪੁੱਜ ਗਿਆ। ਇਸ ਜਥੇ ਨੇ ੧੪ ਮਾਰਚ ਨੂੰ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਣਾ ਸੀ। ਇਸ ਜਥੇ ਉੱਪਰ ਪਹਿਲਾਂ ਦੀ ਤਰ੍ਹਾਂ ਗੋਲੀਆਂ ਦਾ ਮੀਂਹ ਨਹੀਂ ਵਰ੍ਹਾਇਆ ਗਿਆ। ਜਥੇ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਗਿਆ। ਸਾਰੇ ਸਿੰਘਾਂ ਨੇ ਸ਼ਾਂਤਮਈ ਢੰਗ ਨਾਲ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ। ਤੀਸਰਾ ੫੦੦ ਸਿੰਘਾਂ ਦਾ ਜਥਾ ੨੨ ਮਾਰਚ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ ਅਤੇ ੭ ਅਪ੍ਰੈਲ, ੧੯੨੪ ਨੂੰ ਜੈਤੋ ਪਹੁੰਚਿਆ। ਇਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਕਿਲ੍ਹੇ ਅੰਦਰ ਡੱਕ ਦਿੱਤਾ ਗਿਆ। ਇਸ ਤਰ੍ਹਾਂ ੫੦੦-੫੦੦ ਸਿੰਘਾਂ ਦੇ ਜਥੇ ਉਦੋਂ ਤਕ ਜੈਤੋ ਵੱਲ ਰਵਾਨਾ ਹੁੰਦੇ ਰਹੇ, ਜਦੋਂ ਤਕ ਸਰਕਾਰ ਨੇ ਸਿੰਘਾਂ ਨੂੰ ਸ੍ਰੀ ਅਖੰਡ ਪਾਠ ਸਾਹਿਬ ਸ਼ੁਰੂ ਕਰਨ ਦੀ ਇਜਾਜ਼ਤ ਨਾ ਦੇ ਦਿੱਤੀ। ਜੈਤੋ ਦਾ ਮੋਰਚਾ ੧੪ ਜੁਲਾਈ, ੧੯੨੩ ਈ. ਤੋਂ ਸ਼ੁਰੂ ਹੋ ਕੇ ੨੧ ਜੁਲਾਈ, ੧੯੨੫ ਤਕ ਚੱਲਦਾ ਰਿਹਾ। ਅੰਤ ਸਰਕਾਰ ਨੂੰ ਝੁਕਣਾ ਪਿਆ, ਖਾਲਸੇ ਦੀ ਜਿੱਤ ਹੋਈ। ਜਦੋਂ ਸਰਕਾਰ ਨੂੰ ਦ੍ਰਿੜ੍ਹ ਵਿਸ਼ਵਾਸ ਹੋ ਗਿਆ ਕਿ ਸਿੱਖੀ ਸਿਰੜ ਨੂੰ ਕੋਈ ਦਬਾਅ ਨਹੀਂ ਸਕਦਾ ਤਾਂ ਉਸ ਨੇ ੭ ਜੁਲਾਈ, ੧੯੨੫ ਈ. ਨੂੰ ਗੁਰਦੁਆਰਾ ਐਕਟ ਪਾਸ ਕਰਕੇ ਪਹਿਲੀ ਨਵੰਬਰ ਤੋਂ ਇਸ ਨੂੰ ਲਾਗੂ ਕਰ ਦਿੱਤਾ ਅਤੇ ਇਸ ਅਧੀਨ ਸਾਰੇ ਗੁਰਦੁਆਰਾ ਸਾਹਿਬਾਨ ਉੱਪਰ ਪੰਥਕ ਪ੍ਰਬੰਧ ਨੂੰ ਪ੍ਰਵਾਨ ਕਰ ਲਿਆ ਗਿਆ।

■

## ਗੁ: ਸਾਹਿਬ ਗੁਰੂਸਰ ਪਾਤਸ਼ਾਹੀ ੯ਵੀਂ ਹੰਡਿਆਇਆ ਵਿਖੇ ਅੰਮ੍ਰਿਤ-ਸੰਚਾਰ

ਸ. ਭਰਪੂਰ ਸਿੰਘ ਪ੍ਰਧਾਨ ਗੁ: ਸਾਹਿਬ ਗੁਰੂਸਰ ਪਾਤਸ਼ਾਹੀ ੯ਵੀਂ ਹੰਡਿਆਇਆ ਦੀ ਪੁੱਜੀ ਰਿਪੋਰਟ ਅਨੁਸਾਰ ਮਿਤੀ ੨੮-੮-੦੭ ਅਤੇ ਮਿਤੀ ੨੬-੯-੦੭ ਨੂੰ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਗਿਆ ਜਿਸ ਵਿਚ ਕ੍ਰਮਵਾਰ ੪੩ ਅਤੇ ੭੧ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਪੰਜ ਪਿਆਰੇ ਸਾਹਿਬਾਨ ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ ਵੱਲੋਂ ਆਏ। ਇਸ ਸਮਾਗਮ ਵਿਚ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਹੰਡਿਆਇਆ ਨੇ ਵੀ ਯੋਗਦਾਨ ਪਾਇਆ।

# ਸ੍ਰੀ ਗੁਰੂ ਗ੍ਰੰਥ ਸਾਹਿਬ

*-ਸ. ਦਾਨ ਸਿੰਘ ਕੋਮਲ**

ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਣੀ ਦਾ ਭੰਡਾਰ ਰੱਬੀ,
ਅੱਖਰਾਂ ਦੇ ਰੂਪ ਵਿਚ ਜੋਤਿ ਹੈ ਅਕਾਲ ਦੀ।
ਇਸੇ ਜੋਤਿ ਵਿਚ ਸਾਨੂੰ ਦਸੇ ਗੁਰੂ ਨਜ਼ਰ ਆਉਣ,
ਇਹੋ ਸਾਨੂੰ ਰਾਹ ਹੈ ਗਿਆਨ ਦਾ ਵਿਖਾਲਦੀ।

ਇਸੇ ਦਰ ਉੱਤੇ ਮਿਲੇ ਮਾਣ ਨਿਮਾਣਿਆਂ ਨੂੰ,
ਅਤੇ ਅਭਿਮਾਨੀਆਂ ਦਾ ਟੁੱਟਦਾ ਗ਼ਰੂਰ ਏ।
ਜਿਹੜਾ ਦਿਲ ਸਾਫ਼ ਲੈ ਕੇ ਸ਼ਰਧਾ ਦੇ ਨਾਲ ਆਵੇ,
ਦੀਵੇ ਵਾਂਗ ਜਗ ਪੈਂਦਾ, ਹੁੰਦਾ ਨੂਰੋ ਨੂਰ ਏ।

ਗੁਰਬਾਣੀ ਗੁਰੂ ਹੈ, ਤੇ ਗੁਰੂ ਗੁਰਬਾਣੀ ਏ,
ਇਸੇ ਵਿੱਚੋਂ ਮਿਲ ਜਾਂਦਾ, ਅੰਮ੍ਰਿਤ ਦਾ ਸਰ ਹੈ।
ਇਸੇ ਸਰ ਵਿਚ ਚੁੱਭੀ ਲਾਈ ਜਿਦ੍ਹੀ ਆਤਮਾ ਨੇ,
ਲੱਭ ਲਿਆ ਜਾਣੋ ਉਹਨੇ ਮੁਕਤੀ ਦਾ ਦਰ ਹੈ।

ਸਮਝਦੇ ਨੇ ਉਹੋ ਜਿਹੜੇ ਜਪਦੇ ਸਵਾਸਾਂ ਨਾਲ,
ਮਸਤੀ ਵਿਚ ਕਿੰਵ ਲੋਹਾਂ ਤੱਤੀਆਂ 'ਤੇ ਗਾਈਦਾ।
ਹੱਸ ਹੱਸ ਖੋਪਰੀ ਲੁਹਾਉਣ 'ਚ ਸੁਆਦ ਕਿੰਨਾ,
ਆਰੇ ਥੱਲੇ ਬਹਿ ਕੇ ਕਿਵੇਂ ਤਨ ਚਿਰਵਾਈਦਾ।

ਚੰਨ ਕੋਲੋਂ ਸੀਤਲ ਅਨੰਤ ਪ੍ਰਕਾਸ਼ ਇਹਦਾ,
ਤਪਦਿਆਂ ਦਿਲਾਂ ਨੂੰ ਜਾਵੇ ਪਲਾਂ ਵਿਚ ਠਾਰਦਾ।
ਕੱਲਰ ਵਾਂਗੂੰ ਉੱਜੜੇ ਹੋਏ ਦਿਲਾਂ ਵਿਚ ਉੱਗ ਪੈਂਦਾ,
ਬੂਟਾ ਜੇ ਕੋਈ ਲਾਵੇ ਨਾਮ ਬਾਣੀ ਦੇ ਪਿਆਰ ਦਾ।

ਰਿਦ੍ਹੇ ਵਿਚ ਜਿਸ ਨੇ ਵਸਾ ਲਿਆ ਏ ਇਹਦਾ ਨਾਂ,
ਸਮਝ ਲਿਆ ਭਾਵ ਉਹਨੇ ਇਕ ੧ਓ ਦਾ।
'ਮੈਂ' ਕੋਲੋਂ 'ਤੂੰ' ਹੋਇਆ, 'ਤੂੰ' ਕੋਲੋਂ 'ਆਪੇ ਆਪ',
'ਆਪੇ ਆਪ' ਬਣ ਗਿਆ ਉਹ ਰੂਪ ਨਿਰੰਕਾਰ ਦਾ।

**੪੫੫-ਜੀ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ।*

ਖ਼ਬਰਨਾਮਾ

## ਸ਼੍ਰੋਮਣੀ ਕਮੇਟੀ ਵੱਲੋਂ ੮੪ ਦੇ ਸਿੱਖ ਕਤਲੇਆਮ ਦੇ ਗਵਾਹਾਂ ਨੂੰ ਅੱਗੇ ਆਉਣ ਦਾ ਸੱਦਾ

ਅੰਮ੍ਰਿਤਸਰ : ੧੪ ਜਨਵਰੀ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ੧੯੮੪ ਦੇ ਸਿੱਖ ਕਤਲੇਆਮ ਦੇ ਗਵਾਹਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ ਲੋਕ ਜਿਨ੍ਹਾਂ ਦੇ ਸਾਹਮਣੇ ਸਿੱਖਾਂ ਨੂੰ ਮਾਰਿਆ ਗਿਆਂ ਸੀ ਉਹ ਆਪਣੀਆਂ ਗਵਾਹੀਆਂ ਦੇਣ ਲਈ ਸਾਹਮਣੇ ਆਉਣ। ਸ਼੍ਰੋਮਣੀ ਕਮੇਟੀ ਅਜਿਹੇ ਸਾਰੇ ਗਵਾਹਾਂ ਨੂੰ ਹਰ ਤਰ੍ਹਾਂ ਦੀ ਸੰਭਵ ਸਹਾਇਤਾ ਦੇਣ ਲਈ ਤਿਆਰ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅੱਜ ਇਥੇ ਕਿਹਾ ਕਿ ਸਰਕਾਰੀ ਏਜੰਸੀਆਂ ਇਸ ਸ਼ਰਮਨਾਕ ਕਾਰੇ ਵਿਚ ਸ਼ਾਮਲ ਕਾਂਗਰਸੀ ਆਗੂਆਂ ਨੂੰ ਬਚਾਉਣ ਦਾ ਹਰ ਯਤਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਈ ਜਸਬੀਰ ਸਿੰਘ, ਭਾਈ ਸੁਰਿੰਦਰ ਸਿੰਘ ਤੇ ਬੀਬੀ ਭਗਵਾਨੀ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਸਿੱਖਾਂ ਦੇ ਕਾਤਲਾਂ ਦੇ ਖਿਲਾਫ਼ ਗਵਾਹੀਆਂ ਦੇਣ ਦਾ ਸ਼ਲਾਘਾਯੋਗ ਫੈਸਲਾ ਕੀਤਾ ਹੈ। ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਹੋਰ ਵੀ ਬਹੁਤ ਸਾਰੇ ਗਵਾਹ ਮੌਜੂਦ ਹਨ ਪਰ ਜਾਂਚ ਏਜੰਸੀਆਂ ਉਨ੍ਹਾਂ ਦੀ ਗਵਾਹੀ ਦਰਜ ਕਰਾਉਣ ਤੋਂ ਗੁਰੇਜ਼ ਕਰ ਰਹੀਆਂ ਹਨ ਸਿੱਖਾਂ ਨੂੰ ਇਨਸਾਫ ਦੇਣ ਦੀ ਬਜਾਏ ਕਾਤਲਾਂ ਨੂੰ ਬਚਾਉਣ ਲਈ ਵੱਧ ਕੰਮ ਕੀਤਾ ਹੈ।

## ਸਮਾਜਿਕ ਬੁਰਾਈਆਂ ਦੂਰ ਕਰਨ ਲਈ ਸ਼੍ਰੋਮਣੀ ਕਮੇਟੀ ਵੱਖਰਾ ਬਜ਼ਟ ਰੱਖੇਗੀ-ਜਥੇ: ਅਵਤਾਰ ਸਿੰਘ

ਅੰਮ੍ਰਿਤਸਰ : ੧੧ ਜਨਵਰੀ- ਅੱਜ ਦੇ ਸਮੇਂ ਦੀਆਂ ਸਭ ਤੋਂ ਭਿਅੰਕਰ ਸਮਾਜਿਕ ਕੁਰੀਤੀਆਂ ਭਰੂਣ ਹੱਤਿਆ ਅਤੇ ਨਸ਼ਿਆਂ ਦੀ ਵਰਤੋਂ ਨੂੰ ਖਤਮ ਕਰਨ ਲਈ ਸ਼੍ਰੋਮਣੀ ਕਮੇਟੀ ਆਉਣ ਵਾਲੇ ਸਾਲ ਵਿਚ ਇਕ ਵੱਖਰਾ ਬਜ਼ਟ ਮੁਹੱਈਆ ਕਰਵਾਏਗੀ, ਇਹ ਐਲਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਮਾਝਾ ਜੋਨ ਦੇ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਨਾਲ ਹੋਈ ਮੀਟਿੰਗ ਤੋਂ ਬਾਅਦ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਨ੍ਹਾਂ ਕੁਰੀਤੀਆਂ ਨੂੰ ਖਤਮ ਕਰਨ ਲਈ ਹਰ ਸੰਭਵ ਯਤਨ ਕਰੇਗੀ ਅਤੇ ਉਨ੍ਹਾਂ ਇਸ ਉਪਰਾਲੇ ਨੂੰ ਸਿਰੇ ਚਾੜ੍ਹਨ ਲਈ ਸਿੱਖ ਸੰਗਤਾਂ ਤੋਂ ਵੱਡੇ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਦੇ ਨਾਲ-ਨਾਲ ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਵੀ ਇਤਿਹਾਸਕ ਕਦਮ ਪੁੱਟ ਰਹੀ ਹੈ। ਸ਼੍ਰੋਮਣੀ ਕਮੇਟੀ ਦੀਆਂ ਸਿੱਖਿਆ ਸੰਸਥਾਵਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਿੱਖਿਆ ਡਾਇਰੈਕਟੋਰੇਟ ਕਾਇਮ ਕੀਤਾ ਗਿਆ ਹੈ। ਜਥੇਦਾਰ ਅਵਤਾਰ ਸਿੰਘ ਨੇ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ ਅਤੇ ਇਸ ਸ਼ਾਨਾਂਮੱਤੀ ਸੰਸਥਾ ਵਿਚ ਕੰਮ ਕਰਨ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਪੂਰਨ ਰਹਿਤ ਮਰਯਾਦਾ ਵਾਲਾ ਜੀਵਨ ਬਤੀਤ ਕਰਨ ਲਈ ਕਿਹਾ। ਉਨ੍ਹਾਂ ਨੇ ਦੱਸਿਆ ਕਿ ਨਾਨਕਸ਼ਾਹੀ ਕੈਲੰਡਰ ਜੋ ੧ ਚੇਤ (੧੪ ਮਾਰਚ) ਤੋਂ ਸ਼ੁਰੂ ਹੁੰਦਾ ਹੈ ਦੇ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ, ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਅਤੇ ਪੰਜਾਬ ਭਰ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਜਾਣਗੇ।

# ਪਾਵਨ ਸਰੂਪਾਂ ਦੀ ਛਪਾਈ ਲਈ ਵੱਡੇ ਪੱਧਰ 'ਤੇ ਪ੍ਰਬੰਧ ਕੀਤਾ ਜਾਵੇਗਾ-ਜਥੇ: ਭੌਰ

ਅੰਮ੍ਰਿਤਸਰ : ੭ ਜਨਵਰੀ- ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਛਪਾਈ ਇਕ ਵੱਡਾ ਪ੍ਰਾਜੈਕਟ ਹੈ। ਗੁਰਦੁਆਰਾ ਰਾਮਸਰ ਦੀ ਇਮਾਰਤ 'ਚ ਪ੍ਰਿੰਟਿੰਗ ਦੇ ਮੌਜੂਦਾ ਸੈੱਟਅੱਪ ਦਾ ਵਿਸਥਾਰ ਕਰਕੇ ਇਥੇ ਕੇਵਲ ਤੇ ਕੇਵਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਤੇ ਗੁਰਬਾਣੀ ਦੇ ਗੁਟਕਿਆਂ ਦੀ ਹੀ ਛਪਾਈ ਕੀਤੀ ਜਾਵੇਗੀ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਦੀ ਅਗਵਾਈ 'ਚ ਗਠਤ ਸਬ-ਕਮੇਟੀ ਦੀ ਗੁਰਦੁਆਰਾ ਰਾਮਸਰ ਵਿਖੇ ਇਕੱਤਰਤਾ ਉਪਰੰਤ ਇਕ ਪ੍ਰੈੱਸ ਰਲੀਜ਼ 'ਚ ਕੀਤਾ। ਜਥੇਦਾਰ ਭੌਰ ਨੇ ਦੱਸਿਆ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ, ਰੱਖ-ਰਖਾਵ ਤੇ ਦੇਸ਼ ਭਰ 'ਚ ਸੰਗਤਾਂ ਪਾਸ ਪਹੁੰਚਾਉਣ ਦਾ ਇਕ ਵੱਡਾ ਤੇ ਅਹਿਮ ਕਾਰਜ ਹੈ। ਗੁਰਮਤਿ ਮਰਯਾਦਾ ਤੇ ਸਿੱਖੀ ਪ੍ਰੰਪਰਾਵਾਂ ਅਨੁਸਾਰ ਪਾਵਨ ਸਰੂਪਾਂ ਦੀ ਛਪਾਈ ਵੱਡੇ ਪੱਧਰ 'ਤੇ ਕਰਨ ਲਈ ਉਚੇਚੇ ਤੌਰ 'ਤੇ ਯਤਨ ਕੀਤੇ ਜਾ ਰਹੇ ਹਨ। ਬਰਤਾਨੀਆ, ਕਨੇਡਾ, ਅਮਰੀਕਾ ਤੇ ਜਰਮਨੀ ਆਦਿ ਦੇਸ਼ਾਂ 'ਚ ਲੋੜ ਅਨੁਸਾਰ ਪਾਵਨ ਸਰੂਪਾਂ ਦੀ ਛਪਾਈ ਲਈ ਸ਼੍ਰੋਮਣੀ ਕਮੇਟੀ ਦੇ ਸਬ-ਆਫਿਸ ਸਥਾਪਤ ਕਰਨ, ਇਸ ਕਾਰਜ ਲਈ ਪਾਵਨ ਸਰੂਪਾਂ ਦੀ ਛਪਾਈ ਲਈ ਮੁਕੰਮਲ ਸੀ.ਡੀ ਤਿਆਰ ਕਰਨ, ਪਾਵਨ ਸਰੂਪਾਂ ਦੀ ਛਪਾਈ ਸਬੰਧੀ ਜਾਰੀ ਆਰਡੀਨੈਂਸ ਤੋਂ ਪਹਿਲਾਂ ਉਹ ਪਬਲਿਸ਼ਰ ਜਿਨ੍ਹਾਂ ਪਾਸ ਪਾਵਨ ਸਰੂਪ ਛਪੇ ਹੋਏ ਹੋਣ, ਭੇਟਾ ਦੇ ਕੇ ਸ਼੍ਰੋਮਣੀ ਕਮੇਟੀ ਪ੍ਰਾਪਤ ਕਰੇ।

# ਇਤਿਹਾਸ ਦੀਆਂ ਪੁਸਤਕਾਂ ਛਾਪੀਆਂ ਜਾਣਗੀਆਂ-ਪ੍ਰੋ: ਬਡੂੰਗਰ

ਅੰਮ੍ਰਿਤਸਰ : ੩ ਜਨਵਰੀ- ਵੱਖ-ਵੱਖ ਮੋਰਚਿਆਂ ਦੌਰਾਨ ਸ਼ਹਾਦਤਾਂ ਪ੍ਰਾਪਤ ਕਰਨ ਤੇ ਗ੍ਰਿਫਤਾਰੀਆਂ ਦੇ ਕੇ ਜੇਲ੍ਹਾਂ ਭਰਨ ਵਾਲੇ ਸਿੰਘ-ਸਿੰਘਣੀਆਂ ਦੀ ਸਿੱਖ ਇਤਿਹਾਸ ਰੀਸਰਚ ਬੋਰਡ ਵੱਲੋਂ ਡਾਇਰੈਕਟਰੀ ਤਿਆਰ ਕੀਤੀ ਜਾਵੇਗੀ ਜੋ ਸਿੱਖ ਕੌਮ ਦੇ ਸੰਘਰਸ਼ਮਈ ਕਾਲ ਦਾ ਮੂੰਹੋਂ ਬੋਲਦਾ ਇਤਿਹਾਸਕ ਦਸਤਾਵੇਜ਼ ਸਾਬਤ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਚੇਅਰਮੈਨ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਸ ਦੀ ਇਕੱਤਰਤਾ 'ਚ ਪੰਥ ਕਿਸੇ ਵੀ ਸੰਘਰਸ਼ ਜਿਵੇਂ ਪੰਜਾਬੀ ਸੂਬਾ ਮੋਰਚਾ, ਐਮਰਜੈਂਸੀ ਮੋਰਚਾ ਅਤੇ ਧਰਮ ਯੁੱਧ ਮੋਰਚਾ ਆਦਿ ਸਮੇਂ ਉਹ ਸਿੰਘ-ਸਿੰਘਣੀਆਂ ਜੋ ਸ਼ਹਾਦਤ ਦਾ ਜਾਮ ਪੀ ਗਏ ਜਾਂ ਜਿਨ੍ਹਾਂ ਨੇ ਕੌਮ ਦੀਆਂ ਹੱਕੀ ਮੰਗਾਂ ਲਈ ਜਥਿਆਂ ਦੇ

ਰੂਪ ਵਿਚ ਗ੍ਰਿਫਤਾਰੀਆਂ ਦਿੱਤੀਆਂ ਦੀ ਇਕ ਡਾਇਰੈਕਟਰੀ ਤਿਆਰ ਕੀਤੇ ਜਾਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਡਾਇਰੈਕਟਰੀ ਤਿਆਰ ਕਰਨ ਦੀ ਸੇਵਾ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਸਕਾਲਰਾਂ ਪਾਸੋਂ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਮੋਰਚੇ 'ਚ ਸ਼ਹੀਦ ਹੋਏ ਸਿੰਘ-ਸਿੰਘਣੀਆਂ ਦੇ ਵਾਰਸ ਅਤੇ ਜਿਹੜੇ ਸਿੰਘ-ਸਿੰਘਣੀਆਂ ਨੇ ਮੋਰਚਿਆਂ ਸਮੇਂ ਗ੍ਰਿਫਤਾਰੀਆਂ ਦਿੱਤੀਆਂ, ਉਹ ਆਪਣੇ ਦਸਤਾਵੇਜ਼ੀ ਸਬੂਤ ਸਿੱਖ ਇਤਿਹਾਸ ਰੀਸਰਚ ਬੋਰਡ ਅੰਮ੍ਰਿਤਸਰ ਵਿਖੇ ਪਹੁੰਚਾਉਣ ਦੀ ਖੇਚਲ ਕਰਨ। ਉਨ੍ਹਾਂ ਦੱਸਿਆ ਕਿ ਮਹਾਂ ਕਵੀ ਭਾਈ ਸੰਤੋਖ ਸਿੰਘ ਹਾਲ ਵਿਖੇ ਪੁਰਾਤਨ ਹੱਥ-ਲਿਖਤ ਗੁਰਬਾਣੀ ਦੇ ਖਰੜਿਆਂ ਦਾ ਮਿਊਜ਼ੀਅਮ ਵੀ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਨਵੀਂ ਪੀੜ੍ਹੀ ਨੂੰ ਇਤਿਹਾਸ ਨਾਲ ਜੋੜੀ ਰੱਖਣ ਲਈ ਪੁਰਾਤਨ ਇਤਿਹਾਸ ਨੂੰ ਦਰਸਾਉਂਦੀਆਂ ਪੁਸਤਕਾਂ ਦੁਬਾਰਾ ਪ੍ਰਕਾਸ਼ਤ ਕਰਨ ਬਾਰੇ ਵਿਸਥਾਰਤ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਇਕੱਤਰਤਾ 'ਚ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਮੈਂਬਰ ਡਾ: ਦਲਬੀਰ ਸਿੰਘ (ਢਿੱਲੋਂ), ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਹਰਬੇਅੰਤ ਸਿੰਘ, ਐਡੀ: ਸਕੱਤਰ ਸ. ਹਰਜੀਤ ਸਿੰਘ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਜੌੜਾ ਸਿੰਘਾ ਤੇ ਸਕਾਲਰ ਸ. ਕ੍ਰਿਪਾਲ ਸਿੰਘ ਆਦਿ ਸ਼ਾਮਲ ਹੋਏ।

## ਸ਼ਤਾਬਦੀ ਸਮਾਗਮਾਂ ਸਮੇਂ ਕਾਰਸੇਵਾ ਵਾਲੇ ਮਹਾਂਪੁਰਸ਼ਾਂ ਵੱਲੋਂ ਸਹਿਯੋਗ ਦਾ ਭਰੋਸਾ-ਸਕੱਤਰ

ਅੰਮ੍ਰਿਤਸਰ: ੩੧ ਦਸੰਬਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਹੋਣ ਵਾਲੇ ਸਮਾਗਮਾਂ ਸਮੇਂ ਕਾਰਸੇਵਾ ਵਾਲੇ ਮਹਾਂਪੁਰਸ਼ਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਇਹ ਜਾਣਕਾਰੀ ਸਥਾਨਕ ਤੇਜਾ ਸਿੰਘ ਸਮੁੰਦਰੀ ਹਾਲ 'ਚ ਕਾਰਸੇਵਾ ਵਾਲੇ ਮਹਾਂਪੁਰਸ਼ਾਂ ਨਾਲ ਹੋਈ ਇਕੱਤ੍ਰਤਾ ਉਪਰੰਤ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਹਰਬੇਅੰਤ ਸਿੰਘ ਨੇ ਇਕ ਪ੍ਰੈੱਸ ਰਲੀਜ਼ 'ਚ ਦਿੱਤੀ। ਉਨ੍ਹਾਂ ਦੱਸਿਆ ਇਕੱਤ੍ਰਤਾ 'ਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਰਜਿੰਦਰ ਸਿੰਘ ਮਹਿਤਾ ਨੇ ਕਾਰਸੇਵਾ ਵਾਲੇ ਮਹਾਂਪੁਰਸ਼ਾਂ ਵੱਲੋਂ ਵੱਖ-ਵੱਖ ਗੁਰੂ-ਘਰਾਂ ਦੀਆਂ ਸ਼ਾਨਦਾਰ ਇਮਾਰਤਾਂ ਤਾਮੀਰ ਕੀਤੇ ਜਾਣ ਲਈ ਪਾਏ ਵੱਡੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਇਸ ਸਾਲ ਅਕਤੂਬਰ ਮਹੀਨੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ ਹੋਣ ਵਾਲੇ ਸਮਾਗਮਾਂ 'ਚ ਲੰਗਰ, ਰਿਹਾਇਸ਼ ਅਤੇ ਹੋਰ ਕਾਰਜਾਂ 'ਚ ਸਹਿਯੋਗ ਲਈ ਵੀ ਬੇਨਤੀ ਕੀਤੀ। ਮਹਾਂਪੁਰਸ਼ਾਂ ਨੇ ਕਾਰਸੇਵਾ ਦੇ ਕਾਰਜਾਂ ਸਬੰਧੀ ਜਾਣਕਾਰੀ ਦੇਂਦਿਆ ਸ਼ਤਾਬਦੀ ਸਮਾਗਮਾਂ 'ਚ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਕੱਤ੍ਰਤਾ 'ਚ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਬਾਬਾ ਸੁਬੇਗ ਸਿੰਘ ਗੋਇੰਦਵਾਲ ਸਾਹਿਬ ਵਾਲੇ, ਬਾਬਾ ਲਾਭ ਸਿੰਘ ਅਨੰਦਪੁਰ ਸਾਹਿਬ ਵਾਲੇ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲਿਆਂ ਵੱਲੋਂ ਭਾਈ ਜੋਗਾ ਸਿੰਘ ਤੋਂ ਇਲਾਵਾ ਹੋਰ ਮਹਾਂਪੁਰਸ਼ ਅਤੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਬਲਕਾਰ ਸਿੰਘ ਤੇ ਸ. ਅੰਗਰੇਜ਼ ਸਿੰਘ ਸ਼ਾਮਲ ਹੋਏ। ■

# ਧਰਮ ਪ੍ਰਚਾਰ ਕਮੇਟੀ ਦੀਆਂ ਧਰਮ ਪ੍ਰਚਾਰ ਸਰਗਰਮੀਆਂ

## ਕਲਰ ਭੈਣੀ (ਪਟਿਆਲਾ) ਵਿਖੇ ਗੁਰਮਤਿ ਸਮਾਗਮ

ਭਾਈ ਬਲਵੀਰ ਸਿੰਘ ਸਾਗਰ ਪ੍ਰਚਾਰਕ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਨਗਰ ਕਲਰ ਭੈਣੀ ਜ਼ਿਲ੍ਹਾ ਪਟਿਆਲਾ ਵਿਖੇ, ਅਕਾਲ ਰੈਜੀਮੈਂਟ ਮਾਤਾ ਗੁਜਰੀ ਸਹਾਰਾ ਟਰੱਸਟ ਵੱਲੋਂ ੨੧-੨੨-੨੩ ਦਸੰਬਰ ੨੦੦੭ ਨੂੰ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਧਰਮ ਪ੍ਰਚਾਰ ਕਮੇਟੀ) ਦੇ ਸਹਿਯੋਗ ਨਾਲ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਦੇ ਸਬੰਧ ਵਿਚ ਕਰਵਾਇਆ ਗਿਆ। ੨੨ ਦਸੰਬਰ ੨੦੦੭ ਨੂੰ ਕੀਰਤਨ ਦਰਬਾਰ ਤੇ ਢਾਡੀ ਦਰਬਾਰ ਹੋਇਆ। ਭਾਈ ਸੁਰਿੰਦਰ ਸਿੰਘ ਜੌਹਰ ਦੇ ਢਾਡੀ ਜਥੇ ਨੇ ਢਾਡੀ-ਵਾਰਾਂ ਪੇਸ਼ ਕੀਤੀਆਂ। ਭਾਈ ਬਲਵੀਰ ਸਿੰਘ ਸਾਗਰ ਤੇ ਭਾਈ ਜਸਵੀਰ ਸਿੰਘ ਪ੍ਰਚਾਰਕ ਨੇ ਇਤਿਹਾਸ ਬਾਰੇ ਚਾਨਣਾ ਪਾਇਆ। ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਚੇਚੇ ਤੌਰ ’ਤੇ ਪਹੁੰਚੇ। ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੌਰਵਮਈ ਇਤਿਹਾਸ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਮਾਤਾ ਗੁਜਰੀ ਟਰੱਸਟ ਨੂੰ ਇਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ, ਸ. ਹਰਮੇਲ ਸਿੰਘ ਟੌਹੜਾ, ਜਥੇ. ਬਲਵੰਤ ਸਿੰਘ ਰਾਮਗੜ੍ਹ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਪ੍ਰੇਮ ਸਿੰਘ ਚੰਦੂਮਾਜਰਾ, ਸ. ਬਚਨ ਸਿੰਘ ਸਫੇੜਾ, ਸ. ਜੈ ਸਿੰਘ ਡਕਾਲਾ, ਜਥੇ. ਪਵਿੱਤਰ ਸਿੰਘ ਸਰਕਲ ਪ੍ਰਧਾਨ ਅਕਾਲੀ ਜਥਾ ਡਕਾਲਾ, ਸ. ਬਲਦੇਵ ਸਿੰਘ ਬਠੋਈ ਨੇ ਵੀ ਸ਼ਿਰਕਤ ਕੀਤੀ। ਜਥੇਦਾਰ ਬਲਵੰਤ ਸਿੰਘ ਰਾਮਗੜ੍ਹ ਤੇ ਬਾਬਾ ਨਛੱਤਰ ਸਿੰਘ ਵੱਲੋਂ ਪ੍ਰਧਾਨ ਸਾਹਿਬ ਨੂੰ ਸ੍ਰੀ ਸਾਹਿਬ ਤੇ ਲੋਈ ਦੇ ਕੇ ਸਨਮਾਨਿਤ ਕੀਤਾ। ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ. ਹਰਮੇਲ ਸਿੰਘ ਅਤੇ ਸ. ਪ੍ਰੇਮ ਸਿੰਘ ਚੰਦੂਮਾਜਰਾ ਨੂੰ ਵੀ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋ. ਬਡੂੰਗਰ ਨੇ ਆਪਣੇ ਵਿਸਤ੍ਰਤ ਲੈਕਚਰ ਵਿਚ ਭਰੂਣ-ਹੱਤਿਆ ਦੀ ਲਾਹਨਤ ਬਾਰੇ ਵਿਚਾਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਇਤਿਹਾਸ ਦੇ ਕਰੁਣਾਮਈ ਪੱਖ ਸੰਗਤਾਂ ਨਾਲ ਸਾਂਝੇ ਕੀਤੇ। ਪੰਜ ਪਿਆਰੇ ਸਾਹਿਬਾਨ ਵੱਲੋਂ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ। ੬੩ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਭਾਈ ਸੁਖਦੇਵ ਸਿੰਘ ਜੀ ਨੂੰ ਵੀ ਸਨਮਾਨਿਤ ਕੀਤਾ। ਸਟੇਜ ਸਕੱਤਰ ਦੀ ਸੇਵਾ ਭਾਈ ਬਲਬੀਰ ਸਿੰਘ ਸਾਗਰ ਪ੍ਰਚਾਰਕ ਨੇ ਬਾਖ਼ੂਬੀ ਨਿਭਾਈ।

## ਟੋਹਾਣਾ (ਹਰਿਆਣਾ) ਵਿਖੇ ਕੀਰਤਨ ਸਮਾਗਮ

ਸ. ਕਿਰਪਾਲ ਸਿੰਘ ਮੀਤ ਸਕੱਤਰ, ਇੰਚਾਰਜ ਸਿੱਖ ਮਿਸ਼ਨ ਹਰਿਆਣਾ ਕੁਰੂਕਸ਼ੇਤਰ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਹਰਿਆਣਾ ਵਿਚ ਧਰਮ ਪ੍ਰਚਾਰ ਦੀ ਲਹਿਰ ਨੂੰ ਹੋਰ ਅੱਗੇ ਤੋਰਦਿਆਂ ਸਿੱਖ ਮਿਸ਼ਨ ਹਰਿਆਣਾ ਵੱਲੋਂ ਗੁਰਦੁਆਰਾ ਸਿੰਘ ਸਭਾ ਨਵੀਂ ਅਨਾਜ ਮੰਡੀ ਟੋਹਾਣਾ ਵਿਖੇ ਮਿਤੀ ੨੩-੧੨-੨੦੦੭ ਨੂੰ ਕੀਰਤਨ ਸਮਾਗਮ ਅਤੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ, ਜਿਸ

ਵਿਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਭਾਈ ਲਖਬੀਰ ਸਿੰਘ ਜੀ ਅਤੇ ਭਾਈ ਸ਼ੁਕੀਨ ਸਿੰਘ ਜੀ ਨੇ ਸੰਗਤਾਂ ਨੂੰ ਰਸ-ਭਿੰਨਾ ਕੀਰਤਨ ਸੁਣਾ ਕੇ ਨਿਹਾਲ ਕੀਤਾ। ਇਨ੍ਹਾਂ ਤੋਂ ਇਲਾਵਾ ਭਾਈ ਮਲਿੰਦਰ ਸਿੰਘ ਜੀ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਛੇਵੀਂ ਪਾਤਸ਼ਾਹੀ ਕੁਰੂਕਸ਼ੇਤਰ ਅਤੇ ਭਾਈ ਬਲਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਧਮਤਾਨ ਸਾਹਿਬ ਨੇ ਵੀ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸੇ ਹੀ ਦਿਨ ਗੁਰਦੁਆਰਾ ਸਾਹਿਬ ਵਿਖੇ ਸਵੇਰੇ ੧੧ ਵਜੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ ਜਿਸ ਵਿਚ ਤਕਰੀਬਨ ੨੦ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਪੰਜ ਪਿਆਰਿਆਂ ਅਤੇ ਕਕਾਰਾਂ ਦੀ ਸੇਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖ ਮਿਸ਼ਨ ਹਰਿਆਣਾ ਰਾਹੀਂ ਨਿਭਾਈ ਗਈ। ਇਸ ਸਮਾਗਮ ਵਿਚ ਅਕਾਲੀ ਦਲ (ਬਾਦਲ) ਹਰਿਆਣਾ ਦੇ ਪ੍ਰਧਾਨ ਜਥੇਦਾਰ ਜੋਗਿੰਦਰ ਸਿੰਘ ਅਹਿਰਵਾਂ ਨੇ ਸੰਗਤਾਂ ਨੂੰ ਪੰਥਕ ਏਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਕਿਹਾ। ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਰਪੂਰ ਸਿੰਘ ਜੀ ਖਾਲਸਾ ਅਤੇ ਮੀਤ ਸਕੱਤਰ ਸ. ਕਿਰਪਾਲ ਸਿੰਘ ਨੇ ਸੰਬੋਧਨ ਕੀਤਾ ਅਤੇ ਧਰਮ ਪ੍ਰਚਾਰ ਦੀ ਲਹਿਰ ਅਤੇ ਹਰਿਆਣਾ ਪ੍ਰਾਂਤ ਵਿਚ ਚਲਾਈਆਂ ਜਾ ਰਹੀਆਂ ਧਾਰਮਿਕ ਸਰਗਰਮੀਆਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਸਮਾਗਮ ਤੋਂ ਪਹਿਲਾਂ ਤਕਰੀਬਨ ੭ ਦਿਨ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿਚ ਵੀਡਿਓ ਵੈਨ ਰਾਹੀਂ ਧਾਰਮਿਕ ਫਿਲਮਾਂ ਦਿਖਾ ਕੇ ਅਤੇ ਦੀਵਾਨ ਲਗਾ ਕੇ ਧਰਮ ਪ੍ਰਚਾਰ ਦੀ ਲਹਿਰ ਚਲਾਈ ਗਈ। ਸਮਾਗਮ ਦੇ ਅੰਤ ਵਿਚ ਗੁਰਦੁਆਰਾ ਸਾਹਿਬ ਸਿੰਘ ਸਭਾ ਟੋਹਾਣਾ ਦੇ ਪ੍ਰਧਾਨ ਸ. ਅਵਤਾਰ ਸਿੰਘ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਗੁ: ਬੈਨਾ ਚੱਟੀ (ਪੱਛਮੀ ਬੰਗਾਲ) ਵਿਖੇ ਗੁਰਮਤਿ ਕੈਂਪ

ਪ੍ਰਚਾਰਕ ਭਾਈ ਅਜੀਤ ਸਿੰਘ ਸਿੱਖ ਮਿਸ਼ਨ ਕਲਕੱਤਾ (ਵੈਸਟ ਬੰਗਾਲ) ਦੀ ਰਿਪੋਰਟ ਅਨੁਸਾਰ ਮਿਤੀ ੨੬,੨੭,੨੮ ਅਕਤੂਬਰ ੨੦੦੭ ਨੂੰ ਗੁਰਦੁਆਰਾ ਬੈਨਾ ਚੱਟੀ ਜ਼ਿਲ੍ਹਾ ਦੁਰਗਾਪੁਰ (ਵੈਸਟ ਬੰਗਾਲ) ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਸਿੱਖ ਮਿਸ਼ਨ ਉੱਤਰ-ਪੂਰਬੀ ਭਾਰਤ ਕਲਕੱਤਾ ਵੱਲੋਂ ਮਿਲ ਕੇ ਤਿੰਨ-ਦਿਨਾ 'ਗੁਰਮਤਿ ਸਿਖਲਾਈ ਕੈਂਪ' ਲਗਾਇਆ ਗਿਆ ਜਿਸ ਵਿਚ ਲੱਗਭਗ ੧੦੦ ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੂੰ ਗੁਰਬਾਣੀ ਦਾ ਸ਼ੁੱਧ ਉਚਾਰਨ, ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ ਦੀ ਜਾਣਕਾਰੀ ਭਾਈ ਅਜੀਤ ਸਿੰਘ, ਭਾਈ ਪ੍ਰਗਟ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬੀਬੀ ਪ੍ਰਵੀਨ ਕੌਰ, ਗਿਆਨੀ ਹਰਦੀਪ ਸਿੰਘ ਰਾਣੀਗੰਜ, ਸ. ਗੁਰਵਿੰਦਰ ਸਿੰਘ ਅਤੇ ਗਿ. ਸਤਵਿੰਦਰ ਸਿੰਘ ਧਨਬਾਦ ਵਾਲਿਆਂ ਨੇ ਦਿੱਤੀ। ਗੁਰਮਤਿ ਸਿਖਲਾਈ ਕੈਂਪ ਵਿਚ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ। ਦਸਤਾਰ, ਅਰਦਾਸ ਆਦਿ ਵਿਸ਼ਿਆਂ 'ਤੇ ਲੈਕਚਰ ਸਬੰਧੀ ਵੀ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਕੈਂਪ ਦੇ ਪ੍ਰਬੰਧ ਵਾਸਤੇ ਬੀਬੀ ਅਮਨਦੀਪ ਕੌਰ ਬੈਨਾਚੱਟੀ ਨੇ ਪੂਰਾ ਸਹਿਯੋਗ ਦਿੰਦਿਆਂ ਸੇਵਾ ਨਿਭਾਈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਸੁਖਚੈਨ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ।

## ਯੂ.ਪੀ. ਸਿੱਖ ਮਿਸ਼ਨ ਹਾਪੁੜ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਕੇਸ਼ਵ ਸਿੰਘ ਇੰਚਾਰਜ ਯੂ.ਪੀ. ਸਿੱਖ ਮਿਸ਼ਨ ਹਾਪੁੜ ਜ਼ਿਲ੍ਹਾ ਗਾਜ਼ੀਆਬਾਦ (ਯੂ.ਪੀ.) ਦੀ ਰਿਪੋਰਟ ਅਨੁਸਾਰ ਸ. ਸੁਖਮੀਤ ਸਿੰਘ ਕਾਦੀਆਂ ਹਲਕਾ ਯੂ.ਪੀ. ਮੈਂਬਰ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਦਮ-ਉਪਰਾਲੇ ਸਦਕਾ ਜ਼ਿਲ੍ਹਾ ਬਿਜਨੌਰ ਦੇ ਪਿੰਡ ਕੋਟ ਜੁਆਨਾਂ ਨੂੰ ਮੁੱਖ ਰੱਖ ਕੇ ਪ੍ਰਚਾਰ ਵਹੀਰ ਚਲਾਈ ਗਈ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਸ. ਸੁਖਮੀਤ ਸਿੰਘ ਕਾਦੀਆਂ, ਇੰਚਾਰਜ ਸ. ਕੇਸ਼ਵ ਸਿੰਘ, ਕਵੀਸ਼ਰ ਜਥਾ ਭਾਈ ਮਨਜੀਤ ਸਿੰਘ, ਭਾਈ ਸੁਰਜੀਤ ਸਿੰਘ ਅਤੇ ਭਾਈ ਗੁਰਭੇਜ ਸਿੰਘ ਪ੍ਰਚਾਰਕ ਨੇ ਵੱਖ-ਵੱਖ ਪਿੰਡਾਂ ਵਿਚ ਜਾ ਕੇ ਪਰਵਾਰਾਂ ਨੂੰ ਸਿੱਖੀ ਪ੍ਰਤੀ ਜਾਗਰੂਕ ਕੀਤਾ। ਸ. ਸੁਖਮੀਤ ਸਿੰਘ ਕਾਦੀਆਂ ਨੇ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਨੌਜਵਾਨਾਂ ਨੂੰ ਚਮਕੌਰ ਦੀ ਗੜ੍ਹੀ ਅਤੇ ਸਾਕਾ ਸਰਹੰਦ ਤੋਂ ਸਿੱਖਿਆ ਲੈਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਨੇ ਭਾਈ ਤਾਰੂ ਸਿੰਘ ਦੀ ਗੌਰਵਮਈ ਸ਼ਹਾਦਤ ਨੂੰ ਪੇਸ਼ ਕਰਦਿਆਂ ਇਹ ਆਖਿਆ ਕਿ ਭਾਈ ਤਾਰੂ ਸਿੰਘ ਨੇ ਆਪਣੇ ਕੇਸਾਂ ਦੀ ਬਜਾਏ ਆਪਣੀ ਖੋਪਰੀ ਲੁਹਾਉਣੀ ਪ੍ਰਵਾਨ ਕਰ ਲਈ। ਭਾਈ ਮਨਜੀਤ ਸਿੰਘ ਦੇ ਕਵੀਸ਼ਰ ਜਥੇ ਨੇ ਸਿੱਖ ਇਤਿਹਾਸ ਦੇ ਅਨਮੋਲ ਪੰਨਿਆਂ ਤੋਂ ਜਾਣੂ ਕਰਵਾਇਆ ਅਤੇ ਭਾਈ ਸੁਰਜੀਤ ਸਿੰਘ ਤੇ ਭਾਈ ਗੁਰਤੇਜ ਸਿੰਘ ਪ੍ਰਚਾਰਕ ਨੇ ਅੰਮ੍ਰਿਤ ਦੀ ਮਹਾਨਤਾ 'ਤੇ ਭਾਵਪੂਰਤ ਚਾਨਣਾ ਪਾਇਆ, ਜਿਸ ਦੇ ਸਿੱਟੇ ਵਜੋਂ ੭੮ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਛਕੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖ ਕੇ ਵੱਖ-ਵੱਖ ਸਮਾਗਮ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਾਪੜ, ਗੁਰਦੁਆਰਾ ਗੁਰੂ ਨਾਨਕ ਸਿੱਖ ਸੰਗਤ ਰਾਮਰਾਜ, ਗੁਰਦੁਆਰਾ ਸੰਤ ਸਭਾ ਨਗੀਨਾ, ਗੁਰਦੁਆਰਾ ਨਾਨਕ ਮਤਾ ਸਾਹਿਬ, ਗੁਰਦੁਆਰਾ ਮਾਈਥਾਨ (ਆਗਰਾ), ਗੁਰਦੁਆਰਾ ਸਿੰਘ ਸਭਾ ਗਜ਼ਰੌਲਾ, ਗੁਰਦੁਆਰਾ ਨਾਨਕ ਬਗੀਚੀ ਮਥੁਰਾ, ਗੁਰਦੁਆਰਾ ਰਾਧਾ ਨਗਰ ਮਥੁਰਾ ਵਿਖੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਗੁਰਦੁਆਰਾ ਨਾਨਕ ਬਗੀਚੀ ਵਿਖੇ ਪੰਜ ਪਿਆਰੇ ਭਾਈ ਸੁਰਜੀਤ ਸਿੰਘ ਫਿਰੋਜ਼ਪੁਰੀ, ਭਾਈ ਸੁਰਜੀਤ ਸਿੰਘ ਅਨੰਦਪੁਰੀ, ਭਾਈ ਮੇਹਰ ਸਿੰਘ, ਭਾਈ ਸਰਵਣ ਸਿੰਘ ਅਤੇ ਭਾਈ ਮੋਹਣ ਸਿੰਘ ਨੇ ਗੁਰੂ ਕੀ ਦਾਤ ਖੰਡੇ-ਬਾਟੇ ਦੀ ਪਾਹੁਲ ੩੦ ਪ੍ਰਾਣੀਆਂ ਨੂੰ ਬਖਸ਼ੀ (ਛਕਾਈ)। ਇਨ੍ਹਾਂ ਸਮਾਗਮਾਂ ਦੇ ਅੰਤਰਗਤ ਗੁਰਦੁਆਰਾ ਨਾਨਕ ਮਤਾ ਸਾਹਿਬ ਵਿਖੇ ੭੧ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਭਾਈ ਵਿਕਰਮਜੀਤ ਸਿੰਘ ਨੇ ਆਪਣੇ ਰਾਗੀ ਜਥੇ ਸਮੇਤ ਗੁਰਦੁਆਰਾ ਸਿੰਘ ਸਭਾ ਸਹਿਡੋਲ (ਮੱਧ ਪ੍ਰਦੇਸ਼), ਭਾਈ ਜਗਪਾਲ ਸਿੰਘ, ਗੁਰਦੁਆਰਾ ਸਿੰਘ ਸਭਾ ਗਯਾ (ਬਿਹਾਰ) ਤੇ ਭਾਈ ਦੀਪ ਸਿਮਰਨ ਸਿੰਘ ਦੇ ਰਾਗੀ ਜਥੇ ਨੇ ਗੁਰਦੁਆਰਾ ਨਾਨਕ ਦਰਬਾਰ ਹਾਪੁੜ ਵਿਖੇ, ਭਾਈ ਸੰਤੋਖ ਸਿੰਘ (ਭਿੰਡਰ) ਕਵੀਸ਼ਰੀ ਜਥਾ ਗੁਰਦੁਆਰਾ ਨਾਨਕ ਮਤਾ ਸਾਹਿਬ, ਭਾਈ ਕਸ਼ਮੀਰ ਸਿੰਘ ਕਵੀਸ਼ਰ ਜਥਾ ਗੁਰਦੁਆਰਾ ਸਿੰਘ ਸਭਾ ਗਜ਼ਰੌਲਾ, ਭਾਈ ਮਨਜੀਤ ਸਿੰਘ ਕਵੀਸ਼ਰ ਜਥਾ ਗੁਰਦੁਆਰਾ ਸਿੰਘ ਸਭਾ ਗੋਲਾ ਗੋਕਰਨ ਵਿਖੇ ਆਗਮਨ ਪੁਰਬ ਸਮਾਗਮਾਂ ਵਿਚ ਪ੍ਰਚਾਰ-ਪ੍ਰਸਾਰ ਦੀ ਸੇਵਾ ਨਿਭਾਈ। ਭਾਈ ਬ੍ਰਹਮ ਸਿੰਘ ਦੇ ਰਾਗੀ ਜਥੇ ਨੇ ਗੁਰਦੁਆਰਾ ਸੰਤ ਸਭਾ ਨਗੀਨਾ, ਭਾਈ ਮਨਜੀਤ ਸਿੰਘ ਦੇ ਰਾਗੀ ਜਥੇ ਨੇ ਗੁਰਦੁਆਰਾ ਗੁਰੂ ਨਾਨਕ ਬਗੀਚੀ, ਪ੍ਰਚਾਰਕ ਭਾਈ ਗਿਆਨ ਸਿੰਘ, ਭਾਈ ਗੁਰਮੁਖ ਸਿੰਘ ਨੇ ਸਿੰਘ ਸਭਾ ਪੂਰਨਪੁਰ, ਭਾਈ ਗੁਰਮੀਤ ਸਿੰਘ ਨੇ ਗੁਰਦੁਆਰਾ ਸਿੰਘ ਸਭਾ ਧਨੌਰਾ ਮੰਡੀ ਨੇ ਜਿੱਥੇ ਗੁਰਮਤਿ ਸਮਾਗਮਾਂ ਵਿਚ ਹਾਜ਼ਰੀ ਭਰੀ ਉਥੇ ਸੰਗਤਾਂ ਨੂੰ ਸਿੱਖ ਧਰਮ ਪ੍ਰਤੀ ਜਾਗਰੂਕ ਵੀ ਕੀਤਾ। ਭਾਈ ਬ੍ਰਿਜਪਾਲ ਸਿੰਘ ਆਕਊਂਟਸ ਕਲਰਕ ਨੇ ਦਫ਼ਤਰ ਦੀ ਬਾਖੂਬੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਪ੍ਰਚਾਰ-ਪ੍ਰਸਾਰ ਨੂੰ ਹੋਰ ਤੇਜ਼ ਕਰਨ ਦਾ ਪ੍ਰਣ ਲਿਆ। ਇਸ ਤਰ੍ਹਾਂ ਯੂ.ਪੀ. ਸਿੱਖ ਮਿਸ਼ਨ ਹਾਪੁੜ ਦੇ ਸਮੁੱਚੇ ਸਟਾਫ਼ ਵੱਲੋਂ ਮੈਂਬਰ ਸ. ਸੁਖਮੀਤ ਸਿੰਘ ਕਾਦੀਆਂ ਦੇ

ਭਰਪੂਰ ਸਹਿਯੋਗ ਨਾਲ ਅਕਤੂਬਰ ਅਤੇ ਨਵੰਬਰ ੨੦੦੭ ਵਿਚ ੨੧੭ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਗਾ ਕੇ ਅੰਮ੍ਰਿਤ ਛਕਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

## ਪਿੰਡ ਡੱਲਾ (ਜਲੰਧਰ) ਵਿਖੇ ਗੁਰਮਤਿ ਕੈਂਪ

ਜਥੇਦਾਰ ਸੁਰਜੀਤ ਸਿੰਘ ਜੀ ਮੈਂਬਰ ਧਰਮ ਪ੍ਰਚਾਰ ਕਮੇਟੀ ਦੇ ਉੱਦਮ-ਉਪਰਾਲੇ ਸਦਕਾ ਦੁਆਬਾ ਦੇ ਹਲਕਾ ਭੋਗਪੁਰ ਵਿਖੇ ਗੁਰਦੁਆਰਾ ਸ਼ਹੀਦਾਂ ਪਾਤਸ਼ਾਹੀ ਛੇਵੀਂ ਡੱਲਾ ਵਿਚ ੧੯ ਦਸੰਬਰ ਤੋਂ ੨੨ ਦਸੰਬਰ ਤਕ ਗੁਰਮਤਿ ਕੈਂਪ ਲਗਾਇਆ ਗਿਆ ਜਿਸ ਦੇ ਸਬੰਧ ਵਿਚ ਵੱਖ-ਵੱਖ ਨਗਰਾਂ ਵਿਚ ਰਾਤ ਅਤੇ ਦਿਨ ਦੇ ਸਮਾਗਮ ਕੀਤੇ ਗਏ ਜਿਸ ਵਿਚ ਭਾਈ ਜਸਵਿੰਦਰ ਸਿੰਘ ਛਾਪਾ ਪ੍ਰਚਾਰਕ, ਭਾਈ ਬਲਵਿੰਦਰ ਸਿੰਘ ਝਬਾਲ ਅਤੇ ਭਾਈ ਕੇਵਲ ਸਿੰਘ ਮਹਿਤਾ ਕਵੀਸ਼ਰ ਅਤੇ ਭਾਈ ਜਗਦੀਸ਼ ਸਿੰਘ ਤਿਹਾੜਾ ਦੇ ਢਾਡੀ ਜਥਿਆਂ ਨੇ ਹਾਜ਼ਰੀ ਭਰੀ।

ਕੈਂਪ ਦੌਰਾਨ ਜਥੇਦਾਰ ਸੁਰਜੀਤ ਸਿੰਘ ਜੀ ਨੇ ਰਹਿਤ ਮਰਯਾਦਾ ਦੀ ਮਹੱਤਤਾ ਸੰਬੰਧੀ ਵਿਚਾਰਾਂ ਕੀਤੀਆਂ। ਬੀਬੀ ਰਾਜਿੰਦਰ ਕੌਰ ਰੀਟਾ. ਪ੍ਰਿੰਸੀਪਲ ਖਾਲਸਾ ਕਾਲਜ ਢੇਸੀਆਂ ਨੇ ਗ੍ਰੰਥੀ ਸਿੰਘ ਦੇ ਜੀਵਨ ਅਤੇ ਗੁਣਾਂ ਬਾਰੇ ਵਿਚਾਰ ਸਾਂਝੇ ਕੀਤੇ। ਜਥੇਦਾਰ ਭਰਪੂਰ ਸਿੰਘ ਖਾਲਸਾ ਮੈਂਬਰ ਧਰਮ ਪ੍ਰਚਾਰ ਕਮੇਟੀ ਨੇ ਦੇਹਧਾਰੀ ਗੁਰੂਆਂ ਤੋਂ ਬਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਅਰੰਭੇ ਕਾਰਜਾਂ ਸਬੰਧੀ ਵਿਚਾਰਾਂ ਕੀਤੀਆਂ। ਸਿੰਘ ਸਾਹਿਬ ਜਥੇਦਾਰ ਬਲਵੰਤ ਸਿੰਘ ਜੀ ਨੰਦਗੜ੍ਹ ਨੇ ਗੁਰੂ-ਡੰਮ੍ਹ ਅਤੇ ਪਤਿਤਪੁਣੇ ਤੋਂ ਬਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਅਤੇ ਕੁਰੀਤੀਆਂ ਨੂੰ ਠੱਲ੍ਹ ਪਾਉਣ ਲਈ ਡੱਟ ਕੇ ਪਹਿਰਾ ਦੇਣ ਬਾਰੇ ਕਿਹਾ। ਭਾਈ ਜਸਵਿੰਦਰ ਸਿੰਘ ਛਾਪਾ ਪ੍ਰਚਾਰਕ ਨੇ ਰਹਿਤ ਮਰਯਾਦਾ ਦੀ ਮਹੱਤਤਾ ਸਬੰਧੀ ਵਿਚਾਰਾਂ ਕੀਤੀਆਂ। ਭਾਈ ਬਲਵਿੰਦਰ ਸਿੰਘ ਝਬਾਲ ਨੇ ਸਟੇਜ ਦੀ ਸੇਵਾ ਕੀਤੀ ਅਤੇ ਅੰਮ੍ਰਿਤ ਦੀ ਲੋੜ, ਅੰਮ੍ਰਿਤ ਛਕਣ ਬਾਰੇ ਵਿਚਾਰ ਸਾਂਝੇ ਕੀਤੇ। ੨੩ ਦਸੰਬਰ ਨੂੰ ਹੋਏ ਅੰਮ੍ਰਿਤ-ਸੰਚਾਰ ਵਿਚ ੩੯ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਛਕੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹੁੰਚੇ ਪੰਜ ਪਿਆਰਿਆਂ ਨੇ ਖੰਡੇ ਦੀ ਪਾਹੁਲ ਛਕਾਈ। ਭਾਈ ਬਲਵਿੰਦਰਜੀਤ ਸਿੰਘ ਪ੍ਰਧਾਨ ਬਾਬਾ ਬੁੱਢਾ ਜੀ ਗ੍ਰੰਥੀ ਸਭਾ, ਭਾਈ ਕੁਲਵਿੰਦਰ ਸਿੰਘ ਮੀਤ ਪ੍ਰਧਾਨ ਦਸੂਹਾ, ਭਾਈ ਚਰਨਜੀਤ ਸਿੰਘ ਪ੍ਰਧਾਨ ਹਲਕਾ ਆਦਮਪੁਰ ਨੇ ਹਾਜ਼ਰੀਆਂ ਭਰੀਆਂ ਅਤੇ ਵਿਦਵਾਨਾਂ ਅਤੇ ਜਥਿਆਂ ਦਾ ਸਨਮਾਨ ਕੀਤਾ। ਭਾਈ ਭਰਪੂਰ ਸਿੰਘ ਜੀ ਅਰਦਾਸੀਆ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨੇ ਚਾਰੋਂ ਦਿਨ ਗੁਰਬਾਣੀ ਦੇ ਸ਼ੁੱਧ ਉਚਾਰਨ ਅਤੇ ਨਿਤਨੇਮ ਦੀਆਂ ਬਾਣੀਆਂ ਦੀ ਸੰਥਿਆ ਕਰਵਾਈ। ਭਾਈ ਅਮਰੀਕ ਸਿੰਘ ਲਤੀਫਪੁਰ ਨੇ ਸ਼ੁੱਧ ਉਚਾਰਨ ਅਤੇ ਰਹਿਤ ਮਰਯਾਦਾ ਸਬੰਧੀ ਵਿਚਾਰ ਪ੍ਰਗਟ ਕੀਤੇ। ਸ. ਵਰਿਆਮ ਸਿੰਘ ਜੀ ਸਕੱਤਰ ਧਰਮ ਪ੍ਰਚਾਰ ਕਮੇਟੀ ਵੀ ਉਚੇਚੇ ਤੌਰ 'ਤੇ ਪੁੱਜੇ। ਗੁਰਦੁਆਰਿਆਂ ਦੀ ਮਰਯਾਦਾ ਅਤੇ ਰਹਿਤ ਮਰਯਾਦਾ ਸਬੰਧੀ ਵਿਚਾਰਾਂ ਕੀਤੀਆਂ। ਸ. ਸਿਮਰਜੀਤ ਸਿੰਘ ਜੀ ਸੰਪਾਦਕ ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ ਨੇ ਵੀ ਉਚੇਚੇ ਤੌਰ 'ਤੇ ਪੁੱਜ ਕੇ ਗੁਰਮਤਿ ਵਿਚਾਰਾਂ ਕੀਤੀਆਂ।

## ਹਲਕਾ ਮਲੋਟ (ਮੁਕਤਸਰ) ਵਿਖੇ ਧਰਮ ਪ੍ਰਚਾਰ ਲਹਿਰ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ ੩੦ ਨਵੰਬਰ ਤੋਂ ੯ ਦਸੰਬਰ ੨੦੦੭ ਤਕ ਹਲਕਾ ਮਲੋਟ ਜ਼ਿਲ੍ਹਾ ਮੁਕਤਸਰ ਵਿਖੇ ਧਰਮ ਪ੍ਰਚਾਰ ਲਹਿਰ ਅਤੇ ਸਿੱਖ

ਵਿਰਸਾ ਸੰਭਾਲ ਮੁਹਿੰਮ ਦਾ ਮਾਲਵੇ ਖੇਤਰ ਦਾ ੧੦ਵਾਂ ਪੜਾਅ ਸਫ਼ਲਤਾ ਪੂਰਵਕ ਸੰਪੂਰਨ ਹੋਇਆ। ਪਿੰਡ ਕਰਾਈਵਾਲਾ (ਮੁਕਤਸਰ) ਵਿਖੇ ਮੁੱਖ ਸਮਾਗਮ ਅਤੇ ਅੰਮ੍ਰਿਤ-ਸੰਚਾਰ ਸਾਮਗਮ ਕਰਵਾਇਆ ਗਿਆ, ਜਿਸ ਦੌਰਾਨ ਵੱਖ-ਵੱਖ ਨਗਰਾਂ ਤੋਂ ਪਹੁੰਚੇ ਹੋਏ ੫੦੦ ਅੰਮ੍ਰਿਤ-ਅਭਿਲਾਖੀਆਂ ਨੇ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਮੁਕਤਸਰ ਤੋਂ ਪਹੁੰਚੇ ਹੋਏ ਪੰਜ ਪਿਆਰੇ ਸਾਹਿਬਾਨ ਵੱਲੋਂ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਾ ਕੇ ਸਿੱਖ ਪੰਥ ਵਿਚ ਸ਼ਾਮਲ ਕੀਤਾ ਗਿਆ। ਫ੍ਰੀ ਮੈਡੀਕਲ ਕੈਂਪ ਵਿਖੇ ਵੱਖ-ਵੱਖ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਲੋੜਵੰਦਾਂ ਨੂੰ ਫ੍ਰੀ ਦੁਆਈਆਂ ਵੀ ਦਿੱਤੀਆਂ ਗਈਆਂ।

ਮੁਕਤਸਰ ਸਾਹਿਬ ਤੋਂ ਪਿੰਡ ਚੱਕ ਨਾਨੂੰਵਾਲਾ, ਪਿੰਡ ਲਖਮੀਰੇਆਣਾ, ਖਾਨੇ ਦੀ ਢਾਬ, ਪਿੰਡ ਰਾਮ ਨਗਰ, ਸਾਂਓਕੇ, ਕਰਨੀਵਾਲਾ, ਘੱਗਾ, ਬਬਾਣੀਆ, ਔਲਖ ਵਿਖੇ ਧਾਰਮਿਕ ਸਮਾਗਮ ਕੀਤੇ ਗਏ। ਹਰ ਨਗਰ ਵਿਚ ਨਗਰ ਦੇ ਮੁੱਖ ਦੁਆਰ ਤੋਂ ਸਾਰੇ ਨਗਰ ਦੀ ਪ੍ਰਕਰਮਾਂ ਸ਼ਬਦ-ਗਾਇਨ ਕਰਦਿਆਂ ਕੀਤੀ ਜਾਂਦੀ ਰਹੀ। ਭਾਈ ਹਰਮਿੰਦਰ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ ਅਤੇ ਭਾਈ ਅਰਜਨ ਸਿੰਘ ਜੀ ਹਜ਼ੂਰੀ ਰਾਗੀ ਜਥੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸੰਗਤਾਂ ਨੂੰ ਮਨੋਹਰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਦੇ ਰਹੇ। ਭਾਈ ਸਰਵਣ ਸਿੰਘ ਮਿਸ਼ਨਰੀ ਪ੍ਰਚਾਰਕ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਦੇ ਰਹੇ। ਭਾਈ ਪਰਮਿੰਦਰ ਸਿੰਘ ਜਿੱਥੇ ਧਰਮ ਪ੍ਰਚਾਰ ਲਹਿਰ ਦੇ ਮੁੱਖ ਮੁੱਦਿਆਂ ਨੂੰ ਸੰਗਤਾਂ ਦੇ ਸਨਮੁਖ ਰੱਖਦੇ ਰਹੇ ਉਥੇ ਨਾਲ-ਨਾਲ ਸਟੇਜ ਦੀ ਸੇਵਾ ਬਾਖ਼ੂਬੀ ਨਿਭਾਉਂਦੇ ਰਹੇ। ਭਾਈ ਸੁਖਦੇਵ ਸਿੰਘ ਮਿੱਠੜੀ ਅਤੇ ਭਾਈ ਬਲਦੇਵ ਸਿੰਘ ਲੌਂਗੋਵਾਲ ਢਾਡੀ ਜਥੇ ਸੰਗਤਾਂ ਨੂੰ, ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਪ੍ਰਤੀ ਭਰਪੂਰ ਜਾਣਕਾਰੀ ਦਿੰਦੇ ਰਹੇ। ਭਾਈ ਸਰਬਜੀਤ ਸਿੰਘ ਸੋਹੀਆਂ ਅਤੇ ਭਾਈ ਕੁਲਰਾਜ ਸਿੰਘ ਵੱਲਾ ਪ੍ਰਚਾਰਕ, ਸੰਗਤਾਂ ਨੂੰ ਗੁਰੂ-ਡੰਮ੍ਹ ਪ੍ਰਤੀ ਅਤੇ ਭਰੂਣ-ਹੱਤਿਆ ਪ੍ਰਤੀ ਵਿਦਵਤਾ ਭਰਪੂਰ ਲੈਕਚਰ ਅਤੇ ਕਵਿਤਾ ਰਾਹੀਂ ਜਾਗਰੂਕ ਕਰਦੇ ਰਹੇ। ਭਾਈ ਮੇਜਰ ਸਿੰਘ ਜੀ, ਭਾਈ ਸਾਹਬ ਸਿੰਘ ਸੇਵਾਦਾਰ, ਭਾਈ ਸਰਵਣ ਸਿੰਘ ਮਿਸ਼ਨਰੀ ਪ੍ਰਚਾਰਕ ਬੱਚਿਆਂ ਨੂੰ ਕੇਸ ਰੱਖਣ ਅਤੇ ਅੰਮ੍ਰਿਤ ਛਕਣ ਲਈ ਪ੍ਰੇਰਿਤ ਕਰਦੇ ਰਹੇ। ਸ. ਮੇਜਰ ਸਿੰਘ ਜੀ ਰਟੌਲ ਐਡੀਸ਼ਨਲ ਸਕੱਤਰ ਧਰਮ ਪ੍ਰਚਾਰ, ਭਾਈ ਬਲਦੇਵ ਸਿੰਘ ਮੁਖੀ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਅਤੇ ਭਾਈ ਸੁਖਦੇਵ ਸਿੰਘ ਆਗੂ ਮਾਲਵਾ ਜੋਨ ਬੱਚਿਆਂ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕਰਦੇ ਰਹੇ। ਭਾਈ ਸੁਖਰਾਜ ਸਿੰਘ ਤੁੰਗਵਾਲੀ ਪ੍ਰਚਾਰਕ, ਭਾਈ ਬਲਦੇਵ ਸਿੰਘ ਲੌਂਗੋਵਾਲ, ਭਾਈ ਸੁਖਦੇਵ ਸਿੰਘ ਮਿੱਠੜੀ ਢਾਡੀ ਜਥੇ, ਜਿੱਥੇ ਹਰ ਰੋਜ਼ ਸਮਾਗਮਾਂ ਵਿਚ ਹਾਜ਼ਰੀਆਂ ਭਰਦੇ ਰਹੇ ਉਥੇ ਅਗਾਊਂ ਪ੍ਰਚਾਰ ਵਹੀਰ ਵਜੋਂ ਵੀ ਬਾਖ਼ੂਬੀ ਡਿਊਟੀ ਨਿਭਾਉਂਦੇ ਰਹੇ। ਭਾਈ ਮੁਖਤਾਰ ਸਿੰਘ ਸੇਵਾਦਾਰ ਢੋਲਕੀ ਦੀ ਸੇਵਾ ਸ਼ਬਦ ਕੀਰਤਨ ਦੌਰਾਨ ਨਿਭਾਉਂਦੇ ਰਹੇ। ਭਾਈ ਬਲਬੀਰ ਸਿੰਘ, ਭਾਈ ਜਸਪਾਲ ਸਿੰਘ, ਭਾਈ ਸੋਨੂੰ ਸਿੰਘ, ਭਾਈ ਮੁਖਤਾਰ ਸਿੰਘ ਜੀ ਡਰਾਈਵਰ ਪ੍ਰਚਾਰ ਵਹੀਰ ਨੂੰ ਪ੍ਰਚਾਰ-ਮੁਹਿੰਮ 'ਤੇ ਲਿਜਾਣ ਅਤੇ ਲਿਆਉਣ ਦੀ ਡਿਊਟੀ ਤਨਦੇਹੀ ਨਾਲ ਨਿਭਾਉਂਦੇ ਰਹੇ। ਮਿਥੀਆਂ ਤਰੀਕਾਂ ਤੋਂ ਇਕ ਦਿਨ ਪਹਿਲਾਂ ਹਰ ਨਗਰ ਵਿਚ ਧਾਰਮਿਕ ਫ਼ਿਲਮ ਵਿਖਾਈ ਜਾਂਦੀ ਰਹੀ। ਡਾਕਟਰਾਂ ਦੀ ਟੀਮ ਹਰ ਰੋਜ਼

ਸਮਾਗਮਾਂ ਵਿਚ ਪਹੁੰਚਦੀ ਰਹੀ ਅਤੇ ਲੋੜਵੰਦਾਂ ਨੂੰ ਦਵਾਈਆਂ ਮਿਲਦੀਆਂ ਰਹੀਆਂ। ਭਾਈ ਕ੍ਰਿਸ਼ਨਪਾਲ ਸਿੰਘ ਸੇਵਾਦਾਰ ਵੀ ਹਾਜ਼ਰ ਰਹੇ। ਸ. ਗੁਰਪਾਲ ਸਿੰਘ ਜੀ ਗੋਰਾ ਸਾਬਕਾ ਸੀਨੀਅਰ ਮੀਤ ਪ੍ਰਧਾਨ ਅਤੇ ਮੌਜੂਦਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੁੱਖ ਪ੍ਰਬੰਧਕ ਵਜੋਂ ਨਗਰਾਂ ਵਿਚ ਪਹੁੰਚ ਕਰਦੇ ਰਹੇ ਅਤੇ ਮੁੱਖ ਸਮਾਗਮ ਵਿਚ ਵੀ ਹਾਜ਼ਰੀਆਂ ਭਰੀਆਂ ਅਤੇ ਸਮੂਹ ਪ੍ਰਚਾਰ ਵਹੀਰ ਦੇ ਪ੍ਰੋਗਰਾਮਾਂ ਨੂੰ ਸਲਾਹੁੰਦਿਆਂ ਹੋਇਆਂ, ਧਰਮ ਪ੍ਰਚਾਰ ਵਹੀਰ ਦੇ ਮੁਖੀ ਭਾਈ ਬਲਦੇਵ ਸਿੰਘ ਜੀ ਦਾ ਬਹੁਤ-ਬਹੁਤ ਧੰਨਵਾਦ ਕੀਤਾ। ਭਾਈ ਜਗਦੇਵ ਸਿੰਘ ਪ੍ਰਚਾਰਕ ਹੋਰਾਂ ਵੀ ਆਖਰੀ ਦੋ ਦਿਨ ਹਾਜ਼ਰੀਆਂ ਭਰੀਆਂ।

## ਗੁ:ਪਾਤਿ:੯ਵੀਂ ਹਮਾਯੂੰਪੁਰ (ਤਸਿੰਬਲੀ) ਵਿਖੇ ਗੁਰਮਤਿ ਸਮਾਗਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਪ੍ਰਧਾਨ ਜਥੇਦਾਰ ਅਵਤਾਰ ਸਿੰਘ ਜੀ ਦੇ ਆਦੇਸ਼ਾਂ ਮੁਤਾਬਕ ਚਲਾਈ 'ਸਿੰਘ ਸਜੋ, ਅੰਮ੍ਰਿਤ ਛਕੋ' ਲਹਿਰ ਤਹਿਤ ਸ. ਨਿਰਵੈਲ ਸਿੰਘ ਜੌਲਾ ਮੈਂਬਰ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਹਮਾਯੂੰਪੁਰ (ਤਸਿੰਬਲੀ) ਵਿਖੇ ਅੰਮ੍ਰਿਤ-ਸੰਚਾਰ ਸਮਾਗਮ ਇਲਾਕੇ ਦੇ ਤੇ ਧਰਮ ਪ੍ਰਚਾਰ ਕਮੇਟੀ ਦੇ ਸਹਿਯੋਗ ਸਦਕਾ ਰੱਖਿਆ ਗਿਆ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਭਾਈ ਬਲਵੀਰ ਸਿੰਘ ਸਾਗਰ ਪ੍ਰਚਾਰਕ ਤੇ ਭਾਈ ਅਵਤਾਰ ਸਿੰਘ ਹਲੋਤਾਲੀ ਪ੍ਰਚਾਰਕ, ਭਾਈ ਕਾਬਲ ਸਿੰਘ ਦੇ ਕਵੀਸ਼ਰ ਜਥੇ ਤੇ ਭਾਈ ਮਲਕੀਤ ਸਿੰਘ ਦੇ ਢਾਡੀ ਜਥੇ ਨੇ ਦਿਨ-ਰਾਤ ਵੱਖ-ਵੱਖ ਪਿੰਡਾਂ ਵਿਚ ਪ੍ਰਚਾਰ ਕੀਤਾ। ੩੦ ਸਤੰਬਰ ੨੦੦੭ ਵਾਲੇ ਦਿਨ ਦੀਵਾਨ ਸਜਾਏ ਗਏ ਜਿਸ ਵਿਚ ਭਾਈ ਬਲਵੀਰ ਸਿੰਘ ਸਾਗਰ ਨੇ 'ਅੰਮ੍ਰਿਤ ਛਕਣ ਤੇ ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ' ਇਸ ਵਿਸ਼ੇ 'ਤੇ ਲੈਕਚਰ ਕੀਤਾ, ਇਨ੍ਹਾਂ ਤੋਂ ਇਲਾਵਾ ਇਸ ਸਮਾਗਮ ਵਿਚ ਕੈਪਟਨ ਕੰਵਲਜੀਤ ਸਿੰਘ ਸਹਿਕਾਰਤਾ ਮੰਤਰੀ ਨੇ ਵੀ ਸ਼ਿਰਕਤ ਕੀਤੀ। ਆਪਣੇ ਭਾਸ਼ਨ ਵਿਚ ਸ਼੍ਰੋਮਣੀ ਕਮੇਟੀ ਤੇ ਲੋਕਲ ਕਮੇਟੀ ਅਤੇ ਸ. ਨਿਰਵੈਲ ਸਿੰਘ ਜੌਲ਼ਾ ਮੈਂਬਰ ਸ਼੍ਰੋਮਣੀ ਕਮੇਟੀ ਨੂੰ ਵਧਾਈ ਦਿੱਤੀ। ਪੰਜਾਂ ਪਿਆਰਿਆਂ ਵੱਲੋਂ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਜਿਸ ਵਿਚ ੪੪੭ ਪ੍ਰਾਣੀਆਂ ਨੇ ਅੰਮ੍ਰਿਤ ਛਕ ਕੇ ਗੁਰੂ ਦੀਆਂ ਖੁਸ਼ੀਆਂ ਹਾਸਲ ਕੀਤੀਆਂ। ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਗੁਰਦੀਪ ਸਿੰਘ ਭਾਨੋਖੇੜੀ, ਬੀਬੀ ਗੁਰਦੇਵ ਕੌਰ, ਜਥੇਦਾਰ ਅਵਤਾਰ ਸਿੰਘ ਹਰਪਾਲਪੁਰ ਨੇ ਵਿਸ਼ੇਸ਼ ਕਰਕੇ ਸ਼ਮੂਲੀਅਤ ਕੀਤੀ। ਲੋਕਲ ਢਾਡੀ ਜਥੇ ਭਾਈ ਗੁਰਚਰਨ ਸਿੰਘ ਬੀ.ਏ., ਭਾਈ ਹਰਚਰਨ ਸਿੰਘ ਚਰਨ, ਭਾਈ ਮੋਹਣ ਸਿੰਘ ਬੜਾਵਾਂ ਨੇ ਢਾਡੀ-ਵਾਰਾਂ ਪੇਸ਼ ਕੀਤੀਆਂ।

## ਗੁ: ਸਾਹਿਬ ਨੀਲਪੁਰ (ਰਾਜਪੁਰਾ) ਵਿਖੇ ਗੁਰਮਤਿ ਸਮਾਗਮ

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਸੁੱਖਾ ਸਿੰਘ ਜੀ ਨੀਲਪੁਰ (ਰਾਜਪੁਰਾ) ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਅਵਤਾਰ ਸਿੰਘ ਜੀ ਪ੍ਰਧਾਨ ਦੇ ਆਦੇਸ਼ ਮੁਤਾਬਕ ਚਲਾਈ 'ਅੰਮ੍ਰਿਤ ਛਕੋ ਸਿੰਘ ਸਜੋ' ਲਹਿਰ ਦੇ ਤਹਿਤ ਸ਼ਹੀਦ ਬਾਬਾ ਸੁੱਖਾ ਸਿੰਘ ਜੀ ਦੀ ਬਰਸੀ ਨੂੰ ਸਮਰਪਿਤ ਅੰਮ੍ਰਿਤ-ਸੰਚਾਰ ਸਮਾਗਮ, ਜਥੇਦਾਰ ਸੁਰਜੀਤ ਸਿੰਘ ਗੜ੍ਹੀ ਅੰਤ੍ਰਿੰਗ ਮੈਂਬਰ ਦੀ ਅਗਵਾਈ ਵਿਚ ਗੁਰਮਤਿ ਸਮਾਗਮ ਹੋਇਆ ਜਿਸ ਵਿਚ ਗੁਰਦੁਆਰਾ ਨੀਲਪੁਰ ਦੇ ਪ੍ਰਧਾਨ ਸ. ਗੁਰਦੀਪ ਸਿੰਘ ਵੱਲੋਂ ਸੰਪੂਰਨ ਤੌਰ 'ਤੇ ਯੋਗਦਾਨ ਪਾਇਆ ਗਿਆ। ੧੮ ਸਤੰਬਰ ਤੋਂ ੨੨ ਸਤੰਬਰ ੨੦੦੭ ਤਕ ਲਗਾਤਾਰ ਕਥਾ-ਕੀਰਤਨ ਹੋਇਆ। ੨੨ ਸਤੰਬਰ ਨੂੰ ਇਸ ਸਮਾਗਮ

ਵਿਚ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ), ਗੁਰਦੁਆਰਾ ਨੀਲਪੁਰ ਦੇ ਹੈੱਡ ਗ੍ਰੰਥੀ ਭਾਈ ਦਿਲਬਾਗ ਸਿੰਘ, ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਨਿਰਵੈਲ ਸਿੰਘ ਜੌਲ਼ਾ, ਬੀਬੀ ਗੁਰਦੇਵ ਕੌਰ ਹਰਪਾਲਪੁਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਉਚੇਚੇ ਤੌਰ 'ਤੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਪਹੁੰਚੇ। ਲੋਕਲ ਕਮੇਟੀ ਨੀਲਪੁਰ ਦੇ ਪ੍ਰਧਾਨ ਗੁਰਦੀਪ ਸਿੰਘ ਵੱਲੋਂ ਪ੍ਰਧਾਨ ਸਾਹਿਬ ਤੇ ਬਡੂੰਗਰ ਸਾਹਿਬ ਦਾ ਸਨਮਾਨ ਕੀਤਾ ਗਿਆ। ਪੰਜਾਂ ਪਿਆਰਿਆਂ ਵੱਲੋਂ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ ਜਿਸ ਵਿਚ ੧੨੨ ਪ੍ਰਾਣੀਆਂ ਨੇ ਅੰਮ੍ਰਿਤ ਛਕ ਕੇ ਦਸਮੇਸ਼-ਪਿਤਾ ਦੀਆਂ ਖੁਸ਼ੀਆਂ ਹਾਸਲ ਕੀਤੀਆਂ।

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਰਵੇਲ ਸਿੰਘ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੁੱਜੀ ਰਿਪੋਰਟ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਵੱਖ-ਵੱਖ ਥਾਵਾਂ 'ਤੇ ਮਹੀਨਾ ਅਕਤੂਬਰ ਵਿਚ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਸਮੇਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਅਭਿਲਾਖੀਆਂ ਦਾ ਵੇਰਵਾ ਇਸ ਪ੍ਰਕਾਰ ਹੈ:

| ਮਿਤੀ | ਅਸਥਾਨ ਦਾ ਨਾਮ | ਪ੍ਰਾਣੀ |
|---|---|---|
| ੩-੧੦-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੫੮ |
| ੫-੧੦-੦੭ | ਖੋਸਾ ਕੋਟਲਾ ਜ਼ਿਲ੍ਹਾ ਮੋਗਾ | ੧੪੫ |
| ੬-੧੦-੦੭ | ਰਾਏ ਚੱਕ ਕੋਟਲੀ (ਗੁਰਦਾਸਪੁਰ) | ੫੭੦ |
| ੬-੧੦-੦੭ | ਬੀੜ ਬਾਬਾ ਬੁੱਢਾ ਸਾਹਿਬ (ਠੱਠਾ) ਅੰਮ੍ਰਿਤਸਰ | ੨੬ |
| ੭-੧੦-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੭੯ |
| ੭-੧੦-੦੭ | ਸਹਾਈ ਮਹੱਲਾ (ਪਠਾਨਕੋਟ) ਗੁਰਦਾਸਪੁਰ | ੮ |
| ੧੦-੧੦-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੨੧ |
| ੧੧-੧੦-੦੭ | ਨੌਸ਼ਹਿਰਾ ਢਾਲਾ, ਤਰਨਤਾਰਨ | ੧੧੧ |
| ੧੧-੧੦-੦੭ | ਗੁ: ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ | ੩੫ |
| ੧੩-੧੦-੦੭ | ਮਹੰਤ ਬਚਿੱਤਰ ਸਿੰਘ ਕਾਲਜ (ਜੰਮੂ) | ੫੧੮ |
| ੧੩-੧੦-੦੭ | ਪਿੰਡ ਸ਼ਾਹਪੁਰ ਜਾਜਨ (ਗੁਰਦਾਸਪੁਰ) | ੩੫੦ |
| ੧੪-੧੦-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੨੭ |
| ੧੭-੧੦-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੩੩ |
| ੧੮-੧੦-੦੭ | ਚਵਿੰਡਾ ਕਲਾ (ਅੰਮ੍ਰਿਤਸਰ) | ੧੪੮੦ |
| ੨੦-੧੦-੦੭ | ਲੋਹਕਾ (ਤਰਨਤਾਰਨ) | ੧੪ |
| ੨੦-੧੦-੦੭ | ਤੁਗਲਵਾਲ ਗੁਰਦਾਸਪੁਰ | ੨੦੧ |
| ੨੧-੧੦-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੪੨ |
| ੨੧-੧੦-੦੭ | ਗੁ: ਬਾਬਾ ਬੁੱਢਾ ਜੀ ਕੱਥੂਨੰਗਲ ਅੰਮ੍ਰਿਤਸਰ | ੧੦ |

| | | |
|---|---|---|
| ੨੧-੧੦-੦੭ | ਪਿੰਡ ਗੁਣੀਕੇ ਨਾਭਾ (ਪਟਿਆਲਾ) | ੯੧ |
| ੨੪-੧੦-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੫੧ |
| ੨੪-੧੦-੦੭ | ਪਿੰਡ ਭਾਮੜੀ (ਅੰਮ੍ਰਿਤਸਰ) | ੨੨ |
| ੨੫-੧੦-੦੭ | ਗੁ: ਗੁਰੂਸਰ ਸਤਲਾਣੀ ਸਾਹਿਬ (ਅੰਮ੍ਰਿਤਸਰ) | ੫੦ |
| ੨੬-੧੦-੦੭ | ਸ੍ਰੀ ਗੋਇੰਦਵਾਲ ਸਾਹਿਬ (ਤਰਨਤਾਰਨ) | ੧੧ |
| ੨੭-੧੦-੦੭ | ਲਤੀਫਪੁਰ, ਮੁਕੇਰੀਆਂ (ਹੁਸ਼ਿਆਰਪੁਰ) | ੧੧ |
| ੨੮-੧੦-੦੭ | ਪਿੰਡ ਭਲੇਰੀਆਂ (ਮਲੋਟ) ਮੁਕਤਸਰ | ੨੮੯ |
| ੨੮-੧੦-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੬੨ |
| ੩੧-੧੦-੦੭ | ਸ੍ਰੀ ਅਕਾਲ ਤਖ਼ਤ ਸਾਹਿਬ | ੧੩੯ |
| ੩੧-੧੦-੦੭ | ਗੁ: ਪਾਤਸ਼ਾਹੀ ੬ਵੀਂ ਨਡਾਲਾ (ਕਪੂਰਥਲਾ) | ੬ |

## ਦੇਸੂ ਜੋਧਾ (ਡੱਬਵਾਲੀ) ਵਿਖੇ ਅੰਮ੍ਰਿਤ-ਸੰਚਾਰ

ਹਰਿਆਣਾ ਵਿਚ ਧਰਮ ਪ੍ਰਚਾਰ ਦੀ ਲਹਿਰ ਨੂੰ ਹੋਰ ਅੱਗੇ ਤੋਰਦਿਆਂ ਸਿੱਖ ਮਿਸ਼ਨ ਹਰਿਆਣਾ ਵੱਲੋਂ ਅਤੇ ਸ. ਸੁਰਜੀਤ ਸਿੰਘ ਜੀ ਮੰਮੇਰਾ ਮੈਂਬਰ ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਮੰਗ 'ਤੇ ਗੁਰਦੁਆਰਾ ਕਲਗੀਧਰ ਸਾਹਿਬ ਦੇਸੂ ਜੋਧਾ (ਡੱਬਵਾਲੀ) ਵਿਖੇ ਮਿਤੀ ੧੬,੧੭ ਅਤੇ ੧੮ ਦਸੰਬਰ ਨੂੰ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿਚ ਇਲਾਕੇ ਦੇ ਤਕਰੀਬਨ ੧੩੫ ਗ੍ਰੰਥੀ ਅਤੇ ਪਾਠੀ ਸਿੰਘਾਂ ਨੇ ਹਿੱਸਾ ਲਿਆ। ਇਨ੍ਹਾਂ ਨੂੰ ਸ਼ੁੱਧ ਗੁਰਬਾਣੀ ਦੀ ਸੰਥਿਆ ਭਾਈ ਗੁਰਭਾਗ ਸਿੰਘ ਇੰਚਾਰਜ ਗੁਰਮਤਿ ਸੰਗੀਤ ਅਕੈਡਮੀ ਸ਼ੇਖੂਪੁਰਾ ਮੰਚੂਰੀ ਕਰਨਾਲ ਨੇ ਦਿੱਤੀ ਅਤੇ ਸਿੱਖ ਰਹਿਤ ਮਰਯਾਦਾ ਦਾ ਵਿਸ਼ਾ ਮਿਸ਼ਨ ਦੇ ਪ੍ਰਚਾਰਕ ਭਾਈ ਸ਼ੇਰ ਸਿੰਘ ਅਤੇ ਭਾਈ ਰਮਣੀਕ ਸਿੰਘ ਨੇ ਨਿਭਾਇਆ। ਮਿਤੀ ੧੮ ਦਸੰਬਰ ਨੂੰ ਉਸੇ ਹੀ ਸਥਾਨ 'ਤੇ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਜਿਸ ਵਿਚ ਤਕਰੀਬਨ ੯੦ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਸਿੱਖ ਮਿਸ਼ਨ ਹਰਿਆਣਾ ਵੱਲੋਂ ਫ੍ਰੀ ਦਿੱਤੇ ਗਏ। ਇਸ ਮੌਕੇ ਬਾਹਰ ਖੁੱਲ੍ਹੇ ਪੰਡਾਲ ਵਿਚ ਭਾਰੀ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਜੀ ਨੰਦਗੜ੍ਹ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸ. ਗੁਰਪਾਲ ਸਿੰਘ ਜੀ ਗੋਰਾ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਦਲਜੀਤ ਕੌਰ ਸਿਰਸਾ, ਮੈਂਬਰ ਜਥੇਦਾਰ ਸੁਰਜੀਤ ਸਿੰਘ ਜੀ ਮੰਮੇਰਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਭਰਪੂਰ ਸਿੰਘ ਜੀ ਖਾਲਸਾ ਅਤੇ ਮੀਤ ਸਕੱਤਰ ਸ. ਕਿਰਪਾਲ ਸਿੰਘ ਨੇ ਸੰਬੋਧਨ ਕੀਤਾ ਅਤੇ ਧਰਮ ਪ੍ਰਚਾਰ ਦੀ ਲਹਿਰ ਅਤੇ ਹਰਿਆਣਾ ਪ੍ਰਾਂਤ ਵਿਚ ਚਲਾਈਆਂ ਜਾ ਰਹੀਆਂ ਧਾਰਮਿਕ ਸਰਗਰਮੀਆਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਕੈਂਪ ਤੋਂ ਪਹਿਲਾਂ ਤਕਰੀਬਨ ੧੫ ਦਿਨ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿਚ ਵੀਡੀਓ ਵੈਨ ਰਾਹੀਂ ਧਾਰਮਿਕ ਫ਼ਿਲਮਾਂ ਦਿਖਾ ਕੇ ਅਤੇ ਦੀਵਾਨ ਲਗਾ ਕੇ ਧਰਮ ਪ੍ਰਚਾਰ ਦੀ ਲਹਿਰ ਚਲਾਈ ਗਈ। ਮਿਸ਼ਨ ਦੇ ਢਾਡੀ ਭਾਈ ਮਲਕੀਤ ਸਿੰਘ ਮਸਤ, ਭਾਈ ਹਰਵਿੰਦਰ ਸਿੰਘ ਬੱਗਾ ਅਤੇ ਪ੍ਰਚਾਰਕ ਭਾਈ ਜਗਜੀਤ ਸਿੰਘ, ਭਾਈ ਤਰਲੋਚਨ ਸਿੰਘ, ਭਾਈ ਸ਼ੇਰ ਸਿੰਘ ਅਤੇ ਭਾਈ ਰਮਣੀਕ ਸਿੰਘ ਨੇ ਧਰਮ ਪ੍ਰਚਾਰ ਦੀ ਲਹਿਰ ਵਿਚ ਹਿੱਸਾ ਲਿਆ।

# ਸਿੱਖ ਮਿਸ਼ਨ ਨਾਗਪੁਰ ਵਿਖੇ ਇਤਿਹਾਸਕ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ

ਸ. ਮਲਕੀਤ ਸਿੰਘ ਮੈਨੇਜਰ ਗੁਰਦੁਆਰਾ ਕਲਗੀਧਰ ਦਰਬਾਰ ਕਮੇਟੀ ਦੀ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਕਲਗੀਧਰ ਦਰਬਾਰ ਬੁੱਧ ਨਗਰ ਨਾਗਪੁਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੀ ਸ਼ਹੀਦੀ ਅਤੇ ਭਾਈ ਜੈਤਾ ਜੀ, ਭਾਈ ਮੱਖਣ ਸ਼ਾਹ ਲੁਬਾਣਾ, ਭਾਈ ਲਖੀ ਸ਼ਾਹ ਵਣਜਾਰਾ ਦੀ ਯਾਦ ਵਿਚ ਇਤਿਹਾਸਕ ਦਿਹਾੜਾ ਮਿਤੀ ੮ ਦਸੰਬਰ ਤੋਂ ੧੦ ਦਸੰਬਰ ੨੦੦੭ ਤੱਕ ਨਾਗਪੁਰ ਦੀਆਂ ਸਮੂਹ ਸੰਗਤਾਂ ਵੱਲੋਂ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਗੁਰਮਤਿ ਵਿਚਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ, ਰਾਗੀ ਭਾਈ ਹਰਬੰਸ ਸਿੰਘ ਜੀ ਜਗਾਧਰੀ ਵਾਲੇ, ਭਾਈ ਹਰਮਿੰਦਰ ਸਿੰਘ ਜੀ ਹਜ਼ੂਰੀ ਰਾਗੀ ਜਥਾ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਨੇ ਸੰਗਤਾਂ ਨੂੰ ਗੁਰ-ਸ਼ਬਦ ਨਾਲ ਜੋੜਿਆ। ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿਚ ੧੦ ਦਸੰਬਰ ੨੦੦੭ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰਿਆਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ। ੫੦ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਤੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਵੱਲੋਂ ਭੇਟਾ ਰਹਿਤ ਕਕਾਰ ਦਿੱਤੇ ਗਏ ਅਤੇ ਧਾਰਮਿਕ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ੧੧ ਤੋਂ ੧੨ ਦਸੰਬਰ ਨੂੰ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਤੋਂ ਗੁਰੂ ਮਾਨਿਓ ਗ੍ਰੰਥ ਜਾਗ੍ਰਤੀ (੩੦੦ ਸਾਲਾ ਗੁਰਤਾਗੱਦੀ ਦਿਵਸ ਜੋ ਅਕਤੂਬਰ ੨੦੦੮ ਵਿਚ ਮਨਾਇਆ ਜਾ ਰਿਹਾ ਹੈ) ਯਾਤਰਾ ਸਜੇ ਪੰਡਾਲ ਵਿਚ ਪਹੁੰਚੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਹਸਤ-ਲਿਖਤ ਸਰੂਪ ਤੇ ਸ਼ਸਤਰਾਂ ਦੇ ਸੰਗਤਾਂ ਨੇ ਦਰਸ਼ਨ ਕੀਤੇ। ਵਿਸ਼ੇਸ਼ ਤੌਰ 'ਤੇ ਡਾ. ਪੀ. ਐੱਸ. (ਪਸਰੀਚਾ) (ਮਹਾਂਰਾਸ਼ਟਰ) ਚੇਅਰਮੈਨ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਬੋਰਡ ਨਾਂਦੇੜ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਰਾਗੀ ਸਿੰਘ ਭਾਈ ਮਨਮੋਹਣ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਨਾਨਕ ਸਿੰਘ ਪ੍ਰੀਤ, ਭਾਈ ਜਸਵਿੰਦਰ ਸਿੰਘ ਨਾਗਪੁਰ, ਪ੍ਰਚਾਰਕ ਭਾਈ ਤਜਿੰਦਰ ਸਿੰਘ (ਕੰਗ), ਭਾਈ ਵਰਿਆਮ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਗੁਰ-ਸ਼ਬਦ ਨਾਲ ਜੋੜਿਆ। ਵਿਸ਼ੇਸ਼ ਤੌਰ 'ਤੇ ਇਹ ਸਾਰਾ ਪ੍ਰੋਗਰਾਮ ਇਲਾਕੇ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੇ ਮਿਲ ਕੇ ਮਨਾਇਆ ਅਤੇ ਨਾਗਪੁਰ ਦੇ ਆਲੇ-ਦੁਆਲੇ ਦੇ ਕਰੀਬ ੫੦ ਪਿੰਡਾਂ ਵਿੱਚੋਂ ਸਿਕਲੀਗਰ-ਵਣਜਾਰੇ ਅਤੇ ਹੋਰ ਗੁਰੂ ਨਾਨਕ-ਨਾਮ ਲੇਵਾ ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੀਆਂ। ਇੱਥੇ ਦੱਸਣਾ ਜ਼ਿਕਰਯੋਗ ਹੈ ਕਿ ਜਥੇਦਾਰ ਸ. ਮਲਕੀਅਤ ਸਿੰਘ ਨਾਗਪੁਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਵਿਸ਼ੇਸ਼ ਯੋਗਦਾਨ ਪਾਇਆ। ਨਾਗਪੁਰ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਦੂਰ-ਦੁਰਾਡੇ ਤੋਂ ਸਿਕਲੀਗਰ ਵਣਜਾਰਾ ਭਾਈਚਾਰਾ ਤੇ ਸਿੱਖ ਸੰਗਤਾਂ ਦਾ ਅਤੇ ਪੰਜ ਦਿਨ ਚੱਲੇ ਗੁਰੂ ਕੇ ਲੰਗਰ ਵਿਚ ਸੇਵਾ ਕਰ ਰਹੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ■

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਅੰਮ੍ਰਿਤਸਰ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਹਰਬੇਅੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। *ਮਿਤੀ ੫-੨-੨੦੦੮*